Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969


Jassi Gill
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 38, September 18, 2010
20451 N Plum Grove Rd. Palatine, IL 60074
Ph:847-359-0746, Fax:847-705-9388


# ਕਸ਼ਮੀਰ 'ਚ ਸੱਥਰ ਵਿਛਣੇ ਜਾਰੀ

## ਅਮਨ ਪਹਿਲਕਦਮੀ 'ਚ ਹਿੰਸਾ ਬਣੀ ਰੁਕਾਵਟ

**ਬਿੰਦਰ ਬਸਰਾ**

ਕੇਂਦਰ ਅਤੇ ਜੰਮੂ ਕਸ਼ਮੀਰ ਸਰਕਾਰ ਦੀਆਂ ਸੂਬੇ 'ਚ ਅਮਨ ਬਹਾਲੀ ਲਈ ਸਿਆਸੀ ਪਹਿਲਕਦਮੀਆਂ ਦੇ ਰਾਹ ਵਿਚ ਅੜਿੱਕਾ ਬਣ ਰਹੀਆਂ ਹਿੰਸਕ ਘਟਨਾਵਾਂ ਨੂੰ ਰੋਕਣ ਲਈ ਹਥਿਆਰਬੰਦ ਫੌਜਾਂ ਦੇ ਵਿਸ਼ੇਸ਼ ਅਧਿਕਾਰ ਕਾਨੂੰਨ ਵਿਚ ਸੋਧ ਲਈ ਕੈਬਨਿਟ ਦੀ ਸੁਰੱਖਿਆ ਮਾਮਲਿਆਂ ਬਾਰੇ ਕਮੇਟੀ ਦੀ ਹੋਈ ਮੀਟਿੰਗ ਵਿਚ ਬੁੱਧਵਾਰ ਨੂੰ ਸਰਬ ਪਾਰਟੀ ਮੀਟਿੰਗ ਬੁਲਾਉਣ ਦਾ ਫੈਸਲਾ ਲਿਆ ਗਿਆ। ਇਸ ਨਾਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਹਿੰਸਾ ਦਾ ਰਾਹ ਛੱਡਣ ਵਾਲੇ ਹਰ ਵਿਅਕਤੀ ਜਾਂ ਗੁੱਟ ਨਾਲ ਗੱਲਬਾਤ ਕਰਨ ਦੀ ਇਕ ਵਾਰ ਫੇਰ ਪੇਸ਼ਕਸ਼ ਕੀਤੀ।



ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਜਿਥੇ ਸੂਬੇ 'ਚ ਸ਼ਾਂਤੀ ਬਹਾਲੀ ਲਈ ਫੌਜ ਦੇ ਵਿਸ਼ੇਸ਼ ਅਧਿਕਾਰਾਂ ਨਾਲ ਜੁੜੇ ਕਾਨੂੰਨ ਨੂੰ ਰਾਜ 'ਚੋਂ ਹਟਾਉਣ ਦੀ ਮੰਗ ਕੀਤੀ ਹੈ, ਉਥੇ ਭਾਜਪਾ ਨੇ ਇਸ ਕਾਨੂੰਨ 'ਚ ਕਿਸੇ ਕਿਸਮ ਦੀ ਸੋਧ ਕਰਨ ਤੋਂ ਕੇਂਦਰ ਨੂੰ ਖਬਰਦਾਰ ਕਰਦਿਆਂ ਉਮਰ ਅਬਦੁੱਲਾ ਨੂੰ ਹਟਾਉਣ ਦੀ ਮੰਗ ਕੀਤੀ ਹੈ। ਉਧਰ ਅੱਗਜ਼ਨੀ ਤੇ ਹਿੰਸਾ ਦੀਆਂ ਤਾਜ਼ਾ ਘਟਨਾਵਾਂ ਉਮਰ ਅਬਦੁੱਲਾ ਦੇ ਯਤਨਾਂ ਨੂੰ ਸੱਟ ਮਾਰ ਰਹੀਆਂ ਹਨ ਅਤੇ ਇਧਰ ਕੈਬਨਿਟ ਫੌਜ ਦੇ ਵਿਸ਼ੇਸ਼ ਅਧਿਕਾਰਾਂ ਸਬੰਧੀ ਕਾਨੂੰਨ ਵਿਚ ਸੋਧ

(ਬਾਕੀ ਸਫਾ 5 'ਤੇ)



*ਵਿਸ਼ਵ ਚੈਂਪੀਅਨ ਪਹਿਲਵਾਨ ਸੁਸ਼ੀਲ ਕੁਮਾਰ ਦਾ ਮੰਗਲਵਾਰ ਨੂੰ ਨਵੀਂ ਦਿੱਲੀ ਵਿਚ ਆਪਣੀ ਰਿਹਾਇਸ਼ ਉਤੇ ਸਵਾਗਤ ਕਰਦੇ ਹੋਏ ਖੇਡ ਮੰਤਰੀ ਡਾ. ਮਨੋਹਰ ਸਿੰਘ ਗਿੱਲ*

## ਆਊਟਸੋਰਸਿੰਗ ਰੋਕਣ ਦਾ ਮੁੱਦਾ ਭਖਿਆ

**ਵਾਸ਼ਿੰਗਟਨ:** ਓਹਾਇਓ ਸਟੇਟ ਨੇ ਇਕ ਅਹਿਮ ਫ਼ੈਸਲੇ ਤਹਿਤ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਆਊਟਸੋਰਸਿੰਗ ਰਾਹੀਂ ਸਰਕਾਰੀ ਕੰਮਕਾਰ ਕਰਵਾਉਣ 'ਤੇ ਰੋਕ ਲਾ ਦਿੱਤੀ ਹੈ। ਓਹਾਇਓ ਸਰਕਾਰ ਵਲੋਂ ਲਏ ਇਸ ਫ਼ੈਸਲੇ ਨੂੰ ਭਾਰਤ ਦੇ ਸੂਚਨਾ ਤਕਨੀਕ (ਆਈ ਟੀ) ਖੇਤਰ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਆਈ ਟੀ ਮਾਹਰਾਂ ਦਾ ਖਦਸ਼ਾ ਹੈ ਕਿ ਓਹਾਇਓ ਸਰਕਾਰ ਦੀ ਇਸ ਨੀਤੀ ਤੋਂ ਪ੍ਰਭਾਵਤ ਹੋ ਕੇ ਅਮਰੀਕਾ ਦੇ ਹੋਰ ਸੂਬੇ ਵੀ ਆਊਟਸੋਰਸਿੰਗ 'ਤੇ ਰੋਕ ਲਾ ਸਕਦੇ ਹਨ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ

(ਬਾਕੀ ਸਫਾ 2 'ਤੇ)

# ਕਾਂਗਰਸ ਪ੍ਰਧਾਨਗੀ ਲਈ ਜ਼ੋਰ ਅਜਮਾਈ ਮੁੜ ਤੇਜ਼

**ਪੰਜਾਬ ਟਾਈਮਜ਼ ਬਿਊਰੋ**

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਆਗੂਆਂ ਦੀ ਧੜੇਬੰਦੀ ਕਾਰਨ ਆਖਿਰ ਕਾਂਗਰਸ ਹਾਈਕਮਾਨ ਨੂੰ ਆਪਣਾ 27 ਸਤੰਬਰ ਵਾਲਾ ਸੈਸ਼ਨ ਮੁਲਤਵੀ ਕਰਨਾ ਪਿਆ ਹੈ। ਮੁਹਾਲੀ ਵਿਚ ਅੱਠ ਉਤਰੀ ਰਾਜਾਂ ਨਾਲ ਸਬੰਧਤ ਕਾਂਗਰਸ ਦੇ ਮਿੰਨੀ ਸੈਸ਼ਨ ਦੇ ਮੁਲਤਵੀ ਹੋਣ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਦੇ ਆਗੂਆਂ ਨੇ ਪ੍ਰਦੇਸ਼ ਪ੍ਰਧਾਨਗੀ ਲਈ ਜੋੜ-ਤੋੜ ਤੇਜ਼ ਕਰ ਦਿੱਤਾ ਹੈ। ਕਾਂਗਰਸ ਹਾਈ ਕਮਾਨ ਨੇ ਮੁਹਾਲੀ ਵਿਚ 27 ਸਤੰਬਰ ਨੂੰ ਹੋਣ ਵਾਲੇ ਮਿੰਨੀ ਸੈਸ਼ਨ ਨੂੰ ਮੁਲਤਵੀ ਕਰਨ ਦੇ ਨਾਲ ਨਾਲ ਕੋਲਕੱਤਾ ਵਿਖੇ ਹੋਣ ਵਾਲਾ ਮਿੰਨੀ ਸੈਸ਼ਨ ਵੀ ਮੁਲਤਵੀ ਕਰ ਦਿੱਤਾ ਹੈ। ਅਧਿਕਾਰਤ ਤੌਰ 'ਤੇ ਪਾਰਟੀ ਵਲੋਂ ਆਪਣੇ ਸਮਾਗਮ ਮੁਲਤਵੀ ਕਰਨ ਪਿੱਛੇ ਕਈ ਰਾਜਾਂ ਵਿਚ ਭਾਰੀ ਬਾਰਸ਼ ਕਾਰਨ ਪੈਦਾ ਹੋਈ ਹੜ੍ਹਾਂ ਦੀ ਸਥਿਤੀ ਦੱਸਿਆ ਜਾ ਰਿਹਾ ਹੈ ਪਰ ਅਸਲੀਅਤ ਇਹ ਹੈ ਕਿ ਪੰਜਾਬ ਦੇ ਕਾਂਗਰਸੀ ਆਗੂਆਂ ਦੀ ਖਹਿਬਾਜ਼ੀ ਵੀ ਮੁਹਾਲੀ ਸੈਸ਼ਨ ਦੇ ਮੁਲਤਵੀ ਹੋਣ ਦੀ ਵਜ੍ਹਾ ਮੰਨੀ ਜਾ ਰਹੀ

### 27 ਸਤੰਬਰ ਦਾ ਮੁਹਾਲੀ ਕਾਂਗਰਸ ਸੈਸ਼ਨ ਮੁਲਤਵੀ

ਹੈ। ਉਂਜ ਵੀ ਕਾਂਗਰਸ ਹਾਈ ਕਮਾਨ ਨੇ ਜ਼ੋਨਲ ਸੈਸ਼ਨਾਂ ਤੋਂ ਪਹਿਲਾਂ ਸੂਬਾ ਕਮੇਟੀਆਂ ਦੇ ਗਠਨ ਦਾ ਮਨ ਬਣਾ ਲਿਆ ਹੈ। ਨਾਲ ਹੀ ਉਹ ਅਯੁਧਿਆ ਵਿਵਾਦ ਬਾਰੇ 24 ਸਤੰਬਰ ਦੇ ਅਦਾਲਤੀ ਫੈਸਲੇ ਤੋਂ ਬਾਅਦ ਉਪਜਣ ਵਾਲੇ ਕੌਮੀ ਸਿਆਸਤ ਦੇ ਰੁਖ ਨੂੰ ਦੇਖਣਾ ਚਾਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਸੈਸ਼ਨ ਮੁਲਤਵੀ ਹੋਣ ਨਾਲ ਉਨ੍ਹਾਂ ਆਗੂਆਂ ਦੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਹੈ ਜਿਹੜੇ ਮੁਹਾਲੀ ਵਿਚ ਆਪਣੀ ਜਥੇਬੰਦਕ ਤਾਕਤ ਦਾ ਮੁਜ਼ਾਹਰਾ ਪਾਰਟੀ ਹਾਈ ਕਮਾਨ ਸਾਹਮਣੇ ਕਰਨਾ ਚਾਹੁੰਦੇ ਸਨ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਦਫਤਰ ਵਿਚ 14 ਸਤੰਬਰ ਨੂੰ ਸਵੇਰੇ ਸਮਾਗਮ ਦੀਆਂ ਤਿਆਰੀਆਂ ਦੀ ਚਰਚਾ ਚੱਲ ਰਹੀ ਸੀ। ਜਿਵੇਂ ਹੀ ਸੈਸ਼ਨ ਦੇ ਮੁਲਤਵੀ ਹੋਣ ਦੀ ਖ਼ਬਰ ਆਈ ਤਾਂ ਆਗੂਆਂ ਵਿਚ ਮਾਯੂਸੀ ਤੇ ਖੁਸ਼ੀ ਦੋਵੇਂ ਤਰ੍ਹਾਂ ਦਾ ਮਾਹੌਲ ਸੀ। ਕਈ ਧੜਿਆਂ ਵਿਚ ਵੰਡੇ ਪੰਜਾਬ ਦੇ ਕਾਂਗਰਸੀ ਆਗੂਆਂ ਵਲੋਂ ਪਿਛਲੇ ਕਈ ਦਿਨਾਂ ਤੋਂ ਘਿਓ-ਖਿਚੜੀ ਹੋਣ ਦਾ ਦਿਖਾਵਾ ਕੀਤਾ ਜਾ ਰਿਹਾ ਸੀ। ਸਮਾਗਮ ਦੇ ਮੁਲਤਵੀ ਹੁੰਦਿਆਂ ਹੀ ਉਹ ਮੁੜ ਤੋਂ ਰਾਜਨੀਤਕ ਮੋਰਚੇ ਵਿਚ ਆ ਖੜ੍ਹੇ ਹਨ।

(ਬਾਕੀ ਸਫਾ 9 'ਤੇ)

## ਸੁਸ਼ੀਲ ਬਣਿਆ ਕੁਸ਼ਤੀ ਦਾ ਵਿਸ਼ਵ ਚੈਂਪੀਅਨ

**ਨਵੀਂ ਦਿੱਲੀ:** ਪੇਈਚਿੰਗ ਓਲੰਪਿਕ ਖੇਡਾਂ ਵਿਚ ਕਾਂਸੀ ਦਾ ਤਮਗ਼ਾ ਜਿੱਤ ਕੇ ਦੇਸ਼ ਦਾ ਨਾਂ ਉਚਾ ਕਰਨ ਵਾਲੇ ਭਾਰਤੀ ਪਹਿਲਵਾਨ ਸੁਸ਼ੀਲ ਕੁਮਾਰ ਨੇ ਇਕ ਹੋਰ ਮਾਅਰਕਾ ਮਾਰਦਿਆਂ ਮਾਸਕੋ ਵਿਚ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਦੌਰਾਨ ਸੋਨ ਤਮਗ਼ਾ ਜਿੱਤ ਕੇ ਨਵਾਂ ਇਤਿਹਾਸ ਰਚ ਦਿੱਤਾ। ਉਸ ਨੇ ਐਤਵਾਰ ਦੇਰ ਰਾਤ 66 ਕਿਲੋ ਵਰਗ ਵਿਚ ਮੇਜ਼ਬਾਨ ਰੂਸ ਦੇ ਪਹਿਲਵਾਨ ਗੋਗਾਏਵ ਏਲੇਨ ਨੂੰ ਹਰਾ ਕੇ ਪਹਿਲਾ ਭਾਰਤੀ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।

ਗ਼ੌਰਤਲਬ ਹੈ ਕਿ ਆਲਮੀ ਕੁਸ਼ਤੀ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਕੋਈ ਵੀ ਭਾਰਤੀ ਪਹਿਲਵਾਨ ਸੋਨ ਤਮਗ਼ਾ ਨਹੀਂ ਜਿੱਤ ਸਕਿਆ। ਸੁਸ਼ੀਲ ਦੇ ਕੋਚ ਪਦਮਸ੍ਰੀ ਤੇ ਦਰੋਣਾਚਾਰੀਆ ਐਵਾਰਡੀ ਸਤਪਾਲ ਨੇ ਉਸ ਦੀ ਇਸ ਪ੍ਰਾਪਤੀ

(ਬਾਕੀ ਸਫਾ 6 'ਤੇ)


ਇੰਡੀਆ ਕਾਲ ਕਰੋ
$100
125 ਘੰਟੇ


ਬਿਨਾ ਪਿਨ ਤੋਂ ਗੱਲ ਕਰੋ, ਵਧੀਆ ਸਾਫ ਆਵਾਜ਼
Great Rates for :- UK, Canada & other Countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ।
1-800-914-1013
WWW.1EZPIN.COM

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Follow us on:
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ


Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਆਊਟਸੋਰਸਿੰਗ ਰੋਕਣ ਦਾ ਮੁੱਦਾ ਭਖਿਆ

ਅਮਰੀਕੀ ਪ੍ਰਸ਼ਾਸਨ ਨੇ ਵੀਜ਼ਾ ਫ਼ੀਸ 'ਚ ਵਾਧਾ ਕਰਕੇ ਭਾਰਤੀਆਂ ਨੂੰ ਵੱਡਾ ਝਟਕਾ ਦਿੱਤਾ ਸੀ।

ਓਹਾਇਓ ਦੇ ਗਵਰਨਰ ਟੈਡ ਸਟਰਕਲੈਂਡ ਨੇ ਆਪਣੇ ਇਸ ਫ਼ੈਸਲੇ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਹੈ ਕਿ ਵਿਦੇਸ਼ੀ ਸੇਵਾਵਾਂ ਦੇਣ ਵਾਲੇ ਜਿੱਥੇ ਆਊਟਸੋਰਸਿੰਗ ਰਾਹੀਂ ਕੰਮ ਕਰਨ 'ਚ ਦੇਰੀ ਕਰਦੇ ਹਨ, ਉਥੇ ਉਨ੍ਹਾਂ ਵਲੋਂ ਕੀਤਾ ਕੰਮਕਾਰ ਵੀ ਸਹੀ ਨਹੀਂ ਹੁੰਦਾ। ਦੂਜੇ ਪਾਸੇ ਆਈ ਟੀ ਮਾਹਰ ਓਹਾਇਓ ਸਰਕਾਰ ਦੇ ਇਸ ਫ਼ੈਸਲੇ ਨੂੰ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਮੰਨ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸਮੇਂ ਅਮਰੀਕਾ ਵਿਚ ਬੇਰੁਜ਼ਗਾਰੀ ਦੀ ਦਰ 10 ਫ਼ੀਸਦੀ ਤੋਂ ਟੱਪ ਗਈ ਹੈ, ਜਿਸ ਕਰ ਕੇ ਹੀ ਇਹ ਫ਼ੈਸਲਾ ਲਿਆ ਗਿਆ ਹੈ। ਭਾਵੇਂ ਅਮਰੀਕਾ ਵਲੋਂ ਭਾਰਤ ਤੋਂ ਆਊਟਸੋਰਸਿੰਗ ਰਾਹੀਂ ਕੰਮ ਕਰਵਾਉਣਾ ਸਸਤਾ ਪੈਂਦਾ ਹੈ, ਪਰ ਇਸ ਦੇ ਬਾਵਜੂਦ ਉਹ ਇਸ ਵਾਰ ਆਪਣੀ ਜਨਤਾ ਨੂੰ ਤਰਜ਼ੀਹ ਦਿੰਦੇ ਨਜ਼ਰ ਆ ਰਹੇ ਹਨ।

ਸੂਚਨਾ ਤਕਨੀਕ ਖੇਤਰ ਵਿਚ ਆਊਟਸੋਰਸਿੰਗ 'ਤੇ ਪਾਬੰਦੀ ਦੇ ਫੈਸਲੇ ਨੂੰ ਲੈ ਕੇ ਓਹਾਇਓ ਸਟੇਟ ਦੀ ਸਖਤ ਆਲੋਚਨਾ ਹੋ ਰਹੀ ਹੈ। ਭਾਰਤ ਸਰਕਾਰ ਅਤੇ ਨੈਸਕਾਮ (ਨੈਸ਼ਨਲ ਐਸੋਸੀਏਸ਼ਨ ਆਫ ਸਾਫਟਵੇਅਰ ਐਂਡ ਸਰਵਿਸ ਕੰਪਨੀਜ਼) ਨੇ ਇਸ ਮੁੱਦੇ ਨੂੰ ਅਮਰੀਕਾ ਸਰਕਾਰ ਅੱਗੇ ਉਠਾਉਣ ਦੀ ਗੱਲ ਕਹੀ ਹੈ। ਭਾਰਤੀ ਸੂਚਨਾ ਤਕਨੀਕ ਇੰਡਸਟਰੀ ਨੇ ਓਹਾਇਓ ਦੇ ਨਵੇਂ ਬਿਲ ਨੂੰ ਪੱਖਪਾਤੀ ਦੱਸਿਆ ਹੈ। ਨੈਸਕਾਮ ਅਤੇ ਭਾਰਤ ਸਰਕਾਰ ਦੋਵਾਂ ਨੇ ਇਸ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਅਮਰੀਕਾ ਸਰਕਾਰ ਅੱਗੇ ਇਹ ਮੁੱਦਾ ਉਠਾਉਣਗੇ। ਭਾਰਤ ਦੀ ਦੂਜੀ ਸਭ ਤੋਂ ਵੱਡੀ ਸਾਫ਼ਟਵੇਅਰ ਕੰਪਨੀ ਇਨਫ਼ੋਸਿਸ ਨੇ ਵੀ ਇਸ 'ਤੇ ਚਿੰਤਾ ਪ੍ਰਗਟਾਈ ਹੈ।

ਵਿਦੇਸ਼ਾਂ ਨੂੰ ਭਾਰਤੀ ਪੇਸ਼ੇਵਰਾਂ ਦੀਆਂ ਸੇਵਾਵਾਂ ਦੇਣ ਵਾਲੀ ਕੰਪਨੀ ਨੈਸਕਾਮ ਨੇ ਇਸ ਫੈਸਲੇ ਦੀ ਸਖਤ ਆਲੋਚਨਾ ਕੀਤੀ ਹੈ। ਨੈਸਕਾਮ ਨੇ ਓਹਾਇਓ ਦੇ ਇਸ ਕਦਮ ਨੂੰ ਚੋਣ ਨਾਹਰਾ ਕਰਾਰ ਦਿੰਦਿਆਂ ਕਿਹਾ ਹੈ ਕਿ ਇਹ ਐਲਾਨ ਉਸ ਵੇਲੇ ਕੀਤਾ ਗਿਆ ਜਦ ਨਵੰਬਰ ਵਿਚ ਅਮਰੀਕੀ ਕਾਂਗਰਸ ਅਤੇ ਓਹਾਇਓ ਦੇ ਗਵਰਨਰ ਦੇ ਅਹੁਦੇ ਲਈ ਚੋਣਾਂ ਨੇੜੇ ਆ ਰਹੀਆਂ ਹਨ। ਨੈਸਕਾਮ ਨੇ ਕਿਹਾ ਕਿ ਇਸ ਤਰ੍ਹਾਂ ਬਾਹਰ ਤੋਂ ਰੁਜ਼ਗਾਰ ਲੈਣ 'ਤੇ ਪਾਬੰਦੀ ਕਿਸੇ ਵੀ ਦੇਸ਼ ਦੀ ਕੇਂਦਰ ਸਰਕਾਰ ਹੀ ਲਗਾ ਸਕਦੀ ਹੈ, ਕਿਉਂਕਿ ਇਹ ਮਾਮਲਾ ਕੌਮਾਂਤਰੀ ਕਾਰੋਬਾਰ ਦੀ ਸ਼੍ਰੇਣੀ ਵਿਚ ਆਉਂਦਾ ਹੈ।

ਭਾਰਤ ਸਰਕਾਰ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਪਿਛਲੇ ਮਹੀਨੇ ਓਹਾਇਓ ਦੇ ਗਵਰਨਰ ਟੇਡ ਸਿਟ੍ਰਿਕਲੈਂਡ ਦਾ ਇਸ ਤਰ੍ਹਾਂ ਦੀ ਪਾਬੰਦੀ ਲਾਉਣ ਦਾ ਹੁਕਮ ਜੀ-20 ਦੇਸ਼ਾਂ ਵਿਚਾਲੇ ਹੋਏ ਸਮਝੌਤੇ ਦੀ ਉਲੰਘਣਾ ਹੈ। ਮੰਨਿਆ ਜਾ ਰਿਹਾ ਹੈ ਕਿ ਇਕ ਸੂਬੇ ਵਲੋਂ ਪਾਬੰਦੀ ਲਗਾਏ ਜਾਣ ਤੋਂ ਬਾਅਦ ਆਉਣ ਵਾਲੇ ਦਿਨਾਂ ਵਿਚ ਬਾਕੀ ਸੂਬੇ ਇਹ ਕਦਮ ਉਠਾ ਸਕਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਪਾਬੰਦੀ ਖਿਲਾਫ ਭਾਰਤ ਦੇ ਮੁੱਦਿਆਂ ਨੂੰ ਅਮਰੀਕਾ ਵਿਚ ਸਮਰਥਨ ਮਿਲ ਸਕਦਾ ਹੈ, ਕਿਉਂਕਿ ਜੀ-20 ਵਿਚ ਆਰਥਿਕ ਮੰਦੀ ਨਾਲ ਨਜਿੱਠਣ ਲਈ ਸੁਰੱਖਿਆਵਾਦ ਨੂੰ ਹਟਾਉਣ ਨੂੰ ਲੈ ਕੇ ਹੋਏ ਫੈਸਲੇ 'ਤੇ ਦੋਵਾਂ ਦੇਸ਼ਾਂ ਦੀ ਸਹਿਮਤੀ ਹੋਈ ਸੀ।

ਦੂਜੇ ਪਾਸੇ ਨਵੀਂ ਦਿੱਲੀ ਵਿਚ ਇਸ ਮੁੱਦੇ 'ਤੇ ਪ੍ਰਭਾਵ ਘੱਟ ਕਰਨ ਦੀ ਕੋਸ਼ਿਸ਼ ਵਿਚ ਅਮਰੀਕਾ ਨੇ ਕਿਹਾ ਹੈ ਕਿ ਪਿਛਲੇ ਸਮਿਆਂ ਵਿਚ ਲਏ ਗਏ ਅਜਿਹੇ ਫੈਸਲਿਆਂ ਨਾਲ ਭਾਰਤ-ਅਮਰੀਕਾ ਦੇ ਸੰਬੰਧਾਂ 'ਤੇ ਕੋਈ ਪ੍ਰਭਾਵ ਨਹੀਂ ਪਿਆ, ਬਲਕਿ ਸੰਬੰਧ ਹੋਰ ਮਜ਼ਬੂਤ ਹੋਏ ਹਨ। ਭਾਰਤ ਵਿਚ ਅਮਰੀਕੀ ਰਾਜਦੂਤ ਟਿਮੋਥੀ ਰੋਮਰ ਨੇ ਕਿਹਾ ਕਿ ਓਹਾਇਓ ਵਲੋਂ ਆਈ ਟੀ ਕੰਮਾਂ ਨਾਲ ਸੰਬੰਧਤ ਆਊਟਸੋਰਸਿੰਗ 'ਤੇ ਲਾਈ ਗਈ ਪਾਬੰਦੀ ਨਾਲ ਭਾਰਤ-ਅਮਰੀਕਾ ਵਪਾਰ 'ਤੇ ਕੋਈ ਅਸਰ ਨਹੀਂ ਪਏਗਾ।

ਉਧਰ ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਦੀ ਇਸ ਨੀਤੀ ਕਾਰਨ ਭਾਰਤ ਦਾ 51 ਅਰਬ ਡਾਲਰ ਦਾ ਸੂਚਨਾ ਤਕਨੀਕ ਉਦਯੋਗ (ਆਈ.ਟੀ.) ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਦੱਸਣਯੋਗ ਹੈ ਕਿ ਓਹਾਇਓ ਵਲੋਂ ਲਗਾਈ ਰੋਕ ਤੋਂ ਪਹਿਲਾਂ ਅਮਰੀਕਾ ਐਚ-1ਬੀ ਅਤੇ ਐਲ-1 ਵੀਜ਼ੇ ਦੀਆਂ ਫੀਸਾਂ 'ਚ ਵੱਡਾ ਵਾਧਾ ਕਰ ਚੁੱਕਾ ਹੈ। ਯਾਦ ਰਹੇ ਇੰਨਫੋਸਿਸ, ਵਿਪਰੋ, ਐਚ ਸੀ ਐਲ, ਟੀ ਸੀ ਐਸ ਆਦਿ ਕੰਪਨੀਆਂ ਦੀ ਕੁੱਲ ਨਿਰਯਾਤ ਆਮਦਨ 'ਚੋਂ 60 ਫੀਸਦੀ ਆਮਦਨ ਅਮਰੀਕੀ ਬਾਜ਼ਾਰ ਵਿਚੋਂ ਹੀ ਆਉਂਦੀ ਹੈ।

# ਹਰਿਆਣਾ ਦਾ ਜਾਟ ਅੰਦੋਲਨ ਮੁਲਤਵੀ

**ਚੰਡੀਗੜ੍ਹ:** ਮੰਗਲਵਾਰ ਦਿਨ ਭਰ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਸਦਕਾ ਹਰਿਆਣਾ ਸਰਕਾਰ ਅਤੇ ਅੰਦੋਲਨਕਾਰੀ ਅਖਿਲ ਭਾਰਤੀ ਜਾਟ ਰਾਖਵਾਂਕਰਨ ਸੰਘਰਸ਼ ਸਮਿਤੀ ਵਿਚਾਲੇ ਸਮਝੌਤਾ ਹੋ ਗਿਆ ਹੈ। ਸਮਿਤੀ ਨੇ ਆਪਣਾ ਅੰਦੋਲਨ ਮੁਲਤਵੀ ਕਰ ਦਿੱਤਾ ਹੈ। ਸਰਕਾਰ ਨੇ ਮ੍ਰਿਤਕ ਸੁਨੀਲ ਦੇ ਪਰਿਵਾਰ ਨੂੰ ਦਸ ਲੱਖ ਰੁਪਏ, ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਅਤੇ ਜ਼ਖਮੀ ਅੰਦੋਲਨਕਾਰੀਆਂ ਦੀ ਮਦਦ ਦਾ ਐਲਾਨ ਕੀਤਾ ਹੈ।

ਸਾਬਕਾ ਵਿੱਤ ਮੰਤਰੀ ਪ੍ਰੋ. ਸੰਪਤ ਸਿੰਘ, ਮੁੱਖ ਮੰਤਰੀ ਦੇ ਰਾਜਨੀਤਕ ਸਲਾਹਕਾਰ ਪ੍ਰੋ. ਵਰਿੰਦਰ ਸਿੰਘ, ਸਾਬਕਾ ਵਿਧਾਇਕ ਛਤਰਪਾਲ ਸਿੰਘ, ਸਾਬਕਾ ਲੋਕ ਸਭਾ ਮੈਂਬਰ ਜੈ ਪ੍ਰਕਾਸ਼, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸੁੰਦਰਪਾਲ ਸਮੇਤ ਕਈ ਹੋਰ ਆਗੂਆਂ ਨੇ ਅੰਦੋਲਨਕਾਰੀਆਂ ਨੂੰ ਸ਼ਾਂਤ ਕਰਨ ਲਈ ਗੱਲਬਾਤ ਸ਼ੁਰੂ ਕੀਤੀ ਸੀ।

ਸਮਝੌਤਾ ਹੋਣ ਤੋਂ ਪਹਿਲਾਂ ਬੀਤੀ 14 ਸਤੰਬਰ ਨੂੰ ਅੰਦੋਲਨ ਦੇ ਦੂਜੇ ਦਿਨ ਲੋਕਾਂ ਦੇ ਹੋਰ ਵੀ ਹਿੰਸਾ 'ਤੇ ਉਤਰਨ 'ਤੇ ਹਿਸਾਰ ਜ਼ਿਲ੍ਹੇ 'ਚ ਕਰਫਿਊ ਲਾ ਦਿੱਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਨੇ ਇਮਾਰਤਾਂ ਨੂੰ ਅੱਗਾਂ ਲਾਈਆਂ, ਟੱਰਕ ਲੁੱਟੇ ਅਤੇ ਸੜਕੀ ਰੇਲ ਆਵਾਜਾਈ ਠੱਪ ਕਰ ਦਿੱਤੀ।

ਗੈਰ ਪੁਸ਼ਟੀਸ਼ੁਦਾ ਰਿਪੋਰਟਾਂ ਅਨੁਸਾਰ ਰੇਲ ਟਰੈਕ 'ਤੇ ਲੇਟੇ ਦੋ ਪ੍ਰਦਰਸ਼ਨਕਾਰੀ ਇਥੇ ਉਕਲਾਣਾ ਨੇੜੇ ਇਕ ਮਾਲ ਗੱਡੀ ਹੇਠ ਆ ਕੇ ਕੱਟੇ ਗਏ ਪਰ ਰੇਲਵੇ ਪੁਲੀਸ ਦੇ ਡੀ.ਐਸ.ਪੀ. ਈਸ਼ਵਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਅਜਿਹੀ ਕੋਈ ਜਾਣਕਾਰੀ ਨਹੀਂ ਹੈ।

# ਸਿਸਟਰ ਸਿਟੀ ਪ੍ਰਾਜੈਕਟ ਦੇ ਨਵੇਂ ਚੇਅਰਮੈਨ ਜਗਦੀਸ਼ ਢਿਲੋਂ ਦਾ ਸਨਮਾਨ

ਬੇਕਰਜ਼ਫੀਲਡ (ਮਨਦੀਪ ਮਾਨ): ਬੇਕਰਜ਼ਫੀਲਡ ਅਤੇ ਅੰਮ੍ਰਿਤਸਰ ਸਿਸਟਰ ਸਿਟੀ ਪ੍ਰਾਜੈਕਟ ਦੇ ਨਵੇਂ ਬਣੇ ਚੇਅਰਮੈਨ ਸ੍ਰੀ ਜਗਦੀਸ਼ ਸਿੰਘ ਢਿਲੋਂ ਦਾ ਲੰਘੇ ਐਤਵਾਰ ਇਥੇ ਗੁਰਦੁਆਰਾ ਅੰਗਦ ਦਰਬਾਰ ਦੀ ਪ੍ਰਬੰਧਕ ਕਮੇਟੀ ਦੀ ਤਰਫੋਂ ਪ੍ਰਧਾਨ ਸ. ਸੁਖਵੀਰ ਸਿੰਘ ਸੰਧੂ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰੂਘਰ ਦੀ ਤਰਫੋਂ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਢਿਲੋਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।



ਇਸ ਮੌਕੇ ਬੋਲਦਿਆਂ ਸ੍ਰੀ ਢਿਲੋਂ ਨੇ ਸੰਗਤ ਨਾਲ ਵਾਅਦਾ ਕੀਤਾ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਧੜੇਬੰਦੀ ਤੋਂ ਉਪਰ ਉਠ ਕੇ ਨਿਭਾਉਣਗੇ। ਉਨ੍ਹਾਂ ਕਿਹਾ ਕਿ ਕਿਸੇ ਵੀ ਪ੍ਰਾਜੈਕਟ ਲਈ ਪੈਸੇ ਦੀ ਵਡੀ ਲੋੜ ਹੁੰਦੀ ਹੈ। ਇਸ ਖਾਤਰ ਨਾ ਸਿਰਫ ਉਹ ਆਪ ਹੀ ਭਰਵਾਂ ਯੋਗਦਾਨ ਪਾਉਣਗੇ ਸਗੋਂ ਸੰਗਤ ਨੂੰ ਵੀ ਇਸ ਲਈ ਪ੍ਰੇਰਣਗੇ ਅਤੇ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹ ਕੇ ਹੀ ਦਮ ਲੈਣਗੇ।

ਜ਼ਿਕਰਯੋਗ ਹੈ ਕਿ ਵਿਸ਼ਵ ਬੈਂਕ ਦੀ ਇਕ ਯੋਜਨਾ ਤਹਿਤ ਕੁਝ ਸਾਲ ਪਹਿਲਾਂ ਬੇਕਰਜ਼ਫੀਲਡ ਅਤੇ ਅੰਮ੍ਰਿਤਸਰ ਨੂੰ ਸਿਸਟਰ ਸਿਟੀ ਬਣਾਉਣ ਦਾ ਪ੍ਰਾਜੈਕਟ ਆਰੰਭਿਆ ਗਿਆ ਸੀ। ਕੁਝ ਕਾਰਨਾਂ ਕਰ ਕੇ ਇਹ ਪ੍ਰਾਜੈਕਟ ਧੀਮਾ ਚਲ ਰਿਹਾ ਸੀ। ਇਸ ਪ੍ਰਾਜੈਕਟ ਤਹਿਤ ਦੋਵਾਂ ਸ਼ਹਿਰਾਂ ਵਿਚਾਲੇ ਵਿਸ਼ੇਸ਼ ਸਭਿਆਚਾਰਕ ਆਦਾਨ-ਪ੍ਰਦਾਨ ਹੁੰਦਾ ਹੈ। ਸ੍ਰੀ ਢਿਲੋਂ ਨੇ ਇਸ ਪ੍ਰਾਜੈਕਟ ਨੂੰ ਜੰਗੀ ਪੱਧਰ ਤੇ ਪੂਰਾ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਪ੍ਰਬੰਧਕ ਕਮੇਟੀ ਦਾ ਵੀ ਇਸ ਮਾਣ-ਸਨਮਾਣ ਲਈ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਛਿੰਦਾ ਉਪਲ, ਮਨਜੀਤ ਸਿੰਘ ਜੌਹਲ, ਕੁਲਵਿੰਦਰ ਸਿੰਘ, ਗਿਆਨੀ ਬਲਰਾਜ ਸਿੰਘ ਅਤੇ ਗੁਰੂਘਰ ਦੇ ਕਥਾਵਾਚਕ ਭਾਈ ਗੁਰਸਾਹਿਬ ਸਿੰਘ ਹਾਜਰ ਸਨ।






ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਸਾਹਿਬ ਐਲ ਸਬਰਾਂਟੇ

# ਕੀਰਤਨ ਦੀਵਾਨ

## ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਪੰਥ ਦੇ ਮਹਾਨ ਪ੍ਰਚਾਰਕ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਇਨ੍ਹੀਂ ਦਿਨੀ ਗੁਰਮਤਿ ਪ੍ਰਚਾਰ ਲਈ ਕੈਲੀਫੋਰਨੀਆ ਪਹੁੰਚੇ ਹੋਏ ਹਨ। ਉਹ 24 ਸਤੰਬਰ ਤੋਂ 26 ਸਤੰਬਰ ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਗੁਰਦੁਆਰਾ ਐਲ ਸਬਰਾਂਟੇ ਵਿਖੇ ਕੀਰਤਨ ਦੀਵਾਨ ਸਜਾਉਣਗੇ। ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਭਰ ਕੇ ਗੁਰਬਾਣੀ ਕੀਰਤਨ ਦਾ ਲਾਹਾ ਲਓ ਜੀ ਅਤੇ ਜੀਵਨ ਸਫਲੇ ਕਰੋ ਜੀ।





### ਪ੍ਰੋਗਰਾਮ ਦਾ ਵੇਰਵਾ

**ਸ਼ੁੱਕਰਵਾਰ 24 ਸਤੰਬਰ, 2010**

(ਸ਼ਾਮ 6:30 ਤੋਂ 8:30 ਵਜੇ ਤੱਕ)

**ਸਨਿਚਰਵਾਰ 25 ਸਤੰਬਰ, 2010**

(ਸ਼ਾਮ 6:30 ਤੋਂ 8:30 ਵਜੇ ਤੱਕ)

**ਐਤਵਾਰ 26 ਸਤੰਬਰ, 2010**

(ਸਵੇਰੇ 11:00 ਤੋਂ 1:00 ਵਜੇ ਤੱਕ)

### ਸੰਗਤਾਂ ਦੇ ਦਾਸ

ਪ੍ਰਧਾਨ-ਗੁਰਬਚਨ ਸਿੰਘ 510-334-3225

ਮੀਤ ਪ੍ਰਧਾਨ-ਝਿਰਮਲ ਸਿੰਘ 510-910-3966

ਸਕੱਤਰ-ਗੁਰਮੇਲ ਸਿੰਘ ਸੈਣੀ 510-672-1605

ਮੀਤ ਸਕੱਤਰ-ਰਵਿੰਦਰ ਸਿੰਘ ਬਾਠ 925-323-8626

ਕਸ਼ਮੀਰ ਸਿੰਘ ਹੇਅਰ 510-222-6837

ਸਰਗਣ ਸਿੰਘ ਸ਼ੇਰਗਿੱਲ 510-375-5866

ਕੁਲਵੰਤ ਕੌਰ ਬਾਲੀ 510-517-7819

**ਬੇਨਤੀਕਰਤਾ: ਸਮੂਹ ਸੰਗਤ ਤੇ ਗੁਰਦੁਆਰਾ ਪ੍ਰਬੰਧ ਕਮੇਟੀ**

# ਅਕਾਲੀ ਦਲ (ਬਾਦਲ) ਅਮਰੀਕਾ ਦੀ ਤਾਲਮੇਲ ਕਮੇਟੀ ਦਾ ਗਠਨ

**ਸੈਨ ਹੋਜ਼ੇ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਐਨ ਆਰ ਆਈ ਵਿੰਗ ਦੇ ਪ੍ਰਧਾਨ ਸ. ਸੁਰਜੀਤ ਸਿੰਘ ਰੱਖੜਾ ਨੇ ਪਾਰਟੀ ਦੀ ਅਮਰੀਕਾ ਇਕਾਈ ਲਈ ਇਕ ਤਾਲਮੇਲ ਕਮੇਟੀ ਦਾ ਗਠਨ ਕੀਤਾ ਹੈ। ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੂੰ ਇਸ ਕਮੇਟੀ ਦਾ ਚੀਫ਼ ਕੋ-ਆਰਡੀਨੇਟਰ ਅਤੇ ਸ. ਮਨਜੀਤ ਸਿੰਘ ਦਸੂਹਾ ਨਿਊਯਾਰਕ, ਸ. ਹਰਬੰਸ ਸਿੰਘ ਚਾਹਲ ਕੈਲੀਫੋਰਨੀਆ, ਸ. ਇਕਬਾਲ ਸਿੰਘ ਸਮਰਾ ਕੈਲੀਫੋਰਨੀਆ ਅਤੇ ਸ. ਹਰਜੀਤ ਸਿੰਘ ਸੰਧੂ ਕੈਲੀਫੋਰਨੀਆਂ ਨੂੰ ਕੋ-ਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।



*ਅਟਾਰਨੀ ਜਸਪ੍ਰੀਤ ਸਿੰਘ, ਮਨਜੀਤ ਸਿੰਘ ਦਸੂਹਾ, ਹਰਬੰਸ ਸਿੰਘ ਚਾਹਲ, ਇਕਬਾਲ ਸਿੰਘ ਸਮਰਾ ਤੇ ਹਰਜੀਤ ਸਿੰਘ ਸੰਧੂ*

ਪਾਰਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਕਮੇਟੀ ਅਮਰੀਕਾ ਵਿਚ ਮੈਂਬਰਾਂ ਵਲੋਂ ਪੇਸ਼ ਕੀਤੇ ਗਏ ਸੁਝਾਅ ਸ. ਰੱਖੜਾ ਤੱਕ ਪਹੁੰਚਾਵੇਗੀ। ਅਮਰੀਕਾ ਵਿਚਲੀਆਂ ਸਾਰੀਆਂ ਇਕਾਈਆਂ ਆਪਣੀਆਂ ਸਰਗਰਮੀਆਂ ਦੀ ਰਿਪੋਰਟ ਤਾਲਮੇਲ ਕਮੇਟੀ ਨੂੰ ਦਿਆ ਕਰਨਗੀਆਂ ਅਤੇ ਇਹ ਕਮੇਟੀ ਇਨ੍ਹਾਂ ਇਕਾਈਆਂ ਵਲੋਂ ਕੀਤੇ ਗਏ ਕਾਰਜਾਂ ਦੀ ਜਾਣਕਾਰੀ ਸ. ਰੱਖੜਾ ਨੂੰ ਭੇਜਿਆ ਕਰੇਗੀ।

ਬਿਆਨ ਅਨੁਸਾਰ ਇਹ ਕਮੇਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀਆਂ ਨੀਤੀਆਂ ਅਤੇ ਕਾਰਜ ਪ੍ਰਣਾਲੀ ਨੂੰ ਹੋਰ ਸੁੱਚਜੇ ਅਤੇ ਸੁਚਾਰੂ ਢੰਗ ਨਾਲ ਅਮਰੀਕਾ ਵਿਚ ਲਾਗੂ ਕਰਨ ਲਈ ਕੰਮ ਕਰੇਗੀ। ਕਮੇਟੀ ਇਹ ਵੀ ਲਾਜ਼ਮੀ ਬਣਾਵੇਗੀ ਕਿ ਅਮਰੀਕਾ ਵਿਚ ਅਕਾਲੀ ਦਲ (ਬਾਦਲ) ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪਾਰਟੀ ਦੀ ਸੋਚ ਨਾਲ ਸਹਿਮਤ ਵਰਕਰਾਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਜੋੜਿਆ ਜਾਵੇ। ਇਸਦੇ ਨਾਲ ਹੀ ਵੱਧ ਤੋਂ ਵੱਧ ਗਿਣਤੀ ਵਿਚ ਮੈਂਬਰਾਂ ਦੀ ਨਿਯੁਕਤੀ ਕੀਤੀ ਜਾਵੇਗੀ ਤਾਂ ਜੋ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀਆਂ ਨੀਤੀਆਂ ਨੂੰ ਲਾਗੂ ਕਰਨ ਵਿਚ ਦਰਪੇਸ਼ ਮੁਸ਼ਕਲਾਂ ਦੀ ਜਾਣਕਾਰੀ ਹਾਸਲ ਕੀਤੀ ਜਾ ਸਕੇ।

ਸ. ਸੁਰਜੀਤ ਸਿੰਘ ਰੱਖੜਾ ਵਲੋਂ ਜਾਰੀ ਲਿਖਤੀ ਹਿਦਾਇਤਾਂ ਅਨੁਸਾਰ ਇਹ ਕਮੇਟੀ ਇਨ੍ਹਾਂ ਮੁੱਦਿਆਂ ਉਪਰ ਕੰਮ ਕਰੇਗੀ: ਇਹ ਕਮੇਟੀ ਅਮਰੀਕਾ ਦੀਆਂ ਸਾਰੀਆਂ ਇਕਾਈਆਂ ਦੀਆਂ ਸਰਗਰਮੀਆਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਤਾਲਮੇਲ ਕਰੇਗੀ। ਇਹ ਸਾਰੀਆਂ ਇਕਾਈਆਂ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਤਾਲਮੇਲ ਪੈਦਾ ਕਰਕੇ ਉਨ੍ਹਾਂ ਵਿਚ ਪੈਦਾ ਹੋਏ ਮਤਭੇਦਾਂ ਨੂੰ ਦੂਰ ਕਰੇਗੀ। ਇਸ ਵਲੋਂ ਪਾਰਟੀ ਇਕਾਈ ਦੇ ਪ੍ਰਧਾਨ ਨਾਲ ਸਲਾਹ ਮਸ਼ਵਰਾ ਕਰਕੇ ਬਾਈਲਾਜ਼ ਬਣਾਏ ਜਾਣਗੇ। ਇਹ ਬਾਈਲਾਜ਼ ਸਾਰੇ ਪਾਰਟੀ ਮੈਂਬਰਾਂ 'ਤੇ ਲਾਗੂ ਹੋਣਗੇ। ਇਨ੍ਹਾਂ ਨਿਰਦੇਸ਼ਾਂ ਅਨੁਸਾਰ ਜਿਹੜਾ ਵੀ ਵਰਕਰ ਜਾਂ ਮੈਂਬਰ ਪਾਰਟੀ ਨੀਤੀਆਂ ਵਿਰੁੱਧ ਚਲੇਗਾ ਉਸ ਖਿਲਾਫ਼ ਜ਼ਾਬਤਾ ਕਾਰਵਾਈ ਕੀਤੀ ਜਾਵੇਗੀ। ਐਨ ਆਰ ਆਈ ਵਿੰਗ ਦੇ ਪ੍ਰਧਾਨ ਅਤੇ ਤਾਲਮੇਲ ਕਮੇਟੀ ਦੀ ਸਲਾਹ ਤੋਂ ਬਿਨਾ ਕੋਈ ਵੀ ਅਹੁਦੇਦਾਰ ਜਾਂ ਵਰਕਰ ਪ੍ਰੈਸ ਬਿਆਨ ਜਾਰੀ ਨਹੀਂ ਕਰ ਸਕੇਗਾ।

ਤਾਲਮੇਲ ਕਮੇਟੀ ਵਲੋਂ ਅਕਾਲੀ ਦਲ (ਬਾਦਲ) ਦੀਆਂ ਨੀਤੀਆਂ ਅਤੇ ਸਰਗਰਮੀਆਂ ਨੂੰ ਅਮਰੀਕਾ ਦੇ ਕੋਨੇ ਕੋਨੇ ਤੱਕ ਪਹੁੰਚਾਉਣ ਲਈ ਹੋਰ ਇਕਾਈਆਂ ਸਥਾਪਤ ਕੀਤੀਆਂ ਜਾਣਗੀਆਂ ਅਤੇ ਮੈਂਬਰਸ਼ਿਪ ਵਧਾਉਣ ਵਿਚ ਤਾਲਮੇਲ ਕਮੇਟੀ ਸਹਾਇਤਾ ਕਰੇਗੀ। ਇਹ ਤਾਲਮੇਲ ਕਮੇਟੀ ਪਾਰਟੀ ਮੈਂਬਰਸ਼ਿਪ ਦੇ ਸਾਰੇ ਰਿਕਾਰਡ ਦੀ ਸੰਭਾਲ ਵੀ ਕਰੇਗੀ। ਤਾਲਮੇਲ ਕਮੇਟੀ ਵਲੋਂ ਇਕ ਡਾਇਰੈਕਟਰੀ ਬਣਾਈ ਜਾਵੇਗੀ ਜਿਸ ਵਿਚ ਪਾਰਟੀ ਇਕਾਈ ਦੇ ਸਾਰੇ ਅਹੁਦੇਦਾਰਾਂ, ਵਰਕਰਾਂ ਅਤੇ ਮੈਂਬਰਾਂ ਦੇ ਨਾਂ, ਫੋਨ ਨੰਬਰ, ਈਮੇਲ ਐਡਰੈਸ, ਫੈਕਸ ਅਤੇ ਪਤੇ ਆਦਿ ਹੋਣਗੇ। ਇਹ ਕਮੇਟੀ ਪਾਰਟੀ ਮੈਂਬਰਾਂ ਨੂੰ ਅਮਰੀਕੀ ਸਿਆਸਤ ਵਿਚ ਹਿੱਸਾ ਲੈਣ ਅਤੇ ਪੰਜਾਬ ਵਿਚ ਚੋਣਾਂ ਦੌਰਾਨ ਆਪੋ ਆਪਣੇ ਹਲਕੇ ਦੇ ਅਕਾਲੀ ਉਮੀਦਵਾਰਾਂ ਦੀ ਹਰ ਪੱਖੋਂ ਮਦਦ ਕਰਨ ਵਿਚ ਸਹਿਯੋਗ ਦੇਵੇਗੀ।

## ਡਾ. ਜਗਜੀਤ ਸਿੰਘ ਸਿਹੋਤਾ ਦਾ ਸਨਮਾਨ

ਸਟਾਕਟਨ: ਡਾ. ਜਗਜੀਤ ਸਿੰਘ ਸਿਹੋਤਾ ਦਾ ਹਾਲ ਹੀ ਵਿਚ ਉਨ੍ਹਾਂ ਦੇ ਇੰਗਲੈਂਡ ਦੌਰੇ ਦੌਰਾਨ ਉਨ੍ਹਾਂ ਦੀਆਂ ਸਮਾਜ ਪ੍ਰਤੀ ਵਿਸ਼ੇਸ਼ ਸੇਵਾਵਾਂ ਬਦਲੇ ਸਨਮਾਨ ਕੀਤਾ ਗਿਆ। ਸਿੱਖ ਕਮਿਊਨਟੀ ਐਂਡ ਯੂਥ ਸਰਵਿਸ (ਐਸ ਸੀ ਵਾਈ ਐਸ) ਨੇ ਡਾ. ਸਿਹੋਤਾ ਦੀਆਂ ਡਾਕਟਰੀ ਕਿੱਤੇ ਵਿਚ ਵਿਸ਼ੇਸ਼ ਪ੍ਰਾਪਤੀਆਂ ਨੂੰ ਮੁਖ ਰਖਦਿਆਂ ਉਨ੍ਹਾਂ ਨੂੰ ਸਨਮਾਨ ਪੱਤਰ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ। ਡਾ. ਸਿਹੋਤਾ ਰੀੜ ਦੀ ਹੱਡੀ ਅਤੇ ਡਿਸਕ ਦੀ ਦਰਦ ਦੇ ਇਲਾਜ ਦੇ ਖੇਤਰ ਵਿਚ ਵਿਸ਼ੇਸ਼ ਮੁਹਾਰਤ ਰਖਦੇ ਹਨ ਅਤੇ ਉਹ ਕੈਲੀਫੋਰਨੀਆ ਦੇ ਇਸ ਖੇਤਰ ਦੇ ਗਿਣੇ-ਚੁਣੇ ਮਾਹਿਰਾਂ ਵਿਚੋਂ ਇਕ ਹਨ। ਉਨ੍ਹਾਂ ਦੀ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਸਟਾਕਟਨ ਵਿਚ ਹੈ। ਡਾ. ਸਿਹੋਤਾ ਦਾ ਜਨਮ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦੇ ਕਲੋਵਰਡੇਲ ਸ਼ਹਿਰ ਵਿਚ ਹੋਇਆ ਅਤੇ ਉਹ ਆਪਣੇ ਸਕੂਲ ਦੇ ਸਮਿਆਂ ਵਿਚ ਬਹੁਤ ਵਧੀਆ ਅਥਲੀਟ ਰਹੇ ਹਨ। ਉਹ ਕੌਮਾਂਤਰੀ ਪੱਧਰ ਦੀ ਟੀਮ ਕੈਨੇਡਾ ਲਈ ਰਗਬੀ ਖੇਡਦਿਆਂ ਵਖ ਵਖ ਦੇਸ਼ਾਂ ਵਿਚ ਘੁੰਮੇ ਹਨ।

ਐਸ ਸੀ ਵਾਈ ਐਸ, ਯੂ ਕੇ ਦੇ ਡਾਇਰੈਕਟਰ ਸ੍ਰੀ ਡੀ ਐਸ ਢੇਸੀ ਨੇ ਆਖਿਆ ਕਿ ਇਹ ਸਨਮਾਨ ਡਾ. ਸਿਹੋਤਾ ਦੀਆਂ ਰੀੜ ਦੀ ਹੱਡੀ ਅਤੇ ਡਿਸਕ ਦੇ ਦਰਦ ਦੇ ਇਲਾਜ ਦੇ ਖੇਤਰ ਵਿਚ ਪ੍ਰਾਪਤੀਆਂ ਲਈ ਹੀ ਨਹੀਂ ਦਿੱਤਾ ਗਿਆ ਸਗੋਂ ਉਨ੍ਹਾਂ ਦੀਆਂ ਰਗਬੀ ਖੇਡ ਦੀਆਂ ਪ੍ਰਾਪਤੀਆਂ ਦੇ ਮਾਣ ਵਿਚ ਵੀ ਹੈ। ਉਹ ਸਿੱਖ ਭਾਈਚਾਰੇ ਦੇ ਦੂਤ ਹਨ ਅਤੇ ਸਾਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਭਾਈਚਾਰੇ ਤੇ ਡਾਕਟਰੀ ਪੇਸ਼ੇ ਨੂੰ ਯੋਗਦਾਨ ਉਪਰ ਮਾਣ ਹੈ। ਡਾ. ਸਿਹੋਤਾ ਨੇ ਆਪਣੇ ਇਸ ਮਾਣ-ਸਨਮਾਨ ਲਈ ਬਰਤਾਨਵੀ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ।




## ਹੇਵਰਡ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ

**ਫਰੀਮਾਂਟ:** ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਹੇਵਰਡ ਦੇ ਮੈਦਾਨਾਂ ਵਿਚ 25 ਸਤੰਬਰ ਨੂੰ ਕਰਵਾਏ ਜਾ ਰਹੇ ਕਬੱਡੀ ਕੱਪ-2010 ਦੀਆਂ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਇਹ ਕਬੱਡੀ ਮੇਲਾ ਕਬੱਡੀ ਪ੍ਰੇਮੀਆਂ ਲਈ ਇਕ ਯਾਦਗਾਰੀ ਮੇਲਾ ਹੋ ਨਿਬੜੇਗਾ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਕਬੱਡੀ ਲਈ ਖੇਡ ਮੈਦਾਨ ਤਿਆਰ ਹਨ। ਸਾਰੇ ਖਿਡਾਰੀਆਂ ਦੇ ਕੰਟਰੈਕਟ ਸਾਈਨ ਕਰ ਲਏ ਗਏ ਹਨ ਤੇ ਕੁਝ ਖਿਡਾਰੀ 19 ਸਤੰਬਰ ਦੇ ਨਿਊ ਯਾਰਕ ਕੱਪ ਤੋਂ ਬਾਅਦ ਸਿੱਧੇ ਹੀ ਇਥੇ ਪਹੁੰਚ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਪਰੈਲ ਮਹੀਨੇ ਹੋਏ ਵਿਸ਼ਵ ਕਬੱਡੀ ਕੱਪ ਵਿਚ ਖੇਡ ਚੁਕੇ ਬਹੁਤ ਸਾਰੇ ਸੁਪਰ ਸਟਾਰ ਖਿਡਾਰੀ ਇਸ ਟੂਰਨਾਮੈਂਟ ਵਿਚ ਪਹੁੰਚ ਰਹੇ ਹਨ। ਇਨ੍ਹਾਂ ਵਿਚ ਵਿਸ਼ਵ ਕੱਪ ਦਾ ਬੈਸਟ ਰੇਡਰ ਕੁਲਜੀਤਾ ਵੀ ਸ਼ਾਮਲ ਹੈ ਜਿਸ ਦਾ ਪੰਜਾਬ ਸਰਕਾਰ ਨੇ ਟਰੈਕਟਰ ਦੇ ਕੇ ਸਨਮਾਨ ਕੀਤਾ ਸੀ। ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਹੋਰ ਵੀ ਬਹੁਤ ਸਾਰੇ ਨਾਮੀ ਖਿਡਾਰੀ ਇਸ ਮੁਕਾਬਲੇ ਵਿਚ ਹਿੱਸਾ ਲੈਣਗੇ।

ਇਸੇ ਦੌਰਾਨ ਕਲੱਬ ਦੀ ਇਕ ਤਿਆਰੀ ਮੀਟਿੰਗ ਹੋਈ ਜਿਸ ਵਿਚ ਸ੍ਰੀ ਗਾਖਲ ਤੋਂ ਇਲਾਵਾ ਪ੍ਰਧਾਨ ਬਲਬੀਰ ਸਿੰਘ ਭਾਟੀਆ, ਗੁਰਦਾਵਰ ਸਿੰਘ ਮਹੇੜੂ, ਪਰਮਜੀਤ ਸਿੰਘ ਸੰਧੂ, ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਇਕਬਾਲ ਸਿੰਘ ਗਾਖਲ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ, ਲਖਵਿੰਦਰ ਸਿੰਘ ਗਾਖਲ ਅਤੇ ਦਲਵਿੰਦਰ ਸਿੰਘ ਸ਼ਾਮਲ ਹੋਏ। ਕੁਝ ਹਫਤੇ ਪਹਿਲਾਂ ਕੈਲ ਸਟੇਟ ਸਟੇਡੀਅਮ ਵਿਚ ਹੀ ਹੋਏ ਇਕ ਹੋਰ ਪੰਜਾਬੀ ਖੇਡ ਮੇਲੇ ਦੌਰਾਨ ਵਾਪਰੀਆਂ ਘਟਨਾਵਾਂ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਗਈ ਕਿ ਉਨ੍ਹਾਂ ਘਟਨਾਵਾਂ ਨੂੰ ਮੁੱਖ ਰੱਖਦਿਆਂ ਸੁਰੱਖਿਆ ਦੇ ਉਚੇਚੇ ਇੰਤਜ਼ਾਮ ਕੀਤੇ ਗਏ ਹਨ। ਮੀਟਿੰਗ ਵਿਚ ਇਕ ਮਤਾ ਪਾਸ ਕਰਕੇ ਸਮੂਹ ਕਬੱਡੀ ਪ੍ਰੇਮੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਕੋਈ ਵੀ ਅਜਿਹਾ ਕੰਮ ਨਾ ਕਰਨ ਜਿਸ ਨਾਲ ਸਮੁੱਚੇ ਭਾਈਚਾਰੇ ਦੀ ਬਦਨਾਮੀ ਹੋਵੇ।



(ਸਫਾ ਇਕ ਦੀ ਬਾਕੀ)

# ਕਸ਼ਮੀਰ 'ਚ ਸੱਥਰ ਵਿਛਣੇ ਜਾਰੀ

ਲਈ ਮਤਭੇਦ ਦਾ ਸ਼ਿਕਾਰ ਹੈ।

ਕਸ਼ਮੀਰ 'ਚ ਈਦ-ਉਲ-ਫਿਤਰ ਦੇ ਮੌਕੇ 'ਤੇ ਹੋਈ ਹਿੰਸਾ ਅਤੇ ਸਾੜ ਫੂਕ ਨੇ ਕਸ਼ਮੀਰ ਸਮੱਸਿਆ ਦੇ ਸਥਾਈ ਹੱਲ ਦਾ ਸਵਾਲ ਭਾਰਤ ਦੇ ਰਾਜਸੀ ਮੰਚ 'ਤੇ ਇਕ ਸੰਵੇਦਨਸ਼ੀਲ ਮੁੱਦਾ ਬਣਾ ਦਿੱਤਾ ਹੈ। ਇਸ ਦੇ ਹੱਲ ਲਈ ਕੇਂਦਰ ਅਤੇ ਸੂਬਾ ਸਰਕਾਰ ਕਈ ਪਹਿਲੂਆਂ 'ਤੇ ਵਿਚਾਰ ਕਰਨ 'ਚ ਜੁਟੀ ਹੋਈ ਹੈ ਪਰ ਹਾਲਾਤ ਬੇਕਾਬੂ ਹੁੰਦੇ ਜਾ ਰਹੇ ਹਨ। ਹਿੰਸਾ ਅਤੇ ਸਾੜ ਫੂਕ ਦੇ ਮੱਦੇਨਜ਼ਰ ਰਾਜਧਾਨੀ ਸ੍ਰੀਨਗਰ ਅਤੇ ਵਾਦੀ ਦੇ ਹੋਰ ਕਸਬਿਆਂ ਅਨੰਤਨਾਗ, ਬਿਜਬਹੇੜਾ, ਪੁਲਵਾਮਾ, ਕਾਕਾਪੋਰਾ ਤੇ ਸੋਪੋਰ (ਸਾਰੇ ਦੱਖਣੀ ਕਸ਼ਮੀਰ) ਅਤੇ ਬਾਰਾਮੂਲਾ (ਉਤਰੀ ਕਸ਼ਮੀਰ) 'ਚ ਮੁੜ ਕਰਫਿਊ ਲਾ ਦਿੱਤਾ ਗਿਆ ਹੈ, ਜੋ 9 ਸਤੰਬਰ ਨੂੰ ਹੀ ਹਟਾਇਆ ਗਿਆ ਸੀ।

ਵੱਖਵਾਦੀਆਂ ਵਲੋਂ ਲਾਲ ਚੌਕ ਵਿਖੇ ਕੀਤੀ ਗਈ ਇਕ ਰੋਸ ਰੈਲੀ ਪਿੱਛੋਂ ਲੋਕਾਂ ਦੇ ਭੜਕੇ ਹਜੂਮ ਨੇ ਪੁਲੀਸ ਦੀ ਕਰਾਈਮ ਬਰਾਂਚ ਸਣੇ ਪਾਵਰ ਡਿਵੈਲਪਮੈਂਟ ਵਿਭਾਗ ਦੇ ਮੁੱਖ ਇੰਜੀਨੀਅਰ ਦੇ ਦਫਤਰ ਅਤੇ ਤਿੰਨ ਪੁਲਿਸ ਚੌਕੀਆਂ ਨੂੰ ਅੱਗ ਲਾ ਦਿੱਤੀ। ਇਨ੍ਹਾਂ ਵਿਚ ਹਜ਼ਰਤਬਲ ਦਰਗਾਹ ਸਥਿਤ ਪੁਲਿਸ ਚੌਕੀ ਵੀ ਸ਼ਾਮਿਲ ਹੈ। ਜ਼ਿਕਰਯੋਗ ਹੈ ਕਿ ਲਾਲ ਚੌਕ ਵਿਖੇ ਇਹ ਰੈਲੀ ਹੁਰੀਅਤ ਦੇ ਨਰਮ ਖਿਆਲੀ ਧੜੇ ਦੇ ਆਗੂ ਮੀਰਵਾਇਜ਼ ਉਮਰ ਫਾਰੂਕ, ਜੇ.ਕੇ.ਐਲ.ਐਫ. ਦੇ ਮੁਹੰਮਦ ਯਾਸੀਨ ਮਲਿਕ ਅਤੇ ਗਰਮਖਿਆਲੀ ਆਗੂ ਨਿਸਾਰ ਹੁਸੈਨ ਨੇ ਸਾਂਝੇ ਤੌਰ 'ਤੇ ਸੱਦੀ ਸੀ।

ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸ੍ਰੀਨਗਰ ਵਿਚ ਹੋਈ ਤਾਜ਼ਾ ਹਿੰਸਾ ਅਤੇ ਸਾੜਫੂਕ ਲਈ ਹੁਰੀਅਤ ਦੇ ਨਰਮ-ਖਿਆਲੀ ਨੇਤਾ ਮੀਰਵਾਇਜ਼ ਉਮਰ ਫਾਰੂਕ 'ਤੇ ਸਰਕਾਰ ਨੂੰ ਧੋਖਾ ਦੇਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸੂਬੇ ਵਿਚ ਸਿਆਸੀ ਪਹਿਲਕਦਮੀ ਦੇ ਰਾਹ 'ਚ ਰੋੜਾ ਬਣ ਸਕਦੀਆਂ ਹਨ। ਉਧਰ ਮੀਰਵਾਇਜ਼ ਨੇ ਮੁੱਖ ਮੰਤਰੀ ਦੀ ਟਿੱਪਣੀ 'ਤੇ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਇਹ ਲੋਕਾਂ ਦਾ ਗੁੱਸਾ ਸੀ ਪਰ ਫਿਰ ਵੀ ਮੈਂ ਇਸ ਹਿੰਸਾ ਨੂੰ ਜਾਇਜ਼ ਨਹੀਂ ਠਹਿਰਾਵਾਂਗਾ।

ਹਿੰਸਾ ਦੇ ਇਸ ਜਾਰੀ ਦੌਰ ਦੌਰਾਨ ਹਜੂਮ ਨੇ ਲੰਘੀ 12 ਸਤੰਬਰ ਨੂੰ ਰਾਜ ਦੇ ਸਿੱਖਿਆ ਮੰਤਰੀ ਅਤੇ ਕਾਂਗਰਸੀ ਆਗੂ ਪੀਰਜ਼ਾਦਾ ਮੁਹੰਮਦ ਸਈਦ ਦੀ ਅਨੰਤਨਾਗ ਵਿਚਲੀ ਰਿਹਾਇਸ਼ 'ਤੇ ਹਮਲਾ ਕਰ ਦਿੱਤਾ ਜਿਸ ਕਾਰਨ ਪੁਲੀਸ ਨੂੰ ਹਵਾ ਵਿਚ ਗੋਲੀਆਂ ਚਲਾਉਣੀਆਂ ਪਈਆਂ। ਇਸ ਘਟਨਾਕਰਮ 'ਚ ਇਕ ਵਿਅਕਤੀ ਜ਼ਖਮੀ ਹੋ ਗਿਆ।

ਜ਼ਿਕਰਯੋਗ ਹੈ ਕਿ ਬੀਤੀ 11 ਜੂਨ ਤੋਂ ਜਾਰੀ ਹਿੰਸਾ ਦੇ ਤਾਜ਼ਾ ਦੌਰ ਵਿਚ ਹੁਣ ਤੱਕ 70 ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ। ਯਾਦ ਰਹੇ ਕਿ ਤਾਜ਼ਾ ਹਿੰਸਾ ਤੋਂ ਪਹਿਲਾਂ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਰਾਜ ਦੇ ਘੱਟੋ-ਘੱਟ ਕੁਝ ਜ਼ਿਲ੍ਹਿਆਂ ਵਿਚੋਂ ਹਥਿਆਰਬੰਦ ਫੌਜ ਵਿਸ਼ੇਸ਼ ਅਧਿਕਾਰ ਐਕਟ (ਏ.ਐਫ.ਐਸ.ਪੀ.ਏ.) ਹਟਾਉਣ ਦੀ ਅਪੀਲ ਕੀਤੀ ਸੀ। ਇਸ ਮੁੱਦੇ 'ਤੇ ਕਮੇਟੀ ਅਤੇ ਕੇਂਦਰੀ ਵਜ਼ਾਰਤ 'ਚ ਮੱਤਭੇਦ ਦੀਆਂ ਆਈਆਂ ਖਬਰਾਂ ਪਿੱਛੋਂ ਕੇਂਦਰੀ ਰੱਖਿਆ ਮੰਤਰੀ ਏ.ਕੇ. ਐਂਟੋਨੀ ਨੇ ਇਨ੍ਹਾਂ ਮੱਤਭੇਦਾਂ ਦਾ ਖੰਡਨ ਕੀਤਾ ਹੈ। ਇਨ੍ਹਾਂ ਇਹ ਵੀ ਮੰਨਿਆ ਕਿ ਇਸ ਸਬੰਧੀ ਵੱਖੋ-ਵੱਖਰੇ ਨਜ਼ਰੀਏ ਜ਼ਰੂਰ ਹੋ ਸਕਦੇ ਹਨ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਕਾਂਗਰਸ ਦੇ ਕੋਰ ਗਰੁਪ ਨੇ ਵੀ ਆਪਣੀ ਮੀਟਿੰਗ 'ਚ ਇਸ ਕਾਨੂੰਨ ਦਾ ਮੁੱਦਾ ਵਿਚਾਰਿਆ ਸੀ। ਹਥਿਆਰਬੰਦ ਫੌਜਾਂ ਦੇ ਵਿਸ਼ੇਸ਼ ਅਧਿਕਾਰ ਕਾਨੂੰਨ ਵਿਚ ਸੋਧ ਅਤੇ ਜੰਮੂ ਕਸ਼ਮੀਰ ਦੇ ਕੁਝ ਜ਼ਿਲ੍ਹਿਆਂ ਨੂੰ ਅਸ਼ਾਂਤ ਖੇਤਰ ਦੇ ਘੇਰੇ ਵਿਚੋਂ ਬਾਹਰ ਕੱਢਣ ਬਾਰੇ ਕੈਬਨਿਟ ਦੀ ਸੁਰੱਖਿਆ ਬਾਰੇ ਕਮੇਟੀ ਦੀ ਹੋਈ ਮੀਟਿੰਗ ਕਿਸੇ ਅੰਤਿਮ ਫੈਸਲੇ 'ਤੇ ਨਹੀਂ ਪਹੁੰਚ ਸਕੀ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਸ਼ਮੀਰ ਘਾਟੀ 'ਚ ਪਿਛਲੇ ਮਹੀਨਿਆਂ ਤੋਂ ਜਾਰੀ ਹਿੰਸਾ 'ਤੇ ਚਿੰਤਾ ਪ੍ਰਗਟਾਉਂਦੇ ਹੋਏ ਸੂਬੇ 'ਚ ਅਮਨ ਬਹਾਲੀ ਲਈ ਹਿੰਸਾ ਦਾ ਰਾਹ ਛੱਡਣ ਵਾਲੇ ਹਰ ਵਿਅਕਤੀ ਜਾਂ ਗੁੱਟ ਨਾਲ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ। ਜ਼ਿਕਰਯੋਗ ਹੈ ਕਿ ਅਜਿਹੀ ਅਪੀਲ ਪਹਿਲਾਂ ਵੀ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਗਰਮ ਖਿਆਲੀ ਧੜਿਆਂ ਨੂੰ ਕਰ ਚੁੱਕੇ ਹਨ, ਪਰ ਇਨ੍ਹਾਂ ਅਪੀਲਾਂ ਦੇ ਕੋਈ ਸਾਰਥਿਕ ਸਿੱਟੇ ਸਾਹਮਣੇ ਨਹੀਂ ਆਏ।

ਪ੍ਰਧਾਨ ਮੰਤਰੀ ਨੇ ਆਪਣੀ ਪੇਸ਼ਕਸ਼ 'ਚ ਕਿਹਾ ਕਿ ਕਸ਼ਮੀਰੀ ਨੌਜਵਾਨ ਵੀ ਭਾਰਤ ਦੇ ਹੀ ਨਾਗਰਿਕ ਹਨ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਹਿੰਸਾ ਦਾ ਰਾਹ ਛੱਡਣ ਵਾਲੇ ਹਰ ਵਿਅਕਤੀ ਜਾਂ ਗੁੱਟ ਨਾਲ ਸੰਵਿਧਾਨ ਦੇ ਘੇਰੇ 'ਚ ਗੱਲਬਾਤ ਲਈ ਤਿਆਰ ਹਾਂ। ਜ਼ਿਕਰਯੋਗ ਹੈ ਕਿ ਇਸ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਸੰਪਾਦਕਾਂ ਦੇ ਸਮੂਹ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਕਸ਼ਮੀਰ ਸਮੱਸਿਆ ਇਕ ਪੇਚੀਦਾ ਸਮੱਸਿਆ ਹੈ ਜਿਸ ਦਾ ਕਈ ਸਾਲਾਂ ਤੋਂ ਲੈ ਕੇ ਹੱਲ ਨਹੀਂ ਨਿਕਲਿਆ। ਸਾਡੇ ਰੌਸ਼ਨ ਦਿਮਾਗ ਆਗੂ ਜਿਵੇਂ ਕਿ ਪੰਡਤ ਨਹਿਰੂ, ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਨੇ ਵੀ ਇਸ ਦਾ ਹੱਲ ਕੱਢਣ ਲਈ ਜੱਦੋਜਹਿਦ ਕੀਤੀ ਹੈ, ਪਰ ਉਹ ਇਸ ਦਾ ਹੱਲ ਕੱਢਣ ਵਿਚ ਅਸਫਲ ਰਹੇ ਹਨ। ਉਨ੍ਹਾਂ ਦੇ ਇਸ ਬਿਆਨ ਤੋਂ ਸੱਤਾਧਾਰੀ ਕਾਂਗਰਸੀ ਪਾਰਟੀ ਦੇ ਆਗੂ ਉਨ੍ਹਾਂ ਦਾ ਮਨੋਵਿਸ਼ਲੇਸ਼ਣ ਕਰ ਰਹੇ ਹਨ।

ਉਧਰ ਇਸ ਤੋਂ ਪਹਿਲਾਂ ਕਿ ਸੁਰੱਖਿਆ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ ਕਸ਼ਮੀਰ ਸਬੰਧੀ ਕੋਈ ਫੈਸਲਾ ਲੈਂਦੀ, ਭਾਜਪਾ ਨੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਹਟਾਉਣ ਦੀ ਮੰਗ ਰੱਖ ਦਿੱਤੀ। ਉਸ ਨੇ ਕਿਹਾ ਕਿ ਅਬਦੁੱਲਾ ਦੀ ਸਰਕਾਰ ਹਰ ਪੱਖੋਂ ਅਸਫਲ ਹੋ ਚੁੱਕੀ ਹੈ। ਭਾਜਪਾ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਜੇ ਹਥਿਆਰਬੰਦ ਫੌਜਾਂ ਦੇ ਵਿਸ਼ੇਸ਼ ਅਧਿਕਾਰ ਕਾਨੂੰਨ (ਏ.ਐਫ.ਐਸ.ਪੀ.ਏ.) ਵਿਚ ਕੋਈ ਸੋਧ ਕੀਤੀ ਗਈ ਤਾਂ ਇਸ ਨਾਲ ਸੁਰੱਖਿਆ ਬਲਾਂ ਦਾ ਮਨੋਬਲ ਡਿੱਗੇਗਾ ਅਤੇ ਵੱਖਵਾਦੀਆਂ ਤੇ ਅਤਿਵਾਦੀਆਂ ਨੂੰ ਖੁੱਲ੍ਹ ਮਿਲ ਜਾਵੇਗੀ। ਭਾਜਪਾ ਦੇ ਉਚ ਆਗੂਆਂ ਸੁਸ਼ਮਾ ਸਵਰਾਜ, ਅਰੁਣ ਜੇਤਲੀ, ਐਸ.ਐਸ. ਆਹਲੂਵਾਲੀਆ ਅਤੇ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਦੌਰਾਨ ਕਸ਼ਮੀਰ 'ਚ ਹਾਲਾਤ ਅਚਾਨਕ ਬਦਤਰ ਹੋ ਗਏ ਹਨ।

ਜ਼ਿਕਰਯੋਗ ਹੈ ਕਿ ਭਾਜਪਾ ਜਿਸ ਕਾਨੂੰਨ 'ਚ ਸੋਧ ਦੀ ਵਿਰੋਧਤਾ ਕਰ ਰਹੀ ਹੈ, ਇਹ ਮੁੱਦਾ ਵਾਰ-ਵਾਰ ਉਠਦਾ ਆ ਰਿਹਾ ਹੈ। ਪਿਛਲੇ ਤਿੰਨ ਕੁ ਮਹੀਨਿਆਂ ਤੋਂ ਇਹ ਮੁੱਦਾ ਹੋਰ ਵੀ ਜੋਰ ਨਾਲ ਉਠ ਰਿਹਾ ਹੈ ਜਦੋਂ ਪੱਥਰਬਾਜੀ ਕਰਦੇ ਮੁਜ਼ਾਹਰਾਕਾਰੀਆਂ ਨੂੰ ਕਾਬੂ ਕਰਨ ਲਈ ਸੁਰੱਖਿਆ ਜਵਾਨਾਂ ਨੂੰ ਗੋਲੀਬਾਰੀ ਕਰਨ ਦੀ ਜ਼ਰੂਰਤ ਪੈਂਦੀ ਰਹੀ ਹੈ। ਸੁਰੱਖਿਆ ਜਵਾਨਾਂ ਵਲੋਂ ਗੋਲੀਬਾਰੀ ਨਾਲ ਮੌਤਾਂ ਹੋਣ ਕਾਰਨ ਉਸ ਦੇ ਪ੍ਰਤੀਕਰਮ ਵਜੋਂ ਵਾਰ-ਵਾਰ ਭੜਕ ਰਹੀ ਹਿੰਸਾ ਤੇ ਉਸ ਨੂੰ ਸ਼ਾਂਤ ਕਰਨ ਲਈ ਮੁੜ ਚਲਾਉਣੀ ਪੈਂਦੀ ਗੋਲੀ ਦਾ ਸਿਲਸਿਲਾ ਥੰਮਣ ਦਾ ਨਾਂ ਨਹੀਂ ਲੈ ਰਿਹਾ। ਇਸ ਕੜੀ ਨੂੰ ਤੋੜਨ ਲਈ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਕੋਲ ਆਪਣਾ ਵਿਰੋਧ ਦਰਜ ਕਰਵਾਇਆ ਸੀ।

ਕਸ਼ਮੀਰ ਵਾਦੀ 'ਚ ਅਮਨ ਲਈ ਕੀਤੀ ਜਾਣ ਵਾਲੀ ਇਸ ਪਹਿਲਕਦਮੀ ਦੇ ਰਾਹ ਵਿਚ ਅਟਕ ਰਹੇ ਰੋੜੇ ਕੇਂਦਰ ਲਈ ਸਿਰਦਰਦੀ ਬਣੇ ਹੋਏ ਹਨ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਵਾਦੀ ਵਿਚ ਸੁਰੱਖਿਆ ਬਲਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ ਲੋਕਾਂ ਲਈ ਵਿਸ਼ੇਸ਼ ਪੈਕੇਜ ਮੰਗਿਆ ਹੈ।


## Gas Station For Sale

BP Gas station in Fairborn Ohio, well organized convenience store, liquor, lottery, ATM machine, Food Licence, eight gas pumps Walk in cooler. Located near WPAFB in Fairborn downtown.

**Inside sale:** 36,000 monthly

**Outside Sales:**70,000 gallons on an average.

**Call: 937-271-2216**

ਫੇਅਰਬੌਰਨ, ਓਹਾਇਓ ਇਕ ਬਹੁਤ ਵਧੀਆ ਚਲਦਾ ਗੈਸ ਸਟੇਸ਼ਨ/ਕਨਵੀਨੀਐਂਸ ਸਟੋਰ ਵਿਕਾਊ ਹੈ। ਲਾਟਰੀ, ਲਿੱਕਰ, ਏ ਟੀ ਐਮ ਮਸ਼ੀਨ, ਫੂਡ ਲਾਇਸੈਂਸ, 8 ਗੈਸ ਪੰਪ, ਵਾਕ ਇੰਨ ਕੂਲਰ, ਡਾਊਨਟਾਊਨ ਲੋਕੇਸ਼ਨ ਇੰਨ ਸਾਈਡ ਸੇਲ 36000 ਡਾਲਰ ਗੈਸ 70,000 ਗੈਲਨ ਮਾਸਿਕ

ਹੋਰ ਜਾਣਕਾਰੀ ਲਈ ਕਾਲ ਕਰੋ:937-271-2216।



## ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।

BAY AREA COLLEGE OF NURSING 2004



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ

-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

**3 Locations in Bay Area:**

- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

www.bayareacollege.net



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ

SELL YOUR HOME FOR CASH TODAY
#1 SHORT SALE EXPERT

CALL TOADY & STOP WORRYING

Manjit Gill - 209.524.4008
Real Estate & Loans - 510.415.2368

ਸਸਤੀ ਅਤੇ ਵਧੀਆ ਇੰਸ਼ੋਰੈਂਸ

GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM

ਅੱਜ ਹੀ ਕਾਲ ਕਰੋ

510-415-2368 / 209-524-4008

www.gillfinancial.com

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੁਰਾਨ ਸ਼ਰੀਫ਼ ਦੀ ਬੇਅਦਬੀ ਦੀ ਖਬਰ ਤੋਂ ਪੰਜਾਬ ਤੇ ਕਸ਼ਮੀਰ 'ਚ ਹਿੰਸਾ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਅਮਰੀਕਾ ਵਿਚ ਕੁਰਾਨ ਸ਼ਰੀਫ਼ ਨੂੰ ਅਗਨ ਭੇਟ ਕਰਨ ਦੀ ਖ਼ਬਰ ਪਿੱਛੋਂ ਪੰਜਾਬ ਅਤੇ ਕਸ਼ਮੀਰ ਵਾਦੀ ਵਿਚ ਜਬਰਦਸਤ ਗੁਸੇ ਦੀ ਲਹਿਰ ਫੈਲ ਗਈ। ਕਸ਼ਮੀਰ ਵਿਚ ਇਸ ਖਬਰ ਪਿਛੋਂ ਵਾਪਰੀ ਹਿੰਸਾ ਵਿਚ 15 ਤੋਂ ਵੱਧ ਲੋਕ ਮਾਰੇ ਗਏ ਜਦੋਂਕਿ ਪੰਜਾਬ ਦੇ ਮੁਸਲਿਮ ਵਸੋਂ ਵਾਲੇ ਕਈ ਸ਼ਹਿਰਾਂ ਵਿਚ ਬੀਤੀ 13 ਸਤੰਬਰ ਨੂੰ ਮੁਸਲਮਾਨਾਂ ਨੇ ਜ਼ਬਰਦਸਤ ਰੋਸ ਮੁਜ਼ਾਹਰੇ ਕੀਤੇ। ਮਲੇਰਕੋਟਲਾ ਵਿਚ ਸਥਿਤੀ ਕਾਫ਼ੀ ਤਣਾਅਪੂਰਨ ਹੋ ਗਈ ਜਿਸ ਕਾਰਨ ਅਣਮਿੱਥੇ ਸਮੇਂ ਲਈ ਕਰਫ਼ਿਊ ਲਾ ਦਿਤਾ ਗਿਆ, ਜਦਕਿ ਅਹਿਮਦਗੜ੍ਹ 'ਚ ਪੂਰੀ ਤਰ੍ਹਾਂ ਬੰਦ ਰਖਿਆ ਗਿਆ। ਕੁਰਾਨ ਸ਼ਰੀਫ਼ ਨੂੰ ਸਾੜੇ ਜਾਣ ਦੀ ਖ਼ਬਰ ਸੁਣਦਿਆਂ ਹੀ ਸਥਾਨਕ ਲੋਕ ਭੜਕ ਪਏ ਅਤੇ ਉਨ੍ਹਾਂ ਨੇ ਇਕ ਚਰਚ ਨੂੰ ਅੱਗ ਲਗਾ ਦਿੱਤੀ। ਪੁਲਿਸ ਅਧਿਕਾਰੀਆਂ ਮੁਤਾਬਕ ਮਲੇਰਕੋਟਲਾ ਵਿਚ ਹਾਲਾਤ ਆਮ ਵਾਂਗ ਹੋਣ ਤਕ ਕਰਫ਼ਿਊ ਜਾਰੀ ਰਹੇਗਾ।

ਯਾਦ ਰਹੇ ਬੀਤੀ 12 ਸਤੰਬਰ ਨੂੰ ਵਾਸ਼ਿੰਗਟਨ ਡੀ ਸੀ ਵਿਚ ਰਾਸ਼ਟਰਪਤੀ ਭਵਨ ਵਾਈਟ ਹਾਊਸ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਕੱਟੜਪੰਥੀ ਇਸਾਈਆਂ ਦੇ ਇਕ ਸਮੂਹ ਨੇ ਕੁਰਾਨ ਦੇ ਕੁੱਝ ਪੰਨੇ ਪਾੜ ਦਿੱਤੇ ਸਨ। ਪ੍ਰਦਰਸ਼ਨ 'ਚ ਸ਼ਾਮਲ ਰੰਡਾਲ ਟੈਰੀ ਨਾਮੀ ਇਕ ਵਿਅਕਤੀ ਨੇ ਕਿਹਾ ਸੀ ਕਿ ਇਹ ਬੁਝਾਰਤ ਬੰਦ ਹੋਣੀ ਚਾਹੀਦੀ ਹੈ ਕਿ ਇਸਲਾਮ ਇਕ ਸ਼ਾਂਤੀਪੂਰਨ ਧਰਮ ਹੈ। ਇਕ ਹੋਰ ਵਿਅਕਤੀ ਐਂਡਰਿਊ ਬੇਕਹਮ ਨੇ ਕੁਰਾਨ ਦੇ ਕੁਝ ਸੰਦੇਸ਼ ਪੜ੍ਹਦੇ ਹੋਏ ਇਨ੍ਹਾਂ ਨੂੰ ਇਸਾਈਆਂ ਅਤੇ ਯਹੂਦੀਆਂ ਪ੍ਰਤੀ ਨਫਰਤ ਵਾਲਾ ਦੱਸਿਆ ਅਤੇ ਕੁਰਾਨ ਦੇ ਅੰਗਰੇਜ਼ੀ ਅਨੁਵਾਦ ਵਿਚੋਂ ਕੁੱਝ ਪੰਨੇ ਪਾੜ ਦਿੱਤੇ।

ਪ੍ਰਦਰਸ਼ਨਾਂ ਦੌਰਾਨ ਮਲੇਰਕੋਟਲਾ ਅਤੇ ਆਸ-ਪਾਸ ਦੇ ਮੁਸਲਮਾਨਾਂ ਨੇ ਅਮਰੀਕਾ ਵਿਰੋਧੀ ਨਾਹਰੇ ਲਗਾਏ ਅਤੇ ਅਮਰੀਕੀ ਝੰਡੇ ਨੂੰ ਰੋਸ ਵਜੋਂ ਸਾੜਿਆ। ਮਲੇਰਕੋਟਲਾ ਤੇ ਇਸ ਦੇ ਆਸ-ਪਾਸ ਪੰਜਾਬ ਪੁਲਿਸ ਵਲੋਂ ਵਾਧੂ ਸੁਰੱਖਿਆ ਦਸਤਿਆਂ ਨੂੰ ਤਾਇਨਾਤ ਕਰ ਦਿਤਾ ਗਿਆ ਹੈ।

ਮਲੇਰਕੋਟਲਾ ਸ਼ਹਿਰ ਵਿਚ ਬੀਤੀ 12 ਸਤੰਬਰ ਦੀ ਰਾਤ 8 ਵਜੇ ਦੇ ਕਰੀਬ ਸਥਿਤੀ ਉਦੋਂ ਵਿਗੜਨੀ ਸ਼ੁਰੂ ਹੋਈ ਜਦੋਂ ਐਸ.ਐਮ.ਐਸ. ਰਾਹੀਂ ਲੋਕਾਂ ਦੇ ਮੋਬਾਇਲ ਫੋਨਾਂ 'ਤੇ ਵਾਈਟ ਹਾਊਸ ਅੱਗੇ ਕੁਰਾਨ ਸ਼ਰੀਫ ਸਾੜਨ ਦੀ ਜਾਣਕਾਰੀ ਦਿੱਤੀ ਗਈ ਜਿਸ ਕਾਰਨ ਕੁਝ ਨੌਜਵਾਨ ਭੜਕ ਉਠੇ। ਸਿਵਲ ਪ੍ਰਸ਼ਾਸਨ ਨੇ ਇਹਤਿਆਤ ਵਜੋਂ ਸ਼ਹਿਰ ਦੇ ਵਿੱਦਿਅਕ ਅਦਾਰੇ ਬੰਦ ਕਰਵਾ ਦਿੱਤੇ, ਜਿਸ ਕਾਰਨ ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਦੀ 10ਵੀਂ ਜਮਾਤ ਦੀ ਪ੍ਰੀਖਿਆ ਨਹੀਂ ਦੇ ਸਕੇ। ਕਰਫਿਊ ਦੌਰਾਨ ਕੋਈ ਮਾੜੀ ਘਟਨਾ ਨਹੀਂ ਵਾਪਰੀ, ਪੁਲੀਸ ਸ਼ਹਿਰ ਵਿਚ ਗਸ਼ਤ ਕਰ ਰਹੀ ਹੈ। ਪੁਲੀਸ ਅਤੇ ਸਿਵਲ ਪ੍ਰਸ਼ਾਸ਼ਨ ਦੇ ਉਚ ਅਧਿਕਾਰੀ ਸ਼ਹਿਰ ਦੇ ਵੱਖ-ਵੱਖ ਧਰਮਾਂ ਨਾਲ ਸਬੰਧਤ ਮੋਹਤਬਰ ਵਿਅਕਤੀਆਂ ਨਾਲ ਬੈਠਕਾਂ ਕਰਕੇ ਆਮ ਵਰਗੇ ਹਾਲਾਤ ਬਣਾਉਣ ਵਿਚ ਲੱਗੇ ਹੋਏ ਹਨ।

12-13 ਸਤੰਬਰ ਦੀ ਰਾਤ ਤੋਂ ਹੀ ਹਾਲਾਤ ਬੇਕਾਬੂ ਹੋਣ ਕਾਰਨ ਪਟਿਆਲਾ ਜ਼ੋਨ ਦੇ ਡੀ.ਆਈ.ਜੀ. ਸ੍ਰੀ ਜਤਿੰਦਰ ਜੈਨ ਤੇ ਡਿਪਟੀ ਕਮਿਸ਼ਨਰ ਹਰਕੇਸ਼ ਸਿੰਘ ਸਿੱਧੂ ਨੇ ਇਲਾਕੇ ਦਾ ਦੌਰਾ ਕੀਤਾ ਅਤੇ ਸਥਿਤੀ ਨੂੰ ਕਾਬੂ ਕਰਨ ਲਈ ਰਣਨੀਤੀ ਤਿਆਰ ਕੀਤੀ। ਜ਼ਿਲ੍ਹਾ ਪੁਲਿਸ ਮੁਖੀ ਸ. ਐਚ.ਐਸ. ਭੁੱਲਰ ਨੇ ਸ਼ਹਿਰ ਦੇ ਮੋਹਤਬਰ ਵਿਅਕਤੀਆਂ ਨੂੰ ਨਾਲ ਲੈ ਕੇ ਸ਼ਹਿਰ ਵਿਚ ਫ਼ਲੈਗ ਮਾਰਚ ਕੀਤਾ। ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਸਾਬਕਾ ਮੁਫ਼ਤੀ ਅਤੇ ਪਾਦਰੀ ਸਿਲਬਾਦਾਸ ਨੇ ਕੁਰਾਨ ਸਾੜੇ ਜਾਣ ਦੀ ਨਿੰਦਾ ਕਰਦਿਆਂ ਈਸਾਈਆਂ ਅਤੇ ਮੁਸਲਮਾਨਾਂ ਨੂੰ ਸ਼ਾਂਤੀ ਬਣਾਏ ਰਖਣ ਦੀ ਅਪੀਲ ਕੀਤੀ।

ਡੀ.ਆਈ.ਜੀ. ਜਤਿੰਦਰ ਜੈਨ ਨੇ ਕਿਹਾ ਕਿ ਸ਼ਹਿਰ ਦੀ ਸਥਿਤੀ ਕਾਬੂ ਹੇਠ ਹੈ। ਸ਼ਰਾਰਤੀਆਂ ਅਤੇ ਹੁੱਲੜਬਾਜ਼ਾਂ ਨੂੰ ਅਮਨ ਅਤੇ ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। ਉਨ੍ਹਾਂ ਦਸਿਆ ਕਿ ਜਿਹੜੇ ਲੋਕਾਂ ਨੇ ਚਰਚ ਨੂੰ ਨੁਕਸਾਨ ਪਹੁੰਚਾਇਆ ਸੀ, ਉਨ੍ਹਾਂ ਵਿਰੁਧ ਮਾਮਲਾ ਦਰਜ ਕਰ ਲਿਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਾਲਾਤ ਕਾਬੂ ਹੇਠ ਹਨ। ਖ਼ਬਰਾਂ ਮੁਤਾਬਕ ਸਥਾਨਕ ਐਚ.ਐਚ.ਓ. ਸ. ਉਂਕਾਰ ਸਿੰਘ ਦੇ ਬਿਆਨਾਂ ਉਤੇ ਮੁਸਲਿਮ ਕੌਂਸਲ ਦੇ ਪ੍ਰਧਾਨ ਐਡਵੋਕੇਟ ਅਜਮਤ ਅਲੀ ਖ਼ਾਨ, ਮੈਂਬਰਾਂ ਡਾ. ਅਨਵਾਰ ਸਿਦੀਕੀ, ਅਬਦੁਲ ਰਹਿਮਾਨ, ਤਾਹਿਰ ਕਾਸਮੀ ਅਤੇ ਮੁਹੰਮਦ ਉਸਮਾਨ ਸਣੇ 150 ਤੋਂ ਵੱਧ ਅਣਪਛਾਤੇ ਲੋਕਾਂ ਵਿਰੁਧ ਧਾਰਾ 307 ਅਧੀਨ ਪਰਚਾ ਦਰਜ ਕਰ ਲਿਆ ਗਿਆ।

ਜਾਣਕਾਰੀ ਮੁਤਾਬਕ 12 ਸਤੰਬਰ ਨੂੰ ਸਵੇਰੇ ਅਹਿਮਦਗੜ੍ਹ ਅਤੇ ਨੇੜੇ-ਤੇੜੇ ਦੇ ਪਿੰਡਾਂ ਦੇ ਮੁਸਲਮਾਨ ਈਦਗਾਹ ਨੇੜੇ ਅਹਿਮਦਗੜ੍ਹ ਛੰਨਾ ਨਜ਼ਦੀਕ ਇਕੱਠੇ ਹੋ ਕੇ ਅਮਰੀਕਾ ਵਿਚ ਵਾਪਰੀ ਘਟਨਾ ਪ੍ਰਤੀ ਰੋਸ ਪ੍ਰਗਟ ਕਰਨ ਲੱਗੇ। ਨੌਜਵਾਨਾਂ ਵਿਚ ਭਾਰੀ ਰੋਸ ਸੀ ਅਤੇ ਉਨ੍ਹਾਂ ਦੇ ਹੱਥਾਂ ਵਿਚ ਅਮਰੀਕਾ ਦੇ ਝੰਡੇ ਕਾਲੇ ਕਰ ਕੇ ਫੜੇ ਹੋਏ ਸਨ। ਉਨ੍ਹਾਂ ਅਮਰੀਕਾ ਵਿਰੁਧ ਜ਼ਬਰਦਸਤ ਨਾਹਰੇਬਾਜ਼ੀ ਕੀਤੀ। ਸੀਨੀਅਰ ਅਕਾਲੀ ਆਗੂ ਸ੍ਰੀ ਨਦੀਮ ਅਨਵਾਰ ਖ਼ਾਨ ਨੇ ਮੁਸਲਮਾਨਾਂ ਨੂੰ ਸ਼ਾਂਤ ਕੀਤਾ। ਐਸ.ਐਚ.ਓ. ਸਿਟੀ ਸ. ਸੁਬੇਗ ਸਿੰਘ ਅਤੇ ਨਾਇਬ ਤਹਿਸੀਲ ਸ੍ਰੀ ਰਾਜੇਸ਼ ਨਹਿਰਾ ਨੇ ਸ਼ਹਿਰ ਦੇ ਮਾਹੌਲ ਨੂੰ ਦੇਖਦਿਆਂ ਦੁਕਾਨਾਂ ਬੰਦ ਕਰਵਾ ਦਿਤੀਆਂ। ਵਿਦਿਅਕ ਅਦਰਿਆਂ ਨੇ ਵੀ ਵਿਦਿਆਰਥੀਆਂ ਨੂੰ ਜਲਦੀ ਛੁੱਟੀ ਦੇ ਦਿਤੀ। ਸ਼ਹਿਰ ਦੇ ਹਿੰਦੂਆਂ ਅਤੇ ਸਿੱਖਾਂ ਨੇ ਵੀ ਅਮਰੀਕਾ ਵਿਖੇ ਵਾਪਰੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ।

ਲਧਿਆਣਾ ਜ਼ਿਲ੍ਹੇ ਦੇ ਸ਼ਹਿਰ ਰਾਏਕੋਟ ਵਿਚ ਵੀ ਮੁਸਲਮਾਨਾਂ ਨੇ ਬਾਜ਼ਾਰਾਂ ਵਿਚ ਸ਼ਾਂਤੀ ਪੂਰਵਕ ਢੰਗ ਨਾਲ ਰੋਸ ਮਾਰਚ ਕਰ ਕੇ ਅਮਰੀਕਾ ਵਿਚ ਕੁਰਾਨ ਸ਼ਰੀਫ਼ ਨੂੰ ਸਾੜੇ ਜਾਣ ਦੀ ਘਟਨਾ ਵਿਰੁਧ ਅਪਣਾ ਰੋਸ ਦਰਜ ਕਰਵਾਇਆ। ਸਥਾਨਕ ਜਾਮਾ ਮਸਜਿਦ ਤੋਂ ਹਾਫ਼ਿਜ਼ ਮੁਹੰਮਦ ਮੁਰਸਲੀਨ, ਮੁਹੰਮਦ ਅਨਵਰ ਅਤੇ ਮੁਹੰਮਦ ਇਮਰਾਨ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਰੋਸ ਮਾਰਚ ਨੂੰ ਤਲਵੰਡੀ ਦਰਵਾਜ਼ੇ ਵਿਖੇ ਸਮਾਪਤ ਕੀਤਾ ਗਿਆ।

ਲੁਧਿਆਣਾ 'ਚ ਤਣਾਅ: ਉਧਰ ਲੁਧਿਆਣਾ ਵਿਚ ਵੀ ਇਸਾਈ ਤੇ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੇ ਅੱਡੋ-ਅੱਡ ਪ੍ਰਦਰਸ਼ਨ ਕੀਤੇ। ਇਸਾਈਆਂ ਨੇ ਸੀ.ਐਮ.ਸੀ. ਚੌਕ ਵਿਚ ਇਕੱਠੇ ਹੋ ਕੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਜਿਸ ਕਾਰਨ ਦੇਰ ਰਾਤ ਤੱਕ ਉਥੇ ਸਥਿਤੀ ਤਣਾਅਪੂਰਨ ਰਹੀ। ਜਾਣਕਾਰੀ ਅਨੁਸਾਰ ਮਲੇਰਕੋਟਲਾ ਵਿਚ ਵਾਪਰੀਆਂ ਘਟਨਾਵਾਂ ਦੀ ਸੂਚਨਾ ਜਿਉਂ ਹੀ ਲੁਧਿਆਣਾ ਪਹੁੰਚੀ ਤਾਂ ਇਸਾਈ ਭਾਈਚਾਰੇ ਦੇ ਲੋਕ ਭਾਰੀ ਗਿਣਤੀ ਵਿਚ ਸੀ.ਐਮ.ਸੀ. ਚੌਕ 'ਚ ਇਕੱਠੇ ਹੋਏ, ਇਨ੍ਹਾਂ ਵਿਚ ਕੁਝ ਨੌਜਵਾਨ ਤਲਵਾਰਾਂ ਨਾਲ ਲੈਸ ਸਨ। ਇਨ੍ਹਾਂ ਲੋਕਾਂ ਵਲੋਂ ਸੀ.ਐਮ.ਸੀ. ਚੌਕ ਵਿਚ ਟਾਇਰਾਂ ਨੂੰ ਅੱਗ ਲਗਾ ਦਿੱਤੀ ਗਈ। ਇਸਾਈ ਆਗੂਆਂ ਵਲੋਂ ਚਰਚ ਵਿਚ ਲਾਊਡ ਸਪੀਕਰ 'ਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਤੇ ਉਹ ਦੇਰ ਰਾਤ ਤੱਕ ਪ੍ਰਦਰਸ਼ਨ ਕਰਦੇ ਰਹੇ। ਇਸ ਪ੍ਰਦਰਸ਼ਨ ਦੀ ਸੂਚਨਾ ਮਿਲਦੇ ਹੀ ਜਿਲ੍ਹੇ ਦੇ ਉੱਚ ਅਧਿਕਾਰੀ ਭਾਰੀ ਪੁਲਿਸ ਫੋਰਸ ਲੈ ਕੇ ਉਥੇ ਪਹੁੰਚੇ।

ਲੁਧਿਆਣਾ ਮਹਾਂਨਗਰ ਵਿਚ ਫੀਲਡਗੰਜ ਚੌਕ 'ਚ ਸਥਿਤ ਜਾਮਾ ਮਸਜਿਦ ਦੇ ਇਲਾਵਾ ਹੋਰ ਥਾਵਾਂ 'ਤੇ ਅਮਰੀਕਾ ਦੇ ਝੰਡੇ ਸਾੜ ਕੇ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਹਜ਼ਾਰਾਂ ਦੀ ਗਿਣਤੀ ਵਿਚ ਪ੍ਰਦਰਸ਼ਨਕਾਰੀਆਂ ਨੇ ਨੰਗੀਆਂ ਤਲਵਾਰਾਂ ਲਹਿਰਾ ਕੇ ਨਾਅਰੇਬਾਜ਼ੀ ਕੀਤੀ ਅਤੇ ਰਸਤਾ ਜਾਮ ਕਰ ਦਿੱਤਾ।

ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ-ਉਰ-ਰਹਿਮਾਨ ਸਾਨੀ ਲੁਧਿਆਣਵੀ ਨੇ ਮੁਸਲਿਮ ਭਾਈਚਾਰੇ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵ੍ਹਾਈਟ ਹਾਊਸ ਦੇ ਬਾਹਰ ਪਵਿੱਤਰ ਕੁਰਾਨ ਦੇ ਪੰਨੇ ਪਾੜ ਕੇ ਦੁਨੀਆ ਭਰ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ ਕੀਤੀ ਗਈ ਹੈ। ਇਸਲਾਮ ਫਿਰਕਾਪ੍ਰਸਤਾਂ ਦਾ ਵਿਰੋਧ ਕਰਦਾ ਹੈ ਅਤੇ ਸ਼ਾਂਤੀ ਦਾ ਪੈਗਾਮ ਦਿੰਦਾ ਹੈ।

## *ਕਸ਼ਮੀਰ ਵਿਚ ਜ਼ਬਰਦਸਤ ਹਿੰਸਾ, 15 ਮੌਤਾਂ*

**ਸ੍ਰੀਨਗਰ:** ਈਸਾਈਆਂ ਦੀ ਇਕ ਜਥੇਬੰਦੀ ਵਲੋਂ ਵਾਸ਼ਿੰਗਟਨ ਵਿਖੇ ਕੁਰਾਨ ਸ਼ਰੀਫ਼ ਨੂੰ ਅਗਨ ਭੇਟ ਕੀਤੇ ਜਾਣ ਦੀ ਖ਼ਬਰ ਸੁਣਦਿਆਂ ਹੀ ਕਸ਼ਮੀਰ ਵਿਚ ਮੁਸਲਮਾਨਾਂ ਨੇ ਕਰਫ਼ਿਊ ਤੋਂ ਬਾਗ਼ੀ ਹੋ ਕੇ ਬੀਤੀ 12 ਸਤੰਬਰ ਦੀ ਰਾਤ ਅਤੇ ਅਗਲੇ ਦਿਨ ਹਿੰਸਕ ਪ੍ਰਦਰਸ਼ਨ ਕੀਤਾ। ਸੁਰੱਖਿਆ ਦਸਤਿਆਂ ਵਲੋਂ ਕੀਤੀ ਗਈ ਫ਼ਾਇਰਿੰਗ ਵਿਚ 15 ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 70 ਤੋਂ ਵੱਧ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ। ਗੁੱਸੇ ਵਿਚ ਆਈ ਭੀੜ ਨੇ ਸਰਕਾਰੀ ਅਤੇ ਨਿਜੀ ਸੰਪਤੀ ਨੂੰ ਨੁਕਸਾਨ ਪਹੁੰਚਾਇਆ। ਨਿੱਜੀ ਸਕੂਲਾਂ ਦੀਆਂ ਕਈ ਇਮਾਰਤਾਂ ਦੀ ਵੱਡੀ ਪੱਧਰ ਉਤੇ ਭੰਨਤੋੜ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ 'ਅਮਰੀਕਾ ਮੁਰਦਾਬਾਦ' ਅਤੇ 'ਕੁਰਾਨ ਦੀ ਬੇਅਦਬੀ ਕਰਨ ਵਾਲੇ ਮੁਰਦਾਬਾਦ' ਵਰਗੇ ਨਾਹਰੇ ਲਗਾਏ।

ਇਕ ਚੈਨਲ ਉਤੇ ਵਾਈਟ ਹਾਊਸ ਤੋਂ ਬਾਹਰ ਕੁਰਾਨ ਨੂੰ ਅਗਨ ਭੇਟ ਕੀਤੇ ਜਾਣ ਦੀ ਖ਼ਬਰ ਵਿਖਾਏ ਜਾਣ ਤੋਂ ਬਾਅਦ ਕਸ਼ਮੀਰੀਆਂ ਨੇ ਪਹਿਲਾਂ ਤੋਂ ਲਾਗੂ ਕਰਫ਼ਿਊ ਦੀ ਪ੍ਰਵਾਹ ਕੀਤੇ ਬਗ਼ੈਰ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿਤਾ। ਰਾਤ ਭਰ ਸ੍ਰੀਨਗਰ, ਨਜ਼ਦੀਕੀ ਜ਼ਿਲ੍ਹਿਆਂ ਬਡਗਾਮ ਅਤੇ ਬਾਰਾਮੂਲਾ ਵਿਚ ਅਮਰੀਕਾ ਵਿਰੁਧ ਨਾਅਰੇਬਾਜ਼ੀ ਹੁੰਦੀ ਰਹੀ। ਮੁਸਲਮਾਨਾਂ ਨੇ ਸੜਕਾਂ ਜਾਮ ਕਰ ਦਿੱਤੀਆਂ ਅਤੇ ਸੜਕਾਂ ਉਤੇ ਕੁਰਾਨ ਸ਼ਰੀਫ਼ ਦੀ ਤਿਲਾਵਤ ਸ਼ੁਰੂ ਕਰ ਦਿਤੀ। ਮੁਸਲਿਮ ਨੇਤਾ ਆਗਾ ਸਈਅਦ ਹਸਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਅਮਰੀਕਾ ਵਿਚ ਬਹੁਤ ਹੀ ਮੰਦਭਾਗੀ ਘਟਨਾ ਵਾਪਰੀ ਹੈ। ਅਸੀਂ ਉਦੋਂ ਤਕ ਚੁੱਪ ਕਰ ਕੇ ਨਹੀਂ ਬੈਠਾਂਗੇ ਜਦੋਂ ਤਕ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲ ਜਾਂਦੀ।" ਜ਼ਿਕਰਯੋਗ ਹੈ ਕਿ ਕਸ਼ਮੀਰ ਵਿਚ ਪਿਛਲੇ ਕਈ ਮਹੀਨਿਆਂ ਤੋਂ ਹਾਲਾਤ ਨਾਜ਼ੁਕ ਬਣੇ ਹੋਏ ਹਨ। ਭਾਰਤ ਸਰਕਾਰ ਵਿਰੁਧ ਕੀਤੇ ਜਾ ਰਹੇ ਪ੍ਰਦਰਸ਼ਨਾਂ ਦੌਰਾਨ ਪਿਛਲੇ ਤਿੰਨ ਮਹੀਨਿਆਂ ਵਿਚ 70 ਨੌਜਵਾਨ ਮਾਰੇ ਜਾ ਚੁੱਕੇ ਹਨ।

## ਸੁਸ਼ੀਲ ਬਣਿਆ ਕੁਸ਼ਤੀ ਦਾ ਵਿਸ਼ਵ ਚੈਂਪੀਅਨ

ਉਤੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ, "ਮੈਂ ਬਹੁਤ ਖ਼ੁਸ਼ ਹਾਂ ਕਿ ਰਾਸ਼ਟਰਮੰਡਲ ਖੇਡਾਂ ਤੋਂ ਪਹਿਲਾਂ ਸੁਸ਼ੀਲ ਨੇ ਇਹ ਪ੍ਰਾਪਤੀ ਕੀਤੀ ਹੈ। ਮੇਰਾ ਕੋਈ ਵੀ ਸ਼ਾਗਿਰਦ ਹਾਲੇ ਤੱਕ ਇਹ ਕਾਰਨਾਮਾ ਨਹੀਂ ਸੀ ਕਰ ਸਕਿਆ।"

ਸੁਸ਼ੀਲ ਨੇ ਏਲੇਨ ਨੂੰ 2-0 ਅੰਕਾਂ ਨਾਲ ਮਾਤ ਦਿੱਤੀ। ਇਸ ਤੋਂ ਪਹਿਲਾਂ ਸਵੇਰੇ 66 ਕਿਲੋ ਵਰਗ ਵਿਚ 32 ਪਹਿਲਵਾਨਾਂ ਵਿਚੋਂ ਉਸ ਨੂੰ ਪਹਿਲੇ ਰਾਊਂਡ ਵਿਚ ਬਾਈ ਮਿਲੀ ਸੀ ਅਤੇ ਫ਼ਾਈਨਲ ਜਿੱਤਣ ਤੱਕ ਉਸ ਨੇ 6 ਪਹਿਲਵਾਨਾਂ ਨੂੰ ਮਾਤ ਦਿੱਤੀ। ਇਹ ਕੁਸ਼ਤੀ ਚੈਂਪੀਅਨਸ਼ਿਪ ਦਾ ਛੇਵਾਂ ਅਤੇ ਆਖ਼ਰੀ ਦਿਨ ਸੀ। ਇਸ ਵਿਚ ਭਾਰਤ ਨੇ 3 ਔਰਤਾਂ ਸਮੇਤ 10 ਪਹਿਲਵਾਨਾਂ ਦਾ ਦਸਤਾ ਭੇਜਿਆ ਸੀ, ਪਰ ਸੁਨਹਿਰੀ ਕਾਮਯਾਬੀ ਸੁਸ਼ੀਲ ਦੇ ਹੀ ਹੱਥ ਲੱਗੀ। ਭਾਰਤ ਉਂਜ ਇਸ ਤੋਂ ਪਹਿਲਾਂ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿਚ ਚਾਂਦੀ ਅਤੇ ਕਾਂਸੀ ਦੇ ਤਮਗੇ ਜਿੱਤ ਚੁੱਕਿਆ ਹੈ ਪਰ ਸੋਨੇ ਦਾ ਤਮਗਾ ਪਹਿਲੀ ਵਾਰ ਸੁਸ਼ੀਲ ਨੇ ਭਾਰਤ ਨੂੰ ਦਿਵਾਇਆ।

ਪਹਿਲੇ ਰਾਊਂਡ ਵਿਚ ਬਾਈ ਮਿਲਣ ਤੋਂ ਬਾਅਦ ਸੁਸ਼ੀਲ ਨੇ ਦੂਜੇ ਗੇੜ ਵਿਚ ਯੂਨਾਨ ਦੇ ਏ. ਏਕਰੀਟਿਏਫ਼ ਨੂੰ, ਤੀਜੇ ਗੇੜ ਵਿਚ ਯੂਨਾਨ ਦੇ ਹੀ ਡੋਮ ਮਾਰਟਿਨ ਨੂੰ ਅਤੇ ਚੌਥੇ ਗੇੜ ਵਿਚ ਮੰਗੋਲੀਆ ਦੇ ਬਾਇਨਾਜੇਵ ਬੈਤੋਰਿੰਗ ਨੂੰ ਹਰਾ ਕੇ ਸੈਮੀ ਫਾਈਨਲ ਵਿਚ ਥਾਂ ਬਣਾਈ। ਸੈਮੀ ਫਾਈਨਲ ਵਿਚ ਉਸ ਨੇ ਅਜ਼ਰਬਾਈਜਾਨ ਦੇ ਹਸਾਲੋਵ ਜੈਬ੍ਰੀਅਲ ਨੂੰ ਮਾਤ ਦਿੱਤੀ ਅਤੇ ਅਖ਼ੀਰ ਫਾਈਨਲ ਵਿਚ ਏਲੇਨ ਨੂੰ ਹਰਾ ਕੇ ਖ਼ਿਤਾਬ ਆਪਣੇ ਨਾ ਲਵਾਇਆ।

## ਪੁਲਿਸ ਨਾਲ ਝੜਪ 'ਚ ਲਾਡਵਾ ਦੇ ਨੌਜਵਾਨ ਦੀ ਮੌਤ

**ਹਿਸਾਰ:** ਹਰਿਆਣਾ ਦੇ ਜਾਟ ਹੁਣ ਰਾਖਵੇਂਕਰਨ ਦੀ ਮੰਗ 'ਤੇ ਅੜ ਗਏ ਹਨ। ਹਿਸਾਰ-ਹਾਂਸੀ ਮਾਰਗ 'ਤੇ ਸਥਿਤ ਪਿੰਡ ਮਇਅੜ ਵਿਚ ਬੀਤੀ 13 ਸਤੰਬਰ ਨੂੰ ਜਾਟਾਂ ਲਈ ਰਾਖਵੇਂਕਰਨ ਲਈ ਚਲਾਇਆ ਜਾ ਰਿਹਾ ਅੰਦੋਲਨ ਹਿੰਸਕ ਰੂਪ ਧਾਰਨ ਕਰ ਗਿਆ, ਜਦੋਂ ਪ੍ਰਦਰਸ਼ਨਕਾਰੀਆਂ ਤੇ ਪੁਲੀਸ ਵਿਚਾਲੇ ਰੱਜ ਕੇ ਟਕਰਾਅ ਹੋਇਆ। ਪੁਲੀਸ ਨੇ ਪਹਿਲਾਂ ਅੱਥਰੂ ਗੈਸ ਛੱਡੀ, ਫਿਰ ਲਾਠੀਚਾਰਜ ਕੀਤਾ ਤੇ ਆਖਰ ਗੋਲੀ ਚਲਾਈ ਜਿਸ ਕਾਰਨ ਲਾਡਵਾ ਪਿੰਡ ਦੇ ਇਕ ਨੌਜਵਾਨ ਸੁਨੀਲ ਦੀ ਮੌਤ ਹੋ ਗਈ। ਜਦੋਂ ਨਾਕਿਆਂ ਤੋਂ ਪੁਲੀਸ ਚਲੀ ਗਈ ਤਾਂ ਕੁਝ ਨੌਜਵਾਨਾਂ ਨੇ ਹਿਸਾਰ ਛਾਉਣੀ ਸਥਿਤ ਪੁਲੀਸ ਚੌਕੀ ਸਾੜ ਦਿੱਤੀ। ਇਸ ਦੌਰਾਨ ਹਰਿਆਣਾ ਸਰਕਾਰ ਨੇ ਹਿਸਾਰ ਦੇ ਐਸ.ਪੀ. ਸੁਭਾਸ਼ ਯਾਦਵ ਨੂੰ ਬਦਲ ਦਿੱਤਾ ਹੈ ਤੇ ਉਨ੍ਹਾਂ ਦੀ ਥਾਂ ਐਡੀਸ਼ਨਲ ਐਸ.ਪੀ. ਪੰਕਜ ਨੈਨ ਨੂੰ ਚਾਰਜ ਦਿੱਤਾ ਗਿਆ ਹੈ।

ਦੂਜੇ ਪਾਸੇ ਅਖਿਲ ਭਾਰਤੀ ਜਾਟ ਰਾਖਵਾਂਕਰਨ ਸੰਘਰਸ਼ ਸਮਿਤੀ ਦੇ ਸੱਦੇ 'ਤੇ ਸੋਨੀਪਤ ਵਿਚ ਜਾਟ ਭਾਈਚਾਰੇ ਦੇ ਹਜ਼ਾਰਾਂ ਲੋਕ ਮੀਂਹ ਦੇ ਬਾਵਜੂਦ ਸੜਕਾਂ 'ਤੇ ਉੱਤਰ ਆਏ। ਉਨ੍ਹਾਂ ਨੇ ਕੌਮੀ ਸ਼ਾਹਰਾਹ 'ਤੇ ਜਾਮ ਲਾ ਦਿੱਤਾ ਜਿਸ ਕਰਕੇ ਦੋਵੇਂ ਪਾਸੇ ਟਰੈਫਿਕ ਜਾਮ ਹੋ ਗਿਆ। ਪ੍ਰਦਰਸ਼ਨਕਾਰੀ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰ ਰਹੇ ਹਨ। ਮਇਆੜ ਪਿੰਡ 'ਚ ਗੁੱਸੇ 'ਚ ਆਏ ਅੰਦੋਲਨਕਾਰੀਆਂ ਨੇ ਪੁਲੀਸ 'ਤੇ ਪਥਰਾਓ ਕੀਤਾ। ਇਸ ਨਾਲ ਤਿੰਨ ਪੁਲੀਸ ਕਰਮੀ ਜ਼ਖਮੀ ਹੋ ਗਏ। ਜਾਟਾਂ ਨੇ ਰੋਡਵੇਜ਼ ਦੀ ਇਕ ਬੱਸ, ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ, ਇਕ ਟਰੱਕ ਤੇ ਪੁਲੀਸ ਦੇ ਦੋ ਵਾਹਨ ਬੁਰੀ ਤਰ੍ਹਾਂ ਭੰਨ-ਤੋੜ ਦਿੱਤੇ ਤੇ ਕਈਆਂ ਨੂੰ ਅੱਗ ਲਾ ਦਿੱਤੀ।

## ਯੂ.ਕੇ. 'ਵਰਸਿਟੀ ਵਲੋਂ ਪੰਜਾਬ ਨਾਲ ਸਿੱਖਿਆ ਸਮਝੌਤਾ

**ਲੰਦਨ:** ਬਰਤਾਨੀਆ ਦੀ ਵੂਲਰਹਮਟਨ ਯੂਨੀਵਰਸਿਟੀ ਨੇ ਪੰਜਾਬ ਸਰਕਾਰ ਨਾਲ ਸਿੱਖਿਆ ਦੇ ਖੇਤਰ ਵਿਚ ਸਹਿਯੋਗ ਕਰਨ ਲਈ ਇਕ ਸਮਝੌਤੇ 'ਤੇ ਦਸਤਖਤ ਕੀਤੇ ਹਨ।

ਇਹ ਜਾਣਕਾਰੀ ਐਨ. ਆਰ.ਆਈ. ਉਦਯੋਗਪਤੀ ਲਾਰਡ ਸਵਰਾਜ ਪਾਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਦੋਵਾਂ ਵਲੋਂ ਆਪਸੀ ਸਹਿਯੋਗ ਵਧਾਉਂਦਿਆਂ ਵਿਦਿਆਰਥੀਆਂ ਲਈ ਸਿੱਖਿਆ ਦੇ ਮੌਕੇ ਪੈਦਾ ਕੀਤੇ ਜਾਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਕਾਂਗਰਸੀ ਹਾਕਮਾਂ ਨੇ ਸਿੱਖਾਂ ਉਤੇ ਅੰਗਰੇਜ਼ਾਂ ਨਾਲੋਂ ਵੀ ਵੱਧ ਜ਼ੁਲਮ ਕੀਤੇ-ਅਜੀਤ ਸਿੰਘ ਕੁਹਾੜ**

-ਤੇ ਉਨ੍ਹਾਂ ਜ਼ਾਲਮ ਪੁਲਿਸ ਅਫਸਰਾਂ ਦੀ ਪੁਸ਼ਤਪਨਾਹੀ ਦਾ ਠੇਕਾ ਸਾਡੇ ਕੋਲ ਐ।

***ਅਕਾਲੀ-ਭਾਜਪਾ ਮਤਭੇਦ ਜਾਰੀ ਰਹਿਣਗੇ ਪਰ ਦੋਵੇਂ ਦਲ ਵੱਖ ਨਹੀਂ ਹੋਣਗੇ**

-ਅਜੀਬ ਢੀਠਤਾਈ ਐ!

***ਆਧੁਨਿਕ ਭਾਰਤ ਦੀ ਤਸਵੀਰ ਪੇਸ਼ ਕਰਨਗੀਆਂ ਰਾਸ਼ਟਰਮੰਡਲ ਖੇਡਾਂ**

-ਘਪਲਿਆਂ ਵਾਲੀ ਤਸਵੀਰ ਵਾਹਵਾ ਸੋਹਣੀ ਸੀ, ਹੋਰ ਵੀ ਹੈਗੀਆਂ?

***ਪੰਜ ਪਿੰਡਾਂ ਪਿਛੇ ਇਕ ਸਿਹਤ ਕੇਂਦਰ ਤੇ ਦੋ ਪਿੰਡਾਂ ਪਿਛੇ ਇਕ ਠੇਕਾ**

-ਤੇ ਵਿਰੋਧੀ ਹਾਲੇ ਵੀ ਰੌਲਾ ਪਾਈ ਜਾਂਦੇ ਐ ਬਈ ਬਾਦਲ ਸਰਕਾਰ ਨੇ ਵਿਕਾਸ ਨਹੀਂ ਕੀਤਾ।

***ਸਿੱਖ ਸੈਂਟਰ ਫਲੱਸ਼ਿੰਗ ਵਿਖੇ ਅਮਰਜੀਤ ਸਿੰਘ ਚਾਵਲਾ ਦਾ ਸਨਮਾਨ**

-ਮੰਦਿਰ 'ਚ ਮਾਤਾ ਦੀਆਂ ਭੇਟਾਂ ਗਾਉਣ ਲਈ?

***ਨਲਵੀ ਤੇ ਝੀਂਡਾ ਕਾਂਗਰਸ ਦੇ ਚਮਚੇ-ਮੱਕੜ**

-ਤੇ ਅਸੀਂ ਭਾਜਪਾ ਦੇ।

***ਮੰਦਿਰ ਮੁੱਦੇ 'ਤੇ ਵੀ. ਐਚ. ਪੀ. ਨੂੰ ਹਮਾਇਤ ਦੇਣ ਬਾਰੇ ਜਥੇਦਾਰਾਂ ਦੀ ਮੀਟਿੰਗ 'ਚ ਵਿਚਾਰਾਂਗਾ-ਗਿਆਨੀ ਗੁਰਬਚਨ ਸਿੰਘ**

-ਵਿਚਾਰ ਲਓ ਪਰ ਹੁਕਮ ਤਾਂ ਮਾਲਕਾਂ ਦਾ ਈ ਚੱਲੂ।

***ਫੌਜ ਸੱਤਾ 'ਤੇ ਕਾਬਜ਼ ਨਹੀਂ ਹੋਵੇਗੀ-ਪਾਕਿਸਤਾਨੀ ਪ੍ਰਧਾਨ ਮੰਤਰੀ ਗਿਲਾਨੀ**

-ਦਿਲ ਕੇ ਖੁਸ਼ ਰਖਨੇ ਕੋ ਗ਼ਾਲਿਬ ਯੇ ਖਯਾਲ ਅੱਛਾ ਹੈ।

# ਨਵਾਂ ਰਿਕਾਰਡ ਬਣਾਉਣਗੇ ਸੋਨੇ ਦੇ ਭਾਅ

## ਬਰਾਂਡਡ ਗਹਿਣਿਆਂ ਦੀ ਖਰੀਦ 'ਚ ਤੇਜ਼ੀ ਨਾਲ ਵਾਧਾ

**ਚੰਡੀਗੜ੍ਹ :** ਭਲੇ ਵੇਲਿਆਂ 'ਚ ਸੁਨਿਆਰੇ ਸੋਨੇ ਦਾ ਕਾਰੋਬਾਰ ਕਰਦੇ ਸਨ, ਲੁਹਾਰ ਲੋਹਾ ਕੁੱਟਦੇ ਸਨ, ਤਰਖਾਣ ਲੱਕੜ ਦੀ ਇਮਾਰਤਸਾਜ਼ੀ ਕਰਦੇ ਸਨ ਤੇ ਜੱਟ ਵਾਹੀ ਖੇਤੀ ਕਰਕੇ ਪਿੰਡ-ਗਰਾਂ ਦੀਆਂ ਅੰਨ ਲੋੜਾਂ ਦੀ ਪੂਰਤੀ ਕਰਿਆ ਕਰਦੇ ਸਨ। ਕਿੱਤੇ ਕਾਰੋਬਾਰ ਦਾ ਲੇਖਾ-ਜੋਖਾ ਕਰਦਿਆਂ ਕਿਹਾ ਜਾਂਦਾ ਸੀ ਕਿ ਸੋਨਾ ਸੁਨਿਆਰਿਆਂ ਦਾ, ਜ਼ਮੀਨ ਜੱਟਾਂ ਦੀ। ਪਰ ਵੇਲਿਆਂ ਦੀ ਸਿਤਮਜ਼ਰੀਫ਼ੀ ਵੇਖੋ ਕਿ ਸੋਨਾ ਹੁਣ ਬਹੁਕੌਮੀ ਕਾਰੋਬਾਰੀਆਂ ਕੋਲ ਚਲਾ ਗਿਆ ਹੈ। ਰਹੀ ਗੱਲ ਜੱਟਾਂ ਦੀਆਂ ਜ਼ਮੀਨਾਂ ਦੀ, ਉਹ ਵੀ ਧਨਾਢ ਵਪਾਰੀਆਂ ਦੇ ਹੱਥਾਂ 'ਚ ਜਾ ਰਹੀਆਂ ਹਨ। ਵਾਹੀ ਖੇਤੀ ਦੀ ਥਾਂ ਜ਼ਮੀਨਾਂ ਉਪਰ ਮੈਟਰੋ ਵਿਛਾਈ ਜਾ ਰਹੀ ਹੈ, ਤੇਲ ਪਾਈਪਾਂ ਵਿਛਾਈਆਂ ਜਾ ਰਹੀਆਂ ਹਨ, ਮਲਟੀਪਲੈਕਸ ਬਣਾਏ ਜਾ ਰਹੇ ਹਨ ਤੇ ਅੱਖਾਂ ਚੁੰਧਿਆ ਦੇਣ ਵਾਲੇ ਮਾਲਾਂ ਵਿਚ ਹਰੇਕ ਚੀਜ਼ ਸਮੇਤ ਬਰਾਂਡਡ ਸਵਰਨ ਗਹਿਣਿਆਂ ਦੀ ਖਰੀਦੋ-ਫਰੋਖਤ ਹੋਣ ਲੱਗ ਪਈ ਹੈ। ਉਤਪਤੀ ਵੇਲੇ ਤੋਂ ਹੀ ਸੋਨਾ ਵਪਾਰੀਆਂ, ਸੁਨਿਆਰਿਆਂ ਤੇ ਨਾਰੀਆਂ ਲਈ ਇਕ ਖਿੱਚ ਦਾ ਕੇਂਦਰ ਬਣਿਆ ਆ ਰਿਹਾ ਹੈ। ਅੱਜ ਗਲੋਬਲ ਪਿੰਡ ਦੀ ਅਰਥ ਵਿਵਸਥਾ ਸੋਨੇ 'ਤੇ ਹੀ ਟਿਕੀ ਹੋਈ ਹੈ। ਸੋਨੇ ਦਾ ਕਾਰੋਬਾਰ ਤੇ ਸੋਨਾ ਭੰਡਾਰ ਕਰਨ ਦੀ ਰੁਚੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਏਸੇ ਚਲਨ ਕਾਰਨ ਸੋਨੇ ਦੀ ਕੀਮਤ ਬੁਲੰਦੀਆਂ ਨੂੰ ਛੂੰਹਦੀ ਜਾ ਰਹੀ ਹੈ। ਹੁਣ ਜ਼ਮੀਨ ਜਾਇਦਾਦ ਦੀ ਖਰੀਦੋ-ਫਰੋਖਤ ਤੋਂ ਬਾਅਦ ਦੂਜੇ ਨੰਬਰ 'ਤੇ ਸੋਨੇ ਦਾ ਕਾਰੋਬਾਰ ਮੰਨਿਆ ਜਾਂਦਾ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਭਾਰਤ ਵਿਚ ਸੋਨੇ ਦੇ ਗਹਿਣਿਆਂ ਦੀ ਖਪਤ ਸਾਰੇ ਮੁਲਕਾਂ ਨਾਲੋਂ ਵਧੇਰੇ ਹੁੰਦੀ ਹੈ। ਹੀਰੇ-ਮੋਤੀਆਂ ਜੜੇ ਸਵਰਨ ਗਹਿਣਿਆਂ ਦੀ ਵਰਤੋਂ ਵਿਚ ਭਾਰਤ ਸੰਸਾਰ ਵਿਚ ਚੌਥੇ ਸਥਾਨ 'ਤੇ ਆਉਂਦਾ ਹੈ। ਏਥੋਂ ਦੀ ਗਹਿਣਿਆਂ ਦੀ ਮਾਰਕੀਟ ਵੀਹ ਤੋਂ ਤੀਹ ਫੀਸਦੀ ਦੀ ਰਫਤਾਰ ਨਾਲ ਵਧ ਰਹੀ ਹੈ। ਵਿਜ਼ਨ-2015 ਦੀ ਰਿਪੋਰਟ ਮੁਤਾਬਕ 2015 ਤਕ ਭਾਰਤ ਅਤੇ ਚੀਨ ਵਿਚਲੀ ਗਹਿਣਿਆਂ ਦੀ ਮੰਡੀ ਅਮਰੀਕੀ ਮੰਡੀ ਦੀ ਬਰਾਬਰੀ 'ਤੇ ਪੁੱਜ ਜਾਏਗੀ ਜਿਹੜੀ ਕਿ ਅੱਜ ਵਿਸ਼ਵ ਮਾਰਕੀਟ ਦੇ ਪੰਜਾਹ ਫੀਸਦੀ ਹਿੱਸੇ 'ਤੇ ਕਬਜ਼ਾ ਕਰੀ ਬੈਠੀ ਹੈ।



ਇਕ ਵੇਲਾ ਸੀ ਜਦੋਂ ਨਿੱਕੇ-ਮੋਟੇ ਸੁਨਿਆਰੇ ਪਿੰਡ, ਕਸਬੇ ਤੇ ਸ਼ਹਿਰਾਂ ਵਿਚ ਤਿਥ-ਤਿਉਹਾਰਾਂ ਅਤੇ ਵਿਆਹ ਸ਼ਾਦੀ ਦੀਆਂ ਰਸਮਾਂ ਵੇਲੇ ਗਹਿਣਿਆਂ ਦੀ ਪੂਰਤੀ ਕਰਿਆ ਕਰਦੇ ਸਨ। ਪਰ ਵੇਲੇ ਇਸ ਕਦਰ ਬਦਲੇ ਹਨ ਕਿ ਬਹੁਕੌਮੀ ਕੰਪਨੀਆਂ ਵੀ ਗਹਿਣਿਆਂ ਦੇ ਕਾਰੋਬਾਰ ਵਿਚ ਕੁੱਦ ਪਈਆਂ ਹਨ। ਉਨ੍ਹਾਂ ਦੇ ਗਹਿਣਿਆਂ ਦੀ ਸ਼ੁੱਧਤਾ ਨੇ ਛੋਟੇ ਕਾਰੋਬਾਰੀਆਂ ਦੇ ਧੰਦੇ ਨੂੰ ਵਾਹਵਾ ਢਾਹ ਲਾਈ ਹੈ। ਹੁਣ ਖਰੀਦਦਾਰ ਤਨਿਸ਼ਕ, ਗੀਤਾਂਜਲੀ, ਜਾਇਰਾ, ਗਿਲੀ ਨਕਸ਼ਤਰਾ, ਆਸਮੀ, ਡੀ. ਡਾਮਸ, ਸੰਗਨੀ, ਦਿਵਾ, ਮਾਇਆ ਗੋਲਡ ਅਤੇ ਹੋਰ ਕੰਪਨੀਆਂ ਦੇ ਗਰੰਟੀ/ਵਰੰਟੀਸ਼ੁਦਾ ਗਹਿਣੇ ਖਰੀਦਣ ਨੂੰ ਤਰਜੀਹ ਦੇਣ ਲੱਗ ਪਏ ਹਨ। ਇਨ੍ਹਾਂ ਕੰਪਨੀਆਂ ਦੁਆਰਾ ਬੜੇ ਆਕਰਸ਼ਕ ਅਤੇ ਆਧੁਨਿਕ ਸੁੱਖ ਸਹੂਲਤਾਂ ਵਾਲੇ ਵਪਾਰ ਕੇਂਦਰ ਵੀ ਤੇਜ਼ੀ ਨਾਲ ਵੱਡੇ-ਵੱਡੇ ਸ਼ਹਿਰਾਂ ਤੇ ਕਸਬਿਆਂ ਵਿਚ ਖੋਲ੍ਹੇ ਜਾ ਰਹੇ ਹਨ। ਸੋਨੇ ਦੇ ਵਪਾਰ ਵਿਚ ਬੈਂਕ ਤੇ ਡਾਕਖਾਨੇ ਵੀ ਪਿੱਛੇ ਨਹੀਂ ਰਹੇ। ਸੰਸਾਰ ਪਿੰਡ ਦੀ ਇਕ ਵੇਲੇ ਲੜਖੜਾਈ ਅਰਥਵਿਵਸਥਾ ਹੁਣ ਲਗਪਗ ਸਥਿਰ ਹੈ। ਲੋਕ ਆਪਣੀ ਵਰਤੋਂਯੋਗ ਕਮਾਈ ਨੂੰ ਜੋੜ-ਸਾਂਭ ਕੇ ਰੱਖਣ ਦੀ ਥਾਂ ਖਰਚਣ ਨੂੰ ਤਰਜੀਹ ਦੇਣ ਲੱਗ ਪਏ ਹਨ। ਨਾਰੀਆਂ ਵੀ ਫੈਸ਼ਨ ਦੇ ਇਸ ਯੁੱਗ ਵਿਚ ਆਪਣੇ ਆਪ ਨੂੰ ਵੇਲੇ ਦੀਆਂ ਹਾਨਣਾਂ ਬਣਾਉਣ ਲਈ ਬੜੀ ਤੇਜ਼ੀ ਨਾਲ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਮਿਆਰਾਂ ਵਾਲੇ ਗਹਿਣੇ ਸਟੋਰਾਂ ਵਿਚੋਂ ਭਰੋਸੇਯੋਗ ਗਹਿਣਿਆਂ ਦੀ ਖਰੀਦੋ-ਫਰੋਖਤ ਵਲ ਰੁਚਿਤ ਹੋ ਰਹੀਆਂ ਹਨ। ਪਹਿਰਾਵੇ ਨਾਲ ਮਿਲਦੇ ਜੁਲਦੇ ਗਹਿਣੇ ਪਾਉਣਾ ਉਨ੍ਹਾਂ ਦੀ ਪਹਿਲੀ ਪਸੰਦ ਬਣਦੀ ਜਾ ਰਹੀ ਹੈ।

ਵਰਲਡ ਗੋਲਡ ਕੌਂਸਲ ਦੇ ਅੰਕੜੇ ਦੱਸਦੇ ਹਨ ਕਿ ਇਸ ਵਿੱਤੀ ਸਾਲ ਦੀ ਪਹਿਲੀ ਛਿਮਾਹੀ ਦੌਰਾਨ ਭਾਰਤ ਵਿਚ 365 ਟਨ ਸੋਨਾ ਬਾਹਰੋਂ ਮੰਗਵਾਇਆ ਜਾ ਚੁੱਕਾ ਹੈ ਜਦਕਿ ਬੀਤੇ ਵਿੱਤੀ ਵਰ੍ਹੇ ਦੌਰਾਨ 188 ਟਨ ਸੋਨਾ ਬਾਹਰੋਂ ਮੰਗਵਾਇਆ ਗਿਆ ਸੀ। ਮਾਹਰਾਂ ਦੀ ਮੰਨੀਏ ਤਾਂ ਸੋਨੇ ਦੀ ਮੰਗ ਲਗਾਤਾਰ ਵਧ ਰਹੀ ਹੈ ਤੇ ਵਧਦੀ ਰਹੇਗੀ।

ਟਰਾਈ ਸਿਟੀ 'ਚ ਸਵਰਨ ਤੇ ਡਾਇਮੰਡ ਗਹਿਣਿਆਂ ਦਾ ਕਾਰੋਬਾਰ ਪੀ.ਪੀ. ਜਿਊਲਰਜ਼, ਤਲਵਾਰ ਜਿਊਲਰਜ਼ ਅਤੇ ਤਨਿਸ਼ਕ ਆਦਿ ਰਾਹੀਂ ਬਾਖੂਬੀ ਕੀਤਾ ਜਾ ਰਿਹਾ ਹੈ। ਸੈਕਟਰ-17 ਚੰਡੀਗੜ੍ਹ ਦੇ ਤਨਿਸ਼ਕ ਸ਼ੋਅ ਰੂਮ ਦੇ ਪ੍ਰਬੰਧਕੀ ਅਧਿਕਾਰੀ ਸ੍ਰੀ ਵਿਨੋਦ ਕਪੂਰ ਅਤੇ ਸ੍ਰੀ ਰਾਜੀਵ ਬਡਵਾਲ, ਸੋਨੇ ਦੇ ਕਾਰੋਬਾਰ ਵਿਚ ਆਏ ਬਦਲਾਓ ਬਾਰੇ ਪੁੱਛਣ 'ਤੇ ਦੱਸਦੇ ਹਨ ਕਿ ਅਜੋਕੇ ਗਾਹਕ ਲੀਕ ਤੋਂ ਹਟਕੇ ਨਵੇਂ ਤੇ ਆਕਰਸ਼ਕ ਡੀਜ਼ਾਈਨਾਂ ਵਾਲੇ ਪਹਿਰਾਵੇ ਤੇ ਗਹਿਣੇ ਪਸੰਦ ਕਰਦੇ ਹਨ। ਇਸ ਲਈ ਤਨਿਸ਼ਕ ਦੁਆਰਾ ਵੈਡਿੰਗ ਕੁਲੈਕਸ਼ਨ, ਕੁੰਦਨ ਜਿਊਲਰੀ, ਪੋਲਕੀ ਜਿਊਲਰੀ ਅਤੇ ਤਾਜ ਮਹੱਲ 'ਤੇ ਹੋਈ ਕਾਰੀਗਰੀ ਵਰਗੀ ਜਿਊਲਰੀ ਵਾਲੀ ਤਾਜ ਕੁਲੈਕਸ਼ਨ ਪੇਸ਼ ਕੀਤੀ ਹੈ। ਹੀਰੇ ਜੜੇ ਗਹਿਣੇ ਅਤੇ ਸੋਨੇ ਦੇ ਗਹਿਣਿਆਂ ਦੀ ਮੰਗ ਦਿਨ-ਬਦਿਨ ਵਧਦੀ ਜਾ ਰਹੀ ਹੈ। ਗਾਹਕ ਵੀ ਸਿੱਕੇਬੰਦ ਤੇ ਗਰੰਟੀਸ਼ੁਦਾ ਗਹਿਣਿਆਂ ਨੂੰ ਖਰੀਦਣ ਲਈ ਤਰਜੀਹ ਦਿੰਦੇ ਹਨ। ਉਨ੍ਹਾਂ ਕਿਹਾ ਕਿ ਤੰਬੋਲਾ ਪਾਰਟੀਆਂ ਤੋਂ ਬਾਅਦ ਹੁਣ ਸਾਡੀਆਂ ਕਿੱਟੀ ਪਾਰਟੀਆਂ ਰਾਹੀਂ ਸੋਨ-ਗਹਿਣਿਆਂ ਦੀ ਵਿਕਰੀ ਜ਼ੋਰਾਂ 'ਤੇ ਹੋ ਰਹੀ ਹੈ। ਇਸ ਸਕੀਮ ਤਹਿਤ ਸੁਆਣੀਆਂ ਗਿਆਰਾਂ ਮਾਸਕ ਕਿਸ਼ਤਾਂ ਦੀ ਅਦਾਇਗੀ ਆਪਣੇ ਵਲੋਂ ਕਰਦੀਆਂ ਹਨ ਤੇ ਬਾਰ੍ਹਵੀਂ ਕਿਸ਼ਤ ਤਨਿਸ਼ਕ ਦੁਆਰਾ ਪਾ ਕੇ ਉਨ੍ਹਾਂ ਦੀ ਗਹਿਣੇ ਖਰੀਦਣ ਵਾਲੀ ਖਾਹਸ਼ ਪੂਰੀ ਕੀਤੀ ਜਾ ਰਹੀ ਹੈ। ਸੋਨੇ ਦੀਆਂ ਕੀਮਤਾਂ ਬਾਰੇ ਪੁੱਛਣ 'ਤੇ ਉਨ੍ਹਾਂ ਦਾ ਕਹਿਣਾ ਹੈ ਕਿ ਦੀਵਾਲੀ ਤੱਕ ਸੋਨਾ ਵੀਹ ਹਜ਼ਾਰ ਰੁਪਏ ਪ੍ਰਤੀ ਦਸ ਗ੍ਰਾਮ ਦਾ ਕੀਰਤੀਮਾਨ ਸਥਾਪਤ ਕਰ ਲਏਗਾ। ਜਾਇਰਾ ਡਾਇਮੰਡਜ਼ ਚੰਡੀਗੜ੍ਹ ਦੇ ਸ੍ਰੀ ਮਨੋਜ ਜੈਨ ਦਾ ਵੀ ਮੰਨਣਾ ਹੈ ਕਿ ਸੋਨੇ ਦਾ ਕਾਰੋਬਾਰ ਸੌ ਫੀਸਦੀ ਵਧਿਆ ਹੈ, ਲਿਹਾਜ਼ਾ ਸੋਨੇ ਦੀਆਂ ਕੀਮਤਾਂ ਨਵਾਂ ਰਿਕਾਰਡ ਕਾਇਮ ਕਰਨਗੀਆਂ।

## ਏ. ਡੀ. ਸੀ. ਦਫਤਰ ਵਿਚ ਇਕ ਹੋਰ ਘੁਟਾਲਾ

**ਲੁਧਿਆਣਾ:** ਲੁਧਿਆਣਾ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੇ ਦਫਤਰ ਵਿਚ ਹੋਏ ਘੁਟਾਲੇ ਦੀ ਤਾਣੀ ਹੋਰ ਉਲਝਣ ਲੱਗੀ ਹੈ। ਪਹਿਲਾਂ ਸਾਹਮਣੇ ਆਏ ਘੁਟਾਲੇ ਵਿਚ ਏ.ਡੀ.ਸੀ. ਦੇ ਨਾਂ 'ਤੇ ਖੋਲ੍ਹੇ ਗਏ ਫਰਜ਼ੀ ਖਾਤੇ ਵਿਚੋਂ 49.52 ਲੱਖ ਰੁਪਏ ਦੇ ਘੁਟਾਲੇ ਤੋਂ ਬਾਅਦ ਏ.ਡੀ.ਸੀ. ਦੇ ਅਸਲੀ ਖਾਤੇ ਵਿਚੋਂ 32.36 ਲੱਖ ਰੁਪਏ ਕਢਾਏ ਜਾਣ ਦਾ ਨਵਾਂ ਘੁਟਾਲਾ ਸਾਹਮਣੇ ਆ ਗਿਆ ਹੈ।

ਨਵਾਂ ਘੁਟਾਲਾ ਸਾਹਮਣੇ ਆਉਣ ਬਾਅਦ ਵਧੀਕ ਡਿਪਟੀ ਕਮਿਸ਼ਨਰ ਵਲੋਂ ਪੁਲੀਸ ਨੂੰ ਲਿਖੇ ਗਏ ਪੱਤਰ ਵਿਚ ਪੰਜਾਬ ਤੇ ਸਿੰਧ ਬੈਂਕ ਦੀ ਸਿਵਲ ਲਾਈਨਜ਼ ਸ਼ਾਖਾ ਦੇ ਸੀਨੀਅਰ ਬਰਾਂਚ ਮੈਨੇਜਰ ਗੁਰਮੀਤ ਸਿੰਘ ਅਤੇ ਵਰਿੰਦਰ ਕੁਮਾਰ, ਸਾਬਕਾ ਕਰਮਚਾਰੀ ਲਛਮਣ ਸਿੰਘ, ਕਰਮਜੀਤ ਸਿੰਘ ਅਤੇ ਇਕ ਫਰਮ ਓਸਾਗੋ ਕਾਰਪੋਰੇਸ਼ਨ ਦੇ ਖਿਲਾਫ ਧੋਖਾਧੜੀ ਦਾ ਪਰਚਾ ਦਰਜ ਕੀਤਾ ਗਿਆ।

"Rates increasing on Oct 1st call now and lock in your low rates."



ਜਗਰੂਪ ਸਿੰਘ ਤੱਖਰ
ਫੋਨ:209-485-1521

Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Takhar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

**Vital Shield Plus 2900 Generic Rx**

| Age Range | Individual | Individual & Spouse | Family |
|---|---|---|---|
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

An independent Licensee of the Blue Shield Association A36145(1/09)

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.

Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਕੈਨੇਡਾ ਨੇ ਗੈਰਕਾਨੂੰਨੀ ਪਰਵਾਸ ਰੋਕਣ ਲਈ ਸਹਿਯੋਗ ਮੰਗਿਆ

**ਚੰਡੀਗੜ੍ਹ:** ਕੈਨੇਡਾ ਦੇ ਸਿਟੀਜਨਸ਼ਿਪ ਅਤੇ ਇੰਮੀਗ੍ਰੇਸ਼ਨ ਮੰਤਰੀ ਜੋਸਨ ਕੈਨੀ ਦੀ ਅਗਵਾਈ ਵਿਚ ਇਕ ਉਚ ਪੱਧਰੀ ਵਫਦ ਬੀਤੀ 9 ਸਤੰਬਰ ਨੂੰ ਇਥੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਿਆ ਅਤੇ ਪੰਜਾਬ ਤੋਂ ਕੈਨੇਡਾ ਨੂੰ ਗੈਰ ਕਾਨੂੰਨੀ ਇੰਮੀਗ੍ਰੇਸ਼ਨ ਰੋਕਣ ਲਈ ਸਹਿਯੋਗ ਅਤੇ ਸਮਰਥਨ ਦੀ ਮੰਗ ਕੀਤੀ।



*ਕਨੈਡਾ ਦੇ ਇੰਮੀਗ੍ਰੇਸ਼ਨ ਮੰਤਰੀ ਜੋਸਨ ਕੈਨੀ ਨੂੰ ਜੀ ਆਇਆਂ ਕਹਿੰਦੇ ਸ. ਪ੍ਰਕਾਸ਼ ਸਿੰਘ ਬਾਦਲ*

ਗੈਰ ਕਾਨੂੰਨੀ ਇੰਮੀਗ੍ਰੇਸ਼ਨ ਉਤੇ ਚਿੰਤਾ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਨੇ ਸ਼੍ਰੀ ਕੈਨੀ ਨੂੰ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਹੀ ਪੁਲਿਸ ਦੇ ਡਾਇਰੈਕਟਰ ਜਨਰਲ ਨੂੰ ਆਖਿਆ ਹੈ ਕਿ ਉਹ ਇਸ ਸਬੰਧ ਵਿਚ ਢਿੱਲ ਨਾ ਵਰਤਣ ਅਤੇ ਪੰਜਾਬ ਸਰਕਾਰ ਗੈਰ ਕਾਨੂੰਨੀ ਕਾਰਵਾਈਆਂ ਨੂੰ ਰੋਕਣ ਲਈ ਰਾਹ ਲੱਭਣ ਲਈ ਦ੍ਰਿੜ ਹੈ। ਉਨ੍ਹਾਂ ਨੇ ਕਿਹਾ ਕਿ ਏ.ਡੀ.ਜੀ.ਪੀ. ਇੰਟੇਲੀਜੈਸ ਨੂੰ ਚੰਡੀਗੜ੍ਹ ਅਧਾਰਤ ਕੈਨੇਡਾ ਦੇ ਕੌਂਸਲੇਟ ਜਨਰਲ ਦੇ ਦਫਤਰ ਨਾਲ ਤਾਲਮੇਲ ਕਰਨ ਲਈ ਨੋਡਲ ਅਫਸਰ ਵਜੋਂ ਤਾਇਨਾਤ ਕੀਤਾ ਹੈ।

ਉਨ੍ਹਾਂ ਨੇ ਦੌਰੇ 'ਤੇ ਆਏ ਵਫਦ ਨੂੰ ਭਰੋਸਾ ਦੁਆਇਆ ਕਿ ਉਨ੍ਹਾਂ ਅਣ-ਅਧਿਕਾਰਤ ਟਰੈਵਲ ਏਜੰਟਾਂ ਨੂੰ ਮਾਫ ਨਹੀ ਕੀਤਾ ਜਾਵੇਗਾ ਜੋ ਕਿ ਗੈਰ ਕਾਨੂੰਨੀ ਇੰਮੀਗ੍ਰੇਸ਼ਨ ਸਰਗਰਮੀਆਂ ਵਿਚ ਰੁੱਝੇ ਹੋਏ ਹਨ। ਮੁੱਖ ਮੰਤਰੀ ਨੇ ਸ਼੍ਰੀ ਕੈਨੀ ਨੂੰ ਕਿਹਾ ਕਿ ਉਹ ਕਨੈਡੀਅਨ ਅੰਬੈਸੀ ਨੂੰ ਹਦਾਇਤ ਕਰਨ ਕਿ ਉਹ ਰਾਜ ਦੇ ਪੁਲਿਸ ਵਿਭਾਗ ਦੇ ਸੰਪਰਕ ਵਿਚ ਰਹੇ ਅਤੇ ਪੰਜਾਬ ਤੋਂ ਕੈਨੇਡਾ ਵਿਖੇ ਗੈਰ ਕਾਨੂੰਨੀ ਇੰਮੀਗ੍ਰੇਸ਼ਨ ਦੇ ਕੇਸਾਂ ਨੂੰ ਤੁਰੰਤ ਧਿਆਨ ਵਿਚ ਲਿਆਵੇ ਕਿਉਂਕਿ ਇਸ ਨਾਲ ਸਾਡੇ ਬੇਰੁਜ਼ਗਾਰ ਨੌਜਵਾਨਾਂ ਦਾ ਵੀ ਨੁਕਸਾਨ ਹੁੰਦਾ ਹੈ ਜੋ ਆਪਣੀ ਮਿਹਨਤ ਨਾਲ ਬਣਾਈ ਜਾਇਦਾਦ ਨੂੰ ਵੇਚ ਕੇ ਵਿਦੇਸ਼ ਜਾ ਕੇ ਸਮੱਸਿਆ ਵਿਚ ਫਸ ਜਾਂਦੇ ਹਨ।

ਮੁੱਖ ਮੰਤਰੀ ਨੇ ਸ਼੍ਰੀ ਕੈਨੀ ਨੂੰ ਅਪੀਲ ਕੀਤੀ ਕਿ ਉਹ ਕੈਨੇਡੀਅਨ ਅੰਬੈਸੀ ਨੂੰ ਨਿਰਦੇਸ਼ ਕਰਨ ਕਿ ਉਹ ਰਾਜ ਦੇ ਮੁੱਖ ਸਕੱਤਰ ਅਤੇ ਉਨ੍ਹਾਂ ਦੇ ਪ੍ਰਮੁੱਖ ਸਕੱਤਰ ਦੇ ਨਾਲ ਨੇੜੇ ਦੇ ਸਬੰਧ ਬਣਾ ਕੇ ਰੱਖਣ। ਉਨ੍ਹਾਂ ਨੇ ਕੌਂਸਲ ਜਨਰਲ ਦੀਆਂ ਮੁੱਖ ਸਕੱਤਰ ਅਤੇ ਪੁਲਿਸ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਨਿਯਮਤ ਮੀਟਿੰਗਾਂ ਦੀ ਜਰੂਰਤ 'ਤੇ ਜੋਰ ਦਿੱਤਾ। ਉਹਨਾਂ ਨੇ ਸ਼੍ਰੀ ਕੈਨੀ ਨੂੰ ਵੀਜੇ ਦੇ ਢੰਗ ਤਰੀਕਿਆਂ ਨੂੰ ਹੋਰ ਸਰਲ ਕਰਨ ਲਈ ਵੀ ਕਿਹਾ ਤਾਂ ਜੋ ਇਨ੍ਹਾਂ ਦਾ ਲੋਕਾਂ ਨੂੰ ਲਾਭ ਹੋ ਸਕੇ। ਵਿਚਾਰ ਚਰਚਾ ਵਿਚ ਹਿੱਸਾ ਲੈਂਦੇ ਹੋਏ ਸ਼੍ਰੀ ਕੈਨੀ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਖਾਸ ਤੌਰ 'ਤੇ ਵਿਜਟਰ ਵੀਜੇ ਦੇ ਮਾਮਲੇ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਵੀਜਾ ਅਰਜੀਆਂ ਨੂੰ ਪ੍ਰਵਾਨ ਕਰਨ ਦੀ ਸੰਖਿਆ ਲਗਭਗ ਦੁੱਗਣੀ ਹੋਈ ਹੈ। ਇਸ ਤਰ੍ਹਾਂ ਹੀ ਉਚ ਸਿੱਖਿਆ ਲਈ ਵੀਜਾ ਅਰਜੀਆਂ ਪ੍ਰਵਾਨ ਕਰਨ ਵਿਚ ਵੀ ਚੋਖਾ ਵਾਧਾ ਹੋਇਆ ਹੈ। ਉਨ੍ਹਾਂ ਨੇ ਸ. ਬਾਦਲ ਵਲੋਂ ਗੈਰ ਕਾਨੂੰਨੀ ਟ੍ਰੈਵਲ ਏਜੰਟਾਂ ਨਾਲ ਨਿਪਟਣ ਲਈ ਨਿੱਜੀ ਦਖਲ ਦੀ ਮੰਗ ਕੀਤੀ।

ਉਨ੍ਹਾਂ ਨੇ ਸ. ਬਾਦਲ ਨੂੰ ਕਿਹਾ ਕਿ ਉਹ ਕੈਨੇਡਾ ਨੂੰ ਉਹੀ ਵਿਦਿਆਰਥੀ ਭੇਜਣ ਜੋ ਆਪਣੀ ਉਚ ਸਿੱਖਿਆ ਨੂੰ ਜਾਰੀ ਰਖਣਾ ਚਾਹੁੰਦੇ ਹਨ ਅਤੇ ਅਜਿਹਾ ਲੋੜੀਂਦੀਆਂ ਉਪਚਾਰਿਕਤਾਵਾਂ ਅਤੇ ਕਨੈਡੀਅਨ ਹਾਈ ਕਮਿਸ਼ਨ ਦੇ ਨਿਰਧਾਰਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੋਵੇ। ਉਨ੍ਹਾਂ ਨੇ ਬੇਗੁਨਾਹ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਟਰੈਵਲ ਏਜੰਟਾਂ ਦੀਆਂ ਗੈਰ ਕਾਨੂੰਨੀ ਕਾਰਵਾਈਆਂ ਨੂੰ ਰੋਕਣ ਲਈ ਸਖਤ ਕਾਨੂੰਨਾਂ ਦੀ ਜਰੂਰਤ 'ਤੇ ਵੀ ਜੋਰ ਦਿੱਤਾ। ਸ਼੍ਰੀ ਕੈਨੀ ਨੇ ਖੇਤੀਬਾੜੀ, ਸਿੱਖਿਆ ਅਤੇ ਵਿਕਾਸ ਦੇ ਹੋਰ ਦੂਸਰੇ ਖੇਤਰਾਂ ਜਿਥੇ ਕੈਨੇਡਾ ਅਤੇ ਪੰਜਾਬ ਸਰਕਾਰ ਦੋਵੇਂ ਤਕਨਾਲੋਜੀ ਤਬਾਦਲੇ ਜਾਂ ਫਿਰ ਸਾਝੇਂ ਉਦਮ ਰਾਹੀ ਪ੍ਰੋਗਰਾਮ ਸ਼ੁਰੂ ਕਰ ਸਕਦੀਆਂ ਹਨ, ਬਾਰੇ ਵਿਸਤ੍ਰਿਤ ਰੂਪ ਵਿਚ ਵਿਚਾਰ ਵਟਾਂਦਰਾ ਕੀਤਾ। ਉਹਨਾ ਪੰਜਾਬੀਆਂ ਵਲੋਂ ਕੈਨੇਡਾ ਦੇ ਵਿਕਾਸ ਅਤੇ ਪ੍ਰਗਤੀ ਵਿਚ ਪਾਏ ਯੋਗਦਾਨ ਦੀ ਸਰਾਹਨਾ ਕੀਤੀ।

ਇਨ੍ਹਾਂ ਮੁੱਦਿਆਂ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਸ਼੍ਰੀ ਕੈਨੀ ਨੂੰ ਭਰੋਸਾ ਦੁਆਇਆ ਕਿ ਉਹ ਕੈਨੇਡਾ ਅਤੇ ਪੰਜਾਬ ਵਿਚਕਾਰ ਸਬੰਧਾਂ ਨੂੰ ਮਜਬੂਤ ਕਰਨ ਲਈ ਹਰ ਸੰਭਵ ਸਹਿਯੋਗ ਅਤੇ ਸਹਾਇਤਾ ਕਰਨਗੇ। ਉਨ੍ਹਾਂ ਸ਼੍ਰੀ ਕੈਨੀ ਵਲੋਂ ਐਗਰੋ ਇੰਡਸਟਰੀ, ਹਾਈਟੈਕ ਖੇਤੀਬਾੜੀ ਅਤੇ ਉਚੇਰੀ ਸਿੱਖਿਆ ਵਿਚ ਸਾਂਝੇ ਪ੍ਰਾਜੈਕਟ ਸਥਾਪਤ ਕਰਨ ਲਈ ਪੇਸ਼ ਪ੍ਰਸਤਾਵ ਦਾ ਸਵਾਗਤ ਕੀਤਾ। ਇਥੇ ਸ਼੍ਰੀ ਕੈਨੀ ਦੇ ਨਾਲ ਉਨ੍ਹਾਂ ਦੇ ਕਾਰਜ਼ਕਾਰੀ ਸਹਾਇਕ ਸ਼੍ਰੀ ਜੈਮੇ ਇਲੈਰਟੇਨ, ਐਮ.ਪੀ. ਨੀਨਾ ਗਰੇਵਾਲ, ਐਮ.ਪੀ. ਸ਼੍ਰੀ ਟਿਮ ਉਪਲ, ਐਮ.ਪੀ. ਸ਼੍ਰੀ ਪੈਟਰਿਕ ਬਰਾਊਨ, ਕੌਂਸਲ ਜਨਰਲ ਚੰਡੀਗੜ੍ਹ ਸ਼੍ਰੀ ਸਕਾਟ ਸੈਲੇਸਰ, ਡਾਇਰੈਕਟਰ ਜਨਰਲ ਇੰਟਰਨੈਸ਼ਨਲ ਰਿਜ਼ਨ ਸ਼੍ਰੀ ਰਿਨਾਲਡ ਗਿਲਬਰਟ, ਇੰਮੀਗਰੇਸ਼ਨ ਪ੍ਰੋਗਰਾਮ ਮੈਨੇਜਰ ਨਵੀਂ ਦਿੱਲੀ ਸ਼੍ਰੀ ਡੈਵਿਡ ਮੈਨੀਕਾਮ ਅਤੇ ਇਮੀਗਰੇਸ਼ਨ ਪ੍ਰੋਗਰਾਮ ਮੈਨੇਜਰ ਚੰਡੀਗੜ੍ਹ ਸਨ।

## ਵੋਟਰਾਂ ਦੀ ਉਮਰ ਘੱਟ ਕਰਨ ਤੋਂ ਇਨਕਾਰ

**ਚੰਡੀਗੜ੍ਹ:** ਚੀਫ ਜਸਟਿਸ ਮੁਕੁਲ ਮੁਦਗਲ ਤੇ ਜਸਟਿਸ ਅਜੈ ਤਿਵਾੜੀ 'ਤੇ ਆਧਾਰਤ ਬੈਂਚ ਨੇ ਜਗਦੀਸ਼ ਸਿੰਘ ਝੀਂਡਾ ਵਲੋਂ ਦਾਇਰ ਉਸ ਪਟੀਸ਼ਨ 'ਤੇ ਸੁਣਵਾਈ ਕੀਤੀ, ਜਿਸ 'ਚ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ 'ਚ ਵੋਟਰ ਦੀ ਉਮਰ 21 ਤੋਂ ਘਟਾ ਕੇ 18 ਸਾਲ ਕਰਨ ਦੇ ਨਿਰਦੇਸ਼ਾਂ ਦੀ ਗੁਹਾਰ ਲਗਾਈ ਹੈ।

ਬੈਂਚ ਨੇ ਇਸ ਅਹਿਮ ਮੁੱਦੇ ਨੂੰ ਲੈ ਕੇ ਦਾਇਰ ਜਨਹਿੱਤ ਪਟੀਸ਼ਨ ਨੂੰ ਵਿਚਾਰ ਲਈ ਪ੍ਰਵਾਨ (ਐਡਮਿਟ) ਕਰ ਲਿਆ ਹੈ, ਜਿਸ 'ਚ ਕਿਹਾ ਗਿਆ ਹੈ ਕਿ ਜੇਕਰ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੀ ਚੋਣ ਲਈ ਵੋਟਰ ਦੀ ਉਮਰ ਹੱਦ 18 ਸਾਲ ਹੈ ਤਾਂ ਚੋਣ ਲਈ ਇਹ ਉਮਰ ਹੱਦ 21 ਸਾਲ ਕਿਉਂ ਰੱਖੀ ਗਈ ਹੈ? ਇਸ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੇਂਦਰ ਦੇ ਵਕੀਲ ਓਂਕਾਰ ਸਿੰਘ ਬਟਾਲਵੀ ਨੇ ਆਪਣਾ ਪੱਖ ਰੱਖਦੇ ਹੋਏ ਜਵਾਬ ਦਾਇਰ ਕੀਤਾ ਹੈ, ਜਿਸ 'ਚ ਕਿਹਾ ਗਿਆ ਹੈ ਕਿ ਸੰਵਿਧਾਨ ਦੀ ਧਾਰਾ 326 ਦੀ, ਜੋ ਪਟੀਸ਼ਨਕਰਤਾ ਗੱਲ ਕਰ ਰਹੇ ਹਨ, ਉਹ ਸਿਰਫ ਸੰਸਦ ਤੇ ਵਿਧਾਨ ਸਭਾ ਚੋਣ ਨਾਲ ਸੰਬੰਧਿਤ ਹੈ ਤੇ ਹੋਰਨਾਂ ਕਿਸੇ ਤਰ੍ਹਾਂ ਦੀ ਚੋਣ ਲਈ ਉਮਰ ਹੱਦ ਬਾਰੇ ਇਹ ਧਾਰਾ ਕੰਮ ਨਹੀਂ ਕਰਦੀ। ਕੇਂਦਰ ਨੇ ਇਸ ਜਵਾਬ 'ਚ ਕਿਹਾ ਹੈ ਕਿ ਕਮੇਟੀ ਚੋਣਾਂ ਲਈ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਤੇ ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਹੋ ਸਕਦੀ।

## ਭੱਠਲ ਖੇਮੇ ਵਿਚ ਹੋਈ ਕੈਪਟਨ ਜ਼ਿੰਦਾਬਾਦ

**ਬਠਿੰਡਾ:** ਸ਼ਹਿਰ ਦੇ ਭਖਵੇਂ ਮੁੱਦਿਆਂ ਨੂੰ ਲੈ ਕੇ ਕਾਂਗਰਸ ਪਾਰਟੀ ਵਲੋਂ ਬੀਤੀ 8 ਸਤੰਬਰ ਨੂੰ ਇਥੇ ਲਾਇਆ ਧਰਨਾ ਗਿਣਾਤਮਕ ਤੇ ਗੁਣਾਤਮਕ ਪੱਖ ਤੋਂ ਹੀ ਇਕ ਵੱਡਾ ਜਨਤਕ ਐਕਸ਼ਨ ਨਹੀਂ ਬਲਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਇਕ ਫਤਵਾ ਹੋ ਨਿਬੜਿਆ।

ਜ਼ਿਕਰਯੋਗ ਹੈ ਕਿ ਜਨਤਕ ਸਮੱਸਿਆਵਾਂ ਨੂੰ ਲੈ ਕੇ ਸਥਾਨਕ ਕਾਂਗਰਸੀ ਵਿਧਾਇਕ ਹਰਮਿੰਦਰ ਸਿੰਘ ਜੱਸੀ ਪਿਛਲੇ ਕਈ ਮਹੀਨਿਆਂ ਤੋਂ ਨੁੱਕੜ ਮੀਟਿੰਗਾਂ ਦੇ ਮਾਧਿਅਮ ਰਾਹੀਂ ਆਮ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਚਲਾ ਰਹੇ ਹਨ, ਜਿਸ ਦੇ ਸਿੱਟੇ ਵਜੋਂ ਕਾਂਗਰਸ ਦੀ ਸ਼ਹਿਰੀ ਇਕਾਈ ਨੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਸਾਹਮਣੇ ਅੰਬੇਡਕਰ ਚੌਕ ਵਿਖੇ ਇਕ ਵਿਸ਼ਾਲ ਧਰਨਾ ਦਿੱਤਾ, ਜਿਸ ਵਿਚ ਹਜ਼ਾਰਾਂ ਲੋਕਾਂ ਨੇ ਸ਼ਿਰਕਤ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਜਿੱਥੇ ਸਾਰੇ ਹੀ ਬੁਲਾਰਿਆਂ ਦੀ ਸੁਰ ਅਕਾਲੀ-ਭਾਜਪਾ ਸਰਕਾਰ ਦੇ ਵਿਰੁਧ ਰਹੀ, ਉਥੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਜੀਦਾ ਨੇ ਪ੍ਰਚਲਤ ਧਾਰਾ ਦੇ ਉਲਟ ਆਪਣੇ ਵਿਚਾਰ ਪ੍ਰਗਟ ਅੱਜ ਦੀ ਰਾਜਨੀਤੀ ਤਿਆਗ ਦੀ ਬਜਾਇ ਇਸ ਕਦਰ ਗੰਧਲ ਚੁੱਕੀ ਹੈ ਕਿ ਸਾਰੀਆਂ ਹੀ ਪਾਰਟੀਆਂ ਦੇ ਦਰੀਆਂ ਵਿਛਾਉਣ ਵਾਲੇ ਵਰਕਰਾਂ ਦੀ ਕੋਈ ਪੁੱਛਗਿੱਛ ਨਹੀਂ ਰਹੀ।

ਜਦ ਸ਼੍ਰੀ ਜੀਦਾ ਨੇ ਸੱਦਾ ਦਿੱਤਾ ਕਿ ਵਰਕਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਦੂਰ-ਅੰਦੇਸ਼ੀ, ਸ਼੍ਰੀ ਰਾਹੁਲ ਗਾਂਧੀ ਦੀ ਲੋਕ ਪੱਖੀ ਸਿਆਸਤ ਅਤੇ ਕੈਪਟਨ ਅਮਰਿੰਦਰ ਸਿੰਘ ਦੀਆਂ ਵਿਕਾਸ ਮੁਖੀ ਨੀਤੀਆਂ ਤੇ ਕੁਸਲ ਪ੍ਰਸ਼ਾਸਨ ਦੇ ਹੱਕ ਵਿਚ ਫਤਵਾ ਦੇਣ ਤਾਂ ਪ੍ਰਤੀਕਰਮ ਵਜੋਂ ਹਜ਼ਾਰਾਂ ਕਾਂਗਰਸੀਆਂ ਨੇ ਬਾਹਾਂ ਖੜੀਆਂ ਕਰਕੇ ਕੈਪਟਨ ਅਮਰਿੰਦਰ ਸਿੰਘ ਜ਼ਿੰਦਾਬਾਦ ਦੇ ਅਕਾਸ਼ ਗੁੰਜਾਊ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਦੇਖਣ ਨੂੰ ਤਾਂ ਬੇਸ਼ੱਕ ਆਪਣੇ ਆਗੂ ਦੇ ਹੱਕ ਵਿਚ ਅਜਿਹਾ ਪ੍ਰਗਟਾਵਾ ਸਾਧਾਰਨ ਜਾਪਦਾ ਸੀ, ਪ੍ਰੰਤੂ ਜੇਕਰ ਅਤੀਤ ਦੌਰਾਨ ਸ਼੍ਰੀ ਜੱਸੀ ਦੇ ਸਾਬਕਾ ਮੁਖ ਮੰਤਰੀ ਨਾਲ ਸੰਬੰਧਾਂ ਦੇ ਸੰਦਰਭ ਵਿਚ ਇਸ ਘਟਨਾਕ੍ਰਮ ਨੂੰ ਵਿਚਾਰਿਆ ਜਾਵੇ ਤਾਂ ਸਿਆਸੀ ਪੱਖ ਤੋਂ ਇਸ ਦੀ ਅਹਿਮੀਅਤ ਇਸ ਲਈ ਮਹੱਤਵਪੂਰਨ ਹੈ, ਕਿਉਂਕਿ ਭੱਠਲ ਖੇਮੇ 'ਚ ਕੈਪਟਨ ਪੱਖੀ ਨਾਅਰੇਬਾਜ਼ੀ ਕਾਂਗਰਸੀ ਕਾਡਰ ਵਿਚ ਉਨ੍ਹਾਂ ਦੀ ਸਥਾਪਤੀ ਸਾਬਤ ਕਰਦੀ ਹੈ।


Realtor & Mortgage Specialist
Bay Area & Central Valley

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

RAJ SINGH
Cell:510-452-7370

MISSIONPEAK
46560 Fremont Blvd., Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ



ਅਲਬਾਮਾ ਵਿਚ ਰੈਸਟੋਰੈਂਟ ਵਿਕਾਊ ਹੈ

ਅਲਬਾਮਾ ਵਿਚ ਬਹੁਤ ਕਾਮਯਾਬੀ ਨਾਲ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ।

*ਫਰੀ ਸਟੈਂਡਿੰਗ ਬਿਲਡਿੰਗ *ਬਹੁਤ ਵਧੀਆ ਲੋਕੇਸ਼ਨ
*ਵਾਜਬ ਰੈਂਟ *ਲੰਮੇ ਸਮੇਂ ਦੀ ਲੀਜ਼
ਮਾਸਿਕ ਆਮਦਨ 35 ਤੋਂ 40 ਹਜ਼ਾਰ ਡਾਲਰ

ਸੰਪਰਕ ਕਰੋ: ਫੋਨ 850-510-3466



Wraich Transport LLC
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offers all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310



ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜੋ ਕੈਲੀਫੋਰਨੀਆ ਤੋਂ ਸਿਆਟਲ, ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ, ਆਦਿ ਸ਼ਹਿਰਾਂ ਵਿਚ ਆ-ਜਾ ਸਕਣ।

ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ
ਫੋਨ:(510) 881-8008
ਸੈਲ:408-896-4518
Email: cctransinc@gmail.com



C and C Trans Inc., Hayward, CA

# ਪੰਜਾਬ ਕਾਂਗਰਸ ਦੀ ਪ੍ਰਧਾਨਗੀ ਲਈ ਜ਼ੋਰ ਅਜਮਾਈ ਜਾਰੀ

## *ਭੱਠਲ ਵਲੋਂ ਡੈਲੀਗੇਟ ਸੂਚੀ ਵਿਚ ਸੁਧਾਈ ਲਈ ਔਸਕਰ ਨੂੰ ਪੱਤਰ
## *ਪਰਿਵਾਰਵਾਦ ਕਾਰਨ ਕਾਂਗਰਸੀ ਵਰਕਰਾਂ 'ਚ ਰੋਸ

ਪਾਰਟੀ ਦੇ ਇਕ ਧੜੇ ਵਲੋਂ ਚੋਣ ਪ੍ਰੋਗਰਾਮ ਮੁਲਤਵੀ ਕਰਨ 'ਤੇ ਜ਼ੋਰ ਲਾਇਆ ਜਾ ਰਿਹਾ ਸੀ ਤਾਂ ਦੂਜੇ ਧੜੇ ਵਲੋਂ ਮਿੰਨੀ ਸੈਸ਼ਨ ਤੋਂ ਪਹਿਲਾਂ ਡੈਲੀਗੇਟਾਂ ਦੀ ਮੀਟਿੰਗ ਬੁਲਾ ਲੈਣ ਲਈ ਦਬਾਅ ਪਾਇਆ ਜਾ ਰਿਹਾ ਸੀ। ਕਾਂਗਰਸ ਦਾ ਮਿੰਨੀ ਸੈਸ਼ਨ ਹੁਣ ਦਸੰਬਰ ਦੇ ਅੰਤ ਜਾਂ ਅਗਲੇ ਸਾਲ ਜਨਵਰੀ ਮਹੀਨੇ ਹੋਣ



ਦੀ ਸੰਭਾਵਨਾ ਹੈ। ਪੰਜਾਬ ਕਾਂਗਰਸ ਵਲੋਂ ਸੈਸ਼ਨ ਦੀਆਂ ਸਾਰੀਆਂ ਤਿਆਰੀਆਂ ਕੀਤੀਆਂ ਜਾ ਚੁੱਕੀਆਂ ਸਨ। ਮਹਿਮਾਨਾਂ ਲਈ ਹੋਟਲਾਂ ਅਤੇ ਹੋਰਨਾਂ ਥਾਵਾਂ 'ਤੇ ਕਮਰੇ ਬੁੱਕ ਕਰ ਲਏ ਸਨ। ਤਿੰਨਾਂ ਸੀਨੀਅਰ ਆਗੂਆਂ ਮਹਿੰਦਰ ਸਿੰਘ ਕੇ.ਪੀ., ਰਾਜਿੰਦਰ ਕੌਰ ਭੱਠਲ ਅਤੇ ਕੈਪਟਨ ਅਮਰਿੰਦਰ ਸਿੰਘ ਵਲੋਂ ਸੋਮਵਾਰ ਨੂੰ ਕੀਤੀ ਮੀਟਿੰਗ ਦੌਰਾਨ ਸੈਸ਼ਨ 'ਤੇ ਖਰਚ ਆਉਣ ਵਾਲੇ ਤਕਰੀਬਨ 4-5 ਕਰੋੜ ਰੁਪਏ ਇਕੱਠੇ ਕਰਨ ਬਾਰੇ ਵੀ ਚਰਚਾ ਹੋ ਚੁੱਕੀ ਸੀ। ਪਾਰਟੀ ਦੇ ਇੱਕ ਧੜੇ ਵਲੋਂ ਇਹ ਗੱਲ ਫੈਲਾਈ ਜਾ ਰਹੀ ਹੈ ਕਿ ਪੰਜਾਬ ਦੇ ਡੈਲੀਗੇਟਾਂ ਦੀ ਚੋਣ ਵਿਚ ਆਮ ਵਰਕਰਾਂ ਨੂੰ ਅੱਖੋਂ-ਪਰੋਖੇ ਕਰਨ ਦਾ ਮਾਮਲਾ ਪਾਰਟੀ ਹਾਈ ਕਮਾਨ ਦੇ ਧਿਆਨ ਵਿਚ ਆ ਗਿਆ ਹੈ ਜਿਸ ਕਾਰਨ ਮੁਹਾਲੀ ਵਿਚ ਹੋਣ ਵਾਲਾ ਸਮਾਗਮ ਮੁਲਤਵੀ ਕੀਤਾ ਗਿਆ ਹੈ। ਸ੍ਰੀ ਕੇ.ਪੀ. ਅਤੇ ਬੀਬੀ ਭੱਠਲ ਨੇ ਸਮਾਗਮ ਮੁਲਤਵੀ ਕਰਨ ਪਿੱਛੇ ਦੇਸ਼ ਦੇ ਕਈ ਸੂਬਿਆਂ ਵਿਚ ਬਾਰਸ਼ਾਂ ਹੋਣਾ ਦੱਸਿਆ ਹੈ।

**ਡੈਲੀਗੇਟਾਂ ਬਾਰੇ ਕਈ ਇਤਰਾਜ਼ ਸਹੀ: ਕੇ.ਪੀ.**

ਮਹਿੰਦਰ ਸਿੰਘ ਕੇ.ਪੀ. ਨੇ ਪਾਰਟੀ ਦੇ ਸੂਬਾਈ ਡੈਲੀਗੇਟਾਂ ਦੀ ਸੂਚੀ ਪ੍ਰਤੀ ਪਾਰਟੀ ਵਰਕਰਾਂ ਵਿੱਚ ਪਾਏ ਜਾ ਰਹੇ ਰੋਸ ਨੂੰ ਜਾਇਜ਼ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਇਕ ਧੜੇ ਵਲੋਂ ਵੰਡੇ ਪੈਂਫਲਿਟ ਰਾਹੀਂ ਜੋ ਮੁੱਦੇ ਉਠਾਏ ਗਏ ਹਨ, ਉਨ੍ਹਾਂ ਵਿਚੋਂ ਕਈ ਠੀਕ ਹਨ। ਵੈਸੇ ਜੇਕਰ ਕਿਸੇ ਨੂੰ ਡੈਲੀਗੇਟਾਂ ਦੀ ਚੋਣ 'ਤੇ ਇਤਰਾਜ਼ ਹੈ ਤਾਂ ਪਾਰਟੀ ਦੇ ਵਿਧਾਨ ਮੁਤਾਬਕ ਕੇਂਦਰੀ ਚੋਣ ਕਮੇਟੀ ਕੋਲ ਅਪੀਲ ਦਾਇਰ ਕੀਤੀ ਜਾ ਸਕਦੀ ਹੈ।

ਯਾਦ ਰਹੇ ਇਸ ਤੋਂ ਪਹਿਲਾਂ ਇਹ ਖਬਰਾਂ ਸਨ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਦੀ ਚੋਣ ਸਬੰਧੀ ਕਾਂਗਰਸ ਦੀ ਕੌਮੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੂੰ ਅਧਿਕਾਰ ਦੇਣ ਦੇ ਮੁੱਦੇ 'ਤੇ ਪੰਜਾਬ ਕਾਂਗਰਸ ਵਿਚਲੇ ਪਰਸਪਰ ਵਿਰੋਧੀ ਧੜਿਆਂ ਵਿਚ ਇਕਸੁਰਤਾ ਬਣਦੀ ਨਜ਼ਰ ਆ ਰਹੀ ਹੈ। ਕਾਂਗਰਸ ਹਲਕਿਆਂ ਦਾ ਕਹਿਣਾ ਹੈ ਕਿ ਪ੍ਰਦੇਸ਼ ਕਾਂਗਰਸ ਦੇ ਤਿੰਨੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ, ਬੀਬੀ ਰਜਿੰਦਰ ਕੌਰ ਭੱਠਲ ਅਤੇ ਸ੍ਰੀ ਮਹਿੰਦਰ ਸਿੰਘ ਕੇ.ਪੀ. ਇਕੱਠੇ ਆਉਂਦੇ ਦਿਨਾਂ ਦੌਰਾਨ ਦਿੱਲੀ ਜਾ ਕੇ ਕਾਂਗਰਸ ਦੀ ਚੋਣ ਅਥਾਰਟੀ ਦੇ ਮੁਖੀ ਆਸਕਰ ਫਰਨਾਂਡੇਜ਼ ਅਤੇ ਪਾਰਟੀ ਹਾਈਕਮਾਂਡ ਦੇ ਦੂਜੇ ਸੀਨੀਅਰ ਆਗੂਆਂ ਨਾਲ ਮੁਲਾਕਾਤ ਕਰਕੇ ਰਜ਼ਾਮੰਦੀ ਦੇ ਸਕਦੇ ਹਨ।

ਗੁਆਂਢੀ ਰਾਜਾਂ ਹਿਮਾਚਲ ਅਤੇ ਹਰਿਆਣਾ ਸਮੇਤ ਦੇਸ਼ ਦੇ ਬਹੁਤੇ ਰਾਜਾਂ ਵਲੋਂ ਡੈਲੀਗੇਟ ਇਜਲਾਸਾਂ ਰਾਹੀਂ ਆਪਣੇ ਰਾਜਾਂ ਦੇ ਪ੍ਰਦੇਸ਼ ਕਾਂਗਰਸ ਪ੍ਰਧਾਨਾਂ ਦੀ ਚੋਣ ਦੇ ਅਧਿਕਾਰ ਸ੍ਰੀਮਤੀ ਸੋਨੀਆ ਗਾਂਧੀ ਨੂੰ ਸੌਂਪੇ ਜਾ ਚੁੱਕੇ ਹਨ। ਪ੍ਰਦੇਸ਼ ਕਾਂਗਰਸ ਪ੍ਰਧਾਨ ਸ੍ਰੀ ਮਹਿੰਦਰ ਸਿੰਘ ਕੇ.ਪੀ. ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਰਮਿਆਨ ਬੀਤੀ 12 ਸਤੰਬਰ ਨੂੰ ਚੰਡੀਗੜ੍ਹ ਨੇੜੇ ਇਕ ਫਾਰਮ ਹਾਊਸ ਤੇ ਹੋਈ ਮੀਟਿੰਗ ਦੌਰਾਨ ਪਾਰਟੀ ਅੰਦਰ ਚੱਲ ਰਹੇ ਇਸ ਡੈਡਲਾਕ ਨੂੰ ਖਤਮ ਕਰਨ ਲਈ ਵਿਚਾਰ ਵਟਾਂਦਰਾ ਹੋਇਆ, ਜਿਸ ਤੋਂ ਬਾਅਦ ਸ੍ਰੀ ਕੇ.ਪੀ. ਵਲੋਂ ਵੀ ਸਾਰੇ ਅਧਿਕਾਰ ਸ੍ਰੀਮਤੀ ਸੋਨੀਆ ਗਾਂਧੀ ਨੂੰ ਸੌਂਪਣ ਲਈ ਸਹਿਮਤੀ ਦੇਣ ਦੀਆਂ ਸੂਚਨਾਵਾਂ ਹਨ। ਇਸ ਮੀਟਿੰਗ ਦੌਰਾਨ ਸਾਬਕਾ ਮੰਤਰੀ ਸ੍ਰੀ ਅਵਤਾਰ ਹੈਨਰੀ ਅਤੇ ਕਾਂਗਰਸ ਆਗੂ ਸੁੱਖ ਸਰਕਾਰੀਆ, ਸ੍ਰੀ ਅਰਵਿੰਦ ਖੰਨਾ ਆਦਿ ਵੀ ਹਾਜ਼ਰ ਸਨ। ਸੂਚਨਾ ਅਨੁਸਾਰ ਸ੍ਰੀਮਤੀ ਭੱਠਲ ਨਾਲ ਵੀ ਇਸ ਮੁੱਦੇ 'ਤੇ ਇਨ੍ਹਾਂ ਨੇਤਾਵਾਂ ਦੀ ਗੱਲਬਾਤ ਜਾਰੀ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਡੈਲੀਗੇਟ ਸੂਚੀ ਵਿਚ ਪਰਿਵਾਰਵਾਦ ਦੇ ਹਾਵੀ ਰਹਿਣ ਤੋਂ ਚਰਚਾ ਵਿਚ ਆਏ ਸੀਨੀਅਰ ਕਾਂਗਰਸੀ ਆਗੂਆਂ ਨੇ ਪਾਰਟੀ ਹਾਈ ਕਮਾਨ ਉਪਰ ਡੈਲੀਗੇਟ ਸੂਚੀ 'ਤੇ ਮੁੜ ਤੋਂ ਵਿਚਾਰ ਕਰਨ ਦਾ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਹੈ। ਕੁਝ ਸੀਨੀਅਰ ਆਗੂਆਂ ਦੇ ਇਸ ਕਦਮ ਨਾਲ ਪ੍ਰਦੇਸ਼ ਕਾਂਗਰਸ ਵਿਚ ਨਵੀਂ ਸਫਬੰਦੀ ਹੋਣ ਦੀ ਸੰਭਾਵਨਾ ਵੀ ਪੈਦਾ ਹੋ ਗਈ ਹੈ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੇਂਦਰੀ ਚੋਣ ਕਮੇਟੀ ਦੇ ਮੁਖੀ ਆਸਕਰ ਫਰਨਾਂਡੇਜ਼ ਨੂੰ ਡੈਲੀਗੇਟ ਸੂਚੀ ਵਿਚ ਸੁਧਾਈ ਕਰਨ ਲਈ ਕਿਹਾ ਹੈ। ਦੂਜੇ ਪਾਸੇ ਪ੍ਰਦੇਸ਼ ਕਾਂਗਰਸ ਦੇ ਹੀ ਇਕ ਧੜੇ ਵਲੋਂ 'ਹਮਦਰਦੀ' ਬਟੋਰਨ ਲਈ ਵਿਸ਼ੇਸ਼ ਮੁਹਿੰਮ ਆਰੰਭੀ ਗਈ ਹੈ। ਇਸ ਮੁਹਿੰਮ ਤਹਿਤ ਚਾਰ ਪੰਨਿਆਂ ਦਾ ਇਕ ਪੈਂਫਲਿਟ ਛਾਪ ਕੇ ਮੀਡੀਆ ਅਤੇ ਪਾਰਟੀ ਪੱਧਰ 'ਤੇ ਵੰਡਿਆ ਜਾ ਰਿਹਾ ਹੈ। ਨਾਲ ਹੀ ਪਾਰਟੀ ਹਾਈ ਕਮਾਨ ਨੂੰ ਦਖਲ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਇਸ ਵਿਚ ਪਰਿਵਾਰਵਾਦ ਨੂੰ ਪ੍ਰਫੁੱਲਤ ਕਰਨ ਵਾਲੇ ਕਾਂਗਰਸੀਆਂ, ਖਾਸਕਰ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਦਿ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਬੀਬੀ ਭੱਠਲ ਨੇ ਪੰਜਾਬ ਦੇ ਡੈਲੀਗੇਟਾਂ ਵਿਚ ਸੀਨੀਅਰ ਆਗੂਆਂ ਦੇ ਪਰਿਵਾਰਕ ਮੈਂਬਰਾਂ ਦੀ ਨੁਮਾਇੰਦਗੀ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਭਾਵੇਂ ਕਈ ਅਜਿਹੇ ਨਾਮ ਰਹਿ ਗਏ ਹਨ ਜਿਨ੍ਹਾਂ ਦੀ ਅਣਦੇਖੀ ਕਰਨੀ ਨਹੀਂ ਸੀ ਚਾਹੀਦੀ, ਫਿਰ ਵੀ ਇਨ੍ਹਾਂ ਕਾਂਗਰਸੀਆਂ ਦੀ ਤੁਲਨਾ ਸੀਨੀਅਰ ਆਗੂਆਂ ਨਾਲ ਨਹੀਂ ਕੀਤੀ ਜਾਣੀ ਚਾਹੀਦੀ, ਕਿਉਂਕਿ ਸੀਨੀਅਰ ਆਗੂਆਂ ਦੇ ਸਾਰੇ ਪਰਿਵਾਰਕ ਮੈਂਬਰ ਹੀ ਪਾਰਟੀ ਲਈ ਮਿਹਨਤ ਕਰਦੇ ਆਏ ਹਨ। ਉਂਜ ਬੀਬੀ ਭੱਠਲ ਦਾ ਇਹ ਵੀ ਕਹਿਣਾ ਹੈ ਕਿ ਪਾਰਟੀ ਦੇ ਕੁਝ ਆਗੂਆਂ ਨੇ 'ਧੱਕੇਸ਼ਾਹੀ' ਕੀਤੀ ਹੈ ਜੋ ਕਿ ਹੋਰਨਾਂ ਆਗੂਆਂ ਨੂੰ ਰੜਕ ਰਹੀ ਹੈ।



ਡੈਲੀਗੇਟ ਸੂਚੀ ਵਿਚ ਸ਼ਾਮਲ ਹੋਣ ਤੋਂ ਰਹਿ ਗਏ ਕਾਂਗਰਸੀਆਂ ਵਲੋਂ ਕਈ ਵਿਧਾਇਕਾਂ ਤੇ ਸੀਨੀਅਰ ਆਗੂਆਂ ਦੇ ਨਾਮ ਪੇਸ਼ ਕਰਦਿਆਂ ਧੱਕੇਸ਼ਾਹੀ ਅਤੇ ਅੱਖੋਂ ਪਰੋਖੇ ਕਰਨ ਦੀਆਂ ਮਿਸਾਲਾਂ ਦਿੱਤੀਆਂ ਜਾ ਰਹੀਆਂ ਹਨ। ਜਾਤੀਵਾਦ ਦੇ ਨਾਮ 'ਤੇ ਡੈਲੀਗੇਟ ਸੂਚੀ 'ਤੇ ਸਵਾਲੀਆ ਨਿਸ਼ਾਨ ਲਗਾਏ ਜਾ ਰਹੇ ਹਨ। ਡੈਲੀਗੇਟ ਸੂਚੀ ਵਿਚ ਸ਼ਾਮਲ ਬਹੁ ਗਿਣਤੀ ਵਿਅਕਤੀਆਂ ਨੂੰ ਸੀਨੀਅਰ ਆਗੂਆਂ ਦੇ ਰਿਸ਼ਤੇਦਾਰ ਤਾਂ ਕਿਹਾ ਹੀ ਜਾ ਰਿਹਾ ਹੈ, ਨਾਲ ਹੀ , ਕੱਟੜ ਅਤਿਵਾਦੀ ਵਰਗੇ ਵਿਸ਼ੇਸ਼ਣ ਵੀ ਦਿੱਤੇ ਜਾ ਰਹੇ ਹਨ। ਰੌਚਕ ਤੱਥ ਇਹ ਹੈ ਕਿ ਜਿਨ੍ਹਾਂ ਕਾਂਗਰਸੀ ਆਗੂਆਂ ਦੀ ਅਣਦੇਖੀ ਕਰਨ ਦੀ ਗੱਲ ਕਹੀ ਜਾ ਰਹੀ ਹੈ, ਉਹ ਆਮ ਵਰਕਰ ਲਈ 'ਹਾਅ ਦਾ ਨਾਹਰਾ' ਮਾਰਨ ਦੀ ਥਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਡੈਲੀਗੇਟ ਸੂਚੀ ਵਿਚ ਸ਼ਾਮਲ ਕਰਵਾਉਣ ਲਈ ਤਰਲੇ ਮਾਰ ਰਹੇ ਹਨ। ਜਿਨ੍ਹਾਂ ਨੂੰ ਤਰਸ ਦੇ ਪਾਤਰ ਬਣਾਇਆ ਗਿਆ ਹੈ ਅਜਿਹੇ ਆਗੂਆਂ ਵਿਚ ਸੰਗਰੂਰ ਤੋਂ ਵਿਧਾਇਕ ਸੁਰਿੰਦਰਪਾਲ ਸਿੰਘ ਸਿਬੀਆ, ਸਮਾਣਾ ਤੋਂ ਵਿਧਾਇਕ ਬ੍ਰਹਮ ਮਹਿੰਦਰਾ, ਬਠਿੰਡਾ ਤੋਂ ਵਿਧਾਇਕ ਹਰਮਿੰਦਰ ਸਿੰਘ ਜੱਸੀ, ਸੁਖਵਿੰਦਰ ਸਿੰਘ ਡੈਨੀ, ਗੋਪਾਲ ਕ੍ਰਿਸ਼ਨ ਚਤਰਥ, ਐਮ.ਐਮ. ਸਿੰਘ ਚੀਮਾ ਤੇ ਬੁਢਲਾਡਾ ਤੋਂ ਵਿਧਾਇਕ ਮੰਗਤ ਰਾਮ ਬਾਂਸਲ ਦੇ ਨਾਂ ਸ਼ਾਮਲ ਹਨ। ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਅਤੇ ਦਲਿਤਾਂ ਨੂੰ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕਰਨ ਦੇ ਦੋਸ਼ ਲਾਏ ਜਾ ਰਹੇ ਹਨ। ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਦੇ ਦਾਅਵੇਦਾਰ ਜਗਮੀਤ ਸਿੰਘ ਬਰਾੜ ਦੇ ਭਰਾ ਰਿਪਜੀਤ ਸਿੰਘ ਬਰਾੜ, ਜੋ ਕਿ ਕੋਟਕਪੂਰਾ ਤੋਂ ਵਿਧਾਇਕ ਹਨ, ਦੇ ਹਮਾਇਤੀਆਂ ਵਲੋਂ ਦੋਸ਼ ਲਾਇਆ ਗਿਆ ਹੈ ਕਿ ਨਵੀਂ ਦਿੱਲੀ ਦੀ ਇਕ ਅਜਿਹੀ ਔਰਤ ਨੂੰ ਡੈਲੀਗੇਟ ਬਣਾ ਦਿੱਤਾ ਹੈ ਜਿਸ ਨੇ ਇਕ ਵੀ ਮੈਂਬਰ ਭਰਤੀ ਨਹੀਂ ਕੀਤਾ।

## ਖਾੜਕੂ ਸ਼ਹੀਦ ਹਰਜੀਤ ਸਿੰਘ ਰਾਏਪੁਰ ਦੇ ਮਾਤਾ ਸੁਰਗਵਾਸ

**ਮਾਡੈਸਟੋ:** ਪੰਜਾਬ ਦੀ ਖਾੜਕੂ ਲਹਿਰ ਦੇ ਸ਼ਹੀਦ ਭਾਈ ਹਰਜੀਤ ਸਿੰਘ ਪਿੰਡ ਰਾਏਪੁਰ (ਅੰਮ੍ਰਿਤਸਰ) ਦੇ ਮਾਤਾ ਗੁਰਦੀਪ ਕੌਰ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ ਨਿਤਨੇਮੀ ਅਤੇ ਚੜ੍ਹਦੀ ਕਲਾ ਵਾਲੇ ਸਨ।

ਜ਼ਿਕਰਯੋਗ ਹੈ ਕਿ 1984 ਵਿਚ ਅਪ੍ਰੇਸ਼ਨ ਬਲਿਊ ਸਟਾਰ ਉਪਰੰਤ ਉਪਜੇ ਸਿੱਖ ਰੋਹ ਦੌਰਾਨ ਪਿੰਡ ਰਾਏਪੁਰ ਦੇ ਨੌਜਵਾਨ ਭਾਈ ਇਕਬਾਲ ਸਿੰਘ ਤੇ ਭਾਈ ਹਰਜੀਤ ਸਿੰਘ ਰਾਏਪੁਰ ਖਾੜਕੂ ਲਹਿਰ ਵਿਚ ਜਾ ਕੁਦੇ ਅਤੇ ਇਸ ਦੌਰਾਨ ਹੀ ਸ਼ਹੀਦ ਹੋ ਗਏ। ਕੈਲੀਫੋਰਨੀਆ ਦੀਆਂ ਪੰਥਕ ਜਥੇਬੰਦੀਆਂ ਨੇ ਮਾਤਾ ਗੁਰਦੀਪ ਕੌਰ ਦੇ ਚਲਾਣੇ ਤੇ ਦੁਖ ਪ੍ਰਗਟਾਉਂਦਿਆਂ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਵਾਹਿਗੁਰੂ ਅਗੇ ਅਰਦਾਸ ਕੀਤੀ ਹੈ।


Mobile Auto Service
Bay Area & Central Valley

32 Years Experience

ASE Certified
Master Auto Technician
Engine Performance Specialist



Guljender Dhami

>· Brakes
>· Tune Up
>· Timing Belts
>· Water Pump
>· Check Engine Light
>· Electrical

ਵਾਧੂ ਖਰਚਾ ਕਿਉਂ ਕਰਦੇ ਹੋ?
ਵਧੀਆ ਸਰਵਿਸ
ਵਾਜਬ ਕੀਮਤ

Call For Appt.
510-284-9479 & 209-622-9051

Reliable and Experienced
Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD
Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

# ਪਟਨਾ ਸਾਹਿਬ ਦੇ ਜਥੇਦਾਰ ਤੋਂ ਸਪੱਸ਼ਟੀਕਰਨ ਲਵਾਂਗੇ

**ਅੰਮ੍ਰਿਤਸਰ :** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵਲੋਂ ਆਪਣੇ ਪੱਧਰ 'ਤੇ ਰਾਗ ਮਾਲਾ ਬਾਰੇ ਕੀਤੇ ਗਏ ਹੁਕਮਨਾਮੇ ਤੋਂ ਬਾਅਦ ਹੁਣ ਬਿਹਾਰ ਅਤੇ ਝਾਰਖੰਡ ਸੂਬਿਆਂ ਵਿਚ ਬਾਹਰੋਂ ਆ ਕੇ ਅੰਮ੍ਰਿਤ ਸੰਚਾਰ ਕਰਨ 'ਤੇ ਲਾਈ ਗਈ ਰੋਕ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਉਨ੍ਹਾਂ ਕੋਲੋਂ ਸਪੱਸ਼ਟੀਕਰਨ ਲੈਣ ਦਾ ਫੈਸਲਾ ਕੀਤਾ ਹੈ। ਅਜੋਕੀ ਸਥਿਤੀ ਵਿਚ ਪੰਜੇ ਤਖ਼ਤਾਂ ਦੇ ਜਥੇਦਾਰਾਂ ਵਿਚਾਲੇ ਆਪਸੀ ਟਕਰਾਅ ਦੀ ਸੰਭਾਵਨਾ ਬਣ ਗਈ ਹੈ।



ਇਸ ਸਬੰਧ ਵਿਚ ਬੀਤੀ 8 ਸਤੰਬਰ ਨੂੰ ਇੱਥੇ ਗੱਲਬਾਤ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਪੰਥਕ ਮਾਮਲਿਆਂ ਸਬੰਧੀ ਫੈਸਲੇ ਕਰਨ ਦਾ ਅਧਿਕਾਰ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲ ਹੈ। ਇਸ ਸਬੰਧ ਵਿਚ ਪਹਿਲਾਂ ਹੀ ਇਕ ਫੈਸਲਾ ਹੋ ਚੁੱਕਾ ਹੈ, ਜਿਸ ਉਪਰ ਪੰਜ ਤਖ਼ਤਾਂ ਦੇ ਜਥੇਦਾਰਾਂ ਵਲੋਂ ਆਪਣੇ ਦਸਤਖ਼ਤ ਕਰਕੇ ਇਸ ਫੈਸਲੇ ਦਾ ਸਮਰਥਨ ਕੀਤਾ ਜਾ ਚੁੱਕਾ ਹੈ। ਉਸ ਫੈਸਲੇ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਛੱਡ ਕੇ ਬਾਕੀ ਤਖ਼ਤਾਂ ਦੇ ਜਥੇਦਾਰ ਆਪਣੀਆਂ ਖੇਤਰੀ ਸਮੱਸਿਆਵਾਂ ਨੂੰ ਉਥੇ ਇਕੱਤਰਤਾ ਕਰਕੇ ਵਿਚਾਰ ਸਕਦੇ ਹਨ, ਪਰ ਕੌਮੀ ਅਤੇ ਪੰਥਕ ਫੈਸਲੇ ਸਿਰਫ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਵਲੋਂ ਆਪਣੇ ਪੱਧਰ 'ਤੇ ਅੰਮ੍ਰਿਤ ਸੰਚਾਰ 'ਤੇ ਰੋਕ ਲਾਉਣ ਅਤੇ ਰਾਗ ਮਾਲਾ ਬਾਰੇ ਕੀਤੇ ਗਏ ਫੈਸਲੇ ਬਾਰੇ ਉਨ੍ਹਾਂ ਕੋਲੋਂ ਸਪੱਸ਼ਟੀਕਰਨ ਲਿਆ ਜਾਵੇਗਾ।

ਦੱਸਣਯੋਗ ਹੈ ਕਿ ਗਿਆਨੀ ਇਕਬਾਲ ਸਿੰਘ ਵਲੋਂ ਉਥੋਂ ਦੇ ਪੰਜ ਪਿਆਰਿਆਂ ਨਾਲ ਕੀਤੀ ਗਈ ਇਕੱਤਰਤਾ ਵਿਚ 18 ਅਗਸਤ ਨੂੰ ਇਹ ਫੈਸਲਾ ਕੀਤਾ ਗਿਆ ਹੈ ਕਿ ਪਟਨਾ ਸ਼ਹਿਰ ਵਿਚ ਕੋਈ ਵੀ ਵਿਅਕਤੀ ਬਾਹਰੋਂ ਆ ਕੇ ਅੰਮ੍ਰਿਤ ਦਾ ਬਾਟਾ ਤਿਆਰ ਨਹੀਂ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੂਰੇ ਬਿਹਾਰ ਅਤੇ ਝਾਰਖੰਡ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਪ੍ਰਵਾਨਗੀ ਲਏ ਬਿਨਾਂ ਕੋਈ ਵੀ ਅੰਮ੍ਰਿਤ ਦਾ ਬਾਟਾ ਤਿਆਰ ਨਹੀਂ ਕਰ ਸਕਦਾ ਅਤੇ ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਇਹ ਇਸ ਆਦੇਸ਼ ਦੀ ਉਲੰਘਣਾ ਹੋਵੇਗੀ। ਉਨ੍ਹਾਂ ਕਿਹਾ ਕਿ ਉਲੰਘਣਾ ਕਰਨ ਵਾਲੇ ਪ੍ਰਬੰਧਕਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਗੁਰਮਤੇ 'ਤੇ ਗਿਆਨੀ ਇਕਬਾਲ ਸਿੰਘ ਤੋਂ ਇਲਾਵਾ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮੁੱਖ ਗ੍ਰੰਥੀ ਸ੍ਰੀ ਰਜਿੰਦਰ ਸਿੰਘ, ਸੀਨੀਅਰ ਮੀਤ ਗ੍ਰੰਥੀ ਸ੍ਰੀ ਬਲਦੇਵ ਸਿੰਘ, ਮੀਤ ਗ੍ਰੰਥੀ ਸ੍ਰੀ ਦਲੀਪ ਸਿੰਘ ਅਤੇ ਗ੍ਰੰਥੀ ਸ੍ਰੀ ਗੁਰਦਿਆਲ ਸਿੰਘ ਦੇ ਦਸਤਖ਼ਤ ਹਨ।

ਇਸ ਫੈਸਲੇ ਤੋਂ ਬਾਅਦ ਜਮਸ਼ੇਦਪੁਰ ਦੀ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਜਰਨੈਲ ਸਿੰਘ ਵਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਕ ਪੱਤਰ ਭੇਜ ਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਵਲੋਂ ਕੀਤੇ ਫੈਸਲੇ ਤੋਂ ਜਾਣੂ ਕਰਵਾਇਆ ਗਿਆ ਅਤੇ ਕਿਹਾ ਕਿ ਇਹ ਹੁਕਮਨਾਮਾ ਧਰਮ ਪ੍ਰਚਾਰ ਦੇ ਰਾਹ ਵਿਚ ਰੁਕਾਵਟ ਹੈ। ਉਨ੍ਹਾਂ ਨੇ ਇਸ ਕਾਰਵਾਈ ਨੂੰ ਇਕ ਗਿਣੀ ਮਿੱਥੀ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਕਿ ਅਜਿਹਾ ਆਪਣਾ ਦਬਦਬਾ ਕਾਇਮ ਕਰਨ ਲਈ ਕੀਤਾ ਗਿਆ ਹੈ। ਉਨ੍ਹਾਂ ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲੋਂ ਦਖ਼ਲਅੰਦਾਜ਼ੀ ਦੀ ਮੰਗ ਕੀਤੀ।

ਇਸ ਨੂੰ ਪੰਥ ਵਿਚ ਦੁਵਿਧਾ ਪਾਉਣ ਦੀ ਸਾਜ਼ਿਸ਼ ਕਰਾਰ ਦਿੰਦਿਆਂ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਸ੍ਰੀ ਮਨਜੀਤ ਸਿੰਘ ਕਲਕੱਤਾ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਆਦੇਸ਼ ਜਾਰੀ ਕਰਕੇ ਆਪਣੀ ਸਥਿਤੀ ਤੁਰੰਤ ਸਪੱਸ਼ਟ ਕਰਨ। ਇਕ ਬਿਆਨ ਵਿਚ ਸ੍ਰੀ ਕਲਕੱਤਾ ਨੇ ਕਿਹਾ ਕਿ ਗਿਆਨੀ ਇਕਬਾਲ ਸਿੰਘ ਦਾ ਇਹ ਹੁਕਮਨਾਮਾ ਸਿੱਧੇ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਹੈ ਅਤੇ ਸਰਵ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਹੈ।



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਮੰਡੀ ਗੋਬਿੰਦਗੜ੍ਹ ਵਿਚ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੇ ਮੰਦਰ ਵਿਖੇ ਉਨ੍ਹਾਂ ਦੀ ਪ੍ਰਤਿਮਾ ਤੇ ਪੁਸ਼ਪਾਂਜਲੀ ਭੇਂਟ ਕਰਦੇ ਹੋਏ। ਉਨ੍ਹਾਂ ਦੇ ਨਾਲ ਸ੍ਰੀ ਬ੍ਰਾਹਮਣ ਸਭਾ ਪੰਜਾਬ ਦੇ ਪ੍ਰਧਾਨ ਸ੍ਰੀ ਦੇਵੀ ਦਿਆਲ ਪ੍ਰਾਸ਼ਰ ਵੀ ਦਿਖਾਈ ਦੇ ਰਹੇ ਹਨ।

# ਭਗਵਾਨ ਪਰਸ਼ੂਰਾਮ ਜੀ ਦੇ ਨਾਂ 'ਤੇ ਚੇਅਰ ਸਥਾਪਤ ਹੋਵੇਗੀ

**ਫਤਹਿਗੜ੍ਹ ਸਾਹਿਬ :** ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਬ੍ਰਾਹਮਣ ਸਭਾ ਪੰਜਾਬ ਵਲੋਂ ਬੀਤੀ 11 ਸਤੰਬਰ ਨੂੰ ਸ੍ਰੀ ਪਰਸ਼ੂਰਾਮ ਧਰਮਸ਼ਾਲਾ ਮੰਡੀ ਗੋਬਿੰਦਗੜ੍ਹ ਵਿਖੇ ਉਨ੍ਹਾਂ ਦੇ ਸਨਮਾਨ ਵਿਚ ਆਯੋਜਤ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵਾਨ ਸ੍ਰੀ ਪਰਸ਼ੂਰਾਮ ਜੀ ਵਲੋਂ ਦਿੱਤੀਆਂ ਸਿੱਖਿਆਵਾਂ ਦੀ ਅੱਜ ਦੇ ਸਮਾਜ ਵਿਚ ਵੀ ਓਨੀ ਹੀ ਸਾਰਥਿਕਤਾ ਹੈ, ਜਿੰਨੀ ਕਿ ਪਹਿਲਾਂ ਸੀ। ਉਨ੍ਹਾਂ ਆਖਿਆ ਕਿ ਭਗਵਾਨ ਸਭ ਧਰਮਾਂ ਦੇ ਸਾਂਝੇ ਹੁੰਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਰਲ ਕੇ ਇਨਸਾਨੀਅਤ ਦੇ ਨਾਤੇ ਆਪਸੀ ਭਾਈਚਾਰੇ ਨੂੰ ਕਾਇਮ ਰੱਖਣ ਲਈ ਇਨ੍ਹਾਂ ਦੇ ਜਨਮ ਦਿਹਾੜੇ ਸਾਂਝੇ ਤੌਰ ਤੇ ਮਨਾਉਣੇ ਚਾਹੀਦੇ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਵਲੋਂ ਦਰਸਾਏ ਸਚਾਈ ਦੇ ਮਾਰਗ ਤੇ ਚੱਲ ਕੇ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਲੱਭੀਏ।

ਸ: ਬਾਦਲ ਨੇ ਆਖਿਆ ਕਿ ਸਮੁੱਚਾ ਬ੍ਰਾਹਮਣ ਸਮਾਜ ਪੰਜਾਬ ਦੀ ਤਰੱਕੀ ਵਿਚ ਵੀ ਵਿਸ਼ੇਸ਼ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਵੀ ਬ੍ਰਾਹਮਣ ਸਮਾਜ ਵਿਚੋਂ ਹੀ ਸਨ ਜਿਹਨਾਂ ਦੀਆਂ ਕੁਰਬਾਨੀਆਂ ਨੂੰ ਰਹਿੰਦੀ ਦੁਨੀਆਂ ਤੱਕ ਭੁੱਲਿਆ ਨਹੀਂ ਜਾ ਸਕਦਾ। ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੇ ਨਾਂ ਤੇ ਚੇਅਰ ਸਥਾਪਤ ਕਰਨ ਦਾ ਵੀ ਐਲਾਨ ਕੀਤਾ। ਸ: ਬਾਦਲ ਨੇ ਇਸ ਤੋਂ ਪਹਿਲਾਂ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੇ ਮੰਦਰ ਵਿਖੇ ਮੱਥਾ ਟੇਕਿਆ ਅਤੇ ਉਨ੍ਹਾਂ ਦੀ ਪ੍ਰਤਿਮਾ ਤੇ ਪੁਸ਼ਪਮਾਲਾ ਵੀ ਭੇਂਟ ਕੀਤੀ।

# ਪੰਥ ਰਤਨ ਗਿਆਨੀ ਦਿੱਤ ਸਿੰਘ ਦੀ ਬਰਸੀ 'ਤੇ ਸਮਾਗਮ

**ਪਿਟਸਬਰਗ, ਕੈਲੀਫੋਰਨੀਆ:** ਇਥੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵਿਖੇ ਲੰਘੇ ਐਤਵਾਰ ਪੰਥ ਰਤਨ ਗਿਆਨੀ ਦਿੱਤ ਸਿੰਘ ਦੀ ਬਰਸੀ ਸ਼ਰਧਾ ਨਾਲ ਮਨਾਈ ਗਈ। ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਹਰਬਲਾਸ ਸਿੰਘ ਨੇ ਸੰਗਤਾਂ ਨੂੰ





ਗੁਰਬਾਣੀ ਦੀ ਲੜੀਵਾਰ ਕਥਾ ਨਾਲ ਨਿਹਾਲ ਕੀਤਾ। ਭਾਈ ਗਿਆਨ ਸਿੰਘ, ਹਰਦੇਵ ਸਿੰਘ ਦੇ ਜਥੇ, ਭਾਈ ਰਜਿੰਦਰ ਸਿੰਘ ਜਤਨ ਅਤੇ ਕੁਮਾਰ ਖਟਕੜ ਦੇ ਜਥੇ ਨੇ ਸੰਗਤਾਂ ਨੂੰ ਕਥਾ ਕੀਰਤਨ ਅਤੇ ਧਾਰਮਿਕ ਗੀਤਾਂ ਨਾਲ ਨਿਹਾਲ ਕੀਤਾ ਅਤੇ ਭਾਈ ਦਿੱਤ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ। ਗੁਰੁ ਘਰ ਦੇ ਸੈਕਟਰੀ ਕਮਲ ਦੇਵ ਪਾਲ ਅਤੇ ਗੁਰੁ ਘਰ ਦੇ ਵਜੀਰ ਗਿਆਨੀ ਹਰਬਲਾਸ ਸਿੰਘ ਨੇ ਗਿਆਨੀ ਦਿੱਤ ਸਿੰਘ ਦੇ ਜੀਵਨ, ਸਖਸੀਅਤ, ਸੰਘਰਸ ਵਾਰੇ ਭਰਪੂਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਿਆਨੀ ਜੀ ਨੇ ਸਮਾਜਿਕ ਬੁਰਾਈਆਂ ਅਤੇ ਔਕੜਾਂ ਦੀ ਪ੍ਰਵਾਹ ਨਾ ਕਰਦੇ ਹੋਏ ਦ੍ਰਿੜ ਵਿਸਵਾਸ, ਹੌਂਸਲੇ, ਸੇਵਾ ਭਾਵਨਾ, ਸੁਤੰਤਰ ਸੋਚ ਲੈ ਕੇ ਸਿੱਖ ਪੰਥ ਦੀ ਨਿਸਕਾਮ ਸੇਵਾ ਕੀਤੀ। ਪ੍ਰੰਤੂ ਉਨ੍ਹਾਂ ਦੀ ਅਨਮੋਲ ਸੇਵਾ ਦਾ ਕਿਸੇ ਨੇ ਮੁੱਲ ਨਹੀਂ ਪਾਇਆ ਬਲਕਿ ਵੀਹਵੀਂ ਸਦੀ ਤੱਕ ਅਣਗੌਲਿਆਂ ਕਰੀ ਰੱਖਿਆ।

ਉਨ੍ਹਾਂ ਦੱਸਿਆ ਕਿ ਗਿਆਨੀ ਦਿੱਤ ਸਿੰਘ ਨੇ ਅਨੇਕਾਂ ਸਮਾਜਿਕ ਕੁਰੀਤੀਆਂ ਨੂੰ ਆਪਣੀਆਂ ਲਿਖਤਾਂ ਗੁੱਗਾ ਗਪੋੜ, ਮੀਰਾਂ ਮਨੌਤ, ਸੁਲਤਾਨ ਪੁਆੜਾ, ਨਕਲੀ ਸਿੱਖ ਪ੍ਰਬੋਧ ਰਾਹੀਂ ਅੰਧਵਿਸਵਾਸ ਨੂੰ ਦੂਰ ਕਰਕੇ ਸੰਗਤਾਂ ਨੂੰ ਗੁਰੂ ਗ੍ਰੰਥ ਸਹਿਬ ਨਾਲ ਜੋੜਿਆ। ਗਿਆਨੀ ਜੀ ਨੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ 'ਚੋਂ ਮੂਰਤੀਆਂ ਚੁੱਕ ਕੇ ਸਰੋਵਰ ਵਿੱਚ ਸੁਟੀਆਂ ਅਤੇ ਮੂਰਤੀ ਪੂਜਾ ਦਾ ਖੰਡਨ ਕੀਤਾ, ਜਿਸ ਕਰਕੇ ਉਨ੍ਹਾਂ ਨੂੰ ਪੰਥ ਵਿੱਚੋਂ ਛੇਕਿਆ ਗਿਆ। ਬੁਲਾਰਿਆਂ ਨੇ ਸੰਗਤ ਨੂੰ ਭਰਪੂਰ ਜਾਣਕਾਰੀ ਦਿੰਦੇ ਹੋਏ ਮਹਾਨ ਦਲਿਤ ਨਾਇਕ ਪੰਥ ਰਤਨ ਭਾਈ ਦਿੱਤ ਸਿੰਘ ਨੂੰ ਸ਼ਰਧਾਂਜਲੀ ਦਿਤੀ।

ਸੰਗਤ ਨੇ ਸਮੂਹ ਪ੍ਰਬੰਧਕ ਕਮੇਟੀ ਅਜੈ ਕਟਾਰੀਆ, ਸੰਤੋਖ ਝਿੰਗੜ, ਸੋਹਣ ਸਿੰਘ ਦਾਮੜੀਆ, ਧਰਮ ਪਾਲ ਚੋਕੜੀਆ, ਸਿੰਦਰਪਾਲ ਨਾਰੇਬੱਤ, ਰਮੇਸ ਸੁੱਮਨ, ਦਿਉ ਰਾਜ ਸੰਧੂ, ਜੀਨਾ ਭਾਟੀਆ, ਦਸਵਿੰਦਰ ਪਾਲ, ਚੇਅਰਮੇਨ ਸੱਤਪਾਲ ਸੁਰੀਲਾ, ਪ੍ਰਧਾਨ ਰਾਮ ਪ੍ਰਕਾਸ ਰਾਜੂ, ਖਜਾਨਚੀ ਰਾਮ ਲੁਭਾਇਆ ਰੱਲੂ ਅਤੇ ਸੈਕਟਰੀ ਕਮਲ ਦੇਵ ਪਾਲ ਨੂੰ ਵਧਾਈ ਦਿੱਤੀ ਜਿਨ੍ਹਾਂ ਨੇ ਗਿਆਨੀ ਜੀ ਦੀ ਯਾਦ ਵਿੱਚ ਸਮਾਗਮ ਕੀਤਾ।

# ਪ੍ਰਵਾਸੀ ਦੇ ਕਤਲ ਲਈ 25 ਲੱਖ ਦੀ ਸੁਪਾਰੀ

**ਜਲੰਧਰ :** ਐਨ. ਆਰ. ਆਈ. ਮਹਿੰਦਰਜੀਤ ਸਿੰਘ ਦੇ ਕਤਲ ਲਈ ਨਿਊਯਾਰਕ ਤੋਂ 25 ਲੱਖ ਦੀ ਸੁਪਾਰੀ ਦਿੱਤੀ ਗਈ ਸੀ। ਕਾਊਂਟਰ ਇੰਟੈਲੀਜੈਂਸ ਦੀ ਟੀਮ ਦੇ ਸਹਿਯੋਗ ਨਾਲ ਜਲੰਧਰ ਦਿਹਾਤੀ ਪੁਲਸ ਸਨਸਨੀਖੇਜ ਵਾਰਦਾਤ ਨੂੰ ਹੱਲ ਕਰਨ ਵਿਚ ਸਫਲ ਰਹੀ ਹੈ। ਪੁਲਸ ਨੂੰ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਭਿੰਦਾ ਸ਼ਾਦੀਪੁਰੀਆ, ਛਿੰਦਰ ਅਤੇ ਇਨ੍ਹਾਂ ਦੇ ਸਾਥੀਆਂ ਦੀ ਭਾਲ ਹੈ। ਪੁਲਸ ਨੇ ਵਾਰਦਾਤ ਵਿਚ ਸ਼ਾਮਲ ਦੋ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਹੈ। ਜ਼ਿਕਰਯੋਗ ਹੈ ਕਿ ਐਨ.ਆਰ.ਆਈ. ਮੋਹਿੰਦਰਜੀਤ ਸਿੰਘ ਦਾ ਬਹਿਰਾਮ ਸਰਿਸ਼ਟਾ ਨੇੜੇ ਗੋਲੀ ਮਾਰ ਕੇ ਕਤਲ ਕੀਤਾ ਗਿਆ ਸੀ। ਵਾਰਦਾਤ ਦੇ ਬਾਅਦ ਜਲੰਧਰ ਦਿਹਾਤੀ ਦੀ ਪੁਲਿਸ ਹਵਾ ਵਿਚ ਪੈਰ ਮਾਰਦੀ ਰਹੀ।

ਸੂਤਰਾਂ ਮੁਤਾਬਕ ਏ.ਆਈ.ਜੀ. ਉਪਿੰਦਰਜੀਤ ਘੁੰਮਣ ਦੇ ਸਹਿਯੋਗ ਨਾਲ ਪੁਲਿਸ ਨੇ ਵਾਰਦਾਤ ਨੂੰ ਅੰਦਾਜ਼ ਦੇਣ ਵਾਲੀ ਮੁਲਜ਼ਮਾਂ ਦੀ ਸ਼ਨਾਖਤ ਕਰ ਲਈ। ਵਾਰਤਾਦ ਵਿਚ ਮੋਸਟ ਵਾਂਟੇਡ ਕ੍ਰਿਮੀਨਲ ਭਿੰਦਾ ਸ਼ਾਦੀਪੁਰੀਆ ਦੇ ਨਾਲ ਛਿੰਦਰ, ਪ੍ਰਦੀਪ, ਜੱਪੀ ਅਤੇ ਦੀਪੀ ਸਮੇਤ ਹੋਰ ਨੌਜਵਾਨ ਸ਼ਾਮਿਲ ਸਨ। ਸੂਤਰਾਂ ਮੁਤਾਬਕ ਵਾਰਦਾਤ ਦੇ ਸਮੇਂ ਭਿੰਦਾ, ਛਿੰਦਰ ਦੀ ਲੋਕੇਸ਼ਨ ਵੀ ਘਟਨਾ ਵਾਲੀ ਥਾਂ 'ਤੇ ਹੀ ਟਰੇਸ ਕੀਤੀ ਗਈ ਹੈ। ਅਪਰਾਧੀਆਂ ਨੂੰ ਫੜਨ ਲਈ ਡੀ.ਆਈ.ਜੀ. ਜਲੰਧਰ ਰੇਂਜ ਵਰਿੰਦਰ ਕੁਮਾਰ ਦੀ ਅਗਵਾਈ ਹੇਠ ਚਲਾਈ ਜਾ ਰਹੀ ਮੁਹਿੰਮ ਵਿਚ ਹੁਸ਼ਿਆਰਪੁਰ, ਨਵਾਂਸ਼ਹਿਰ, ਜਲੰਧਰ ਦਿਹਾਤੀ ਦੀ ਪੁਲਸ ਕੰਮ ਕਰ ਰਹੀ ਹੈ।

ਸੂਤਰਾਂ ਨੇ ਦੱਸਿਆ ਕਿ ਇਹ ਤੱਥ ਸਾਹਮਣੇ ਆਏ ਹਨ ਕਿ ਵਾਰਦਾਤ ਲਈ 25 ਲੱਖ ਰੁਪਏ ਦੀ ਸੁਪਾਰੀ ਦਿੱਤੀ ਗਈ। ਜਾਂਚ ਵਿਚ ਮਹਿੰਦਰਜੀਤ ਦੀ ਨਿਊਯਾਰਕ ਵਿਚ ਰਹਿੰਦੀ ਭੈਣ ਦੀ ਭੂਮਿਕਾ ਵੀ ਸਾਹਮਣੇ ਆ ਰਹੀ ਹੈ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

TAJ
INSURANCE SERVICES

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available



Gurdawar S. Mann
Lic#0F34231

# ਕਾਲੀ ਸੂਚੀ ਸਬੰਧੀ ਪਰਨੀਤ ਕੌਰ ਵਲੋਂ ਭਰੋਸਾ

**ਫਤਿਹਗੜ੍ਹ ਸਾਹਿਬ:** ਸਿੱਖਾਂ ਦੀ ਕਾਲੀ ਸੂਚੀ ਦੇ ਸਬੰਧ ਵਿਚ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦਾ ਵਫ਼ਦ ਕੇਂਦਰੀ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪਰਨੀਤ ਕੌਰ ਨੂੰ ਮਿਲਿਆ ਤੇ ਇਸ ਸਬੰਧੀ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਉਕਤ ਆਗੂਆਂ ਨੇ ਪੱਤਰਕਾਰਾ ਨੂੰ ਦੱਸਿਆ ਕਿ ਮਹਾਰਾਣੀ ਪਰਨੀਤ ਕੌਰ ਨੇ ਵਫ਼ਦ ਨੂੰ ਭਰੋਸਾ ਦਿੱਤਾ ਹੈ ਕਿ ਉਹ ਇਸ ਮੁੱਦੇ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨਾਲ ਵਿਚਾਰਨਗੇ ਤੇ ਇਸਦੇ ਹੱਲ ਲਈ ਹਰ ਸੰਭਵ ਯਤਨ ਕਰਨਗੇ।

ਇਸ ਵਫ਼ਦ ਵਿਚ ਭਾਈ ਹਰਪਾਲ ਸਿੰਘ ਚੀਮਾ, ਕੁਲਬੀਰ ਸਿੰਘ ਬੜਾ ਪਿੰਡ, ਕਮਿਕਰ ਸਿੰਘ, ਜਸਵੀਰ ਸਿੰਘ ਖੜੂਰ, ਅਮਰੀਕ ਸਿੰਘ ਈਸੜੂ, ਸੰਤੋਖ ਸਿੰਘ ਸਲਾਣਾ, ਗੁਰਮੀਤ ਸਿੰਘ ਗੋਗਾ ਤੇ ਜਗਦੀਸ਼ ਸਿੰਘ ਸ਼ਾਮਿਲ ਸਨ। ਉਕਤ ਆਗੂਆਂ ਨੇ ਕਿਹਾ ਕਿ ਇਸ ਕਾਲੀ ਸੂਚੀ ਕਾਰਨ ਪਿਛਲੇ ਲੰਮੇ ਸਮੇਂ ਤੋਂ ਸਿੱਖ ਮਾਨਸਿਕ ਪੀੜਾ ਮਹਿਸੂਸ ਕਰਦੇ ਆ ਰਹੇ ਹਨ ਭਾਵੇਂ ਪਿਛਲੇ ਸਮੇਂ ਦੌਰਾਨ ਇਹ ਸੂਚੀ ਕਦੇ ਵੀ ਜਨਤਕ ਨਹੀਂ ਕੀਤੀ ਗਈ ਪਰ ਇਸਦਾ ਠੱਪਾ ਲਗਾ ਕੇ ਅਕਸਰ ਹੀ ਬਹੁਤ ਸਾਰੇ ਸਿੱਖਾਂ ਨੂੰ ਦੇਸ਼ ਅੰਦਰ ਦਾਖ਼ਲ ਹੋਣੋਂ ਰੋਕਿਆ ਜਾਂਦਾ ਰਿਹਾ ਹੈ। ਹਾਲਾਂਕਿ ਉਨ੍ਹਾਂ ਦਾ ਕੋਈ ਵੀ ਅਪਰਾਧਿਕ ਰਿਕਾਰਡ ਨਹੀਂ ਹੁੰਦਾ।

ਵਫ਼ਦ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਹਰਪਾਲ ਸਿੰਘ ਚੀਮਾ ਅਤੇ ਕੁਲਬੀਰ ਸਿੰਘ ਪਿੰਡ ਬੜਾ ਪਿੰਡ ਨੂੰ ਅਦਾਲਤੀ ਕੇਸਾਂ ਦੇ ਸਬੰਧ ਵਿਚ ਭਾਰਤ ਲਿਆਂਦਾ ਗਿਆ ਸੀ। ਪਿਛਲੇ ਸਾਲਾਂ ਤੋਂ ਉਹ ਪੰਜਾਬ ਵਿਚ ਰਹਿ ਰਹੇ ਹਨ ਅਤੇ ਅਦਾਲਤਾਂ ਵਲੋਂ ਸੰਬੰਧਤ ਕੇਸਾਂ ਵਿਚੋਂ ਬਰੀ ਕੀਤੇ ਜਾ ਚੁੱਕੇ ਹਨ, ਪਰ ਉਨ੍ਹਾਂ ਦੇ ਨਾਂ ਅਜੇ ਵੀ ਬਿਨਾਂ ਕਿਸੇ ਕਾਰਨ ਕਾਲੀ ਸੂਚੀ ਵਿਚ ਦਰਜ ਹਨ। ਉਨ੍ਹਾਂ ਕਿਹਾ ਕਿ ਸਾਡਾ ਮੰਨਣਾ ਹੈ ਕਿ ਭਾਰਤ ਸਰਕਾਰ ਨੇ ਇਕ ਗੁਪਤ ਕਾਲੀ ਸੂਚੀ ਵੀ ਤਿਆਰ ਕਰ ਰੱਖੀ ਹੈ। ਜਨਵਰੀ 2009 ਅਤੇ ਜਨਵਰੀ 2010 ਵਿਚ ਕ੍ਰਮਵਾਰ ਕੈਨੇਡਾ ਨਿਵਾਸੀ ਲਖਵਿੰਦਰ ਸਿੰਘ ਨੂੰ ਅੰਮ੍ਰਿਤਸਰ ਦੇ ਰਾਜਾਸਾਂਸੀ ਹਵਾਈ ਅੱਡੇ ਤੋਂ ਅਤੇ ਨਿਊਜ਼ੀਲੈਂਡ ਨਿਵਾਸੀ ਬੀਬੀ ਸੁਭਨੀਤ ਕੌਰ ਨੂੰ ਦਿੱਲੀ ਏਅਰਪੋਰਟ ਤੋਂ ਇਹ ਕਹਿ ਕੇ ਵਾਪਸ ਭੇਜ ਦਿੱਤਾ ਗਿਆ ਕਿ ਉਨ੍ਹਾਂ ਦੇ ਨਾਂ ਕਾਲੀ ਸੂਚੀ ਵਿਚ ਦਰਜ ਹਨ ਜਦਕਿ ਜਨਤਕ ਹੋਈ ਕਾਲੀ ਸੂਚੀ ਵਿਚ ਉਨ੍ਹਾਂ ਦੇ ਨਾਂ ਕਿਧਰੇ ਵੀ ਨਹੀਂ ਹਨ।

ਇਨ੍ਹਾਂ ਆਗੂਆਂ ਨੇ ਕਿਹਾ ਕਿ ਭਾਰਤ ਸਰਕਾਰ ਨੇ ਕਦੇ ਕਾਲੀ ਸੂਚੀ ਬਣਾਏ ਜਾਣ ਦੇ ਮਾਪਦੰਡ ਜਨਕਤ ਨਹੀਂ ਕੀਤੇ। ਮੀਡੀਏ ਰਾਹੀਂ ਜਨਤਕ ਹੋਈ ਇਸ ਸੂਚੀ ਤੋਂ ਭਾਰਤ ਸਰਕਾਰ ਦੀ ਇਹ ਗੈਰ ਸੰਜੀਦਗੀ ਵੀ ਸਾਹਮਣੇ ਆਈ ਹੈ ਕਿ ਉਸ ਵੱਲੋਂ ਜੋ 185 ਨਾਂ ਪੰਜਾਬ ਸਰਕਾਰ ਨੂੰ ਭੇਜੇ ਗਏ ਸਨ ਉਹ ਅਸਲ ਵਿਚ 169 ਨਾਂ ਹੀ ਬਣਦੇ ਸਨ ਕਿਉਂਕਿ ਕੁਝ ਸਿੱਖਾਂ ਦੇ ਨਾਂ ਦੋ-ਦੋ ਅਤੇ ਤਿੰਨ-ਤਿੰਨ ਵਾਰ ਕਾਲੀ ਸੂਚੀ ਵਿਚ ਪਾਏ ਹੋਏ ਸਨ। ਉਨ੍ਹਾਂ ਕਿਹਾ ਕਿ ਬਹੁਤੇ ਸਿੱਖਾਂ ਵਿਰੁਧ ਭਾਰਤ ਸਰਕਾਰ ਹੋਰ ਕੋਈ ਵੀ ਦੋਸ਼ ਸਾਬਤ ਨਹੀਂ ਕਰ ਸਕੀ, ਸਿਵਾਏ ਇਸ ਤੋਂ ਕਿ ਉਨ੍ਹਾਂ ਨੇ ਆਪਣੇ ਸੰਵਿਧਾਨਕ ਹੱਕ ਦੀ ਵਰਤੋਂ ਕਰਦਿਆਂ ਜਨਤਕ ਤੌਰ 'ਤੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਸੀ।



*ਸਿੱਖਾਂ ਦੀ ਕਾਲੀ ਸੂਚੀ ਸਬੰਧੀ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੂੰ ਮੰਗ ਪੱਤਰ ਦਿੰਦੇ ਹੋਏ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਭਾਈ ਹਰਪਾਲ ਸਿੰਘ ਚੀਮਾ, ਕੁਲਬੀਰ ਸਿੰਘ ਬੜਾ ਪਿੰਡ ਤੇ ਹੋਰ ਆਗੂ*

ਵਫਦ ਨੇ ਮੰਗ ਕੀਤੀ ਕਿ ਇਸ ਸਬੰਧ ਵਿਚ ਇਹ ਤੱਥ ਵੀ ਵਿਚਾਰਿਆ ਜਾਵੇ ਕਿ ਪੰਜਾਬ ਪੁਲਿਸ ਨੇ ਬਹੁਤ ਸਾਰੇ ਪਰਵਾਸੀ ਸਿੱਖਾਂ ਦੀ ਸੰਪਤੀ ਲੁੱਟ ਕੇ ਉਨ੍ਹਾਂ ਦੇ ਨਾਂ ਕਾਲੀ ਸੂਚੀ ਵਿਚ ਦਰਜ ਕਰ ਦਿਤੇ ਸਨ। ਇਸ ਲਈ ਸਮੁੱਚੀ ਕਾਲੀ ਸੂਚੀ ਰੱਦ ਕੀਤੀ ਜਾਵੇ। ਕਾਲੀ ਸੂਚੀ ਵਿਚ ਦਰਜ ਸਾਰੇ ਵਿਅਕਤੀਆਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਸਮੇਂ ਦੌਰਾਨ ਭਾਈ ਦਲਜੀਤ ਸਿੰਘ ਬਿੱਟੂ ਤੇ ਦਲ ਦੇ ਹੋਰਨਾਂ ਮੈਬਰਾਂ ਦੀਆਂ 'ਅਤਿਵਾਦ' ਦਾ ਠੱਪਾ ਲਗਾ ਕੇ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਪੰਜਾਬ ਸਰਕਾਰ ਦੀਆਂ ਸਿਆਸੀ ਰੰਜ਼ਸ਼ਾਂ ਤੇ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਤੋਂ ਪ੍ਰੇਰਿਤ ਹਨ। ਇਨ੍ਹਾਂ 'ਤੇ ਪਾਏ ਗਏ ਕੇਸ ਅਦਾਲਤਾਂ ਵਿਚ ਝੂਠੇ ਸਾਬਤ ਹੋ ਰਹੇ ਹਨ। ਇਸ ਲਈ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਵਰਤਾਰੇ ਦੀ ਜਾਂਚ ਕਿਸੇ ਕੇਂਦਰੀ ਏਜੰਸੀ ਤੋਂ ਕਰਵਾਈ ਜਾਵੇ ਤਾਂ ਜੋ ਪੰਜਾਬ ਦੀ ਸਿਆਸਤ 'ਤੇ ਕਾਬਜ਼ ਧਿਰ ਵਲੋਂ ਲੋਕਤੰਤਰੀ ਪ੍ਰਬੰਧ ਨੂੰ ਪਹੁੰਚਾਈ ਜਾ ਰਹੀ ਠੇਸ ਨੂੰ ਰੋਕਿਆ ਜਾ ਸਕੇ।

# ਸਿੱਖਾਂ ਦਾ ਕੋਈ ਸ਼ੁੱਧ ਇਤਿਹਾਸਕ ਗ੍ਰੰਥ ਨਹੀਂ?

**ਚੰਡੀਗੜ੍ਹ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਬੀਤੀ 9 ਸਤੰਬਰ ਨੂੰ ਇਥੇ ਕਲਗੀਧਰ ਨਿਵਾਸ ਵਿਖੇ ਸਥਾਪਤ 'ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰਾਜੈਕਟ' ਦੁਆਰਾ ਰਿਸਰਚ ਸਕਾਲਰਾਂ ਦੀ ਅਗਵਾਈ ਅਤੇ ਸਿਖਲਾਈ ਲਈ ਸ਼ੁਰੂ ਕੀਤੀ ਗਈ ਲੈਕਚਰ ਲੜੀ ਦਾ ਸਮਾਗਮ ਹੋਇਆ। ਲੈਕਚਰ ਦਾ ਮੁੱਖ ਵਿਸ਼ਾ 'ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ' ਸੀ। ਇਸ ਮੌਕੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਦੱਸਿਆ ਕਿ ਸਾਡੇ ਕੋਲ ਅਜੇ ਤੱਕ ਪੂਰਨ ਸ਼ੁੱਧ ਇਤਿਹਾਸਕ ਗ੍ਰੰਥ ਨਹੀਂ ਹੈ ਜੋ ਗੁਰਮਤਿ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੋਵੇ। ਮਿਲਗੋਭਾ ਹੋ ਚੁੱਕੇ ਇਤਿਹਾਸ ਵਿਚੋਂ ਸੱਚ ਕੱਢਣਾ ਜ਼ਰੂਰੀ ਹੋ ਗਿਆ ਹੈ।



ਪਹਿਲਾਂ ਸਰੋਤਿਆਂ ਦਾ ਸਵਾਗਤ ਕਰਦੇ ਹੋਏ ਡਾ. ਕਿਰਪਾਲ ਸਿੰਘ ਨੇ ਕਿਹਾ ਕਿ ਸਿੱਖ ਰਵਾਇਤਾਂ ਲਿਖਤੀ ਰੂਪ ਵਿਚ ਆਮ ਤੌਰ 'ਤੇ ਪਰਪੱਕ ਹਨ। ਇਨ੍ਹਾਂ ਨੂੰ ਸਿੱਖ ਇਤਿਹਾਸ ਦਾ ਮੂਲ ਸਰੋਤ ਮੰਨਿਆ ਜਾਣਾ ਚਾਹੀਦਾ ਹੈ। ਸਿੱਖ ਇਤਿਹਾਸ ਦੇ ਮੂਲ ਸਰੋਤ ਫਾਰਸੀ ਤੇ ਪੰਜਾਬੀ ਵਿਚ ਹਨ, ਇਸ ਲਈ ਫਾਰਸੀ ਸਰੋਤਾਂ ਦੇ ਤਰਜ਼ਮੇ ਹੋਣੇ ਚਾਹੀਦੇ ਹਨ। ਮੁੱਖ ਵਕਤਾ ਇਤਿਹਾਸਕਾਰ ਡਾ: ਗੁਰਬਚਨ ਸਿੰਘ ਨਈਅਰ ਨੇ ਫਾਰਸੀ, ਗੁਰਮੁਖੀ ਤੇ ਅੰਗਰੇਜ਼ੀ ਸਰੋਤਾਂ ਦਾ ਅਧਿਐਨ ਕਰਦੇ ਹੋਏ ਕਿਹਾ ਕਿ 18ਵੀਂ ਸਦੀ ਵਿਚ ਅੰਗਰੇਜ਼ਾਂ ਨੇ ਸਿੱਖ ਇਤਿਹਾਸ ਪ੍ਰਤੀ ਬਹੁਤ ਦਿਲਚਸਪੀ ਦਿਖਾਈ ਅਤੇ ਇਸਲਾਮਿਕ ਲੇਖਕਾਂ ਨੇ 19ਵੀਂ ਵਿਚ ਰਵਾਇਤੀ ਪਰ ਤੱਤ-ਪੂਰਵਕ ਇਤਿਹਾਸ ਦ੍ਰਿਸ਼ਟੀਮਾਨ ਕੀਤਾ। ਫਾਰਸੀ ਲੇਖਕਾਂ ਦਾ ਜ਼ਿਆਦਾ ਧਿਆਨ ਬੰਦਾ ਸਿੰਘ ਬਹਾਦਰ 'ਤੇ ਕੇਂਦਰਤ ਰਿਹਾ। ਰਵਾਇਤਾਂ ਨੂੰ ਬਿਨਾਂ ਦਲੀਲ ਰੱਦ ਨਹੀਂ ਕੀਤਾ ਜਾ ਸਕਦਾ। ਇਤਿਹਾਸਕ ਲਿਖਤਾਂ ਅਤੀਤ ਨੂੰ ਜਿਉਂਦਾ ਰੱਖਦੀਆਂ ਹਨ।

ਡਾ: ਕੁਲਵੰਤ ਸਿੰਘ ਅਨੁਸਾਰ ਅੰਨ੍ਹੀ ਸ਼ਰਧਾ ਨਾਲ ਨਿਰਪੱਖਤਾ ਨਹੀਂ ਰਹਿੰਦੀ। ਰਿਸਰਚ ਸਕਾਲਰ ਸੁਖਮਿੰਦਰ ਸਿੰਘ ਗੱਜਣਵਾਲਾ ਦੇ ਸਵਾਲ ਦਾ ਜਵਾਬ ਦਿੰਦਿਆਂ ਡਾ. ਨਈਅਰ ਨੇ ਕਿਹਾ, 'ਗੁਰਪ੍ਰਤਾਪ ਸੂਰਜ ਗ੍ਰੰਥ' ਬਹੁਤ ਵਧੀਆ ਤੇ ਕੀਮਤੀ ਮੂਲ ਸਿੱਖ ਸਰੋਤ ਹੈ ਬਸ਼ਰਤੇ ਇਸ ਵਿਚੋਂ ਰਲੇ ਕੱਢ ਦਿੱਤੇ ਜਾਣ।

ਸਮਾਗਮ ਦੇ ਪ੍ਰਧਾਨਗੀ ਭਾਸ਼ਣ ਦੌਰਾਨ ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਕਿਹਾ ਸਿੱਖ ਸਿਧਾਂਤ ਦੀ ਵਿਆਖਿਆ ਸਨਾਤਨੀ ਸੋਚ ਅਨੁਸਾਰ ਹੋ ਰਹੀ ਹੈ। ਸਿੱਖ ਸਿਧਾਂਤ ਵਿਚ ਬਦਲਾ ਲੈਣ ਦੀ ਭਾਵਨਾ ਦਾ ਕਿਧਰੇ ਵੀ ਸਥਾਨ ਨਹੀਂ ਹੈ। ਸਟੇਜ ਦਾ ਸੰਚਾਲਨ ਰਿਸਰਚ ਸਕਾਲਰ ਚਮਕੌਰ ਸਿੰਘ ਨੇ ਕੀਤਾ।

## Matrimonials

### ਕੰਨਿਆ ਦੀ ਲੋੜ

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

Parents seek well educated USA settled family girl for Sikh cleanshaved son, 28, 5'-10", M.S from USA, Settled in Michigan-USA, permanent job , Call: 214-677-6465 or e-mail to: jit.simer@gmail.com.

### ਵਰ ਦੀ ਲੋੜ

US citizen vegetarian, professional match for pretty, sincere, honest, obedient and never married girl, 30, 5'-2". Only serious inquiries, cast no bar: Singhb1@yahoo.com"

Professional Jatt Sikh match, for beautiful Jatt Sikh girl 28, 5'3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com

Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com


MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



100% NCLEX-PN Pass Rate! SSF Campus January 2010 – March 2010 Hayward Campus January 2008 – March 2008
Job Placement Assistance! Affordable Payment Plans!
NCP Career College & College of Nursing
Training students since 1993!

12 Month LVN Program
20 Day CNA Program
Full Time
Part Time
Days, Evenings & Weekends
Choose which one is right for you… Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus
257 Longford Drive #5,
So. San Francisco, CA 94080
800.339.5145, 650.871.0701
Hayward Campus
21615 Hesperian Blvd. Ste. A,
Hayward, CA 94541
800.611.4054, 510.785.0454

# ਅਰਜਨਟੀਨਾ ਦੀ ਵਿਸ਼ਵ ਚੈਂਪੀਅਨ ਸਪੇਨ 'ਤੇ ਵੱਡੀ ਜਿੱਤ

**ਬਿਓਨਸ ਆਇਰਸ:** ਹਾਲ ਹੀ ਵਿਚ ਹੋਏ ਵਿਸ਼ਵ ਕੱਪ ਫੁਟਬਾਲ ਵਿਚ ਨਿਰਾਸ਼ਾਜਨਕ ਨਤੀਜੇ ਤੋਂ ਉਭਰਦਿਆਂ ਕਾਰਲੋਸ ਟੇਵੇਜ਼ ਦੀ ਸ਼ਾਨਦਾਰ ਖੇਡ ਦੀ ਬਦੌਲਤ ਅਰਜਨਟੀਨਾ ਨੇ ਵਿਸ਼ਵ ਚੈਂਪੀਅਨ ਸਪੇਨ ਨੂੰ 4-1 ਨਾਲ ਹਰਾ ਕੇ ਵੱਡਾ ਝਟਕਾ ਦੇ ਕੇ ਸਾਬਤ ਕਰ ਦਿਤਾ ਕਿ ਉਹ ਕੋਈ ਕਿਸਮਤ ਦਾ ਗੇੜ ਹੀ ਸੀ ਕਿ ਵਿਸ਼ਵ ਕੱਪ ਵਿਚ ਉਹ ਜਿੱਤ ਨਾ ਸਕੇ ਪਰ ਉਂਜ ਉਹ ਅਜ ਵੀ ਫੁਟਬਾਲ ਦੇ ਚੈਂਪੀਅਨ ਹੀ ਹਨ।

ਇਥੇ ਖੇਡੇ ਗਏ ਇਕ ਕੌਮਾਂਤਰੀ ਦੋਸਤਾਨਾ ਮੈਚ ਵਿਚ ਟੈਵੇਜ਼ ਨੇ ਜਿਥੇ ਇਕ ਗੋਲ ਕੀਤਾ ਉਥੇ ਦੋ ਗੋਲ ਕਰਵਾਉਣ ਵਿਚ ਮੱਦਦ ਕਰ ਕੇ ਵੱਡੀ ਜਿੱਤ ਵਿਚ ਅਹਿਮ ਯੋਗਦਾਨ ਪਾਇਆ। ਮੇਜ਼ਬਾਨ ਟੀਮ ਨੇ ਸ਼ੁਰੂ ਤੋਂ ਹੀ ਤੇਜ਼ ਤਰਾਰ ਖੇਡ ਦਿਖਾਈ ਅਤੇ ਪਹਿਲੇ ਤਿੰਨ ਮਿੰਟਾਂ ਵਿਚ ਦੋ ਗੋਲ ਦਾਗ ਦਿੱਤੇ ਜਿਨ੍ਹਾਂ ਵਿਚ ਟੈਵੇਜ਼ ਨੇ ਅਹਿਮ ਭੂਮਿਕਾ ਨਿਭਾਈ।

ਪਹਿਲਾ ਗੋਲ ਸਟਾਰ ਖਿਡਾਰੀ ਲਿਓਨਲ ਮੈਸੀ ਅਤੇ ਦੂਜਾ ਹਿਗੁਏਨ ਨੇ ਕੀਤਾ। ਦੂਜੇ ਅੱਧ ਵਿਚ ਟੈਵੇਜ਼ ਨੇ ਖ਼ੁਦ ਗੋਲ ਕੀਤਾ। ਸਪੇਨ ਵੱਲੋਂ ਫਰਨਾਡੋ ਨੇ 84ਵੇਂ ਮਿੰਟ ਵਿਚ ਪੈਡਰੋ ਦੇ ਪਾਸ 'ਤੇ ਟੀਮ ਦਾ ਇਕਲੌਤਾ ਗੋਲ ਕਰ ਕੇ ਵਿਸ਼ਵ ਚੈਂਪੀਅਨ ਟੀਮ ਦੀ ਥੋੜੀ ਇੱਜ਼ਤ ਰੱਖੀ। ਇਸ ਤੋਂ ਬਾਅਦ ਇਗੁਏਰੋ ਨੇ ਗੋਲ ਕਰ ਕੇ ਅਰਜਨਟੀਨਾ ਦੀ 4-1 ਨਾਲ ਜਿੱਤ ਪੱਕੀ ਕਰ ਦਿੱਤੀ। ਜੁਲਾਈ ਮਹੀਨੇ ਵਿਸ਼ਵ ਕੱਪ ਜਿੱਤਣ ਵਾਲੀ ਸਪੇਨ ਦੀ ਫੁਟਬਾਲ ਟੀਮ ਦੇ ਕਰੀਬ ਸਾਰੇ ਖਿਡਾਰੀ ਇਸ ਮੈਚ ਵਿਚ ਖੇਡੇ ਸਨ।



*ਬਿਓਨਸ ਆਇਰਸ ਵਿਖੇ ਦੋਸਤਾਨਾ ਮੈਚ ਦੌਰਾਨ ਸਪੇਨ ਵਿਰੁੱਧ ਪਹਿਲਾਂ ਗੋਲ ਕਰਦਾ ਹੋਇਆ ਅਰਜਨਟੀਨਾ ਦਾ ਲਿਓਨਲ ਮੈਸੀ*

# ਮਹਿਲਾ ਹਾਕੀ ਵਿਸ਼ਵ ਕੱਪ ਅਰਜਨਟੀਨਾ ਨੇ ਜਿੱਤਿਆ

**ਰੋਸਾਰੀਓ :** ਅਰਜਨਟੀਨਾ ਨੇ ਬੀਤੀ 12 ਸਤੰਬਰ ਨੂੰ ਪਿਛਲੇ ਵਿਸ਼ਵ ਚੈਂਪੀਅਨ ਅਤੇ ਯੂਰਪੀਅਨ ਚੈਂਪੀਅਨ ਹਾਲੈਂਡ ਨੂੰ 2-0 ਨਾਲ ਹਰਾ ਕੇ ਮਹਿਲਾ ਹਾਕੀ ਵਿਸ਼ਵ ਕੱਪ ਜਿੱਤ ਲਿਆ ਹੈ। ਅਰਜਨਟੀਨਾ ਦਾ ਇਹ ਦੂਸਰਾ ਵਿਸ਼ਵ ਕੱਪ ਹੈ। ਅਰਜਨਟੀਨਾ ਨੇ ਇਸ ਤੋਂ ਪਹਿਲਾਂ 2002 ਵਿਚ ਆਸਟਰੇਲੀਆ ਦੇ ਪਰਥ ਵਿਚ ਹੀ ਮਹਿਲਾ ਵਰਗ 'ਚ ਵਿਸ਼ਵ ਕੱਪ ਜਿੱਤਿਆ ਸੀ। ਇਹ ਮੈਚ ਅਰਜਨਟੀਨਾ ਦੀ ਸਟਾਰ ਖਿਡਾਰਨ ਲੁਸੀਆਨਾ ਐਮਰ ਲਈ ਵੀ ਖਾਸ ਸੀ, ਜੋ ਦੇਸ਼ ਦੀ ਤਰਫੋਂ ਆਪਣਾ ਤਿੰਨ ਸੌਵਾਂ ਮੈਚ ਖੇਡ ਰਹੀ ਸੀ। ਦੂਜੇ ਪਾਸੇ ਇਸ ਮੈਚ ਤੋਂ ਬਾਅਦ ਹਾਲੈਂਡ ਦੀ ਖਿਡਾਰਨ ਜਨੇਕੇ ਸ਼ਾਪਮੈਨ ਨੇ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ। ਫਾਈਨਲ ਦੌਰਾਨ ਕਾਰਲਾ ਰੇਬੇਚੀ ਨੇ ਤੀਜੇ ਹੀ ਮਿੰਟ ਵਿਚ ਅਰਜਨਟੀਨਾ ਨੂੰ ਲੀਡ ਲੈ ਦਿੱਤੀ। ਇਸ ਤੋਂ ਚਾਰ ਮਿੰਟ ਬਾਅਦ ਹੀ ਅਰਜਨਟੀਨਾ ਨੇ ਪਹਿਲੇ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲ ਕੇ ਟੀਮ ਦੀ ਲੀਡ ਦੁੱਗਣੀ ਕਰ ਦਿੱਤੀ।

ਇਸ ਤੋਂ ਬਾਅਦ ਹਾਲੈਂਡ ਦੀਆਂ ਖਿਡਾਰਨਾਂ ਨੇ ਹਮਲਾਵਰ ਰੁਖ਼ ਅਖ਼ਤਿਆਰ ਕਰਕੇ ਮੈਚ ਬੇਹੱਦ ਤੇਜ਼ ਕਰ ਦਿੱਤਾ ਪਰ ਹਾਲੈਂਡ ਦੀ ਟੀਮ ਕੋਈ ਗੋਲ ਨਹੀਂ ਕਰ ਸਕੀ। ਅਰਜਨਟੀਨਾ ਦੀ ਤਰਫੋਂ ਬਾਰੀਓਨੇਵੂ, ਸਿਲਵੀਨਾ ਡੇ ਏਲੀਆ, ਕਲੌਡੀਆ ਬੁਰਕਕਾਰਟ ਅਤੇ ਗੋਲਕੀਪਰ ਬੇਲੇਨ ਸੂਚੀ ਨੇ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕੀਤਾ।

**ਭਾਰਤ 9ਵੇਂ ਸਥਾਨ 'ਤੇ**

ਇਸ ਤੋਂ ਪਹਿਲਾਂ ਬੀਤੇ ਦਿਨ ਭਾਰਤੀ ਮਹਿਲਾ ਹਾਕੀ ਟੀਮ ਨੇ ਰੋਮਾਂਚਿਕ ਮੁਕਾਬਲੇ ਵਿਚ ਦੱਖਣੀ ਅਫਰੀਕਾ ਨੂੰ 4-3 ਨਾਲ ਹਰਾ ਕੇ ਇਸ ਵਿਸ਼ਵ ਪੱਧਰੀ ਟੂਰਨਾਮੈਂਟ ਵਿਚ 9ਵੀਂ ਥਾਂ ਪ੍ਰਾਪਤ ਕੀਤੀ ਹੈ। ਮੈਚ ਦੌਰਾਨ ਰਾਣੀ ਰਾਮਪਾਲ ਨੇ ਦੋ ਗੋਲ ਕੀਤੇ ਜਦੋਂਕਿ ਸਬਾ ਅੰਜੁਮ ਅਤੇ ਜਸਜੀਤ ਕੌਰ ਹਾਂਡਾ ਨੇ ਇਕ-ਇਕ ਗੋਲ ਕੀਤਾ ਜਿਸ ਨਾਲ ਭਾਰਤ ਨੇ 1978 ਵਿਚ ਸੱਤਵਾਂ ਸਥਾਨ ਹਾਸਲ ਕਰਨ ਤੋਂ ਬਾਅਦ ਮਹਿਲਾ ਹਾਕੀ ਵਿਸ਼ਵ ਕੱਪ ਵਿਚ ਸਰਵਉੱਤਮ ਪ੍ਰਦਰਸ਼ਨ ਕੀਤਾ।

**ਰਾਣੀ ਨੇ ਬਿਖੇਰੀ ਚਮਕ :** ਅਰਜਨਟੀਨਾ ਵਿਚ ਆਯੋਜਿਤ ਵਿਸ਼ਵ ਕੱਪ ਵਿਚ ਭਾਰਤ ਦੀ ਮਹਿਲਾ ਹਾਕੀ ਟੀਮ ਭਾਵੇਂ ਹੀ ਨਿਰਾਸ਼ਾਜਨਕ ਤੌਰ 'ਤੇ 9ਵੇਂ ਸਥਾਨ 'ਤੇ ਰਹੀ ਪਰ ਸਿਰਫ 15 ਸਾਲਾਂ ਦੀ ਰਾਣੀ ਰਾਮਪਾਲ ਨੇ 7 ਗੋਲਾਂ ਨਾਲ ਆਪਣੀ ਕਾਬਲੀਅਤ ਸਿੱਧ ਕੀਤੀ।

ਵਿਸ਼ਵ ਕੱਪ ਵਿਚ ਸਭ ਤੋਂ ਜ਼ਿਆਦਾ ਗੋਲ ਕਰਨ ਦੀ ਦੌੜ ਵਿਚ ਰਾਣੀ ਦੂਜੇ ਨੰਬਰ 'ਤੇ ਰਹੀ। ਉਸਨੇ 6 ਫੀਲਡ ਗੋਲ ਕੀਤੇ, ਜਦੋਂਕਿ ਇਕ ਗੋਲ ਉਸਨੇ ਪੈਨਲਟੀ ਕਾਰਨਰ ਨਾਲ ਕੀਤਾ। ਰਾਣੀ ਦੇ ਨਾਂ ਵਿਸ਼ਵ ਕੱਪ ਵਿਚ ਸਭ ਤੋਂ ਜ਼ਿਆਦਾ ਫੀਲਡ ਗੋਲ ਹਨ। ਹਾਲੈਂਡ ਦੀ ਦਿੱਗਜ ਖਿਡਾਰਨ ਐਮ. ਪਾਓਮੇਨ ਨੇ ਸਭ ਤੋਂ ਜ਼ਿਆਦਾ 12 ਗੋਲ ਕੀਤੇ। ਇਸ ਵਿਸ਼ਵ ਕੱਪ ਵਿਚ ਭਾਰਤ ਨੇ ਕੁੱਲ 10 ਗੋਲ ਕੀਤੇ ਅਤੇ 7 ਗੋਲ ਰਾਣੀ ਦੇ ਨਾਂ ਦਰਜ ਹੋਏ। 6 ਮੈਚਾਂ ਵਿਚ ਭਾਰਤੀ ਟੀਮ ਵਿਰੁਧ ਕੁੱਲ 20 ਗੋਲ ਹੋਏ।

# ਤਨਖ਼ਾਹਾਂ-ਭੱਤਿਆਂ 'ਤੇ ਵਿਧਾਇਕਾਂ ਦਾ ਕਿੰਨਾ ਕੁ ਨੈਤਿਕ ਹੱਕ

**ਜਲੰਧਰ:** ਸੰਸਦ ਮੈਂਬਰਾਂ ਤੋਂ ਬਾਅਦ ਹੁਣ ਵਿਧਾਨ ਸਭਾਵਾਂ ਵਲੋਂ ਵਿਧਾਇਕਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿਚ ਵਾਧਾ ਕਰਨ ਦਾ ਰੁਝਾਨ ਚਲ ਪਿਆ ਹੈ। ਹਰਿਆਣਾ ਤੋਂ ਬਾਅਦ ਪੰਜਾਬ ਨੇ ਮੁੱਖ ਮੰਤਰੀ, ਮੰਤਰੀਆਂ, ਸੰਸਦੀ ਸਕੱਤਰਾਂ ਅਤੇ ਵਿਧਾਇਕਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿਚ ਭਾਰੀ ਵਾਧਾ ਕੀਤਾ ਹੈ। ਮੌਜੂਦਾ ਵਿਧਾਇਕਾਂ ਦੇ ਨਾਲ-ਨਾਲ ਸਾਬਕਾ ਵਿਧਾਇਕਾਂ ਨੂੰ ਵੀ ਵਧੇ ਦਾ ਗੱਫਾ ਦਿੱਤਾ ਗਿਆ ਹੈ। ਪਿਛਲੇ ਸਾਲਾਂ ਦੀ ਕਾਰਗੁਜ਼ਾਰੀ ਤੋਂ ਪਤਾ ਲਗਦਾ ਹੈ ਕਿ ਵਿਧਾਨ ਸਭਾਵਾਂ, ਲੋਕ ਸਭਾ ਅਤੇ ਰਾਜ ਸਭਾ ਵਿਚ ਸਿਰਫ਼ ਤਨਖਾਹਾਂ ਅਤੇ ਭੱਤਿਆਂ ਵਿਚ ਵਾਧੇ ਦਾ ਮਸਲਾ ਹੀ ਸਰਵਸੰਮਤੀ ਨਾਲ ਪ੍ਰਵਾਨ ਕੀਤਾ ਜਾਂਦਾ ਹੈ। ਇਸ ਤੋਂ ਬਿਨਾਂ ਸੰਸਦ ਮੈਂਬਰਾਂ ਦੀ ਸੰਜੀਦਾ ਬਹਿਸਾਂ ਵਿਚ ਸ਼ਮੂਲੀਅਤ ਅਤੇ ਸੁਹਿਰਦ ਸਰੋਤਿਆਂ ਦੀ ਭੂਮਿਕਾ ਲਗਾਤਾਰ ਸਵਾਲਾਂ ਦੇ ਘੇਰੇ ਵਿਚ ਹੈ। ਵਿਧਾਨ ਸਭਾ ਵਿਧਾਇਕਾਂ ਦਾ ਵਤੀਰਾ ਅਤੇ ਸਲੀਕਾ ਸਵਾਲਾਂ ਦੇ ਘੇਰੇ ਵਿਚ ਹੈ। ਪੰਜਾਬ ਵਿਚ ਤਾਂ ਵਿਧਾਇਕਾਂ ਨੂੰ ਵਿਧਾਨ ਸਭਾ ਵਿਚ ਵਿਚਰਨ ਦਾ ਸਲੀਕਾ ਸਿਖਾਉਣ ਲਈ ਸਿਖਲਾਈ ਦਾ ਬੰਦੋਬਸਤ ਵੀ ਕੀਤਾ ਗਿਆ ਸੀ। ਜਿਸ ਤਰ੍ਹਾਂ ਵਿਧਾਨ ਸਭਾ ਵਿਚ ਹਾਜ਼ਰੀ ਘਟ ਰਹਿੰਦੀ ਹੈ, ਉਸੇ ਤਰ੍ਹਾਂ ਵਿਧਾਨ ਸਭਾ ਦੇ ਸਪੀਕਰ ਦੀ ਪਹਿਲਕਦਮੀ ਨਾਲ ਕੀਤੀ ਗਈ ਵਰਕਸ਼ਾਪ ਵਿਚ ਵੀ ਹਾਜ਼ਰੀ ਨਿਗੂਣੀ ਹੀ ਰਹੀ ਸੀ। ਇਜਲਾਸਾਂ ਵਿਚ ਰੌਲੇ-ਰੱਪੇ ਅਤੇ ਹੰਗਾਮੇ ਤੋਂ ਬਾਅਦ ਮੁਲਤਵੀਆਂ ਦਾ ਰੁਝਾਨ ਹੁਣ ਪੱਕੇ ਪੈਰੀਂ ਹੋ ਗਿਆ ਹੈ। ਵਿਧਾਇਕਾਂ ਵਲੋਂ ਇਕ-ਦੂਜੇ ਨਾਲ ਬਦਕਲਾਮੀ ਅਤੇ ਬਦਸਲੂਕੀ ਦੀਆਂ ਖ਼ਬਰਾਂ ਹਰ ਇਜਲਾਸ ਵੇਲੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀਆਂ ਹਨ।

ਪਿਛਲੇ ਸਾਲਾਂ ਦੌਰਾਨ ਵਿਧਾਨ ਸਭਾ ਦੇ ਇਜਲਾਸਾਂ ਦਾ ਸਮਾਂ ਅਤੇ ਬੈਠਕਾਂ ਦੀ ਗਿਣਤੀ ਘਟਣ ਦੇ ਬਾਵਜੂਦ ਇਜਲਾਸਾਂ ਦੌਰਾਨ ਵਿਧਾਇਕਾਂ ਦੀਆਂ ਗ਼ੈਰ-ਹਾਜ਼ਰੀਆਂ ਵਧ ਰਹੀਆਂ ਹਨ। ਵਿਧਾਨ ਸਭਾ ਵਿਚ ਹੁੰਦੇ ਸਵਾਲਾਂ-ਜਵਾਬਾਂ ਰਾਹੀਂ ਲੋਕਾਂ ਤੱਕ ਸਰਕਾਰੀ ਕਾਰਗੁਜ਼ਾਰੀ ਦੀ ਸਿੱਕੇਬੰਦ ਜਾਣਕਾਰੀ ਪਹੁੰਚਦੀ ਹੈ। ਵੱਖ-ਵੱਖ ਮਸਲਿਆਂ 'ਤੇ ਸਰਕਾਰ ਦੀ ਪਹੁੰਚ ਅਤੇ ਅਗਾਮੀ ਵਿਉਂਤਬੰਦੀ ਸਾਹਮਣੇ ਆਉਂਦੀ ਹੈ। ਪਿਛਲੇ ਕੁਝ ਸਾਲਾਂ ਦੀ ਕਾਰਗੁਜ਼ਾਰੀ ਤੋਂ ਸਪਸ਼ਟ ਹੁੰਦਾ ਹੈ ਕਿ ਵਿਧਾਨ ਸਭਾਵਾਂ ਦਾ ਕੰਮ ਤਸੱਲੀਬਖ਼ਸ਼ ਨਹੀਂ ਰਿਹਾ। ਇਹ ਰੁਝਾਨ ਕਿਸੇ ਸੂਬੇ ਤੱਕ ਮਹਿਦੂਦ ਨਹੀਂ ਹੈ ਸਗੋਂ ਕੇਂਦਰ ਅਤੇ ਸਮੁੱਚੀਆਂ ਸੂਬਾਈ ਸਰਕਾਰਾਂ ਇਸ ਦੀ ਮਾਰ ਹੇਠ ਹਨ। ਮੁਕਾਮੀ ਸਰਕਾਰਾਂ ਵਿਚ ਤਾਂ ਹਾਲਤ ਹੋਰ ਵੀ ਖਸਤਾ ਹੈ।

ਲੋਕ ਸਭਾ ਵਿਚ ਬੀਤੇ ਇਜਲਾਸ ਦੌਰਾਨ ਤਜਵੀਜ਼ਦ ਅਤੇ ਪਰਮਾਣੂ ਜਵਾਬਦੇਹੀ ਵਰਗੇ ਅਹਿਮ ਬਿੱਲ ਬਿਨਾਂ ਗੰਭੀਰ ਬਹਿਸ ਤੋਂ ਹੀ ਪ੍ਰਵਾਨ ਕੀਤੇ ਗਏ ਸਨ। ਪਿਛਲੇ ਸਾਲ ਲੋਕ ਸਭਾ ਇਜਲਾਸ ਵਿਚ ਆਖਰੀ ਦਿਨ ਕੁਝ ਮਿੰਟਾਂ ਵਿਚ ਹੀ ਕਰੀਬ ਦਰਜਨ ਬਿੱਲ ਪ੍ਰਵਾਨ ਕੀਤੇ ਗਏ ਸਨ। ਇਸ ਹਾਲਾਤ ਵਿਚ ਲੋਕ ਸਭਾ ਵਿਚ ਪੈਸੇ ਲੈ ਕੇ ਸਵਾਲ ਪੁੱਛਣ, ਸਵਾਲ ਪੁੱਛ ਕੇ ਗ਼ੈਰ-ਹਾਜ਼ਰ ਰਹਿਣ ਅਤੇ ਪੂਰੇ ਇਜਲਾਸ ਦੌਰਾਨ ਇੱਕ ਸ਼ਬਦ ਵੀ ਨਾ ਬੋਲਣ ਦੇ ਮਾਮਲੇ ਵੀ ਸਾਹਮਣੇ ਆਏ ਹਨ। ਸਮੁੱਚੇ ਮੁਲਕ ਦੀ ਕਾਰਗੁਜ਼ਾਰੀ ਲਈ ਜ਼ਿੰਮੇਵਾਰ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵਲੋਂ ਆਪਣੇ ਕੰਮ ਪ੍ਰਤੀ ਅਖ਼ਤਿਆਰ ਕੀਤਾ ਗਿਆ ਗ਼ੈਰ-ਸੰਜੀਦਾ ਵਤੀਰਾ ਗੰਭੀਰ ਨਜ਼ਰਸਾਨੀ ਦੀ ਮੰਗ ਕਰਦਾ ਹੈ।

ਇਨ੍ਹਾਂ 'ਤੇ ਸਾਡੇ ਮੁਲਕ ਦੇ ਆਵਾਮ ਦਾ ਟੈਕਸ ਵਜੋਂ ਇਕੱਠਾ ਕੀਤਾ ਗਿਆ ਪੈਸਾ ਖਰਚ ਹੁੰਦਾ ਹੈ। ਇਸ ਵਿਚ ਕਾਰੋਬਾਰੀ ਅਤੇ ਮੁਲਾਜ਼ਮ ਤਬਕੇ ਦੇ ਨਾਲ-ਨਾਲ ਮਹਿੰਗਾਈ ਅਤੇ ਮੰਦੀ ਦੀ ਮਾਰ ਹੇਠ ਬੇਰੁਜ਼ਗਾਰੀ ਦੇ ਸੰਸਿਆਂ ਨਾਲ ਜੂਝ ਰਹੇ ਦਿਹਾੜੀਦਾਰ ਕਾਮੇ ਵੀ ਹਿੱਸਾ ਪਾਉਂਦੇ ਹਨ। ਜਿਸ ਹੱਡ ਭੰਨਵੀਂ ਕਮਾਈ ਨਾਲ ਉਹ ਦੋ ਡੰਗ ਦੀ ਰੋਟੀ ਜੋੜਨ ਲਈ ਚਾਰਾਜੋਈ ਕਰਦੇ ਹਨ, ਉਸੇ ਵਿਚੋਂ ਉਹ ਵੈਟ, ਸੇਲਜ਼ ਟੈਕਸ ਅਤੇ ਹੋਰ ਟੈਕਸਾਂ ਰਾਹੀਂ ਸਰਕਾਰੀ ਖ਼ਜ਼ਾਨੇ ਵਿਚ ਹਿੱਸਾ ਪਾਉਂਦੇ ਹਨ। ਸਰਕਾਰੀ ਖ਼ਜ਼ਾਨੇ ਦੇ ਖਾਲੀ ਹੋਣ ਦਾ ਰੌਲਾ ਸਾਡੇ ਵਜ਼ੀਰ ਅਤੇ ਅਫ਼ਸਰ ਹਰ ਲੋਕ-ਕਲਿਆਣ ਯੋਜਨਾ ਬਣਾਉਣ ਵੇਲੇ ਪਾਉਂਦੇ ਹਨ। ਕਾਨੂੰਨ ਬਣਾਉਣ ਵਾਲੇ ਮੰਤਰੀਆਂ ਅਤੇ ਵਿਧਾਇਕਾਂ ਦਾ ਵਧੀ ਹੋਈ ਤਨਖ਼ਾਹ ਅਤੇ ਭੱਤਿਆਂ 'ਤੇ ਕਾਨੂੰਨੀ ਹੱਕ ਹੈ।

ਸਵਾਲ ਸਿਰਫ਼ ਕਾਨੂੰਨੀ ਹੱਕ ਨਾਲ ਤਾਂ ਖ਼ਤਮ ਨਹੀਂ ਹੋ ਜਾਂਦਾ। ਨੈਤਿਕਤਾ ਵੀ ਤਾਂ ਮਨੁੱਖੀ ਕਿਰਦਾਰ ਦਾ ਅਨਿੱਖੜਵਾਂ ਹਿੱਸਾ ਮੰਨੀ ਜਾਂਦੀ ਹੈ। ਇਹ ਤਾਂ ਵਿਧਾਇਕਾਂ ਦੀ ਕਾਰਗੁਜ਼ਾਰੀ ਨੇ ਤੈਅ ਕਰਨਾ ਹੈ ਕਿ ਤਨਖ਼ਾਹਾਂ ਅਤੇ ਭੱਤਿਆਂ 'ਤੇ ਉਨ੍ਹਾਂ ਦਾ ਨੈਤਿਕ ਹੱਕ ਕਿੰਨਾ ਕੁ ਬਣਦਾ ਹੈ।

## ਜਰਮਨ ਬੇਕਰੀ ਬੰਬ ਕਾਂਡ ਸਬੰਧੀ ਦੋ ਹੋਰ ਗ੍ਰਿਫਤਾਰ

**ਮੁੰਬਈ:** ਮੁੰਬਈ ਦੇ ਦਹਿਸ਼ਤ ਵਿਰੋਧੀ ਦਸਤੇ ਨੇ ਜਰਮਨ ਬੇਕਰੀ ਬੰਬ ਧਮਾਕੇ ਦੇ ਸਬੰਧ ਵਿਚ ਪੂਨੇ ਅਤੇ ਨਾਸਿਕ ਤੋਂ ਦੋ ਵਿਅਕਤੀਆਂ-ਹਮਾਇਤ ਬੇਗ ਅਤੇ ਬਿਲਾਲ ਨੂੰ ਗ੍ਰਿਫਤਾਰ ਕੀਤਾ ਹੈ। ਪੂਨੇ ਵਿਚ ਜਰਮਨ ਬੇਕਰੀ ਵਿਚ ਹੋਏ ਬੰਬ ਧਮਾਕੇ ਕਾਰਨ 16 ਜਾਨਾਂ ਗਈਆਂ ਸਨ ਤੇ 60 ਤੋਂ ਵਧੇਰੇ ਜ਼ਖ਼ਮੀ ਹੋ ਗਏ ਸਨ।

ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਆਰ.ਆਰ. ਪਾਟਿਲ ਅਨੁਸਾਰ ਇਨ੍ਹਾਂ ਕਥਿਤ ਦੋਸ਼ੀਆਂ ਇਨ੍ਹਾਂ ਕੋਲੋਂ ਆਰ.ਡੀ.ਐਕਸ. ਤੇ ਬੰਬ ਬਣਾਉਣ ਦਾ ਹੋਰ ਸਾਮਾਨ ਵੀ ਬਰਾਮਦ ਹੋਇਆ ਹੈ।

## ਵੇਟਲਿਫਟਰ ਸਾਨਾਮਾਚਾ ਚਾਨੂ ਡੋਪਿੰਗ 'ਚ ਫਸੀ

**ਨਵੀਂ ਦਿੱਲੀ :** ਭਾਰਤੀ ਵੇਟ ਲਿਫਟਰ ਬੀਤੀ 8 ਸਤੰਬਰ ਨੂੰ ਫੇਰ ਡੋਪਿੰਗ ਵਿਵਾਦ 'ਚ ਫਸ ਗਏ ਜਦੋਂ 53 ਕਿਲੋ ਵਰਗ ਦੀ ਵੇਟ ਲਿਫਟਰ ਸਾਨਾਮਾਚਾ ਚਾਨੂ ਪਿਛਲੇ ਮਹੀਨੇ ਨਾਡਾ ਦੇ ਡੋਪ ਟੈਸਟ ਵਿਚ ਪਾਜ਼ੇਟਿਵ ਪਾਈ ਗਈ। ਭਾਰਤ ਕੁਝ ਸਮਾਂ ਪਹਿਲਾਂ ਹੀ ਕੌਮਾਂਤਰੀ ਵੇਟ ਲਿਫਟਿੰਗ ਫੈਡਰੇਸ਼ਨ ਨੂੰ ਜੁਰਮਾਨੇ ਦੀ ਮੋਟੀ ਰਕਮ ਭਰ ਕੇ ਪਾਬੰਦੀ ਤੋਂ ਬਚਿਆ ਹੈ, ਨਹੀਂ ਤਾਂ ਭਾਰਤੀ ਵੇਟ ਲਿਫਟਰ ਆਗਾਮੀ ਰਾਸ਼ਟਰਮੰਡਲ ਤੇ ਏਸ਼ਿਆਈ ਖੇਡਾਂ ਵਿਚ ਹਿੱਸਾ ਨਹੀਂ ਲੈ ਸਕਦੇ ਸਨ। 2004 ਵਿਚ ਏਥਨਜ਼ ਓਲੰਪਿਕ ਖੇਡਾਂ ਵਿਚ ਡੋਪਿੰਗ ਦੇ ਦੋਸ਼ ਵਿਚ ਫੜੇ ਜਾਣ ਤੋਂ ਬਾਅਦ ਚਾਨੂ ਦੂਜੀ ਵਾਰ ਡੋਪਿੰਗ 'ਚ ਫਸੀ ਹੈ। ਉਂਜ ਵੀ ਇਸ ਵੇਲੇ ਭਾਰਤੀ ਖੇਡਾਂ ਨੂੰ ਡੋਪਿੰਗ ਦਾ ਗ੍ਰਹਿਣ ਲੱਗਿਆ ਹੋਇਆ ਹੈ। ਪਿਛਲੇ ਇਕ ਹਫਤੇ 'ਚ 11 ਖਿਡਾਰੀ ਡੋਪ 'ਚ ਫੜੇ ਗਏ ਹਨ ਅਤੇ ਚਾਨੂ 12ਵੀਂ ਖਿਡਾਰਨ ਹੈ।

ਦੇਸ਼ ਦੀਆਂ ਸਫਲ ਵੇਟਲਿਫਟਰਾਂ 'ਚੋਂ ਇਕ ਚਾਨੂ ਪਾਬੰਦੀਸ਼ੁਦਾ ਦਵਾਈ ਮਿਥਾਇਲ ਹੇਕਸਾਨਿਏਮਾਇਨ ਲਈ ਪਾਜ਼ੇਟਿਵ ਪਾਈ ਗਈ ਹੈ। ਹੁਣ ਜੇ ਚਾਨੂ ਦਾ 'ਬੀ' ਨਮੂਨਾ ਵੀ ਪਾਜ਼ੇਟਿਵ ਆਇਆ ਅਤੇ ਉਹ ਨਾਡਾ ਅਪੀਲੀ ਪੈਨਲ ਸਾਹਮਣੇ ਖ਼ੁਦ ਨੂੰ ਨਿਰਦੋਸ਼ ਨਹੀਂ ਸਾਬਤ ਕਰ ਸਕੀ ਤਾਂ ਉਸ 'ਤੇ ਉਮਰ ਭਰ ਦੀ ਪਾਬੰਦੀ ਲੱਗ ਸਕਦੀ ਹੈ। ਬਾਕੀ ਦੋਸ਼ੀ 11 ਖਿਡਾਰੀ ਵੀ ਇਸੇ ਪਦਾਰਥ ਲਈ ਪਾਜ਼ੇਟਿਵ ਪਾਏ ਗਏ ਹਨ। ਇਹ ਪਦਾਰਥ ਫੂਡ ਸਪਲੀਮੈਂਟ ਵਿਚ ਸ਼ਾਮਲ ਹੁੰਦਾ ਹੈ। ਸਾਬਕਾ ਏਸ਼ਿਆਈ ਤੇ ਰਾਸ਼ਟਰਮੰਡਲ ਖੇਡਾਂ ਦੀ ਚੈਂਪੀਅਨ ਚਾਨੂ ਇਥੇ ਪਿਛਲੇ ਮਹੀਨੇ ਦਿੱਲੀ ਰਾਸ਼ਟਰਮੰਡਲ ਖੇਡਾਂ ਦੇ ਟਰਾਇਲਾਂ ਦੌਰਾਨ ਹੋਏ ਟੈਸਟ ਵਿਚ ਦੋਸ਼ੀ ਪਾਈ ਗਈ ਸੀ।

ਭਾਰਤੀ ਵੇਟ ਲਿਫਟਿੰਗ ਫੈਡਰੇਸ਼ਨ ਦੇ ਸਕੱਤਰ ਸਹਿਦੇਵ ਯਾਦਵ ਨੇ ਕਿਹਾ ਕਿ ਇਕ ਵੇਟ ਲਿਫਟਰ ਦੋਸ਼ੀ ਪਾਇਆ ਗਿਆ ਹੈ ਪਰ ਉਹ ਪਿਛਲੇ ਮਹੀਨੇ ਐਲਾਨੀ ਰਾਸ਼ਟਰਮੰਡਲ ਖੇਡਾਂ ਦੀ ਟੀਮ ਵਿਚ ਸ਼ਾਮਲ ਨਹੀਂ ਹੈ। ਪਿਛਲੇ ਸਾਲ ਸਤੰਬਰ ਮਹੀਨੇ ਵਾਡਾ ਦੇ ਡੋਪ ਟੈਸਟ ਵਿਚ ਛੇ ਭਾਰਤੀ ਵੇਟ ਲਿਫਟਰਾਂ ਦੇ ਦੋਸ਼ੀ ਪਾਏ ਜਾਣ ਕਾਰਨ ਭਾਰਤ ਨੇ ਪੰਜ ਲੱਖ ਅਮਰੀਕੀ ਡਾਲਰ ਜੁਰਮਾਨਾ ਭਰਿਆ ਹੈ। ਇਸ ਤੋਂ ਬਾਅਦ ਹੀ ਭਾਰਤ ਨੂੰ ਖੇਡਾਂ ਵਿਚ ਹਿੱਸਾ ਲੈਣ ਦੀ ਆਗਿਆ ਮਿਲੀ ਹੈ।

ਚਾਨੂ 'ਤੇ ਪਹਿਲਾਂ ਵੀ ਦੋ ਸਾਲ ਦੀ ਪਾਬੰਦੀ ਲੱਗ ਚੁੱਕੀ ਹੈ। ਇਕ ਹੋਰ ਵੇਟ ਲਿਫਟਰ ਪ੍ਰਤਿਮਾ ਕੁਮਾਰ 'ਤੇ ਵੀ ਦੋ ਸਾਲ ਦੀ ਪਾਬੰਦੀ ਲੱਗੀ ਸੀ ਜਦੋਂ ਭਾਰਤੀ ਵੇਟ ਲਿਫਟਿੰਗ ਫੈਡਰੇਸ਼ਨ 'ਤੇ ਇਕ ਸਾਲ ਦੀ ਪਾਬੰਦੀ ਲੱਗੀ ਸੀ।

**ਚਾਰ ਖਿਡਾਰੀਆਂ ਦੇ 'ਬੀ' ਟੈਸਟ ਵੀ ਪਾਜ਼ੇਟਿਵ ਰਹੇ-** ਰਾਸ਼ਟਰਮੰਡਲ ਖੇਡਾਂ ਲਈ ਚੁਣੇ ਤੈਰਾਕਾਂ ਅਤੇ ਡਿਸਕਸ ਥਰੋਅ ਦੇ ਅਥਲੀਟ ਸਮੇਤ ਚਾਰ ਖਿਡਾਰੀਆਂ ਦੇ 'ਬੀ' ਨਮੂਨੇ ਦਾ ਟੈਸਟ ਵੀ ਪਾਬੰਦੀਸ਼ੁਦਾ ਦਵਾਈਆਂ ਦੇ ਸੇਵਨ ਲਈ ਪਾਜ਼ੇਟਿਵ ਪਾਇਆ ਗਿਆ। ਨਾਡਾ ਦੇ ਡਾਇਰੈਕਟਰ ਜਨਰਲ ਰਾਹੁਲ ਭਟਨਾਗਰ ਨੇ ਕਿਹਾ ਕਿ ਚੋਟੀ ਦੀ ਮਹਿਲਾ ਤੈਰਾਕ ਰਿਚਾ ਮਿਸ਼ਰਾ ਤੇ ਜਯੋਤਸਨਾ ਪਨਸਾਰੇ, ਗੋਲਾ ਸੁੱਟਣ ਦੇ ਅਥਲੀਟ ਸੌਰਵ ਵਿੱਜ ਅਤੇ ਡਿਸਕਸ ਥਰੋਅ ਦੇ ਅਥਲੀਟ ਆਕਾਸ਼ ਅੰਟਿਲ ਦਾ 'ਬੀ' ਨਮੂਨਾ ਵੀ ਪਾਜ਼ੇਟਿਵ ਰਿਹਾ।

# ਅਮਰੀਕੀ ਅਦਾਲਤ ਵਲੋਂ ਕਮਲ ਨਾਥ ਖਿਲਾਫ ਕੇਸ ਚਲਾਉਣ ਦਾ ਹੁਕਮ

**ਨਿਊ ਯਾਰਕ:** ਇਥੋਂ ਦੀ ਜ਼ਿਲ੍ਹਾ ਅਦਾਲਤ ਦੇ ਜੱਜ ਰੌਬਰਟ ਸਵੀਟ ਨੇ ਭਾਰਤ ਦੇ ਆਵਾਜਾਈ ਮੰਤਰੀ ਕਮਲ ਨਾਥ ਖਿਲਾਫ ਕੇਸ ਵਿਚ ਇਕ ਹੁਕਮ ਜਾਰੀ ਕਰਕੇ ਸੰਬਧਤ ਧਿਰਾਂ ਨੂੰ ਆਉਂਦੀ 29 ਸਤੰਬਰ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਹੈ ਤਾਂ ਜੋ ਸੁਣਵਾਈ ਤੋਂ ਪਹਿਲਾਂ ਵਿਚਾਰ ਵਟਾਂਦਰਾ ਕੀਤਾ ਜਾ ਸਕੇ, ਤੱਥਾਂ ਤੇ ਅੰਕੜਿਆਂ ਦੀ ਘੋਖ ਕੀਤੀ ਜਾ ਸਕੇ ਅਤੇ ਸੁਣਵਾਈ ਲਈ ਸਮਾਂ ਤੈਅ ਕੀਤਾ ਜਾ ਸਕੇ। ਇੱਥੇ ਦਸਣਯੋਗ ਹੈ ਕਿ ਕਮਲ ਨਾਥ ਦੇ ਖਿਲਾਫ ਇਹ ਕੇਸ ਅਪ੍ਰੈਲ 2010 ਵਿਚ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਅਤੇ ਪੀੜਤ ਜਸਬੀਰ ਸਿੰਘ ਤੇ ਮਹਿੰਦਰ ਸਿੰਘ ਵਲੋਂ ਦਾਇਰ ਕੀਤਾ ਗਿਆ ਸੀ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਅਦਾਲਤ ਵਲੋਂ 7 ਸਤੰਬਰ ਨੂੰ ਜਾਰੀ ਕੀਤਾ ਗਿਆ ਹੁਕਮ ਕਮਲ ਨਾਥ ਖਿਲਾਫ ਮੁਕੱਦਮੇ ਦੀ ਸ਼ੁਰੂਆਤ ਹੈ ਜਿਸ ਨੇ ਕਥਿਤ ਤੌਰ 'ਤੇ 1 ਨਵੰਬਰ 1984 ਨੂੰ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਸਾਹਿਬ 'ਤੇ ਹਮਲਾ ਕਰਨ ਵਾਲੀ ਭੀੜ ਦੀ ਅਗਵਾਈ ਕੀਤੀ ਸੀ ਜਿਸ ਵਿਚ ਕਈ ਸਿੱਖਾਂ ਨੂੰ ਜਿਉਂਦੇ ਸਾੜ ਦਿੱਤਾ ਗਿਆ ਸੀ।

ਪਟੀਸ਼ਨਰਾਂ ਨੇ 'ਜਿਊਰੀ ਟਰਾਇਲ' ਦੀ ਮੰਗ ਕੀਤੀ ਹੈ ਜਿਸ ਦੌਰਾਨ ਉਹ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਵਿਚ ਕਮਲ ਨਾਥ ਅਤੇ ਕਾਂਗਰਸ ਦੇ ਕਈ ਹੋਰ ਆਗੂਆਂ ਦੀ ਸ਼ਮੂਲੀਅਤ ਨੂੰ ਸਾਬਤ ਕਰਦੇ ਦਸਤਾਵੇਜ਼ੀ ਸਬੂਤ ਪੇਸ਼ ਕਰਨਗੇ। ਅਟਾਰਨੀ ਪੰਨੂ ਅਨੁਸਾਰ ਸਿੱਖਸ ਫਾਰ ਜਸਟਿਸ ਕੋਲ ਨਵੇਂ ਸਬੂਤ ਵੀ ਹਨ ਜੋ ਇਹ ਸਾਬਤ ਕਰਦੇ ਹਨ ਕਿ ਕਮਲ ਨਾਥ ਨੇ ਕਥਿਤ ਤੌਰ 'ਤੇ ਮੱਧ ਪ੍ਰਦੇਸ਼ ਵਿਚ ਵੱਖ ਵੱਖ ਸ਼ਹਿਰਾਂ ਅਤੇ ਆਪਣੇ ਲੋਕ ਸਭਾ ਹਲਕੇ ਛਿੰਦਵਾੜਾ ਵਿਚ ਵੀ ਸਿੱਖਾਂ ਦਾ ਕਤਲ ਕਰਵਾਇਆ ਸੀ।

ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਅੱਗੇ ਦਸਿਆ ਕਿ ਕਮਲ ਨਾਥ ਦੇ ਖਿਲਾਫ ਮੁਕੱਦਮਾ ਅਮਰੀਕਾ ਦੇ ਏਲੀਅੰਟ ਟੋਰਟ ਕਲੇਮਸ ਐਕਟ ਤਹਿਤ ਚਲੇਗਾ ਤੇ ਇਹ ਨਸਲਕੁਸ਼ੀ ਦੇ ਪੀੜਤਾਂ ਨੂੰ ਰਾਹਤ ਤੇ ਮੁਆਵਜ਼ਾ ਮੁਹੱਈਆ ਕਰਵਾਉਣ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਜਾਇਜ਼ ਠਹਿਰਾਉਣ ਲਈ ਬਣਾਇਆ ਗਿਆ ਹੈ। ਪਟੀਸ਼ਨਰ ਨਸਲਕੁਸ਼ੀ ਤੋਂ ਬਚਣ ਵਾਲੇ ਲੋਕਾਂ ਅਤੇ ਮਾਹਿਰਾਂ ਨੂੰ ਗਵਾਹਾਂ ਵਜੋਂ ਵੀ ਬੁਲਾਉਣਗੇ ਤਾਂ ਜੋ ਇਹ ਸਾਬਤ ਕੀਤਾ ਜਾ ਸਕੇ ਕਿ ਨਵੰਬਰ 1984 ਵਿਚ ਸਿੱਖਾਂ ਦੀ ਯੋਜਨਾਬੱਧ ਤਰੀਕੇ ਨਾਲ ਕਤਲ ਨਸਲਕੁਸ਼ੀ ਸੀ ਜਿਵੇਂ ਕਿ ਨਸਲਕੁਸ਼ੀ ਬਾਰੇ ਯੂ ਐਨ ਕਨਵੈਨਸ਼ਨ ਦੀ ਧਾਰਾ 2 ਵਿਚ ਵਰਣਨ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਅਦਾਲਤ ਵਲੋਂ ਪਿਛਲੀ 6 ਅਪ੍ਰੈਲ ਨੂੰ ਜਾਰੀ ਕੀਤੇ ਗਏ ਸੰਮਨ ਦਾ ਕਮਲ ਨਾਥ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਜਿਸ ਦੇ ਨਤੀਜੇ ਵਜੋਂ 5 ਅਗਸਤ ਨੂੰ ਅਦਾਲਤ ਨੇ ਕਮਲ ਨਾਥ ਦੇ ਖਿਲਾਫ ਡਿਫਾਲਟ ਆਰਡਰ ਜਾਰੀ ਕੀਤਾ ਸੀ।

ਇਸੇ ਦੌਰਾਨ ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰਸ ਅਵਤਾਰ ਸਿੰਘ ਪੰਨੂ ਨੇ ਕਿਹਾ ਕਿ ਇਹ ਪਹਿਲੀ ਵਾਰੀ ਹੋਇਆ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਦੇ ਖਿਲਾਫ ਕੌਮਾਂਤਰੀ ਪੱਧਰ 'ਤੇ ਮੁਕੱਦਮਾ ਚਲਾਇਆ ਜਾ ਰਿਹਾ ਹੈ।

ਕੋਆਰਡੀਨੇਟਰ ਮਾਸਟਰ ਮੁਹਿੰਦਰ ਸਿੰਘ ਨੇ ਕਿਹਾ ਕਿ ਜੋ ਕੁਝ ਭਾਰਤ ਵਿਚ ਹੋਣਾ ਚਾਹੀਦਾ ਸੀ ਉਹ ਅਮਰੀਕਾ ਵਿਚ ਅਸੀਂ ਕਰ ਵਿਖਾਇਆ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਭਾਰਤ ਵਿਚ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਣ ਵਾਲੀ ਸਗੋਂ ਭਾਰਤ ਸਰਕਾਰ ਦੋਸ਼ੀਆਂ ਨੂੰ ਬਚਾਅ ਰਹੀ ਹੈ।

*Visit us on the web:*
**www.punjabtimesusa.com**



ਡਾ. ਜਸਪਾਲ ਸਿੰਘ 'ਰੇਡੀਓ ਪ੍ਰੋਗਰਾਮਿੰਗ ਅਤੇ ਪ੍ਰੋਡਕਸ਼ਨ ਟੈਕਨੀਕਸ' ਵਿਸ਼ੇ 'ਤੇ ਹੋਈ ਵਰਕਸ਼ਾਪ ਦੇ ਸਮਾਪਤੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ

# ਕੁਆਲਿਟੀ ਕਰਕੇ ਰੇਡੀਓ ਦੀ ਭਰੋਸੇਯੋਗਤਾ ਅਜੇ ਵੀ ਕਾਇਮ:ਡਾ. ਜਸਪਾਲ ਸਿੰਘ

**ਪਟਿਆਲਾ:** ਰੇਡੀਓ ਨੇ ਭਾਸ਼ਾਈ ਪ੍ਰਦੂਸ਼ਣ ਦੇ ਇਸ ਦੌਰ ਵਿਚ ਨਾ ਸਿਰਫ ਆਪਣੇ ਆਪ ਨੂੰ ਬਚਾਈ ਰੱਖਿਆ ਹੈ, ਬਲਕਿ ਆਡੀਓ ਵਿਜ਼ੂਅਲ ਦਾ ਅੰਦਰੂਨੀ ਅਨਿੱਖੜਵਾਂ ਹਿੱਸਾ ਵੀ ਬਣ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਭਾਵੇਂ ਟੈਲੀਵਿਜਨ ਦੇ ਇਸ ਦੌਰ ਵਿਚ ਇਕ ਵਾਰ ਤਾਂ ਰੇਡੀਓ ਦੀ ਹੋਂਦ ਨੂੰ ਖਤਰਾ ਹੀ ਪੈਦਾ ਹੋ ਗਿਆ ਸੀ, ਪਰ ਹੁਣ ਰੇਡੀਓ ਵਧੀਆ ਢੰਗ ਨਾਲ ਮੁੜ ਵਾਪਸੀ ਕਰ ਰਿਹਾ ਹੈ।

ਯੂਨੀਵਰਸਿਟੀ ਦੇ 'ਸੈਂਟਰ ਫਾਰ ਅਡਵਾਂਸਡ ਮੀਡੀਆ ਸਟੱਡੀਜ਼' ਵਿਚ 'ਰੇਡੀਓ ਪ੍ਰੋਗਰਾਮਿੰਗ ਅਤੇ ਪ੍ਰੋਡਕਸ਼ਨ ਟੈਕਨੀਕਸ' ਵਿਸ਼ੇ 'ਤੇ ਲਾਈ ਗਈ ਚਾਰ ਰੋਜ਼ਾ ਵਰਕਸ਼ਾਪ ਦੇ ਸਮਾਪਤੀ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਵਿਭਾਗ ਦੇ ਵਿਦਿਆਰਥੀਆਂ ਨੂੰ ਪ੍ਰਿੰਟ ਅਤੇ ਇਲੈਕਟਰਾਨਿਕ ਮੀਡੀਆ ਦੇ ਕੁਝ ਹਿੱਸੇ ਵੱਲੋਂ ਪਰੋਸੀ ਜਾਂਦੀ ਅਸ਼ਲੀਲਤਾ ਤੋਂ ਬਚਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਉਚ ਦਰਜੇ ਦੇ ਪ੍ਰੋਗਰਾਮਾਂ ਦੀ ਕੁਆਲਟੀ ਕਰਕੇ ਰੇਡੀਓ ਦੀ ਭਰੋਸੇਯੋਗਤਾ ਅੱਜ ਵੀ ਲੋਕਾਂ ਦੇ ਮਨਾਂ ਵਿਚ ਓਨੀ ਹੀ ਹੈ, ਜੋ ਟੈਲੀਵਿਜ਼ਨ ਤੋਂ ਪਹਿਲਾਂ ਹੁੰਦੀ ਸੀ।

ਇਸ ਮੌਕੇ ਵਿਭਾਗ ਦੇ ਡਾਇਰੈਕਟਰ ਅਤੇ ਇਸ ਸਮਾਗਮ ਦੇ ਮੁੱਖ ਪ੍ਰਬੰਧਕ ਡਾ. ਗੁਰਮੀਤ ਸਿੰਘ ਮਾਨ ਨੇ ਕਿਹਾ ਕਿ ਇਸ ਵਰਕਸ਼ਾਪ ਦਾ ਮਨੋਰਥ ਵਿਦਿਆਰਥੀਆਂ ਨੂੰ ਰੇਡੀਓ ਪ੍ਰੋਗਰਾਮਿੰਗ ਦੇ ਤਕਨੀਕੀ ਅਤੇ ਹੋਰ ਪਹਿਲੂਆਂ ਤੋਂ ਜਾਣੂ ਕਰਵਾਉਣਾ ਸੀ। ਡਾ. ਮਾਨ ਅਨੁਸਾਰ ਜਲਦ ਹੀ ਵਿਭਾਗ ਵੱਲੋਂ ਸਿਨੇਮਾਟੋਗ੍ਰਾਫੀ ਐਂਡ ਫਿਲਮ ਡਾਇਰੈਕਸ਼ਨ ਬਾਰੇ ਵੀ ਵਰਕਸ਼ਾਪ ਲਾਈ ਜਾਵੇਗੀ। ਇਸ ਤੋਂ ਇਲਾਵਾ ਯੂਨੀਵਰਸਿਟੀ ਕੰਪਿਊਟਰ ਸੈਂਟਰ ਦੇ ਸਹਿਯੋਗ ਨਾਲ ਆਨਲਾਈਨ ਰੇਡੀਓ ਅਤੇ ਆਨਲਾਈਨ ਟੈਲੀਵਿਜ਼ਨ ਵੀ ਸ਼ੁਰੂ ਕੀਤਾ ਜਾਵੇਗਾ।

ਇਸ ਵਰਕਸ਼ਾਪ ਦੌਰਾਨ ਏਅਰ ਪਟਿਆਲਾ ਦੇ ਸਟੇਸ਼ਨ ਹੈਡ ਅਮਰਜੀਤ ਵੜੈਚ, ਰਿਲਾਇੰਸ ਨੈਟਵਰਕ ਦੇ ਤਕਨੀਕੀ ਮਾਹਿਰ ਅਮਨ ਬਦਵਾਰ ਅਤੇ ਬਿਗ ਐਫ ਐਮ ਦੇ ਰੇਡੀਓ ਜਾਕੀ ਧਨਵੀਰ ਨੇ ਰੇਡੀਓ ਪ੍ਰੋਗਰਾਮਿੰਗ ਦੇ ਵੱਖ ਵੱਖ ਪਹਿਲੂਆਂ ਬਾਰੇ ਚਾਰ ਦਿਨਾਂ ਦੌਰਾਨ ਵਿਦਿਆਰਥੀਆਂ ਨੂੰ ਵੱਡਮੁੱਲੀ ਜਾਣਕਾਰੀ ਦਿੱਤੀ।


NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH



Desi Cuts and Color Plus
For Men, Women & Children

Grand Opening

Ph:510-429-0786
Mandeep
510-200-4415
Tony
(510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 ( Behind Tacobell )


# ਅਸ਼ੋਕ ਸਿੰਘਲ ਨਾਲ ਮੁਲਾਕਾਤ ਬਦਲੇ ਗਿਆਨੀ ਗੁਰਬਚਨ ਸਿੰਘ ਅਸਤੀਫਾ ਦੇਣ: ਅਮੈਰਿਕਨ ਸਿੱਖ ਆਰਗੇਨਾਈਜੇਸ਼ਨ

**ਨਿਊਯਾਰਕ:** ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁਖੀ ਸ੍ਰੀ ਅਸ਼ੋਕ ਸਿੰਘਲ ਨਾਲ ਅਯੁਧਿਆ ਵਿਚ ਰਾਮ ਮੰਦਿਰ ਲਈ ਹਮਾਇਤ ਲਈ ਮੁਲਾਕਾਤ ਦਾ ਗੰਭੀਰ ਨੋਟਿਸ ਲੈਂਦਿਆਂ ਜਥੇਦਾਰ ਤੋਂ ਅਸਤੀਫੇ ਦੀ ਮੰਗ ਕੀਤੀ ਹੈ।

ਜਥੇਬੰਦੀ ਵਲੋਂ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਜਿਹੜਾ ਸੰਘ ਸਿੱਖ ਸਿਧਾਤਾਂ ਦਾ ਹਿੰਦੂਕਰਨ ਕਰਨ ਲਈ ਇਹ ਕਹਿ ਰਿਹਾ ਹੋਵੇ ਕਿ "ਗੁਰੂ ਗ੍ਰੰਥ ਸਾਹਿਬ ਵੇਦਾਂ ਦਾ ਸਾਰ ਹੈ, ਜਪੁਜੀ ਗੀਤਾ ਦਾ ਛੋਟਾ ਰੂਪ ਹੈ, ਸਿੱਖ ਵਿਆਪਕ ਹਿੰਦੂ ਸਮਾਜ ਦਾ ਅੰਗ ਹਨ, ਸਿੱਖ ਪੰਥ ਹਿੰਦੂ ਧਰਮ ਰੂਪੀ ਵਿਸ਼ਾਲ ਬਗੀਚੇ ਦਾ ਇਕ ਚੁਣਿਆ ਹੋਇਆ ਸੁੰਦਰ ਅਤੇ ਸੁਗੰਧਿਤ ਫੁੱਲਾਂ ਦਾ ਗੁੱਛਾ ਹੈ, ਹਿੰਦੂ ਕਲਪ ਬ੍ਰਿਛ ਦਾ ਅੰਮ੍ਰਿਤਫਲ ਹੈ ਖਾਲਸਾ ਪੰਥ, ਸਿੱਖ ਮੱਤ ਤੇ ਖਾਲਸਾ ਪੰਥ ਦੀ ਸਥਾਪਨਾ ਦੇਸ਼ ਅਤੇ ਧਰਮ ਦੀ ਰਖਿਆ ਲਈ ਹੋਈ ਸੀ, ਸਿੱਖ ਅਤੇ ਬਾਕੀ ਹਿੰਦੂ ਸਮਾਜ ਇਕ ਅਖੰਡ ਅਤੇ ਨਾ-ਵੰਡੇ ਜਾਣ ਵਾਲੀ ਇਕਾਈ ਹੈ, ਗੁਰਸਿੱਖ ਨੂੰ ਕੇਸਧਾਰੀ ਅਤੇ ਸਹਿਜਧਾਰੀ ਵਿਚਕਾਰ ਵੰਡਣਾ ਅਤੇ ਇਨ੍ਹਾਂ ਨੂੰ ਦੋ ਅਲੱਗ ਧਾਰਾਵਾਂ ਦੇ ਰੂਪ ਵਿਚ ਵੇਖਣਾ ਇਤਿਹਾਸ ਦੀ ਨਾ-ਸਮਝੀ ਹੈ, ਸਿੱਖ ਧਰਮ ਹਿੰਦੂ ਧਰਮ ਦਾ ਇਕ ਸੰਪ੍ਰਦਾਇ ਹੈ, ਉਸਦੇ ਮੁਖੀ ਨਾਲ ਜਥੇਦਾਰ ਦੀ ਮੁਲਾਕਾਤ ਕਿਸੇ ਵੀ ਤਰ੍ਹਾਂ ਸਿੱਖ ਪੰਥ ਦੇ ਹੱਕ ਵਿਚ ਨਹੀਂ ਜਾਂਦੀ।

ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਗੁਰੂ ਨਾਨਕ ਦਾ ਜੀਵਨ ਹਿੰਦੂ ਜੀਵਨ ਪੱਧਤੀ ਦੇ ਆਦਰਸ਼ਵਾਦ, ਕਰਮ ਭਗਤ ਤੇ ਗਿਆਨ ਦਾ ਵਿਚਿਤਰ ਮੇਲਾ ਹੈ, ਸਿੱਖ ਗੁਰੂਆਂ ਦੀ ਅਧਿਆਤਮਕ, ਭਗਤੀ ਅਤੇ ਸੂਰਮਗਤੀ ਦੀ ਪਰੰਪਰਾ ਸੰਪੂਰਨ ਹਿੰਦੂ ਸਮਾਜ ਲਈ ਗੋਰਵ ਦਾ ਵਿਸ਼ਾ ਹੈ, ਗੁਰੂ ਤੇਗ ਬਹਾਦਰ ਨੇ ਹਿੰਦੂ ਧਰਮ ਅਤੇ ਸਮਾਜ ਉਪਰ ਸੰਕਟ ਦੇ ਨਿਵਾਰਣ ਲਈ ਬਲੀਦਾਨ ਦਿਤਾ ਸੀ, ਗੁਰੂ ਗੋਬਿੰਦ ਸਿੰਘ ਦੇ ਦੋ ਪੁੱਤਰ ਹਿੰਦੂ ਧਰਮ ਦੀ ਰੱਖਿਆ ਲਈ ਮੁਗਲਾਂ ਨਾਲ ਜੂਝੇ ਸਨ ਅਤੇ ਦੋ ਪੁੱਤਰਾਂ ਨੇ ਖੁਸ਼ੀ ਨਾਲ ਆਪਣੇ ਆਪ ਨੂੰ ਦੀਵਾਰ ਵਿਚ ਚਿਣਾ ਦਿਤਾ ਸੀ," ਅਜਿਹੇ ਪੰਥ ਦੋਖੀਆਂ ਨਾਲ ਮੁਲਾਕਾਤਾਂ ਕਰਕੇ ਇਨ੍ਹਾਂ ਲਈ ਅਰਦਾਸਾਂ ਕਰਨ ਵਾਲਿਆਂ ਨੂੰ ਕੀ ਕਿਹਾ ਜਾਵੇ ਕੌਮ ਆਪ ਹੀ ਫੈਸਲਾ ਕਰ ਲਵੇ।

ਬਿਆਨ ਅਨੁਸਾਰ ਇਹ ਹਿੰਦੂਤਵੀ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਦੱਸਣ ਲਈ ਸਿੱਖੀ ਤੇ ਲਗਾਤਾਰ ਧੜਾਧਾਰ ਹਮਲੇ ਕਰਦੇ ਆ ਰਹੇ ਹਨ। ਅਜਿਹੇ ਪੰਥ ਦੁਸ਼ਮਣਾਂ ਦਾ ਰਾਮ ਮੰਦਰ ਦੀ ਉਸਾਰੀ ਦੇ ਬਹਾਨੇ ਸਿੱਖਾਂ ਦੇ ਗੁਰੂਦੁਆਰਿਆਂ ਅੰਦਰ ਘੁਸਪੈਠ ਕਰਨਾ ਸਿੱਖ ਕੌਮ ਲਈ ਖਤਰੇ ਦੇ ਸੰਕੇਤ ਹਨ। ਇਥੋਂ ਤੱਕ ਕਿ ਸਿੱਖਾਂ ਦੀ ਸਰਬਉਚ ਅਦਾਲਤ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਇਨ੍ਹਾਂ ਪੰਥ ਦੋਖੀਆਂ ਨਾਲ ਮੁਲਾਕਾਤ ਕਰਨਾ ਅਤੇ ਰਾਮ ਮੰਦਰ ਦੀ ਉਸਾਰੀ ਦੇ ਏਜੰਡੇ ਨੂੰ ਪੰਜ ਸਿੰਘ ਸਹਿਬਾਨਾਂ ਦੀ ਮੀਟਿੰਗ ਅੰਦਰ ਵਿਚਾਰਨ ਦਾ ਭਰੋਸਾ ਦੇਣਾ, ਇਹ ਸਿੱਧ ਕਰਦਾ ਹੈ ਕਿ ਅਕਾਲ ਤਖਤ ਅੱਜ ਪੂਰੀ ਤਰ੍ਹਾਂ ਸੰਘ ਦੇ ਬਿਪਰ-ਤਾਣੇ ਦੀ ਲਪੇਟ ਵਿਚ ਆ ਚੁੱਕਾ ਹੈ। ਅਸ਼ੋਕ ਸਿੰਘਲ ਦੀ ਇਸ ਮੁਲਾਕਾਤ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਨਾਨਕਸ਼ਾਹੀ ਕੈਲੰਡਰ ਦਾ ਬਿਕਰਮੀਕਰਨ ਵੀ ਇਨਾਂ ਦਾ ਪ੍ਰਭਾਵ ਕਬੂਲ ਕੇ ਹੀ ਕੀਤਾ ਗਿਆ। ਪੰਥ ਦੁਸ਼ਮਣਾਂ ਨਾਲ ਮੁਲਾਕਾਤ ਦੀ ਕੋਤਾਹੀ ਬਦਲੇ ਨੈਤਿਕਤਾ ਦੇ ਆਧਾਰ ਤੇ ਇਸ ਸਤਿਕਾਰਤ ਅਹੁਦੇ ਤੋਂ ਗਿਆਨੀ ਗੁਰਬਚਨ ਸਿੰਘ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ ਤਾਂ ਕਿ ਅਕਾਲ ਤਖਤ ਸਾਹਿਬ ਦੀਆਂ ਪਰੰਪਰਾਗਤ ਰਵਾਇਤਾਂ ਕਲੰਕਿਤ ਨਾ ਹੋਣ।

ਜਥੇਬੰਦੀ ਦੇ ਆਗੂਆਂ ਭਾਈ ਦਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਦਿਦਾਰ ਸਿੰਘ, ਭਾਈ ਜਸਦੇਵ ਸਿੰਘ, ਭਾਈ ਕਰਨੈਲ ਸਿੰਘ, ਭਾਈ ਕੁਲਦੀਪ ਸਿੰਘ, ਐਸ.ਐਸ.ਵਿਰਕ ਅਤੇ ਚਰਨਜੀਤ ਸਿੰਘ ਸਮਰਾ ਨੇ ਬਿਆਨ ਜਾਰੀ ਰੱਖਦਿਆਂ ਅੱਗੇ ਕਿਹਾ ਕਿ ਸੰਘ ਸੰਚਾਲਕ ਅਸ਼ੋਕ ਸਿੰਘਲ ਰਾਮ ਮੰਦਰ ਦੀ ਉਸਾਰੀ ਲਈ ਅਰਦਾਸ ਦੇ ਬਹਾਨੇ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਦੁਸ਼ਮਣੀ ਪੈਦਾ ਕਰਨੀ ਚਾਹੁੰਦਾ ਹੈ ਅਤੇ ਸਿੱਖਾਂ ਨਾਲ ਹਮਦਰਦੀ ਦਾ ਡਰਾਮਾ ਕਰਕੇ ਆਪਣੇ ਭਗਵਾਂਕਰਨ ਦੇ ਏਜੰਡੇ ਨੂੰ ਹੁਣ ਸਿੱਖ ਡੇਰਿਆਂ ਰਾਹੀਂ ਲਾਗੂ ਕਰਨਾ ਚਾਹੁੰਦਾ ਹੈ। ਅਸ਼ੋਕ ਸਿੰਘਲ ਦੇ ਰਾੜਾ ਸਾਹਿਬ ਅਤੇ ਨਾਨਕਸਰ ਸੰਪਰਦਾ ਜਾਣ ਤੋਂ ਬਾਅਦ ਜਦੋਂ ਪੰਥਕ ਧਿਰਾਂ ਨੇ ਇਸਦੀ ਨਿਖੇਧੀ ਕੀਤੀ ਤਾਂ ਨਾਨਕਸਰੀਏ ਬਾਬਾ ਲੱਖਾ ਸਿੰਘ ਦਾ ਬਿਆਨ ਵੀ ਉਸੇ ਕੜੀ ਦਾ ਹਿੱਸਾ ਹੈ ਜਿਸ ਵਿਚ ਉਸ ਨੇ ਕਿਹਾ ਕਿ ਨਾਨਕਸਰ ਸੰਪਰਦਾ ਸਾਰੇ ਧਰਮਾਂ ਦਾ ਸਤਿਕਾਰ ਕਰਦੀ ਹੈ। ਬਿਆਨ ਦੇ ਅਖੀਰ ਵਿਚ ਭਾਈ ਬਲਜਿੰਦਰ ਸਿੰਘ ਦੀ ਸ਼ਲਾਘਾ ਕੀਤੀ ਗਈ ਜਿਸ ਨੇ ਰਾੜਾ ਸਹਿਬ ਗਏ ਇਸ ਪੰਥ ਦੋਖੀ ਨੂੰ ਸਵਾਲਾਂ ਦੀ ਝੜੀ ਲਾ ਕੇ ਲਾਜਵਾਬ ਕੀਤਾ।

## ਪੰਜਾਬੀ ਨੌਜਵਾਨ ਤੋਂ 36 ਲੱਖ ਡਾਲਰ ਦੀ ਕੋਕੀਨ ਬਰਾਮਦ

**ਬਫਲੋ, ਨਿਊ ਯਾਰਕ:** ਅਮਰੀਕੀ ਕਸਟਮ ਅਤੇ ਸੀਮਾ ਸੁਰੱਖਿਆ ਫੋਰਸ ਨੇ ਇਥੇ ਲਿਵਿੰਸਟਨ-ਕੁਵੀਨਸਟਨ ਪੁਲ ਅਮਰੀਕਾ-ਕੈਨੇਡਾ ਸਰਹੱਦੀ ਚੌਕੀ ਉਤੇ ਰਵਿੰਦਰ ਕੁਮਾਰ ਅਰੋੜਾ ਨਾਂ ਦੇ ਇਕ ਟਰੱਕ ਡਰਾਈਵਰ ਪਾਸੋਂ 239 ਪੌਂਡ ਕੋਕੀਨ ਬਰਾਮਦ ਕੀਤੀ ਹੈ। ਅਧਿਕਾਰੀਆਂ ਅਨੁਸਾਰ ਇਸ ਸਰਹੱਦੀ ਚੌਕੀ ਉਤੇ ਹੁਣ ਤੱਕ ਫੜੀ ਗਈ ਨਸ਼ੀਲੇ ਪਦਾਰਥਾਂ ਦੀ ਇਹ ਸਭ ਤੋਂ ਵੱਡੀ ਖੇਪ ਹੈ।

ਅਧਿਕਾਰੀਆਂ ਅਨੁਸਾਰ ਕੈਨੇਡਾ ਦੇ ਬਰੈਂਪਟਨ (ਓਂਟਾਰੀਓ) ਕਸਬੇ ਦੇ ਰਹਿਣ ਵਾਲੇ ਰਵਿੰਦਰ ਕੁਮਾਰ ਅਰੋੜਾ ਨੂੰ ਜਦੋਂ ਅਧਿਕਾਰੀਆਂ ਨੇ ਬਾਰਡਰ ਉਤੇ ਮੁਢਲੀ ਪੁੱਛ-ਪੜਤਾਲ ਲਈ ਰੋਕਿਆ ਤਾਂ ਉਹ ਬੇਹੱਦ ਘਬਰਾਹਟ ਵਿਚ ਨਜ਼ਰ ਆਇਆ। ਸ਼ੱਕ ਪੈਣ 'ਤੇ ਅਧਿਕਾਰੀਆਂ ਨੇ ਉਸ ਦੇ ਟਰੱਕ ਟਰੇਲਰ ਦੀ ਬਾਰੀਕੀ ਨਾਲ ਛਾਣਬੀਣ ਕੀਤੀ ਤਾਂ ਉਨ੍ਹਾਂ ਨੂੰ ਖਾਲੀ ਟਰੇਲਰ ਦੇ ਫਰਸ਼ ਨਾਲ ਛੇੜਛਾੜ ਕੀਤੇ ਜਾਣ ਦਾ ਸ਼ੱਕ ਹੋਇਆ। ਦੇਖਿਆ ਗਿਆ ਕਿ ਟਰੇਲਰ ਦੇ ਫਰਸ਼ ਉਤੇ ਫੈਕਟਰੀ ਦੇ ਲਾਏ ਨਟ-ਬੋਲਟਾਂ ਦੇ ਥਾਂ 'ਤੇ ਦੇਸੀ ਕਿਸਮ ਦੇ ਨਟ-ਬੋਲਟ ਲੱਗੇ ਹੋਏ ਸਨ। ਜਦੋਂ ਫਰਸ਼ ਉਖੇੜ ਕੇ ਦੇਖਿਆ ਗਿਆ ਤਾਂ ਵੈਕਿਊਮ ਰਾਹੀਂ ਸੀਲ ਕੀਤੇ ਕੋਕੀਨ ਦੇ 97 ਪੈਕਟ ਬਰਾਮਦ ਹੋਏ। ਕੈਨੇਡਾ ਨੂੰ ਜਾ ਰਹੇ ਰਵਿੰਦਰ ਨੂੰ ਫੌਰਨ ਗ੍ਰਿਫਤਾਰ ਕਰ ਲਿਆ ਗਿਆ। ਬਫਲੋ ਪੋਰਟ ਡਾਇਰੈਕਟਰ ਜੌਸਫ ਜੇ ਵਿਲਸਨ ਅਨੁਸਾਰ ਇਸ ਪੋਰਟ ਉਤੇ ਫੜੀ ਗਈ ਕੋਕੀਨ ਦੀ ਇਹ ਸਭ ਤੋਂ ਵੱਡੀ ਖੇਪ ਹੈ ਅਤੇ ਇਸ ਦੀ ਬਾਜ਼ਾਰ ਕੀਮਤ 36 ਲੱਖ ਡਾਲਰ ਬਣਦੀ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Law Office of Sim Kaur
725 30th Street, Suite 203, Sacramento, CA 95816
Areas of Practice:
*Business Law
*Business Formation
*Business Transactions
*Contracts Law
*Corporate Law

Sim Kaur
Ph:(209) 251-9375
Fax: (916) 596-1092
Email: SimKaur333@gmail.com



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

# ਪੰਜਾਬ ਟਾਈਮਜ਼

ਸਨਿਚਰਵਾਰ, 18 ਸਤੰਬਰ 2010


ਸਰਕਾਰਾਂ ਰਿਆਇਤਾਂ ਵੰਡਣ ਅਤੇ ਕਲਿਆਣਕਾਰੀ ਯੋਜਨਾਵਾਂ ਬਣਾਉਣ ਲਈ ਜ਼ਿੰਮੇਵਾਰ ਹਨ ਤੇ ਮਰਦਮਸ਼ੁਮਾਰੀ ਦੇ ਅੰਕੜੇ ਇਸ ਦਾ ਪ੍ਰਮੁੱਖ ਸੰਦ ਹਨ। -ਟੌਮ ਜੀ ਪਾਰਲਰ

## ਜਾਤੀ ਆਧਾਰਤ ਮਰਦਮਸ਼ੁਮਾਰੀ

ਕੇਂਦਰ ਸਰਕਾਰ ਨੇ ਜਾਤੀ ਆਧਾਰਤ ਮਰਦਮਸ਼ੁਮਾਰੀ ਕਰਵਾਉਣ ਦੀ ਮੰਗ ਨੂੰ ਪ੍ਰਵਾਨ ਕਰ ਲਿਆ ਹੈ। ਸਰਕਾਰ ਨੇ ਕਿਹਾ ਹੈ ਕਿ ਜਾਤੀ ਆਧਾਰਤ ਮਰਦਮਸ਼ੁਮਾਰੀ ਵੱਖਰੇ ਰੂਪ ਵਿਚ ਕਰਵਾਈ ਜਾਵੇਗੀ ਜਦੋਂਕਿ ਵਿਅਕਤੀ ਆਧਾਰਤ ਚੱਲ ਰਹੀ ਮੌਜੂਦਾ ਮਰਦਮਸ਼ੁਮਾਰੀ ਇਸੇ ਤਰ੍ਹਾਂ ਅਲੱਗ ਤੌਰ 'ਤੇ ਪੂਰੀ ਕੀਤੀ ਜਾਵੇਗੀ। ਇਸ ਸੰਬੰਧੀ ਮੰਤਰੀ ਮੰਡਲ ਦੀ ਬੀਤੀ 9 ਸਤੰਬਰ ਨੂੰ ਹੋਈ ਮੀਟਿੰਗ ਤੋਂ ਪਿਛੋਂ ਗੱਲਬਾਤ ਕਰਦਿਆਂ ਗ੍ਰਹਿ ਮੰਤਰੀ ਸ੍ਰੀ ਪੀ. ਚਿੰਦਬਰਮ ਨੇ ਦੱਸਿਆ ਕਿ ਜਾਤੀ ਗਿਣਤੀ ਅਗਲੇ ਸਾਲ ਜੂਨ ਤੋਂ ਸਤੰਬਰ ਤਕ ਕਰਵਾਈ ਜਾਵੇਗੀ। ਇਸ ਨੂੰ ਪੂਰਾ ਕਰਨ ਲਈ ਜਨ-ਗਣਨਾ ਵਾਲੇ ਅਧਿਕਾਰੀ ਹੁਣ ਵਾਲੀ ਵਿਅਕਤੀ ਆਧਾਰਤ ਮਰਦਮਸ਼ੁਮਾਰੀ ਵਾਂਗ ਹੀ ਘਰ-ਘਰ ਜਾਣਗੇ ਅਤੇ ਪਰਿਵਾਰਾਂ ਤੇ ਵਿਅਕਤੀਆਂ ਦੀ ਜਾਤ ਦਰਜ ਕਰਨਗੇ। ਮੌਜੂਦਾ ਮਰਦਮਸ਼ੁਮਾਰੀ ਉਪਰ 3 ਹਜ਼ਾਰ ਕਰੋੜ ਰੁਪਏ ਦਾ ਖਰਚਾ ਆਉਣਾ ਹੈ ਅਤੇ ਇਸ ਤੋਂ ਪਿਛੋਂ ਹੋਣ ਵਾਲੀ ਜਾਤੀ ਆਧਾਰਤ ਮਰਦਮਸ਼ੁਮਾਰੀ ਉਪਰ ਵੀ ਦੋ ਹਜ਼ਾਰ ਕਰੋੜ ਰੁਪਏ ਖਰਚਾ ਆਵੇਗਾ। ਉਂਞ ਕੇਂਦਰੀ ਗ੍ਰਹਿ ਮੰਤਰੀ ਨੇ ਇਹ ਗੱਲ ਸਾਫ ਕਰ ਦਿੱਤੀ ਹੈ ਕਿ ਜਾਤੀ ਗਣਨਾ ਸਮੇਂ ਲੋਕਾਂ ਨੂੰ ਇਹ ਖੁੱਲ੍ਹ ਹੋਵੇਗੀ ਕਿ ਉਹ ਆਪਣੀ ਜਾਤੀ ਨੂੰ ਰਿਕਾਰਡ ਕਰਾਉਣ ਜਾਂ ਨਾ। ਇੰਞ ਇਹ ਫੈਸਲਾ ਲੈਂਦਿਆਂ ਕੇਂਦਰ ਸਰਕਾਰ ਨੇ ਭਾਰਤੀ ਮਰਦਮਸ਼ੁਮਾਰੀ ਅਤੇ ਆਬਾਦੀ ਆਧਾਰਤ ਵੇਰਵਿਆਂ ਦੇ ਅੰਕੜਿਆਂ ਦੇ ਇਕੱਤਰੀਕਰਨ ਦਾ ਰਾਹ ਖੋਲ੍ਹ ਦਿੱਤਾ ਹੈ।

ਇਸ ਮਾਮਲੇ ਦੇ ਸੰਦਰਭ ਵਿਚ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਜਾਤੀ ਆਧਾਰਤ ਮਰਦਮਸ਼ੁਮਾਰੀ ਦਾ ਮੁੱਢ 'ਚ ਭਾਜਪਾ ਵਲੋਂ ਵਿਰੋਧ ਕੀਤਾ ਗਿਆ ਸੀ। ਜਦਕਿ ਸਮਾਜਵਾਦੀ ਪਾਰਟੀ ਦੇ ਆਗੂ ਮੁਲਾਇਮ ਸਿੰਘ ਯਾਦਵ ਅਤੇ ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਪ੍ਰਸਾਦ ਯਾਦਵ ਸਮੇਤ ਪੱਛੜੀਆਂ ਜਾਤੀਆਂ ਦੇ ਆਗੂਆਂ ਨੇ ਜਾਤੀ ਆਧਾਰਤ ਮਰਦਮਸ਼ੁਮਾਰੀ ਦੀ ਹਮਾਇਤ ਕੀਤੀ ਸੀ। ਅਸਲ ਵਿਚ ਇਨ੍ਹਾਂ ਆਗੂਆਂ ਨੇ ਹੀ ਜਾਤੀ ਆਧਾਰਤ ਮਰਦਮਸ਼ੁਮਾਰੀ ਲਈ ਸਰਕਾਰ ਉਪਰ ਜ਼ੋਰ ਪਾਇਆ ਸੀ। ਇਸ ਕਿਸਮ ਦਾ ਜ਼ੋਰ ਪੈਣ ਤੋਂ ਬਾਅਦ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਅੰਦਰਲੇ ਪਛੜੇ ਵਰਗਾਂ ਦੇ ਆਗੂਆਂ ਨੇ ਵੀ ਜਾਤੀ ਆਧਾਰਤ ਮਰਦਮਸ਼ੁਮਾਰੀ ਕਰਾਉਣ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਸੀ। ਆਰ. ਐਸ. ਐਸ. ਨੇ ਜਾਤੀ ਆਧਾਰਤ ਮਰਦਮਸ਼ੁਮਾਰੀ ਕਰਾਉਣ ਦਾ ਸਭ ਤੋਂ ਜ਼ੋਰਦਾਰ ਵਿਰੋਧ ਕੀਤਾ ਹੈ। ਸੰਘ ਦਾ ਆਖਣਾ ਹੈ ਕਿ ਅਜਿਹਾ ਕਰਨ ਨਾਲ ਭਾਰਤੀ ਸਮਾਜ ਜਾਤਾਂ ਦੇ ਆਧਾਰ ਉਪਰ ਟੁੱਟ ਜਾਵੇਗਾ। ਜਦੋਂਕਿ ਵਿਰੋਧੀ ਆਗੂ ਆਖ ਰਹੇ ਸਨ ਕਿ ਦਲਿਤਾਂ ਅਤੇ ਪੱਛੜੀਆਂ ਜਾਤੀਆਂ ਦੀਆਂ ਵੋਟਾਂ ਲੈ ਕੇ ਆਰਥਿਕ ਸਾਧਨਾਂ ਅਤੇ ਸਰਕਾਰੀ ਇੰਤਜ਼ਾਮੀਆਂ 'ਤੇ ਕਾਬਜ਼ 10-15 ਫੀਸਦੀ ਉਚ ਜਾਤੀ ਲੋਕ ਦੇਸ਼ ਦੇ ਰਾਜ-ਭਾਗ 'ਤੇ ਸਾਲਾਂ ਤੋਂ ਹਾਵੀ ਹਨ। ਅਕਾਲੀ ਦਲ ਨੇ ਵੀ ਜਾਤੀ ਆਧਾਰਤ ਮਰਦਮਸ਼ੁਮਾਰੀ ਦਾ ਵਿਰੋਧ ਕੀਤਾ ਸੀ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਸਿਮਰਨਜੀਤ ਸਿੰਘ ਮਾਨ ਨੇ ਵੀ ਜਾਤੀ ਆਧਾਰਤ ਜਨਗਣਨਾ ਦਾ ਵਿਰੋਧ ਕੀਤਾ ਸੀ। ਇਨ੍ਹਾਂ ਆਗੂਆਂ ਦਾ ਆਖਣਾ ਸੀ ਕਿ ਜਾਤੀ ਆਧਾਰਤ ਜਨਗਣਨਾ ਸਿੱਖ ਸਿਧਾਂਤ ਦੇ ਵਿਰੁਧ ਹੈ ਕਿਉਂਕਿ ਗੁਰੂ ਸਾਹਿਬਾਨ ਨੇ ਜਾਤ-ਪਾਤ ਨੂੰ ਖ਼ਤਮ ਕਰਕੇ ਸਿੱਖ ਸਮਾਜ ਦੀ ਸਿਰਜਣਾ ਕੀਤੀ ਸੀ ਅਤੇ ਇਸ ਮਕਸਦ ਲਈ ਲੰਗਰ ਅਤੇ ਪੰਗਤ ਦੀ ਸੰਸਥਾ ਦਾ ਵੀ ਸਥਾਪਨ ਕੀਤਾ ਸੀ। ਸਿਮਰਨਜੀਤ ਸਿੰਘ ਮਾਨ ਦਾ ਆਖਣਾ ਹੈ ਕਿ ਕੇਂਦਰ ਸਰਕਾਰ ਵਲੋਂ ਕੀਤਾ ਗਿਆ ਤਤਕਾਲੀ ਫੈਸਲਾ ਸਿੱਖ ਧਰਮ ਦੇ ਸਿਧਾਂਤਾਂ ਦੇ ਉਲਟ ਹੈ। ਇਸ ਨਾਲ ਸਮਾਜ ਵਿਚ ਜਾਤ-ਪਾਤ ਦੀ ਬੁਰਾਈ ਮੁੜ ਉਭਰੇਗੀ। ਉਨ੍ਹਾਂ ਇਸ ਮਾਮਲੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਕੋਲ ਵੀ ਉਠਾਇਆ ਹੈ। ਮਾਨ ਅਨੁਸਾਰ ਜਥੇਦਾਰ ਨੇ ਇਸ ਮਾਮਲੇ ਨੂੰ ਵਿਚਾਰਨ ਦਾ ਵਿਸ਼ਵਾਸ ਵੀ ਦਿੱਤਾ ਹੈ।

ਇੰਞ ਭਾਵੇਂ ਕੇਂਦਰ ਸਰਕਾਰ ਨੇ ਜਾਤੀ ਜਨਗਣਨਾ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ ਪਰ ਇਸ ਮੁੱਦੇ 'ਤੇ ਚਰਚਾ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਵੀ ਜਾਰੀ ਰਹੇਗੀ। ਭਾਵੇਂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਸਮੇਤ ਬਹੁਤੀਆਂ ਰਾਜਨੀਤਕ ਪਾਰਟੀਆਂ ਜਾਤੀ ਆਧਾਰਤ ਜਨਗਣਨਾ ਕਰਵਾਉਣ ਦੇ ਹੱਕ ਵਿਚ ਹਨ ਫਿਰ ਵੀ ਕੁਝ ਧਿਰਾਂ ਅਜਿਹੀ ਜਨਗਣਨਾ ਦੇ ਜ਼ਰੀਏ ਭਵਿੱਖ ਵਿਚ ਉਠਣ ਵਾਲੇ ਮੁੱਦਿਆਂ ਨੂੰ ਨਜ਼ਰਅੰਦਾਜ਼ ਨਹੀਂ ਕਰਨਗੀਆਂ। ਖਾਸ ਕਰਕੇ ਜਦੋਂ ਜਾਤਾਂ ਦੇ ਆਧਾਰ ਉਪਰ ਵਿਆਪਕ ਅੰਕੜੇ ਰਾਜਨੀਤਕ ਪਾਰਟੀਆਂ ਦੇ ਸਾਹਮਣੇ ਹੋਣਗੇ ਤਾਂ ਜਾਤਾਂ ਦੇ ਆਧਾਰ ਉਪਰ ਰਾਜਨੀਤੀ ਨੂੰ ਜਥੇਬੰਦ ਕਰਨਾ ਹੋਰ ਵੀ ਸਾਹਿਲ ਹੋ ਜਾਵੇਗਾ। ਇਹ ਤੱਥ ਕਿਸੇ ਤੋਂ ਲੁਕਿਆ ਹੋਇਆ ਨਹੀਂ ਕਿ ਆਜ਼ਾਦੀ ਤੋਂ ਬਾਅਦ ਰਾਜਨੀਤਕ ਪਾਰਟੀਆਂ ਨੇ ਜਾਤਾਂ ਨੂੰ ਆਪਣੇ ਮਕਸਦਾਂ ਲਈ ਵਰਤਿਆ ਹੈ। ਇਥੋਂ ਤੱਕ ਕਿ ਜਾਤਾਂ ਦੇ ਵਿਚਕਾਰ ਆਪਸੀ ਕਲੇਸ਼ ਵਧਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਅਜਿਹੀ ਸਥਿਤੀ ਵਿਚ ਨਿਸ਼ਚਿਤ ਹੀ ਹੈ ਕਿ ਜਾਤੀ ਆਧਾਰਤ ਅੰਕੜੇ ਸਾਹਮਣੇ ਆਉਣ ਨਾਲ ਜਾਤਾਂ ਉਪਰ ਆਧਾਰਤ ਸਿਆਸੀ ਸਫਬੰਦੀ ਤਿੱਖੀ ਹੋਵੇਗੀ। ਪਰ ਦੂਜੇ ਪਾਸੇ ਜਿਵੇਂ ਕਿ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਜਾਂ ਹਮਦਰਦੀ ਰੱਖਣ ਵਾਲੀਆਂ ਰਾਜਨੀਤਕ ਪਾਰਟੀਆਂ ਦਾ ਆਖਣਾ ਹੈ, ਅਜਿਹੇ ਅੰਕੜਿਆਂ ਤੋਂ ਬਿਨਾਂ ਹੇਠਲੀਆਂ ਜਾਤਾਂ ਨਾਲ ਸੰਬੰਧਤ ਲੋਕਾਂ ਦੀ ਭਲਾਈ ਦਾ ਵਿਆਪਕ ਪ੍ਰੋਗਰਾਮ ਉਲੀਕਿਆ ਨਹੀਂ ਜਾ ਸਕਦਾ। ਇਹ ਵੀ ਨਹੀਂ ਪਤਾ ਲੱਗ ਸਕਦਾ ਕਿ ਕਿਨ੍ਹਾਂ ਜਾਤੀਆਂ ਨਾਲ ਸੰਬੰਧਤ ਕਿੰਨੇ ਲੋਕ ਦੇਸ਼ ਵਿਚ ਵਸਦੇ ਹਨ ਤੇ ਸਿਆਸੀ ਭਾਈਵਾਲੀ 'ਚ ਉਨ੍ਹਾਂ ਦਾ ਕੀ ਸਥਾਨ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੀ ਸਮਾਜਿਕ ਅਤੇ ਆਰਥਿਕ ਹੈਸੀਅਤ ਦਾ ਵੀ ਇਸੇ ਢੰਗ ਨਾਲ ਸਰਵੇ ਕੀਤਾ ਜਾ ਸਕਦਾ ਹੈ। ਇਸ ਲਈ ਇਸ ਦਾ ਉਪਰੋਕਤ ਵਰਗਾਂ ਦੀ ਭਲਾਈ ਵਿਚ ਲਾਭ ਵੀ ਹੋਵੇਗਾ। ਉਂਞ ਸਾਰੀ ਭਲਾਈ ਇਸ ਗੱਲ ਉਪਰ ਮੁਨੱਸਰ ਕਰੇਗੀ ਕਿ ਰਾਜਨੀਤਕ ਪਾਰਟੀਆਂ ਆਉਣ ਵਾਲੇ ਅੰਕੜਿਆਂ ਨੂੰ ਕਿੰਨੀ ਦਿਆਨਤਦਾਰੀ ਨਾਲ ਵਰਤਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਆਪਾ-ਧਾਪੀ ਪੰਜਾਬ ਦੀ!

ਕੋਈ ਲੱਭਦਾ ਫਿਰੇ 'ਪ੍ਰਧਾਨਗੀ' ਨੂੰ ਰੋਜ਼ ਦਿੱਲੀ ਨੂੰ ਗੱਡੀ ਭਜਾਈ ਜਾਂਦਾ।  
ਕੋਈ 'ਸ਼੍ਰੋਮਣੀ' ਫਾਹੁਣ ਨੂੰ ਪਿਆ ਕਾਹਲਾ, ਖਾਲੀ ਪਿੜਾਂ ਵਿਚ ਘੋੜੇ ਦੁੜਾਈ ਜਾਂਦਾ।  
ਜਾਨ-ਮਾਲ ਦੀ ਰਾਖੀ ਦੇ ਬਿਆਨ ਦੇ ਕੇ, ਮੁੱਖ ਮੰਤਰੀ ਵਕਤ ਟਪਾਈ ਜਾਂਦਾ।  
ਲਾਲ ਝੰਡਾ ਵੀ ਲੀਹਾਂ ਤੋਂ ਲੱਥਿਆ ਏ, ਸੈਮੀਨਾਰਾਂ ਵਿਚ ਮਗਜ਼ ਖਪਾਈ ਜਾਂਦਾ।  
ਪਹੁੰਚਣ ਦਿੰਦਾ ਨਹੀਂ ਹੇਠਾਂ ਗ੍ਰਾਂਟ ਪੂਰੀ, ਉਤਲਾ ਅਫਸਰ ਹੀ ਛਕੀ-ਛਕਾਈ ਜਾਂਦਾ।  
ਇੰਦਰ ਦੇਵਤਾ ਕ੍ਰੋਧ ਦੇ ਵਿਚ ਆ ਕੇ, ਬੇ-ਮੌਸਮੀ ਮੀਂਹ ਹੀ ਪਾਈ ਜਾਂਦਾ!

### ਗੱਲ 'ਰਿਸ਼ਵਤ ਮੰਡਲ' ਖੇਡਾਂ ਦੀ

# ਵਾਹ ਦਿੱਲੀਏ ਨੀਂ ਤੇਰਾ ਕੋਈ ਨਾ ਬੇਲੀ

ਸਵਰਨ ਸਿੰਘ ਟਹਿਣਾ*

ਦਿੱਲੀ ਵਿਚਾਰੀ ਇੱਕ ਵਾਰ ਫਿਰ ਉਦਾਸ ਖੜ੍ਹੀ ਬਿਟ-ਬਿਟ ਤੱਕ ਰਹੀ ਏ। ਉਹਨੂੰ ਸਮਝ ਨਹੀਂ ਪੈ ਰਹੀ ਕਿ 'ਆਪਣਾ' ਕੌਣ ਏ ਤੇ 'ਬੇਗਾਨਾ' ਕੌਣ? ਆਪਣਿਆਂ ਵਲੋਂ ਜਦੋਂ ਵੀ 'ਬੇਗਾਨਿਆਂ' ਵਾਲਾ ਕਾਰਾ ਕੀਤਾ ਜਾਂਦੈ ਤਾਂ ਦਿੱਲੀ ਦੇ ਜ਼ਖ਼ਮ ਮੁੜ ਹਰੇ ਹੋ ਜਾਂਦੇ ਨੇ।

ਦਿੱਲੀ ਨੂੰ ਮਾਣ ਹੈ ਕਿ ਉਸ ਨੂੰ ਦਿਲ ਵਾਲਿਆਂ ਦੀ ਨਗਰੀ ਆਖ ਕੇ ਵਡਿਆਇਆ ਜਾਂਦੈ, ਪਰ ਦੁੱਖ ਵੀ ਹੈ ਕਿ ਉਸ 'ਤੇ ਰਾਜ ਕਰਨ ਵਾਲੇ ਆਪਣੇ ਢਿੱਡਾਂ ਦੇ ਹੀ ਜ਼ਿਆਦਾ ਸਕੇ ਨੇ। ਇੱਥੇ ਬੈਠ ਨੀਤੀਆਂ ਘੜਨ ਵਾਲੇ ਇਹੋ ਜਿਹੀਆਂ ਚੋਰ ਮੋਰੀਆਂ ਲੱਭਦੇ ਨੇ ਕਿ ਪਹਿਲਾਂ ਆਪਣੀਆਂ ਅਲਮਾਰੀਆਂ ਭਰਦੇ ਨੇ ਤੇ ਬਚਿਆ-ਖੁਚਿਆ ਦਿੱਲੀ ਤੱਕ ਪੁਚਾਉਣ ਵਾਲੇ ਭੋਲੇ-ਭਾਲੇ ਲੋਕਾਂ 'ਚ ਵੰਡ ਦਿੱਤਾ ਜਾਂਦੈ।

ਦਿੱਲੀ ਅਣਗਿਣਤ ਮੁਗਲ ਧਾੜਵੀਆਂ, ਠੱਗਾਂ, ਜਾਬਰਾਂ, ਭ੍ਰਿਸ਼ਟਾਂ ਤੇ ਚਿੱਟੇ ਕੱਪੜੇ ਪਹਿਨ ਕਾਲੇ ਧੰਦੇ ਕਰਨ ਵਾਲਿਆਂ ਦੀ ਗਵਾਹ ਹੈ। ਦਿੱਲੀ ਜਾਣਦੀ ਹੈ ਕਿ ਜਦੋਂ ਵੀ ਵਿਕਾਸ ਲਈ ਉਸ ਦਾ ਨਾਂ ਵਰਤਿਆ ਗਿਆ, ਉਦੋਂ ਹੀ ਨਵਾਂ ਚੰਦ ਚੜ੍ਹਿਆ। ਸੁਰਖੀਆਂ 'ਚ ਘਿਰੀ ਦਿੱਲੀ ਸੋਚਣ ਲਈ ਮਜਬੂਰ ਹੈ ਕਿ ਉਸ ਦਾ ਅਸਲ ਵਿਕਾਸ ਚਾਹੁਣ ਵਾਲੇ ਕਦੋਂ ਸਾਹਮਣੇ ਆਉਣਗੇ, ਉਸਦੇ ਵਿਕਾਸ ਦੇ ਨਾਂ 'ਤੇ ਆਪਣਾ ਵਿਕਾਸ ਕਰਨ ਵਾਲਿਆਂ ਨੂੰ ਕੁਦਰਤ ਦੀ ਕਦੋਂ ਮਾਰ ਪਵੇਗੀ?

ਪਿਛਲੇ ਕਈ ਮਹੀਨਿਆਂ ਤੋਂ ਦਿੱਲੀ ਦਾ ਮੁਰਝਾਇਆ ਚਿਹਰਾ ਅਣਗਿਣਤ ਸਵਾਲ ਖੜ੍ਹੇ ਕਰ ਰਿਹੈ? ਰਾਸ਼ਟਰਮੰਡਲ ਖੇਡਾਂ ਜਦੋਂ ਤੋਂ 'ਰਿਸ਼ਵਤ-ਮੰਡਲ' ਵਜੋਂ ਨਸ਼ਰ ਹੋਣੀਆਂ ਸ਼ੁਰੂ ਹੋਈਆਂ ਨੇ, ਉਸ ਦੇ ਕਾਲਜੇ ਦਾ ਰੁੱਗ ਭਰਿਆ ਗਿਐ? ਮੀਡੀਆ ਇਕਹਿਰੀ-ਇਕਹਿਰੀ ਕੁਤਾਹੀ, ਕੁਪ੍ਰਬੰਧਾਂ ਤੇ ਹੋ ਰਹੇ ਭ੍ਰਿਸ਼ਟਾਚਾਰ ਤੋਂ ਦੁਨੀਆਂ ਨੂੰ ਜਾਣੂ ਕਰਾ ਰਿਹੈ ਤੇ ਦਿੱਲੀ ਸੋਚਦੀ ਏ ਕਿ ਏਨੇ ਵੱਡੇ ਖੇਡ ਸਮਾਗਮ ਨੂੰ ਉਲੀਕਣ ਕਰਕੇ ਜਿਹੜੇ ਦਿਨਾਂ 'ਚ ਹਰ ਦੇਸ਼ ਨੇ ਉਸ ਵੱਲ ਸਤਿਕਾਰ ਦੀਆਂ ਨਜ਼ਰਾਂ ਨਾਲ ਦੇਖਣਾ ਸੀ, ਉਦੋਂ ਉਸ ਨੂੰ ਭ੍ਰਿਸ਼ਟਾਚਾਰੀਆਂ ਦੇ ਅੱਡੇ ਦਾ ਨਾਂ ਦਿੱਤਾ ਜਾ ਰਿਹੈ।

ਦਿੱਲੀ 'ਚ ਹੋ ਰਹੀਆਂ ਇਨ੍ਹਾਂ ਖੇਡਾਂ 'ਤੇ ਪੰਤਾਲੀ ਹਜ਼ਾਰ ਕਰੋੜ ਖਰਚੇ ਜਾਣ ਦੀ ਸੰਭਾਵਨਾ ਹੈ, ਇੱਕ ਲੱਖ ਖੇਡ ਪ੍ਰੇਮੀ ਤੇ ਘੁੰਮਣ-ਫਿਰਨ ਦੇ ਸ਼ੌਕੀਨਾਂ ਦੇ ਆਉਣ ਦੀ ਉਮੀਦ ਹੈ, ਦਸ ਹਜ਼ਾਰ ਤੋਂ ਵੱਧ ਵਲੰਟੀਅਰ ਖੇਡਾਂ ਨੂੰ ਸਫ਼ਲ ਬਣਾਉਣ ਲਈ ਸਵੈ-ਸੇਵੀ ਹੰਭਲੇ ਮਾਰਨਗੇ, ਸੈਰ ਸਪਾਟਾ ਉਦਯੋਗ ਨੂੰ ਚੰਗੀ ਵੱਟਤ ਦੀ ਉਮੀਦ ਹੈ ਤੇ ਪ੍ਰਬੰਧਕ ਕਮੇਟੀ ਦਾ ਮੰਨਣਾ ਹੈ ਕਿ ਇਸ ਸਭ ਨਾਲ ਭਾਰਤ ਦਾ ਕੱਦ ਅੰਤਰਰਾਸ਼ਟਰੀ ਨਕਸ਼ੇ 'ਤੇ ਹੋਰ ਉਚਾ ਹੋਵੇਗਾ। ਪਰ ਹਕੀਕਤ ਕੁਝ ਹੋਰ ਹੀ ਏ, ਇਨ੍ਹਾਂ ਖੇਡਾਂ ਦੇ ਪ੍ਰਬੰਧਾਂ 'ਚ ਖੜ੍ਹੀਆਂ ਹੁੰਦੀਆਂ ਰੁਕਾਵਟਾਂ ਪਰਤ ਦਰ ਪਰਤ ਖੁੱਲ੍ਹਦੇ ਭ੍ਰਿਸ਼ਟਾਚਾਰ ਦੇ ਮਾਮਲਿਆਂ, ਮੰਤਰੀਆਂ ਦੀ ਆਪਸੀ ਖਿੱਚੋਤਾਣ ਤੇ ਡੋਪਿੰਗ ਦੇ ਡੰਗਾਂ ਕਾਰਨ ਦਿੱਲੀ ਦਾ ਅਕਸ ਪਹਿਲਾਂ ਨਾਲੋਂ ਵੀ ਖਰਾਬ ਹੁੰਦਾ ਜਾ ਰਿਹੈ।

ਦਿੱਲੀ ਨੂੰ ਮਣੀਸ਼ੰਕਰ ਅਈਅਰ ਦੇ ਬਿਆਨ ਫੀਫਾ ਵਰਲਡ ਕੱਪ ਦੀਆਂ ਭਵਿੱਖਬਾਣੀਆਂ ਕਰਨ ਵਾਲੇ ਬਾਬੇ ਪਾਲ ਨਾਲੋਂ ਰੱਤੀ ਘੱਟ ਨਹੀਂ ਜਾਪ ਰਹੇ। ਅਈਅਰ ਨੇ ਕਾਫੀ ਸਮਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜਦੋਂ ਦੇਸ਼ ਸਿਰ ਹਜ਼ਾਰਾਂ ਕਰੋੜ ਦਾ ਕਰਜ਼ਾ ਚੜ੍ਹ ਰਿਹਾ ਹੋਵੇ, ਦੁਨੀਆਂ 'ਚ ਮਾਣ ਵਧਾਉਣ ਦੇ ਨਾਂ 'ਤੇ ਅਪਮਾਨ ਵਧ ਰਿਹਾ ਹੋਵੇ, ਗ਼ਰੀਬੀ ਰੇਖਾ ਤੋਂ ਥੱਲੇ ਰਹਿਣ ਵਾਲਿਆਂ ਲਈ ਰੋਟੀ ਦਾ ਪ੍ਰਬੰਧ ਕਰਨ ਦੀ ਥਾਂ ਨਵੇਂ ਤਿਕੜਮ ਫਿੱਟ ਕੀਤੇ ਜਾ ਰਹੇ ਹੋਣ, ਤਾਂ ਇਨ੍ਹਾਂ ਖੇਡਾਂ ਦੀ ਕਾਮਯਾਬੀ ਲਈ ਦੁਆ ਤਾਂ ਕੋਈ ਦੁਸ਼ਟ ਹੀ ਕਰ ਸਕਦਾ ਹੈ। ਉਹ ਦਿਨ ਤੇ ਆਹ ਦਿਨ, ਲੀਰਾਂ ਵਾਲੀ ਖਿੱਦੋ ਵਾਂਗ ਹਰ ਮਾਮਲਾ ਉਧੜ ਰਿਹੈ। ਰਾਸ਼ਟਰਮੰਡਲ ਦੇ ਨਾਂ 'ਤੇ ਪੈਸੇ ਦੀ ਹੋ ਰਹੀ ਦੁਰਵਰਤੋਂ ਤੋਂ ਦੇਸ਼ ਦੇ ਵਸਨੀਕ ਤਾਂ ਨਾਰਾਜ਼ ਹਨ ਹੀ, ਸ਼ਾਇਦ ਕੁਦਰਤ ਵੀ ਡਾਢੀ ਖਫ਼ਾ ਹੋ ਗਈ ਏ।

ਦਿੱਲੀ ਦਾ ਸਭ ਤੋਂ ਵੱਡਾ ਉਲਾਂਭਾ ਉਨ੍ਹਾਂ ਪ੍ਰਬੰਧਕਾਂ ਤੇ ਲੀਡਰਾਂ ਸਿਰ ਹੈ ਜਿਹੜੇ 'ਬੂਹੇ ਆਈ ਜੰਞ ਤੇ ਵਿੰਨੋ ਕੁੜੀ ਦੇ ਕੰਨ' ਕਹਾਵਤ ਸੱਚ ਸਾਬਤ ਕਰਦੇ ਪਿਛਲੇ ਕਈ ਦਿਨਾਂ ਤੋਂ ਬਿਆਨ ਦੇ ਰਹੇ ਨੇ, 'ਕੰਮ ਦੁੱਗਣੀ ਰਫ਼ਤਾਰ ਨਾਲ ਨੇਪਰੇ ਚਾੜ੍ਹੇ ਜਾਣਗੇ...' ਨਾਲ ਹੀ ਮੀਡੀਏ ਨੂੰ ਵੀ ਕਿਹਾ ਜਾ ਰਿਹੈ ਕਿ ਇਹ ਵੇਲਾ ਦੇਸ਼ ਦੀ ਇੱਜ਼ਤ ਬਚਾਉਣ ਦਾ ਹੈ, ਦੱਬੇ ਮੁਰਦੇ ਪੁੱਟਣ ਦਾ ਨਹੀਂ।

ਦਿੱਲੀ ਦੀ ਬੁੱਕਲ 'ਚ 27 ਲੱਖ ਤੋਂ ਵੱਧ ਲੋਕ ਝੁੱਗੀਆਂ ਝੌਂਪੜੀਆਂ ਵਾਲੇ ਰਹਿੰਦੇ ਨੇ ਤੇ 2011 ਤੱਕ ਇਨ੍ਹਾਂ ਦੀ ਗਿਣਤੀ 39 ਲੱਖ ਹੋ ਜਾਣ ਦੀ ਸੰਭਾਵਨਾ ਹੈ। ਭਾਵੇਂ ਸਰਕਾਰਾਂ ਨੂੰ ਇਨ੍ਹਾਂ ਲੋਕਾਂ ਦੀ ਕਦੇ ਯਾਦ ਨਹੀਂ ਆਉਂਦੀ, ਪਰ ਮਮਤਾ ਦਾ ਨਿੱਘ ਵੰਡਣ ਵਾਲੀ ਦਿੱਲੀ ਇਨ੍ਹਾਂ ਨੂੰ ਆਪਣੇ ਧੀਆਂ-ਪੁੱਤਾਂ ਵਾਂਗ ਸਮਝਦੀ ਏ। ਇੱਥੋਂ ਦੇ ਝੁੱਗੀਆਂ ਵਾਲੇ ਨਹੀਂ ਜਾਣਦੇ ਕਿ ਵਿਕਾਸ ਦੇ ਨਾਂ 'ਤੇ ਕਿਹੜੇ ਵੇਲੇ ਉਨ੍ਹਾਂ ਦਾ ਜੁੱਲੀ-ਬਿਸਤਰਾ ਪਰ੍ਹੇ ਸੁੱਟ ਦਿੱਤਾ ਜਾਵੇਗਾ, ਬੱਚਿਆਂ ਨੂੰ ਕੋਈ ਉਮੀਦ ਨਹੀਂ ਕਿ ਉਹ ਕਦੇ ਵਰਦੀਆਂ ਪਹਿਨ ਸਕੂਲ ਜਾਣਗੇ, ਬਿਮਾਰਾਂ ਨੂੰ ਉਮੀਦ ਨਹੀਂ ਕਿ ਉਨ੍ਹਾਂ ਨੂੰ ਕਦੇ ਡਾਕਟਰੀ ਸਹਾਇਤਾ ਮਿਲੇਗੀ ਤੇ ਢਿੰਡੋਰਾ ਇਸ ਗੱਲ ਦਾ ਪਿੱਟਿਆ ਜਾ ਰਿਹੈ ਕਿ ਦਿੱਲੀ ਇਸ ਆਯੋਜਨ ਨਾਲ ਕਈ ਸਾਲ ਅੱਗੇ ਵਧ ਗਈ ਹੈ।

ਜਿਉਂ-ਜਿਉਂ ਖੇਡਾਂ ਸ਼ੁਰੂ ਹੋਣ ਦੇ ਦਿਨ ਘਟ ਰਹੇ ਨੇ ਤਿਉਂ-ਤਿਉਂ ਪ੍ਰੇਸ਼ਾਨੀਆਂ ਦੀ ਪੰਡ ਵਧ ਰਹੀ ਏ। ਪਹਿਲਾਂ ਹਜ਼ਾਰਾਂ ਕਰੋੜ ਲਾਉਣ ਨਾਲੋਂ ਗ਼ਰੀਬਾਂ ਨੂੰ ਅੰਨ ਦੇਣ ਵਾਲਾ ਮੁੱਦਾ ਉਠਿਆ, ਫਿਰ ਕਲਮਾਡੀ ਦੀ ਤੋਏ-ਤੋਏ ਹੋਈ, ਫਿਰ ਸਟੇਡੀਅਮਾਂ 'ਚ ਲੱਗੇ ਮਾੜੇ ਮਟੀਰੀਅਲ ਦੀ ਪੋਲ ਖੁੱਲ੍ਹੀ, ਫੇਰ ਅਤਿਵਾਦੀ ਹਮਲੇ ਦੀ ਸੰਭਾਵਨਾ ਵਾਲੀਆਂ ਖ਼ਬਰਾਂ ਉਡੀਆਂ ਤੇ ਹੁਣ ਵੱਖ-ਵੱਖ ਮੁਲਕਾਂ ਦੇ ਅੰਤਰਰਾਸ਼ਟਰੀ ਖਿਡਾਰੀਆਂ ਵਲੋਂ ਇਨ੍ਹਾਂ ਖੇਡਾਂ ਵਿਚ ਸ਼ਿਰਕਤ ਕਰਨ ਤੋਂ ਕੀਤੀ ਜਾ ਰਹੀ ਨਾਂਹ ਸਭ ਦਾ ਧਿਆਨ ਮੱਲੀ ਬੈਠੀ ਹੈ। ਖਿਡਾਰੀ ਆਪਣੀਆਂ ਮਜਬੂਰੀਆਂ ਦੱਸ ਰਹੇ ਨੇ ਤੇ ਪ੍ਰਬੰਧਕ ਮੁੱਕਰਿਆਂ ਨੂੰ ਮਨਾਉਣ ਲਈ ਜ਼ੋਰ ਲਾ ਰਹੇ ਨੇ। ਇਹ ਦੇਖਦਿਆਂ ਸਭ ਸੋਚ ਰਹੇ ਨੇ ਕਿ ਜੇ ਇਹ ਖੇਡਾਂ ਸ਼ਾਨਾਂਮੱਤੇ ਢੰਗ ਨਾਲ ਸਿਰੇ ਚੜ੍ਹ ਗਈਆਂ ਤਾਂ ਕੁਦਰਤੀ ਕ੍ਰਿਸ਼ਮਾ ਹੀ ਹੋਵੇਗਾ।

ਸਰਕਾਰ ਦਾ ਆਖਣਾ ਹੈ ਕਿ ਇਹ ਖੇਡ ਆਯੋਜਨ ਦੇਸ ਵਿਚਲਾ ਖੇਡ ਢਾਂਚਾ ਮਜ਼ਬੂਤ ਕਰਨ ਲਈ ਲੋੜੀਂਦੇ ਸਨ, ਇਨ੍ਹਾਂ ਨਾਲ ਨਵੇਂ ਖਿਡਾਰੀਆਂ ਵਿਚ ਉਤਸ਼ਾਹ ਜਾਗੇਗਾ ਤੇ ਉਨ੍ਹਾਂ ਨੂੰ ਖੇਡ ਭਾਵਨਾ ਦੀ ਜਿਹੜੀ ਜਾਗ ਲੱਗੇਗੀ, ਉਹ ਭਾਰਤ ਦਾ ਬੇੜਾ ਤਾਰਨ ਵਿਚ ਅਹਿਮ ਰੋਲ ਅਦਾ ਕਰੇਗੀ ਪਰ ਸੱਚਾਈ ਸਾਰੇ ਜਾਣਦੇ ਨੇ ਕਿ ਭਾਰਤ ਦਾ ਖੇਡ ਢਾਂਚਾ ਖੋਰੂੰ-ਖੋਰੂੰ ਕਿਉਂ ਹੋਇਆ। ਪਿਛਲੇ ਦਿਨੀਂ ਮਹਿਲਾ ਹਾਕੀ ਟੀਮ ਦੇ ਕੋਚ ਕੌਸ਼ਿਕ 'ਤੇ ਖਿਡਾਰਨਾਂ ਨੂੰ ਸਮਝੌਤੇ ਦੀ ਪੇਸ਼ਕਸ਼ ਕਰਨ ਦੇ ਜਿਹੜੇ ਦੋਸ਼ ਲੱਗੇ ਸਨ, ਉਨ੍ਹਾਂ ਨਾਲ ਖੇਡ ਭਾਵਨਾ ਦਾ ਵਿਕਾਸ ਹੋਇਆ ਹੋਵੇਗਾ ਜਾਂ ਵਿਨਾਸ਼? ਜਦੋਂ ਵੱਖ-ਵੱਖ ਖੇਡਾਂ ਵਿਚਲੇ ਖਿਡਾਰੀਆਂ ਦੀ ਚੋਣ ਕਾਬਲੀਅਤ ਨਾਲੋਂ 'ਅਪਣੱਤ' ਕਰਕੇ ਵੱਧ ਹੁੰਦੀ ਹੋਵੇ, ਉਦੋਂ ਖੇਡਾਂ ਦਾ ਵਿਕਾਸ ਭਲਾ ਕਿਵੇਂ ਹੋ ਸਕਦੈ? ਜਦੋਂ ਫੈਡਰੇਸ਼ਨਾਂ ਖੇਡਾਂ ਦੇ ਵਿਕਾਸ ਦੀ ਗੱਲ ਕਰਨ ਦੀ ਥਾਂ ਕੁੱਕੜਾਂ ਵਾਂਗ ਲੜਦੀਆਂ ਹੋਣ, ਉਦੋਂ ਖੇਡਾਂ ਦਾ ਪਾਰ ਉਤਾਰਾ ਭਲਾ ਕਿਵੇਂ ਹੋ ਸਕਦੈ? ਜਦੋਂ ਦੇਸ ਦੇ ਸੂਬਿਆਂ ਵਿਚਲੇ ਪਿੰਡਾਂ 'ਚ ਖਿਡਾਰੀ ਪੈਦਾ ਕਰਨ ਵਾਲੇ ਸਟੇਡੀਅਮਾਂ ਦੀ ਘਾਟ ਹੋਵੇ, ਖੇਡ ਸਾਮਾਨ ਨਾ ਹੋਣ ਕਰਕੇ ਖੇਡਣ ਦੀ ਇੱਛਾ ਦਮ ਤੋੜ ਰਹੀ ਹੋਵੇ, ਚੰਗੇ ਖਿਡਾਰੀ ਨੌਕਰੀਆਂ ਤੋਂ ਵਾਂਝੇ ਰਹਿ ਰਹੇ ਹੋਣ ਤਾਂ ਆਯੋਜਨਾਂ ਨਾਲ ਖੇਡਾਂ ਦਾ ਪੱਧਰ ਕਿਵੇਂ ਸੁਧਰ ਸਕਦੈ?

ਹੁਣੇ ਜਿਹੇ ਇੱਕ ਰਿਪੋਰਟ ਨੇ ਜ਼ਾਹਰ ਕੀਤਾ ਹੈ ਕਿ ਇਨ੍ਹਾਂ ਖੇਡਾਂ 'ਤੇ ਕੀਤਾ ਜਾਣ ਵਾਲਾ ਖਰਚਾ ਪੱਚੀ ਸਾਲਾਂ ਤੱਕ ਦਿੱਲੀ ਵਾਸੀਆਂ ਦੇ ਮੋਢਿਆਂ 'ਤੇ ਟਿਕਿਆ ਰਹੇਗਾ, ਜੇ ਇਹ ਗੱਲ ਸਹੀ ਤਾਂ ਹੈ ਤਾਂ ਭਲਾ ਕਿਹੜੇ ਵਿਕਾਸ ਦੀ ਗੱਲ ਕੀਤੀ ਜਾ ਰਹੀ ਹੈ। ਗ੍ਰੀਸ ਦੀ ਰਾਜਧਾਨੀ ਏਥਨਜ਼ 'ਚ 2004 'ਚ ਜਿਹੜੀਆਂ ਉਲੰਪਿਕ ਖੇਡਾਂ ਹੋਈਆਂ ਸਨ, ਉਨ੍ਹਾਂ ਦਾ ਕਰਜ਼ਾ ਅੱਜ ਤੱਕ ਉਥੋਂ ਦੇ ਹਰ ਨਾਗਰਿਕ ਸਿਰ ਚੜ੍ਹਿਆ ਹੋਇਐ।

ਕੌੜਾ ਸੱਚ ਹੈ ਕਿ ਦੇਸ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਸਰਕਾਰੀ ਸਰਵੇਖਣਾਂ ਨਾਲੋਂ ਕਿਤੇ ਜ਼ਿਆਦਾ ਹੈ, ਜੇ ਅਸੀਂ ਉਨ੍ਹਾਂ ਨਾਗਰਿਕਾਂ ਨੂੰ ਜ਼ਿੰਦਗੀ ਜਿਉਣ ਦੀਆਂ ਸਹੀ ਸਹੂਲਤਾਂ ਨਹੀਂ ਦੇ ਸਕਦੇ ਤਾਂ ਆਯੋਜਨ ਭਾਵੇਂ ਕੋਈ ਵੀ ਕਰ ਲਿਆ ਜਾਵੇ, ਬਹੁਤਾ ਫ਼ਰਕ ਨਹੀਂ ਪੈਣ ਲੱਗਾ।

ਦਿੱਲੀ ਇਹ ਵੀ ਸੋਚ ਰਹੀ ਹੈ ਕਿ ਜਿਸ ਤਰ੍ਹਾਂ ਅੰਦਰੋਂ ਉਸ ਨੂੰ ਲਿੱਪ-ਪੋਚ ਦਿੱਤਾ ਗਿਐ ਤੇ ਬਾਹਰੋਂ ਉਸ ਦੀ ਹਾਲਤ ਪਹਿਲਾਂ ਵਾਲੀ ਹੀ ਹੈ ਤਾਂ ਖੇਡਾਂ ਦੇਖਣ ਆਉਣ ਵਾਲੇ ਸੈਲਾਨੀ ਜਦੋਂ ਥਾਂ-ਥਾਂ ਗੰਦਗੀ ਦੇ ਲੱਗੇ ਢੇਰਾਂ, ਗੰਧਲੇ ਪਾਣੀ ਤੇ ਬੁਰੇ ਹਾਲ ਜ਼ਿੰਦਗੀ ਦੀਆਂ ਤਸਵੀਰਾਂ ਕੈਮਰਿਆਂ 'ਚ ਕੈਦ ਕਰਕੇ ਇੰਟਰਨੈਟ 'ਤੇ ਪਾਉਣਗੇ ਤਾਂ ਉਸ ਦੀ ਇੱਜ਼ਤ ਕਿਵੇਂ ਵਧੇਗੀ? ਇਹ ਸਭ ਦੇਖ ਇੰਜ ਜਾਪ ਰਿਹੈ ਜਿਵੇਂ ਕੁੱਢਰ ਔਰਤ ਨੇ ਚੁੱਲ੍ਹੇ ਚੌਂਕੇ ਨੂੰ ਅੰਦਰੋਂ ਤਾਂ ਲਿੱਪ-ਪੋਚ ਦਿੱਤਾ, ਪਰ ਕੰਧੋਲੀਆਂ ਵੱਲ ਕੋਈ ਧਿਆਨ ਨਾ ਦਿੱਤਾ?

ਦਿੱਲੀ ਖ਼ੁਦ ਨੂੰ ਤਾਂ ਖ਼ੁਸ਼ਕਿਸਮਤ ਸਮਝਦੀ, ਜੇ ਇਹ ਖੇਡਾਂ ਉਸ ਦੀ ਝੋਲੀ ਸਤਿਕਾਰ ਨਾਲ ਭਰ ਦਿੰਦੀਆਂ। ਜੇ ਦੇਸ਼ਾਂ ਦੀ ਥਾਂ ਪ੍ਰਸ਼ੰਸਾ ਦੀਆਂ ਖ਼ਬਰਾਂ ਨਸ਼ਰ ਹੁੰਦੀਆਂ। ਜੇ ਪ੍ਰਬੰਧਕ ਕਮੇਟੀ ਸਵਾਲਾਂ 'ਚ ਘਿਰਨ ਦੀ ਥਾਂ ਪ੍ਰਾਪਤੀਆਂ ਦਾ ਸਿਹਰਾ ਸਿਰ 'ਤੇ ਬੰਨ੍ਹਉਂਦੀ। ਦਿੱਲੀ ਹੁਣ ਵੀ ਚਾਹੁੰਦੀ ਹੈ ਕਿ ਜੋ ਹੋ ਗਿਆ, ਸੋ ਹੋ ਗਿਆ, ਜੋ ਰਹਿੰਦੇ ਦਿਨਾਂ ਵਿਚ ਸਾਰੇ ਕੰਮ ਚੰਗੇ ਢੰਗ ਨਾਲ ਨਿਪਟਾ ਲਏ ਜਾਣ, ਖਿਡਾਰੀ ਆਪਣੀ ਕਲਾ ਦੇ ਜੌਹਰ ਦਿਖਾਉਣ, ਭਾਰਤ ਦੀ ਝੋਲੀ ਮੈਡਲਾਂ ਨਾਲ ਭਰ ਜਾਵੇ ਤਾਂ ਉਸ ਦੇ ਹਰੇ ਹੋਏ ਜ਼ਖ਼ਮਾਂ 'ਤੇ ਮੁੜ ਮੱਲ੍ਹਮ ਲੱਗ ਸਕਦੀ ਹੈ।

*ਫੋਨ:91-98141-78883




## ਦਲਜੀਤ ਸਿੰਘ ਸਰਾਂ ਦੇ ਪਿਤਾ ਚੱਲ ਵਸੇ

ਮਾਨਸਾ:ਪੰਜਾਬੀ ਅਖ਼ਬਾਰ 'ਅੰਮ੍ਰਿਤਸਰ ਟਾਈਮਜ਼' ਦੇ ਸੰਪਾਦਕ ਅਤੇ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਚੀਫ ਸਬ ਐਡੀਟਰ ਦਲਜੀਤ ਸਿੰਘ ਸਰਾਂ ਨੂੰ ਉਸ ਵੇਲੇ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਗੁਰਦੇਵ ਸਿੰਘ ਸਰਾਂ, ਸਾਬਕਾ ਸਰਪੰਚ ਪਿੰਡ ਝੱਬਰ (ਮਾਨਸਾ) ਦਾ ਸੰਖੇਪ ਬਿਮਾਰੀ ਤੋਂ ਪਿੱਛੋਂ ਦਿਹਾਂਤ ਹੋ ਗਿਆ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਆਖ਼ਰੀ ਸਾਹ ਬੀਤੀ 11 ਸਤੰਬਰ ਨੂੰ ਚੰਡੀਗੜ੍ਹ ਵਿਖੇ 32 ਸੈਕਟਰ ਦੇ ਜਨਰਲ ਹਸਪਤਾਲ ਵਿਚ ਸਵੇਰੇ ਪੰਜ ਵਜੇ ਲਿਆ। ਉਨ੍ਹਾਂ ਦੀ ਉਮਰ 84 ਸਾਲ ਦੀ ਸੀ।

ਪਿੰਡ ਝੱਬਰ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ, ਪਿੰਡ ਵਾਸੀ, ਰਿਸ਼ਤੇਦਾਰਾਂ, ਵੱਖ-ਵੱਖ ਜਥੇਬੰਦੀਆਂ ਦੇ ਆਗੂ, ਰਾਜਸੀ ਨੇਤਾ ਅਤੇ ਪੱਤਰਕਾਰ ਸ਼ਾਮਲ ਹੋਏ। ਮਰਹੂਮ ਗੁਰਦੇਵ ਸਿੰਘ ਨੇ ਆਪਣੇ ਜ਼ਮਾਨੇ ਵਿਚ ਬੜੇ ਧੜੱਲੇ ਨਾਲ ਪਿੰਡ ਦੀ ਸਰਪੰਚੀ ਕੀਤੀ ਅਤੇ ਵਿਕਾਸ ਕੰਮਾਂ ਨੂੰ ਇਲਾਕੇ ਵਿਚ ਮਿਸਾਲ ਬਣ ਕੇ ਨੇਪਰੇ ਚਾੜ੍ਹਿਆ। ਉਹ ਸਾਰੀ ਉਮਰ ਟਕਸਾਲੀ ਕਾਂਗਰਸ ਆਗੂ ਵਜੋਂ ਜਾਣੇ ਜਾਂਦੇ ਰਹੇ।

# ਕੀ ਸੱਚਮੁੱਚ ਹੀ ਮੁੱਕ ਗਈ ਹੈ ਇਰਾਕ ਦੀ ਸੱਤ ਸਾਲ ਲੰਮੀ ਜੰਗ

**ਸੁਕੀਰਤ**

ਲੰਘੇ ਹਫਤੇ ਅਮਰੀਕੀ ਪ੍ਰਧਾਨ ਬਰਾਕ ਓਬਾਮਾ ਨੇ ਆਪਣੇ ਦਫਤਰ ਤੋਂ ਜਨਤਾ ਨੂੰ ਸੰਬੋਧਨ ਕੀਤਾ, ਉਸ ਦੇ ਪ੍ਰਧਾਨਗੀ ਕਾਲ ਵਿਚ ਇਹ ਸਿਰਫ ਦੂਜੀ ਵਾਰ ਸੀ ਕਿ ਭਾਸ਼ਣ ਸਿੱਧਾ 'ਵਾਈਟ ਹਾਊਸ' ਦੇ ਇਸ ਦਫਤਰ-ਕਮਰੇ ਤੋਂ ਪ੍ਰਸਾਰਤ ਕੀਤਾ ਗਿਆ। ਅਮਰੀਕੀ ਸਿਆਸਤੀ ਰਵਾਇਤਾਂ ਮੁਤਾਬਕ ਸਿਰਫ ਬਹੁਤ ਮਹੱਤਵਪੂਰਨ ਮੌਕਿਆਂ 'ਤੇ ਹੀ ਅਮਰੀਕੀ ਪ੍ਰਧਾਨ ਸਿੱਧਾ ਇਸ ਦਫਤਰ ਤੋਂ ਜਨਤਾ ਨੂੰ ਮੁਖਾਤਬ ਹੁੰਦਾ ਹੈ।

ਪ੍ਰਧਾਨ ਓਬਾਮਾ ਅਮਰੀਕਾ ਦੀ ਇਰਾਕ ਨਾਲ ਜੰਗ ਦੇ ਖਾਤਮੇ ਦਾ ਐਲਾਨ ਕਰ ਰਿਹਾ ਸੀ, ''ਸਾਡਾ ਵਿੱਢਿਆ ਔਪਰੇਸ਼ਨ ਇਰਾਕੀ ਫਰੀਡਮ ਖਤਮ ਹੋ ਗਿਆ ਹੈ ਅਤੇ ਹੁਣ ਆਪਣੇ ਦੇਸ਼ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਇਰਾਕੀ ਲੋਕਾਂ ਦੀ ਆਪਣੀ ਹੋਵੇਗੀ।'' ਓਬਾਮਾ ਦੇ ਸ਼ਬਦਾਂ ਵਿਚ, ''ਅਮਰੀਕਾ ਲਈ ਹੁਣ ਸਭ ਤੋਂ ਜ਼ਰੂਰੀ ਕੰਮ ਆਪਣੇ ਅਰਥਚਾਰੇ ਨੂੰ ਮੁੜ ਬਹਾਲ ਕਰਨਾ ਹੈ।'' ਓਬਾਮਾ ਦੇ ਕਹਿਣ ਮੁਤਾਬਕ ਇਸ ਜੰਗ ਨੂੰ ਖਤਮ ਕਰਨਾ ਸੰਯੁਕਤ ਰਾਜ ਅਮਰੀਕਾ ਅਤੇ ਇਰਾਕ ਦੋਹਾਂ ਦੇ ਹਿੱਤਾਂ ਵਿਚ ਹੈ, ''ਅਮਰੀਕਾ ਨੇ ਇਰਾਕ ਦੇ ਲੋਕਾਂ ਦਾ ਭਵਿੱਖ ਉਨ੍ਹਾਂ ਦੇ ਹੱਥਾਂ ਵਿਚ ਸੌਂਪਣ ਲਈ ਬਹੁਤ ਵੱਡੀ ਕੀਮਤ ਤਾਰੀ ਹੈ। ਅਸੀਂ ਆਪਣੇ ਨੌਜਵਾਨ ਮਰਦਾਂ ਅਤੇ ਔਰਤਾਂ ਨੂੰ ਇਰਾਕ ਵਿਚ ਵੱਡੀਆਂ ਕੁਰਬਾਨੀਆਂ ਕਰਨ ਲਈ ਭੇਜਿਆ ਅਤੇ ਉਨ੍ਹਾਂ ਸਮਿਆਂ ਵਿਚ ਵਿਸ਼ਾਲ (ਧਨ) ਸਰੋਤਾਂ ਨੂੰ ਬਾਹਰ ਖੱਚਤ ਕੀਤਾ, ਜਦੋਂ ਸਾਡੇ ਅੰਦਰੂਨੀ ਹਾਲਾਤ ਤੰਗਦਸਤੀ ਵਾਲੇ ਬੱਜਟ ਦੇ ਸਨ... ਅਮਰੀਕਾ ਅਤੇ ਇਰਾਕ ਦੇ ਇਤਿਹਾਸ ਦੇ ਇਸ ਜ਼ਿਕਰਯੋਗ ਅਧਿਆਏ ਰਾਹੀਂ ਅਸੀਂ ਆਪਣੀ ਜ਼ਿੰਮੇਵਾਰੀ ਨਿਭਾ ਦਿੱਤੀ ਹੈ। ਹੁਣ ਅਗਲਾ ਵਰਕਾ ਪਲਟਣ ਦਾ ਸਮਾਂ ਆ ਗਿਆ ਹੈ।''

ਅੰਗਰੇਜ਼ੀ ਵਿਚ ਕੀਤੇ ਗਏ ਇਸ ਭਾਸ਼ਣ ਦੀਆਂ ਇਨ੍ਹਾਂ ਟੂਕਾਂ ਨੂੰ ਅਨੁਵਾਦ ਕਰਦੇ ਸਮੇਂ ਮੈਂ ਬਹੁਤ ਇਹਤਿਆਤ ਵਰਤੀ ਹੈ, ਮਤਾਂ ਕਿਸੇ ਗਲਤ ਸ਼ਬਦ ਦੀ ਵਰਤੋਂ ਨਾਲ ਸ੍ਰੀ ਓਬਾਮਾ ਦੀ ਆਖੀ ਹੋਈ ਕਿਸੇ ਵੀ ਗੱਲ ਦੀ ਸੁਰ ਜਾਂ ਸੇਧ ਪੰਜਾਬੀ ਵਿਚ ਬਦਲੀ ਹੋਈ ਨਾ ਜਾਪੇ। ਸੋ ਇੰਨਬਿੰਨ ਸ੍ਰੀ ਓਬਾਮਾ ਦੇ ਸ਼ਬਦਾਂ ਵਿਚ ''ਸਾਡਾ ਵਿੱਢਿਆ ਔਪਰੇਸ਼ਨ ਇਰਾਕੀ ਫਰੀਡਮ ਖਤਮ ਹੋ ਗਿਆ ਹੈ ਅਤੇ ਹੁਣ ਆਪਣੇ ਦੇਸ਼ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਇਰਾਕੀ ਲੋਕਾਂ ਦੀ ਆਪਣੀ ਹੋਵੇਗੀ।'' ਇਹ ਸੂਚਨਾ ਦੇਣ ਲਈ ਸ੍ਰੀ ਓਬਾਮਾ ਦੇ ਸ਼ੁਕਰਗੁਜ਼ਾਰ ਹਾਂ ਪਰ ਕੀ ਇਸ ਪੜਾਅ 'ਤੇ ਉਨ੍ਹਾਂ ਕੋਲੋਂ ਇਹ ਪੁੱਛਣਾ ਜਾਇਜ਼ ਨਹੀਂ ਹੋਵੇਗਾ ਕਿ ਇਰਾਕ ਦੀ 'ਸੁਤੰਤਰਤਾ' ਦੇ ਨਾਂ ਹੇਠ ਵਿੱਢੇ ਗਏ ਇਸ ਔਪਰੇਸ਼ਨ (ਦੇਖਿਆ ਜਾਏ ਤਾਂ ਸੱਤ ਸਾਲ ਤੱਕ ਚਲਦੀ ਰਹੀ ਜੰਗ ਨੂੰ ਮਹਿਜ਼ 'ਕਾਰਵਾਈ' ਕਹਿਣਾ ਵੀ ਸਿਆਸੀ ਲੱਫਾਜ਼ੀ ਦੀ ਅਨੋਖੀ ਮਿਸਾਲ ਹੈ) ਨੂੰ ਸ਼ੁਰੂ ਕਰਨ ਲਈ ਸੱਦਾ ਇਰਾਕ ਦੀ ਜਨਤਾ ਵਲੋਂ ਆਇਆ ਸੀ ਕਿ ਆਓ ਅਤੇ ਸਾਨੂੰ ਸੁਤੰਤਰ ਕਰਾਓ?

ਪ੍ਰਧਾਨ ਓਬਾਮਾ ਤੋਂ ਵੱਧ ਇਸ ਤੱਥ ਨੂੰ ਹੋਰ ਕੌਣ ਜਾਣਦਾ ਹੈ ਕਿ 2003 ਵਿਚ ਉਨ੍ਹਾਂ ਤੋਂ ਪਹਿਲਾਂ ਦੇ ਅਮਰੀਕੀ ਪ੍ਰਧਾਨ ਜਾਰਜ ਬੁਸ਼ ਦੀ ਅਗਵਾਈ ਹੇਠ ਕੀਤਾ ਗਿਆ ਇਹ ਹਮਲਾ ਅਮਰੀਕੀ ਸਰਕਾਰਾਂ ਵਲੋਂ ਹੋਰਨਾਂ ਦੇਸ਼ਾਂ ਵਿਚ ਦਖਲਅੰਦਾਜ਼ੀ ਕਰਨ ਦੀ ਲੰਮੀ ਅਤੇ ਲਗਾਤਾਰ ਰਵਾਇਤ ਦੀ ਇਕ ਹੋਰ ਮਿਸਾਲ ਸੀ। ਪੰਜਾਹਵਿਆਂ ਵਿਚ ਕੋਰੀਆ, ਸੱਠਵਿਆਂ ਵਿਚ ਵੀਅਤਨਾਮ, ਇਸ ਦਹਾਕੇ ਵਿਚ ਇਰਾਕ, ਇਹ ਸਭ ਅਮਰੀਕੀ ਸਾਮਰਾਜ ਵਲੋਂ ਦੁਨੀਆਂ ਦਾ ਨਕਸ਼ਾ ਆਪਣੇ ਹਿੱਤਾਂ ਮੁਤਾਬਕ ਬਦਲਣ ਦੀਆਂ ਕੋਸ਼ਿਸ਼ਾਂ ਦੀਆਂ ਉਘੀਆਂ ਮਿਸਾਲਾਂ ਹਨ। ਇਨ੍ਹਾਂ ਵਿਚੋਂ ਹਰ ਮੁਲਕ 'ਤੇ ਹੱਲਾ ਬੋਲਦੇ ਸਮੇਂ ਅਮਰੀਕਾ ਨੇ ਕੋਈ ਨਾ ਕੋਈ ਬਹਾਨਾ ਘੜਿਆ। ਇਰਾਕ 'ਤੇ ਹਮਲਾ ਕਰਦੇ ਸਮੇਂ ਇਹ ਹਊਆ ਖੜਾ ਕੀਤਾ ਗਿਆ ਕਿ ਇਰਾਕ ਨੇ ਵਿਆਪਕ ਤਬਾਹੀ ਦੇ ਹਥਿਆਰ ਬਣਾ ਕੇ ਲੁਕਾਏ ਹੋਏ ਹਨ ਜਿਨ੍ਹਾਂ ਨੂੰ ਲੱਭ ਕੇ ਦੁਨੀਆਂ ਦੇ ਭਵਿੱਖ ਲਈ ਨਸ਼ਟ ਕਰ ਦੇਣਾ ਜ਼ਰੂਰੀ ਹੈ। ਸੱਤ ਸਾਲ ਇਹ 'ਖੋਜ' ਜਾਰੀ ਰਹੀ, ਪਰ ਲੱਭਿਆ ਕੁਝ ਵੀ ਨਾ। ਜੋ ਮੌਜੂਦ ਹੀ ਨਹੀਂ ਸੀ, ਉਸ ਨੇ ਲੱਭ ਕਿੱਥੋਂ ਜਾਣਾ ਸੀ! ਅਤੇ ਹੁਣ ਅਮਰੀਕਾ ਦੇ ਸੁਰੱਖਿਆ ਸਕੱਤਰ ਰੌਬਰਟ ਗੇਟਸ ਨੂੰ ਮੰਨਣਾ ਪਿਆ ਹੈ ਕਿ ਇਰਾਕ ਵਿਚ ਕੀਤੀ ਗਈ ਕੋਸ਼ਿਸ਼ ਦਾ ਆਧਾਰ ਹੀ ਗਲਤ ਸੀ। (ਇਕੇਰਾਂ ਫੇਰ ਗੌਰ ਕਰਨਾ, ਸੱਤ ਸਾਲ ਚੱਲੀ ਜੰਗ ਨੂੰ ਸਿਰਫ 'ਕੋਸ਼ਿਸ਼' ਕਿਹਾ ਗਿਆ ਹੈ ਅਤੇ ਮੈਂ ਇਸ ਸ਼ਬਦ ਨੂੰ ਵੀ ਇੰਨ-ਬਿੰਨ ਹੀ ਅਨੁਵਾਦਿਆ ਹੈ)। ਲੰਘੀ 1 ਸਤੰਬਰ ਨੂੰ ਓਬਾਮਾ ਵਲੋਂ ਜੰਗ ਦੇ ਖਾਤਮੇ ਦੇ ਐਲਾਨ ਦੇ ਕੁਝ ਹੀ ਘੰਟਿਆਂ ਬਾਅਦ, ਇਰਾਕ ਵਿਖੇ ਰਾਮਾਦੀ ਕੈਂਪ ਵਿਚ ਇਕ ਪੱਤਰਕਾਰ ਦੇ ਸਵਾਲ ਕਿ ਕੀ ਅਮਰੀਕਾ ਨੂੰ ਇਸ ਜੰਗ ਵਿਚ ਕੁੱਦਣ ਦੀ ਸੱਚਮੁੱਚ ਕੋਈ ਲੋੜ ਸੀ, ਸਕੱਤਰ ਗੇਟਸ ਨੂੰ ਮੰਨਣਾ ਪਿਆ, ''ਇਸ ਜੰਗ ਦੀ ਸਮੱਸਿਆ, ਮੇਰੇ ਖਿਆਲ ਵਿਚ, ਬਹੁਤੇ ਅਮਰੀਕੀਆਂ ਲਈ, ਇਹ ਹੈ ਕਿ ਜਿਸ ਆਧਾਰ 'ਤੇ ਅਸੀਂ ਇਸ ਜੰਗ ਨੂੰ ਸ਼ੁਰੂ ਕਰਨ ਦਾ ਫੈਸਲਾ ਲਿਆ ਸੀ, ਉਹ ਸਹੀ ਨਾ ਸਾਬਤ ਹੋਇਆ। ਅਮਰੀਕਾ ਦੇ ਦ੍ਰਿਸ਼ਟੀਕੋਣ ਤੋਂ ਨਤੀਜੇ ਭਾਵੇਂ ਚੰਗੇ ਵੀ ਰਹੇ ਹੋਣ, ਇਸ ਜੰਗ ਦੇ ਸ਼ੁਰੂ ਹੋਣ ਦੇ ਢੰਗ ਕਾਰਨ ਉਨ੍ਹਾਂ ਬਾਰੇ ਇਕ ਸੰਸਾ ਜਿਹਾ ਹਮੇਸ਼ਾ ਬਣਿਆ ਰਹੇਗਾ।''



ਕਿਸੇ ਦੇਸ਼ ਦੇ ਪ੍ਰਧਾਨ, ਉਸ ਦੇ ਰੱਖਿਆ ਮੰਤਰੀ ਨੂੰ ਆਪਣੇ ਦੇਸ਼ ਦੀ ਪਿਛਲੀ ਸਰਕਾਰ ਵਲੋਂ ਵਿੱਢੀ ਜੰਗ ਬਾਰੇ ਟਿੱਪਣੀ ਕਰਦੇ ਸਮੇਂ ਬਹੁਤ ਨਪੇ-ਤੁਲੇ ਸ਼ਬਦਾਂ ਵਿਚ ਗੱਲ ਕਰਨੀ ਪੈਂਦੀ ਹੈ, ਸੋ ਜੇ ਇਨ੍ਹਾਂ ਕਥਨਾਂ ਦੇ ਸਿਆਸੀ ਮੁਲੰਮੇ ਨੂੰ ਖੁਰਚ ਕੇ ਦੇਖੀਏ ਤਾਂ ਅਮਰੀਕੀ ਪ੍ਰਧਾਨ ਅਤੇ ਸੁਰੱਖਿਆ ਸਕੱਤਰ ਨੇ ਸਾਫ-ਸਾਫ ਮੰਨਿਆ ਹੈ ਕਿ ਇਰਾਕ 'ਤੇ ਹੱਲਾ ਬੋਲਣ ਲਈ ਸਰਾਸਰ ਝੂਠਾ ਬਹਾਨਾ ਘੜਿਆ ਗਿਆ ਅਤੇ ਅਮਰੀਕੀ ਜਨਤਾ ਨੂੰ ਇਹ ਜੰਗ ਬਹੁਤ ਮਹਿੰਗੀ ਪਈ ਹੈ। ਅਮਰੀਕੀ ਅਰਥਚਾਰੇ ਦਾ ਬੁਰਾ ਹਾਲ ਹੈ ਅਤੇ ਇਹ ਸਮਾਂ ਦੂਜੇ ਦੇਸ਼ਾਂ ਵਿਚ ਘੁਸਪੈਠ ਕਰਨ ਦਾ ਨਹੀਂ, ਤੇਜ਼ੀ ਨਾਲ ਖੁਰਦੇ ਜਾ ਰਹੇ ਅਮਰੀਕੀ ਅਰਥਚਾਰੇ ਨੂੰ ਬਚਾਉਣ ਦਾ ਹੈ, ਹਰ ਹੀਲੇ ਦੇਸ਼ ਅੰਦਰਲੀ ਬੇਰੁਜ਼ਗਾਰੀ ਘਟਾਉਣ ਦਾ ਹੈ।

2003 ਤੋਂ ਲੈ ਕੇ ਹੁਣ ਤੱਕ ਇਸ ਜੰਗ ਉਤੇ ਤਕਰੀਬਨ ਇਕ ਟ੍ਰਿਲੀਅਨ ਜਾਂ ਦਸ ਖਰਬ ਡਾਲਰ ਫੂਕੇ ਜਾ ਚੁੱਕੇ ਹਨ ਅਤੇ 4400 ਅਮਰੀਕੀ ਫੌਜੀ ਹਲਾਕ ਹੋਏ ਹਨ। ਇਸ ਕਾਰਨ ਅਮਰੀਕਾ ਵਿਚ ਹੋਈਆਂ ਰਾਇਸ਼ੁਮਾਰੀਆਂ ਤੋਂ ਪਤਾ ਲਗਦਾ ਹੈ ਕਿ 72 ਪ੍ਰਤੀਸ਼ਤ ਅਮਰੀਕੀ ਲੋਕ ਇਸ ਜੰਗ ਦੇ ਵਿਰੋਧੀ ਹਨ। 4400 ਦੀ ਗਿਣਤੀ ਵੱਡੀ ਹੈ ਅਤੇ ਆਪਣੀ ਸਰਕਾਰ ਵਲੋਂ ਜੰਗ ਦੀ ਭੱਠੀ ਵਿਚ ਬੇਵਜ੍ਹਾ ਝੋਕੇ ਗਏ ਇਨ੍ਹਾਂ ਅਮਰੀਕੀ ਫੌਜੀਆਂ ਦੇ ਪਰਿਵਾਰਾਂ ਨਾਲ ਸਾਨੂੰ ਹਮਦਰਦੀ ਹੈ, ਪਰ ਏਸੇ ਸਮੇਂ ਦੌਰਾਨ 1,00,000 ਇਰਾਕੀ ਸ਼ਹਿਰੀ ਵੀ ਹਲਾਕ ਹੋਏ। ਯਾਨਿ ਇਰਾਕ ਦੀ ਧਰਤੀ 'ਤੇ ਮਰਨ ਵਾਲੇ ਹਰ ਹਥਿਆਰਬੰਦ ਅਮਰੀਕੀ ਸਿਪਾਹੀ ਪਿੱਛੇ 25 ਨਿਹੱਥੇ ਇਰਾਕੀ ਮਾਰੇ ਗਏ, ਸਮੇਤ ਔਰਤਾਂ, ਬਜ਼ੁਰਗਾਂ ਅਤੇ ਬੱਚਿਆਂ ਦੇ। ਕੀ ਇਰਾਕ ਵਿਚ ਇਕ ਵੀ ਬੰਦਾ ਅਜਿਹਾ ਲੱਭੇਗਾ ਜੋ ਇਹ ਕਹੇ ਕਿ ਸਾਨੂੰ 'ਸੁਤੰਤਰ' ਕਰਾਉਣ ਲਈ ਆਏ ਅਮਰੀਕੀਆਂ ਨੇ ਸਾਡੇ ਦੇਸ਼ 'ਤੇ ਹੱਲਾ ਬੋਲ ਕੇ ਚੰਗਾ ਕੀਤਾ?

ਪ੍ਰਧਾਨ ਓਬਾਮਾ ਦਾ ਇਹ ਬਿਆਨ ਕਿ ''ਅਮਰੀਕਾ ਅਤੇ ਇਰਾਕ ਦੇ ਇਤਿਹਾਸ ਦੇ ਇਸ ਜ਼ਿਕਰਯੋਗ ਅਧਿਆਏ ਰਾਹੀਂ ਅਸੀਂ ਆਪਣੀ ਜ਼ਿੰਮੇਵਾਰੀ ਨਿਭਾ ਦਿੱਤੀ ਹੈ'' ਦਰਅਸਲ ਆਪਣੇ ਦੇਸ਼ ਦੇ ਇਤਿਹਾਸ ਦੇ ਇਕ ਹੋਰ ਸ਼ਰਮਨਾਕ ਅਧਿਆਏ ਦਾ ਭੋਗ ਪਾਉਣ ਸਮੇਂ ਉਸ ਵਲੋਂ ਸ਼ਬਦ-ਜਾਲ ਬੁਣਨ ਦੀ ਇਹ ਕਮਜ਼ੋਰੀ ਜਿਹੀ ਕੋਸ਼ਿਸ਼ ਹੈ। ਵੈਸੇ ਓਬਾਮਾ ਦੀ ਸਿਆਸੀ ਮਜ਼ਬੂਰੀ ਸਮਝ ਵੀ ਆਉਂਦੀ ਹੈ। ਆਖਰ ਕਿਸੇ ਦੇਸ਼ ਦਾ ਪ੍ਰਧਾਨ ਸਿੱਧਾ ਸਿੱਧਾ ਇਹ ਕਹਿਣੋਂ ਤਾਂ ਰਿਹਾ ਕਿ ਉਸ ਦੇ ਦੇਸ਼ ਨੇ ਸੱਤ ਵਰ੍ਹੇ ਇਕ ਬੇਰਹਿਮ ਅਤੇ ਫਜ਼ੂਲ ਜੰਗ ਛੇੜੀ ਰੱਖੀ। ਆਪਣੇ ਫੌਜੀਆਂ ਨੂੰ ਤਾਂ ਮਰਵਾਇਆ ਹੀ, ਇਕ ਲੱਖ ਸ਼ਹਿਰੀਆਂ ਦਾ ਘਾਣ ਕਰਕੇ ਇਰਾਕੀ ਜਨਤਾ ਨੂੰ ਪੀੜ੍ਹੀਆਂ ਤੱਕ ਲਈ ਅਮਰੀਕਾ-ਵਿਰੋਧੀ ਬਣਾ ਲਿਆ। ਇਹੋ ਜਿਹੇ ਕਾਰੇ ਹੀ ਤਾਂ ਜਿਹਾਦੀ ਕਿਸਮ ਦੇ ਅਨਸਰਾਂ ਦੇ ਜਨਮ ਦਾ ਕਾਰਨ ਬਣਦੇ ਹਨ। ਅਜੀਬ ਜ਼ਿੰਮੇਵਾਰੀ ਨਿਭਾਈ ਹੈ ਅਮਰੀਕਾ ਨੇ ਅਤੇ ਇਤਿਹਾਸ ਵਿਚ ਕਿਹੋ ਜਿਹੇ ਜ਼ਿਕਰ ਦੇ ਯੋਗ ਹੋਵੇਗਾ ਇਕ ਨਿਰਾਧਾਰ ਜੰਗ ਦਾ ਇਹ ਅਧਿਆਏ!

ਪਰ ਨਹੀਂ, ਰਤਾ ਠਹਿਰੋ। ਕੋਈ ਵੀ ਜੰਗ ਬਿਲਕੁਲ ਨਿਰਾਧਾਰ ਕਦੇ ਨਹੀਂ ਹੁੰਦੀ, ਆਪਣੇ ਦੇਸ਼ ਤੋਂ 5000 ਤੋਂ ਵੱਧ ਮੀਲ ਦੂਰ ਵਸਦੇ ਮੁਲਕ 'ਤੇ ਹਮਲਾ ਨਿਰਾ ਪ੍ਰਛਾਵਿਆਂ ਦੀ ਭਾਲ ਵਿਚ ਨਹੀਂ ਕੀਤਾ ਜਾਂਦਾ। ਅਸਲੀਅਤ ਏਨੀ ਸਿੱਧਰੀ ਵੀ ਨਹੀਂ ਜਿੰਨੀ ਜਾਪਦੀ ਹੈ। ਇਹ ਸਹੀ ਹੈ ਕਿ ਜੰਗ ਦੇ ਰਸਮੀ ਖਾਤਮੇ ਦਾ ਐਲਾਨ ਹੋ ਗਿਆ ਹੈ, ਪਰ ਅਮਰੀਕੀ ਫੌਜਾਂ ਦੇ ਲੜਾਕੂ ਦਸਤੇ ਵੱਡੀ ਗਿਣਤੀ ਵਿਚ ਅਜੇ ਵੀ ਉਥੇ ਹੀ ਰਹਿਣਗੇ। ਇਰਾਕੀ ਫੌਜ ਦੀ ਮਦਦ ਲਈ, ਕਿਉਂਕਿ ਛੇ ਮਹੀਨੇ ਪਹਿਲਾਂ ਹੋਈਆਂ ਚੋਣਾਂ ਦੇ ਬਾਵਜੂਦ ਇਰਾਕ ਵਿਚ ਅਜੇ ਤੱਕ ਨਵੀਂ ਸਰਕਾਰ ਨਹੀਂ ਬਣ ਸਕੀ ਅਤੇ ਅੰਦਰੂਨੀ ਹਿੰਸਾ ਜਾਰੀ ਹੈ। ਸੋ ਅਮਰੀਕਾ ਨਾਲ ਦੁਵੱਲੇ ਸੁਰੱਖਿਆ ਸਮਝੌਤੇ ਤਹਿਤ ਅਜੇ ਉਸ ਦੀਆਂ ਕੁਝ ਫੌਜੀ ਟੁਕੜੀਆਂ 2011 ਦੇ ਅੰਤ ਤਕ ਇਰਾਕ ਵਿਚ ਤੈਨਾਤ ਰਹਿਣਗੀਆਂ। 50,000 ਅਮਰੀਕੀ ਫੌਜੀ ਅਜੇ ਇਰਾਕ ਵਿਚ ਹੀ ਟਿਕੇ ਰਹਿਣਗੇ ਅਤੇ ਉਨ੍ਹਾਂ ਦੇ ਨਾਲ ਹੀ ਕੁਝ 'ਨਿੱਜੀ ਠੇਕੇਦਾਰ' ਵੀ।

ਇਰਾਕ ਦੇ ਲੈਫਟੀਨੈਂਟ ਜਨਰਲ ਬਾਬਾਕਿਰ ਜ਼ੇਬਾਰੀ ਦਾ ਬਿਆਨ ਹੈ, ''ਜੇ ਮੇਰੇ ਕੋਲੋਂ ਪੁੱਛਿਆ ਜਾਵੇ ਤਾਂ ਮੈਂ ਸਿਆਸਤਦਾਨਾਂ ਨੂੰ ਕਹਾਂਗਾ ਕਿ ਅਮਰੀਕੀ ਫੌਜ ਨੂੰ ਅਜੇ 2020 ਤੱਕ ਇਥੇ ਹੀ ਰਹਿਣਾ ਚਾਹੀਦਾ ਹੈ, ਜਦ ਤੱਕ ਸਾਡੀ ਫੌਜ ਆਪਣੀ ਜ਼ਿੰਮੇਵਾਰੀ ਸੰਭਾਲਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੋ ਜਾਂਦੀ।'' ਦੂਜੇ ਪਾਸਿਓਂ, ਅਮਰੀਕਾ ਦੇ ਸੇਵਾ ਮੁਕਤ ਜਰਨੈਲ ਜੇਮਜ਼ ਡਿਉਬਰਿਕ ਦਾ ਕਹਿਣਾ ਹੈ ਕਿ 2011 ਵਿਚ ਅਮਰੀਕੀ ਫੌਜੀਆਂ ਦੀ ਮਿੱਥੀ ਹੋਈ ਵਾਪਸੀ ਤੋਂ ਬਾਅਦ ਵੀ ਇਰਾਕ ਨੂੰ ਆਪਣੇ ਹਥਿਆਰਾਂ ਅਤੇ ਫੌਜ ਦੇ ਆਧੁਨਿਕੀਕਰਨ ਲਈ ਅਮਰੀਕਾ ਦੀ ਮਦਦ 'ਤੇ ਨਿਰਭਰ ਰਹਿਣਾ ਪਵੇਗਾ। ਇਸ ਸਮੇਂ ਇਰਾਕ ਆਪਣੇ ਤੇਲ ਭੰਡਾਰਾਂ ਤੋਂ ਹੋਣ ਵਾਲੀ ਆਮਦਨ ਦੀ ਵਰਤੋਂ ਕਰਕੇ ਅਮਰੀਕਾ ਕੋਲੋਂ ਐਮ. 1 ਐਬਰਾਮਜ਼ ਟੈਂਕ ਅਤੇ ਐਫ-16 ਲੜਾਕੂ ਜਹਾਜ਼ਾਂ ਵਰਗੇ ਬਹੁਤ ਮਹਿੰਗੇ ਹਥਿਆਰ ਖਰੀਦ ਰਿਹਾ ਹੈ। ਇਨ੍ਹਾਂ ਹਥਿਆਰਾਂ ਨੂੰ ਵਰਤਣ ਦੀ ਸਿਖਲਾਈ ਲੈਣ ਲਈ ਹੁਣ ਅਮਰੀਕੀਆਂ ਦੀ ਹੋਰ ਮਦਦ ਦੀ ਲੋੜ ਪਵੇਗੀ।

ਪ੍ਰਧਾਨ ਓਬਾਮਾ, ਮੁਆਫ ਕਰਨਾ ਪਰ ਹੁਣ ਕਿਸ ਕੋਲੋਂ ਇਹ ਗੱਲ ਗੁੱਝੀ ਨਹੀਂ ਰਹੀ ਕਿ ਇਹ ਜੰਗ ਜਿਸ ਨੂੰ 'ਇਰਾਕ ਦੀ ਸੁਤੰਤਰਤਾ ਲਈ ਕਾਰਵਾਈ' ਦਾ ਨਾਂ ਦਿੱਤਾ ਗਿਆ, ਦਰਅਸਲ 'ਇਰਾਕ ਦੇ ਤੇਲ ਭੰਡਾਰ ਹਥਿਆਉਣ ਦੀ ਕਾਰਵਾਈ' ਸੀ। ਅਮਰੀਕੀ ਤੇਲ ਕੰਪਨੀਆਂ ਨੂੰ ਭਾਵੇਂ ਇਸ ਜੰਗੀ ਲੁੱਟ ਰਾਹੀਂ ਮਨਚਾਹਿਆ ਕਬਜ਼ਾ ਨਾ ਵੀ ਮਿਲਿਆ ਹੋਵੇ ਪਰ ਅਮਰੀਕਾ ਦੀ ਹਥਿਆਰ ਬਣਾਉਣ ਵਾਲੀ ਸਨਅਤ ਦੀ ਚਾਂਦੀ ਜ਼ਰੂਰ ਹੋ ਗਈ ਹੈ। ਸੋ ਇਕ ਪਾਸੇ ਤਾਂ ਅਮਰੀਕੀ ਪ੍ਰਧਾਨ ਇਸ ਜੰਗ ਦੇ ਖਾਤਮੇ ਦੇ ਰਸਮੀ ਐਲਾਨ ਰਾਹੀਂ ਇਰਾਕ ਦੇ ਹੁਣ ਆਪਣੀ ਹੋਣੀ ਦੇ ਮਾਲਕ ਆਪ ਹੋ ਜਾਣ ਦਾ ਐਲਾਨ ਕਰ ਰਿਹਾ ਹੈ ਅਤੇ ਦੂਜੇ ਪਾਸੇ ਅਮਰੀਕੀ ਫੌਜਾਂ ਦੇ ਛੇਤੀ ਕੀਤੇ ਇਰਾਕ ਤੋਂ ਨਿਕਲਣ ਦੇ ਕੋਈ ਆਸਾਰ ਵੀ ਨਹੀਂ ਦਿਸਦੇ। ਹੁਣ ਨਿਰੇ ਅਮਰੀਕੀ ਸਿਪਾਹੀ ਹੀ ਨਹੀਂ, ਹਜ਼ਾਰਾਂ ਦੀ ਗਿਣਤੀ ਵਿਚ ਸੁਰੱਖਿਆ ਸਲਾਹਕਾਰ ਅਤੇ ਹਥਿਆਰ ਸਪਲਾਈ ਕਰਨ ਵਾਲੀਆਂ ਕੰਪਨੀਆਂ ਦੇ ਠੇਕੇਦਾਰ ਇਰਾਕ ਵਿਚ ਆਪਣੀ ਛਾਪ ਛੱਡਣਗੇ। ਆਖਰਕਾਰ, ਪ੍ਰਧਾਨ ਓਬਾਮਾ ਦੇ ਆਪਣੇ ਸ਼ਬਦਾਂ ਵਿਚ, ''ਤੰਗਦਸਤੀ ਦੇ ਦੌਰ ਵਿਚ ਅਮਰੀਕਾ ਲਈ ਹੁਣ ਸਭ ਤੋਂ ਜ਼ਰੂਰੀ ਕੰਮ ਆਪਣੇ ਅਰਥਚਾਰੇ ਨੂੰ ਮੁੜ ਸੁਰਜੀਤ ਕਰਨਾ ਹੈ।'' ਅਤੇ ਅਰਬਾਂ-ਖਰਬਾਂ ਦੇ ਹਥਿਆਰ ਵੇਚ ਕੇ ਹੋਣ ਵਾਲੀ ਕਮਾਈ ਨਾਲੋਂ ਵੱਡਾ ਨਿਵੇਸ਼ ਇਸ ਸਮੇਂ ਅਮਰੀਕੀ ਆਰਥਿਕਤਾ ਲਈ ਕੀ ਹੋ ਸਕਦਾ ਹੈ। ਅਮਰੀਕੀ ਹਥਿਆਰ-ਬਣਾਊ ਸਨਅਤ ਲਈ ਇਸ ਤੋਂ ਵੱਡੀ ਮੰਡੀ ਕਿਹੜੀ ਲੱਭ ਸਕਦੀ ਹੈ? ਸੱਚ ਤਾਂ ਇਹ ਹੈ ਕਿ ਦੁਨੀਆਂ ਭਰ ਵਿਚ ਮਾੜੇ ਹਾਲਾਤ ਪੈਦਾ ਕਰਨਾ ਅਤੇ ਫੇਰ ਉਨ੍ਹਾਂ ਨਾਲ ਸਿੱਝਣ ਲਈ ਹਥਿਆਰਾਂ ਨੂੰ ਸਪਲਾਈ ਕਰਨਾ ਹਮੇਸ਼ਾ ਹੀ ਅਮਰੀਕੀ ਆਰਥਿਕਤਾ ਦਾ ਸਭ ਤੋਂ ਅਹਿਮ ਨੁੰਮ੍ਹਣਾ ਰਹੇ ਹਨ।

ਪ੍ਰਧਾਨ ਓਬਾਮਾ ਦੇ ਇਸ ਭਾਸ਼ਣ ਦਾ ਆਮ ਅਮਰੀਕੀ ਜਨਤਾ ਵਲੋਂ ਭਰਵਾਂ ਸਵਾਗਤ ਹੋਇਆ ਹੈ। ਉਨ੍ਹਾਂ ਨੂੰ ਵਿਚਲੀਆਂ ਗੱਲਾਂ ਤੇ (ਹਥਿਆਰਾਂ ਦੀ ਵਿਕਰੀ ਤੋਂ ਹੋਣ ਵਾਲੇ ਲੁਕਵੇਂ ਲਾਭਾਂ) ਦੀ ਸਮਝ ਭਾਵੇਂ ਨਾ ਵੀ ਹੋਵੇ, ਪਰ ਇਹ ਸਮਝ ਤਾਂ ਹੈ ਕਿ ਹੁਣ ਉਨ੍ਹਾਂ ਦੇ ਨੌਜਵਾਨ ਪੁੱਤਾਂ ਨੂੰ ਹਜ਼ਾਰਾਂ ਮੀਲ ਦੂਰ ਜਾ ਕੇ ਕਿਸੇ ਹੋਰ ਦੇਸ਼ ਵਿਚ ਬੇਵਜ੍ਹਾ ਮਰਨਾ ਜਾਂ ਅਪਾਹਜ ਨਹੀਂ ਹੋਣਾ ਪਵੇਗਾ। ਪਰ ਇਰਾਕ ਦੀ ਆਮ ਜਨਤਾ ਪ੍ਰਧਾਨ ਓਬਾਮਾ ਦੇ ਜੰਗ ਖਤਮ ਕਰਨ ਦੇ ਇਸ ਭਾਸ਼ਣ ਨੂੰ ਆਪੋ-ਆਪਣੇ ਟੈਲੀਵੀਜ਼ਨਾਂ 'ਤੇ ਸੁਣਨ ਤੋਂ ਵਾਂਝੀ ਰਹੀ, ਕਿਉਂਕਿ ਸੱਤ ਸਾਲ ਲੰਮੀ ਜੰਗ ਤੋਂ ਬਾਅਦ ਇਰਾਕ ਦੇ ਬਹੁਤੇ ਘਰਾਂ ਨੂੰ ਬਿਜਲੀ ਤੱਕ ਵੀ ਨਸੀਬ ਨਹੀਂ। ਬਿਜਲੀ ਤਾਂ ਕੀ, ਬਹੁਤ ਸਾਰੇ ਇਲਾਕਿਆਂ 'ਚ ਪਾਣੀ ਦੀ ਵੀ ਘਾਟ ਹੈ, ਡਾਕਟਰੀ ਸਹੂਲਤਾਂ ਨਾਂਹ ਦੇ ਬਰਾਬਰ ਹਨ। ਇਸ ਸੱਤ ਸਾਲਾ ਜੰਗ ਤੋਂ ਬਾਅਦ ਸੁੰਨੀ ਅਤੇ ਸ਼ੀਆ, ਅਰਬ ਤੇ ਕੁਰਦ ਵਰਗੀਆਂ ਭਰਾ-ਮਾਰੂ ਵੰਡੀਆਂ ਵਿਚ ਟੋਟੇ ਟੋਟੇ ਹੋ ਚੁੱਕਾ ਇਰਾਕ ਹੁਣ ਖਾਨਾਜੰਗੀ ਦੇ ਮਾਹੌਲ ਵਿਚੋਂ ਲੰਘ ਰਿਹਾ ਹੈ। ਅਮਰੀਕਾ ਦੀ ਵਿੱਢੀ ਹੋਈ ਜੰਗ ਜ਼ਰੂਰ ਖਤਮ ਹੋ ਗਈ ਹੈ। ਹੁਣ ਇਰਾਕ ਵਿਚ ਮਾਰੂ ਹਥਿਆਰਾਂ ਦੀ ਸਪਲਾਈ ਅਤੇ ਉਨ੍ਹਾਂ ਨੂੰ ਵਰਤਣ ਦੀ ਸਿਖਲਾਈ ਦਾ ਦੌਰ ਸ਼ੁਰੂ ਹੋ ਰਿਹਾ ਹੈ।

# ਕੀ ਬਰਤਾਨੀਆ ਕੋਹਿਨੂਰ ਹੀਰਾ ਵਾਪਸ ਦੇਵੇਗਾ

**ਮਨੋਰਮਾ ਦੀਵਾਨ**

ਅਸੀਂ ਤਾਂ ਸ਼ਾਇਦ ਇਸ ਸ਼ਰਮਨਾਕ ਹਕੀਕਤ ਨੂੰ ਪ੍ਰਵਾਨ ਕਰ ਲਿਆ ਹੈ ਕਿ ਭਾਰਤ ਤੋਂ ਲੁੱਟ ਕੇ ਲਿਜਾਇਆ ਗਿਆ ਕੋਹਿਨੂਰ ਹੀਰਾ ਬਰਤਾਨੀਆ ਦੀ ਹੀ ਸੰਪਤੀ ਬਣਿਆ ਰਹੇ ਜਿਸ ਨੂੰ ਸੰਸਾਰ ਦਾ ਸਭ ਤੋਂ ਕੀਮਤੀ ਹੀਰਾ ਮੰਨਿਆ ਜਾਂਦਾ ਹੈ। ਇਹ ਵਰ੍ਹਿਆਂ ਤੱਕ ਬਰਤਾਨਵੀ ਸ਼ਾਸਨ ਦੇ ਤਾਜ ਵਿਚ ਸਜਿਆ ਰਿਹਾ। ਸਾਬਕਾ ਮਲਿਕਾ ਐਲਿਜ਼ਾਬੈਥ-1 ਦੇ ਤਾਜ ਵਿਚ ਇਸ ਨੂੰ ਚਮਕਦਾ ਦੇਖਿਆ ਗਿਆ ਸੀ।

ਪਤਾ ਨਹੀਂ ਕਿਵੇਂ ਅਤੇ ਕਿਉਂ ਬਰਤਾਨੀਆ ਦੇ ਪਾਰਲੀਮੈਂਟ ਮੈਂਬਰ ਕੀਥ ਵੇਜ਼ ਨੇ ਪਿੱਛੇ ਜਿਹੇ ਆਪਣੇ ਬਿਆਨ 'ਚ ਮਤਾ ਰੱਖਿਆ ਕਿ ਬਰਤਾਨੀਆ ਨੂੰ ਕੋਹਿਨੂਰ ਹੀਰਾ ਭਾਰਤ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਦਾ ਸੁਝਾਅ ਸੀ ਕਿ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੋਨ ਨੂੰ ਆਪਣੀ ਦਿੱਲੀ ਯਾਤਰਾ ਦੌਰਾਨ ਕੋਹਿਨੂਰ ਹੀਰੇ ਨੂੰ ਵਾਪਸ ਕਰਨ ਦੀ ਗੱਲ ਭਾਰਤ ਸਰਕਾਰ ਨਾਲ ਕਰਨੀ ਚਾਹੀਦੀ ਸੀ। ਕੀਥ ਵੇਜ਼ ਮੂਲ ਰੂਪ ਵਿਚ ਭਾਰਤੀ ਹਨ। ਸ਼ਾਇਦ ਉਹ ਭੁੱਲ ਗਏ ਕਿ ਜਦੋਂ ਬਰਤਾਨਵੀ ਪ੍ਰਧਾਨ ਮੰਤਰੀ ਭਾਰਤ ਨਾਲ 500 ਮਿਲੀਅਨ ਪੌਂਡ ਦੇ ਹਾਕ ਜੈਟ ਅਤੇ ਦੂਜੇ ਮਹੱਤਵਪੂਰਨ ਸਮਝੌਤੇ ਕਰਨ ਆਏ ਸਨ ਤਾਂ ਕੋਹਿਨੂਰ ਹੀਰਾ ਭਾਰਤ ਨੂੰ ਵਾਪਸ ਕਰਨ ਦੀ ਗੱਲ ਕਰਨ ਦੀ ਵਿਹਲ ਭਲਾ ਉਨ੍ਹਾਂ ਨੂੰ ਕਿੱਥੋਂ ਮਿਲਦੀ?

ਇਹ ਕੀਮਤੀ ਕੋਹਿਨੂਰ ਹੀਰਾ ਸੰਨ 1849 ਵਿਚ ਉਦੋਂ ਭਾਰਤ ਤੋਂ ਲੁੱਟ ਕੇ ਬਰਤਾਨੀਆ ਲਿਜਾਇਆ ਗਿਆ ਸੀ, ਜਦੋਂ ਪੰਜਾਬ ਦੇ ਸ਼ਾਸਕ ਦਲੀਪ ਸਿੰਘ ਦੀ ਹਾਰ ਹੋਈ ਸੀ। ਕੋਹਿਨੂਰ ਹੀਰੇ ਨੂੰ ਵਾਪਸ ਲਿਆਉਣ ਦੀਆਂ ਗੱਲਾਂ ਤਾਂ ਭਾਰਤ ਵਿਚ ਹੁੰਦੀਆਂ ਰਹੀਆਂ ਹਨ, ਪਰ ਇਸ ਨੂੰ ਕਦੇ ਵੀ ਕੌਮੀ ਮੁੱਦਾ ਨਹੀਂ ਬਣਾਇਆ ਗਿਆ। ਨਾ ਹੀ ਬਰਤਾਨੀਆ ਉਤੇ ਦਬਾਅ ਪਾਇਆ ਗਿਆ ਹੈ ਕਿ ਉਹ ਕੋਹਿਨੂਰ ਹੀਰਾ, ਟੀਪੂ ਸੁਲਤਾਨ ਦੀ ਤਲਵਾਰ ਅਤੇ ਹੋਰ ਬਹੁਤ ਸਾਰੀਆਂ ਨਾਯਾਬ ਚੀਜ਼ਾਂ ਭਾਰਤ ਨੂੰ ਵਾਪਸ ਕਰੇ। ਭਾਰਤੀਆਂ ਨੇ ਤਾਂ ਇਹ ਸਵੀਕਾਰ ਕਰ ਲਿਆ ਹੈ ਕਿ ਬਰਤਾਨਵੀ ਹਾਕਮ ਜੋ ਕੁਝ ਵੀ ਭਾਰਤ ਤੋਂ ਲੁੱਟ ਕੇ ਲੈ ਗਏ, ਜਿਨ੍ਹਾਂ ਬਹੁਮੁੱਲੇ ਖ਼ਜ਼ਾਨਿਆਂ ਨਾਲ ਲੰਡਨ ਦਾ ਬ੍ਰਿਟਿਸ਼ ਮਿਊਜ਼ੀਅਮ ਭਰਿਆ ਪਿਆ ਹੈ, ਉਹ ਉਨ੍ਹਾਂ ਦੀ ਸੰਪਤੀ ਹੈ।



ਜਿਨ੍ਹਾਂ ਲੋਕਾਂ ਨੇ ਲੰਡਨ ਵਿਚ ਬ੍ਰਿਟਿਸ਼ ਮਿਊਜ਼ੀਅਮ ਦੇਖਿਆ ਹੈ, ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਹੋਵੇਗਾ ਕਿ ਉਥੋਂ ਭਾਰਤ, ਚੀਨ, ਮਿਸਰ ਅਤੇ ਇਰਾਕ ਦੀਆਂ ਕਲਾ-ਕ੍ਰਿਤਾਂ ਹਟਾ ਲਈਆਂ ਜਾਣ ਤਾਂ ਉਹ ਖਾਲੀ ਹੋ ਜਾਏਗਾ। ਭਾਰਤ ਦੀਆਂ ਪ੍ਰਾਚੀਨ ਮੂਰਤੀਆਂ, ਪੇਂਟਿੰਗਾਂ ਅਤੇ ਦੂਸਰੀਆਂ ਅਨੇਕ ਕਲਾ-ਕ੍ਰਿਤਾਂ ਉਥੇ ਸਜੀਆਂ ਦੇਖ ਕੇ ਮੇਰਾ ਤਾਂ ਖੂਨ ਗੁੱਸੇ ਨਾਲ ਖੌਲਣ ਲਗਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਹੋਰਨਾਂ ਬਹੁਤ ਸਾਰੇ ਭਾਰਤੀਆਂ ਦੀਆਂ ਭਾਵਨਾਵਾਂ ਵੀ ਅਜਿਹੀਆਂ ਹੀ ਹੋਣਗੀਆਂ। ਇਸੇ ਤਰ੍ਹਾਂ ਦਾ ਅਹਿਸਾਸ ਮਿਸਰ, ਇਰਾਕ ਤੇ ਚੀਨ ਦੇ ਲੋਕਾਂ ਨੂੰ ਵੀ ਹੁੰਦਾ ਹੋਵੇਗਾ।

ਕੁਝ ਸਾਲ ਪਹਿਲਾਂ ਅਲੈਗਜ਼ੈਂਡਰੀਆ (ਮਿਸਰ) ਵਿਚ ਪੁਰਾਤੱਤਵ ਮਾਹਰਾਂ ਦਾ ਇਕ ਸੰਮੇਲਨ ਹੋਇਆ ਸੀ। ਇਸ ਸੰਮੇਲਨ ਵਿਚ ਇਹ ਪ੍ਰਸਤਾਵ ਰੱਖਿਆ ਗਿਆ ਸੀ ਕਿ ਭਾਰਤ, ਮਿਸਰ ਤੇ ਇਰਾਕ ਵਰਗੇ ਦੇਸ਼ ਮਿਲ ਕੇ ਇਹ ਮੰਗ ਕਰਨ ਕਿ ਬਰਤਾਨੀਆ ਅਤੇ ਦੂਜੇ ਦੇਸ਼ ਉਨ੍ਹਾਂ ਦੀਆਂ ਪ੍ਰਾਚੀਨ ਕਲਾ-ਕ੍ਰਿਤਾਂ ਉਨ੍ਹਾਂ ਨੂੰ ਵਾਪਸ ਕਰ ਦੇਣ। ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਭਾਰਤ ਨੇ ਇਸ ਪ੍ਰਸਤਾਵ ਦਾ ਸਮਰਥਨ ਨਹੀਂ ਸੀ ਕੀਤਾ, ਕਿਉਂਕਿ ਇਸ ਨੂੰ ਹਮੇਸ਼ਾਂ ਇਹ ਡਰ ਲੱਗਿਆ ਰਹਿੰਦਾ ਹੈ ਕਿ ਕਿਤੇ ਬਰਤਾਨੀਆ ਨਾਲ ਉਸ ਦੇ ਸੰਬੰਧ ਖਰਾਬ ਨਾ ਹੋ ਜਾਣ। ਇਹੋ ਕਾਰਨ ਹੈ ਕਿ ਕੁਝ ਸਾਲ ਪਹਿਲਾਂ ਜਦੋਂ ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ ਭਾਰਤ ਆਈ ਤਾਂ ਉਸ ਦੇ ਸੁਆਗਤ ਵਿਚ ਦਿੱਲੀ ਵਿਚ ਬਹੁਤ ਸਾਰੀਆਂ ਪ੍ਰਦਰਸ਼ਨੀਆਂ ਲਾਈਆਂ ਗਈਆਂ। ਇਨ੍ਹਾਂ ਹੀ ਪ੍ਰਦਰਸ਼ਨੀਆਂ ਵਿਚ ਭਾਰਤ ਦੀਆਂ ਉਨ੍ਹਾਂ ਨਾਯਾਬ ਪੇਂਟਿੰਗਾਂ ਨੂੰ ਦਿਖਾਉਣ ਲਈ ਲੰਡਨ ਤੋਂ ਭਾਰਤ ਲਿਆਂਦਾ ਗਿਆ ਸੀ, ਜੋ ਬਰਤਾਨਵੀ ਸ਼ਾਸਨ ਦੌਰਾਨ ਭਾਰਤ ਤੋਂ ਲੁੱਟ ਕੇ ਲਿਜਾਈਆਂ ਗਈਆਂ ਸਨ। ਅਸੀਂ ਉਹ ਸਾਰੀਆਂ ਪੇਂਟਿੰਗਾਂ ਵਾਪਸ ਕਰ ਦਿੱਤੀਆਂ ਸਨ। ਹਮੇਸ਼ਾਂ ਇਹੋ ਕਿਹਾ ਗਿਆ ਕਿ ਭਾਰਤ ਬਰਤਾਨੀਆ ਦੀਆਂ ਭਾਵਨਾਵਾਂ ਨੂੰ ਕਿਸੇ ਵੀ ਤਰ੍ਹਾਂ ਦੀ ਠੇਸ ਨਹੀਂ ਪਹੁੰਚਾਉਣਾ ਚਾਹੁੰਦਾ।

ਤੁਸੀਂ ਜਾਣਦੇ ਹੀ ਹੋਵੋਗੇ ਕਿ ਕੋਹਿਨੂਰ ਹੀਰਾ 1294 ਈ. ਵਿਚ ਮਾਲਵੇ ਦੇ ਮਾਹਰਾਜੇ ਦੀ ਸੰਪਤੀ ਸੀ। ਅਗਲੇ ਵਰ੍ਹਿਆਂ ਵਿਚ ਇਹ ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਅਤੇ ਮਹਾਰਾਜਾ ਰਣਜੀਤ ਸਿੰਘ ਕੋਲ ਰਿਹਾ। ਕੋਹਿਨੂਰ ਦੀ ਕੀਮਤ ਬਾਰੇ ਨਾਦਰ ਸ਼ਾਹ ਦੇ ਹੀ ਇਕ ਸਹਿਯੋਗੀ ਨੇ ਕਿਹਾ ਸੀ ਕਿ ਜੇ ਧਰਤੀ ਦੀਆਂ ਉਤਰੀ, ਦੱਖਣੀ ਅਤੇ ਪੱਛਮੀ ਦਿਸ਼ਾਵਾਂ ਵਿਚ ਪੰਜ ਵੱਡੇ ਪੱਥਰ ਸੁੱਟੇ ਜਾਣ ਤੇ ਉਨ੍ਹਾਂ ਦੇ ਆਪਸੀ ਫਾਸਲੇ ਨੂੰ ਸੋਨੇ ਅਤੇ ਜਵਾਹਰਾਤ ਨਾਲ ਭਰਿਆ ਜਾਏ ਤਾਂ ਉਨ੍ਹਾਂ ਦੀ ਜਿੰਨੀ ਕੀਮਤ ਹੋਵੇਗੀ, ਉਹੋ ਕੋਹਿਨੂਰ ਹੀਰੇ ਦੀ ਹੋਵੇਗੀ। ਅਰਥਾਤ ਕੋਹਿਨੂਰ ਹੀਰੇ ਦੀ ਕੀਮਤ ਦਾ ਹਿਸਾਬ ਨਹੀਂ ਲਾਇਆ ਜਾ ਸਕਦਾ। ਭਾਰਤ ਦਾ ਇਹੋ ਕੀਮਤੀ ਕੋਹਿਨੂਰ ਬਰਤਾਨੀਆ ਦੀ ਮਹਾਰਾਣੀ ਦੇ ਤਾਜ ਦੀ ਵਰ੍ਹਿਆਂ ਤੱਕ ਸ਼ੋਭਾ ਵਧਾਉਂਦਾ ਰਿਹਾ ਅਤੇ ਹੁਣ ਵੀ ਉਹ ਬਰਤਾਨੀਆ ਕੋਲ ਹੈ। ਹਰ ਵੰਨਗੀ ਦੇ ਬਰਤਾਨਵੀ ਸ਼ਾਸਕਾਂ ਨੇ ਭਾਰਤ ਦਾ ਸ਼ੋਸ਼ਣ ਕੀਤਾ। ਉਨ੍ਹਾਂ ਨੇ ਸਾਨੂੰ ਪੱਛੜੇ ਰੱਖਿਆ। ਸਾਡੇ ਹਰ ਪ੍ਰਕਾਰ ਦੇ ਖਜ਼ਾਨੇ ਉਹ ਲੁੱਟ ਕੇ ਲੈ ਗਏ, ਪਰ ਅਸੀਂ ਇਸ ਦਾ ਵਿਰੋਧ ਨਹੀਂ ਕੀਤਾ। ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੋਨ ਭਾਰਤ ਨੂੰ ਵੱਡੇ ਸਮਝੌਤਿਆਂ ਵਿਚ ਬੰਨ੍ਹ ਕੇ ਚਲੇ ਗਏ ਅਤੇ ਸਾਨੂੰ ਇਸੇ ਗੱਲ ਦੀ ਤਸੱਲੀ ਹੋ ਰਹੀ ਹੈ ਕਿ ਬਰਤਾਨੀਆ ਨਾਲ ਭਾਰਤ ਦੇ ਸੰਬੰਧ ਸੁਧਰ ਰਹੇ ਹਨ। ਇਕ ਟੀ. ਵੀ. ਪੱਤਰਕਾਰ ਨੇ ਬਰਤਾਨਵੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਦੇ ਅੰਤ ਵਿਚ ਪੁੱਛਿਆ, ''ਕੀ ਬਰਤਾਨੀਆ ਕੋਹਿਨੂਰ ਹੀਰਾ ਭਾਰਤ ਨੂੰ ਵਾਪਸ ਦੇਵੇਗਾ?'' ਉਨ੍ਹਾਂ ਨੇ ਹੈਰਾਨੀ ਭਰੇ ਲਹਿਜੇ ਵਿਚ ਕਿਹਾ, ''ਹਾਲੇ ਤੱਕ ਤਾਂ ਕੋਹਿਨੂਰ ਹੀਰੇ ਬਾਰੇ ਗੱਲ ਤੱਕ ਨਹੀਂ ਹੋਈ।''

# ਗਾਇਕਾਂ ਵਲੋਂ 'ਊੜੇ' ਨਾਲ ਕਮਾਈ, 'ਜੂੜੇ' ਨਾਲ ਬੇਵਫ਼ਾਈ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਇਕ ਨਾਮਵਰ ਸਿੱਖ ਰਾਗੀ-ਢਾਡੀ ਦਾ ਨੌਜਵਾਨ ਲੜਕਾ 'ਗਾਇਕ ਕਲਾਕਾਰ' ਬਣ ਗਿਆ। ਇਸ ਰਾਹੇ ਪੈਣ ਦੀ ਪਹਿਲੀ ਪੌੜੀ, ਜਿਹੜੀ ਕਿ ਕਲਾਕਾਰਾਂ ਨੇ ਕੁਝ ਕੁ ਦਹਾਕਿਆਂ ਤੋਂ ਆਪੇ ਸਿਰਜ ਲਈ ਹੋਈ ਹੈ, ਉਸ ਨੇ 'ਹੱਸ ਕੇ' ਪਾਰ ਕਰ ਲਈ, ਭਾਵ ਮੂੰਹ ਸਿਰ ਸਫਾ ਚੱਟ। ਸਾਰੀ ਉਮਰ ਸਟੇਜਾਂ ਉਪਰ ਸਿੱਖ ਇਤਿਹਾਸ ਜੋਸ਼ੀਲੇ ਢੰਗ ਨਾਲ ਸੁਣਾਉਣ ਵਾਲੇ ਬਾਪ ਨੇ ਬੁਰਾ ਤਾਂ ਮਨਾਇਆ ਪਰ 'ਪੁੱਤ ਰਾਜ ਮਲੇਛ ਰਾਜ' ਵਾਲੀ ਕਹਾਵਤ ਚੇਤੇ ਕਰਕੇ ਸਬਰ ਦਾ ਘੁੱਟ ਭਰ ਲਿਆ। ਮੁੰਡੇ ਨੂੰ ਰਾਗ ਤਾਂ ਵਿਰਸੇ 'ਚੋਂ ਹੀ ਮਿਲਿਆ ਸੀ। ਥੋੜ੍ਹੀ ਹੋਰ ਮਿਹਨਤ ਨਾਲ ਚੰਗੀ ਗੁੱਡੀ ਚੜ੍ਹ ਗਈ।

ਰਾਗੀ ਬਾਪ ਨੇ ਜਦੋਂ ਦੇਖਿਆ ਕਿ ਮੁੰਡਾ ਹੁਣ ਆਪਣੀਆਂ ਚਿਕਨੀਆਂ ਚੋਪੜੀਆਂ ਗੱਲਾਂ ਵਰਗੀ ਲਿਸ਼ਕਦੀ ਕਾਰ ਵਿਚ ਘੁੰਮਦਾ ਹੈ ਅਤੇ ਆਲੀਸ਼ਾਨ ਕੋਠੀ ਦਾ ਮਾਲਕ ਵੀ ਬਣ ਚੁੱਕਾ ਹੈ, ਗਲ ਵਿਚ ਮੋਟੀ ਸਾਰੀ ਸੋਨੇ ਦੀ ਚੇਨੀ ਨਾਲ ਖੰਡੇ ਵੀ ਲਟਕਾਈ ਫਿਰਦਾ ਹੈ, ਤਦ ਇਕ ਦਿਨ ਮੌਕਾ ਵਿਚਾਰ ਕੇ ਆਪਣੇ ਕਲਾਕਾਰ ਪੁੱਤ ਨੂੰ ਪਤਿਆਉਂਦਿਆਂ ਆਖਿਆ, "ਕਾਕਾ, ਸੁੱਖ ਨਾਲ ਹੁਣ ਦਾਤੇ ਦੀ ਤੇਰੇ 'ਤੇ ਫੁੱਲ ਕ੍ਰਿਪਾ ਹੈ। ਸਾਰਾ ਕੁਝ ਰੱਬ ਨੇ ਦਿੱਤਾ ਹੋਇਆ ਹੈ। ਤੈਨੂੰ ਘੋਨ-ਮੋਨ ਦੇਖ ਕੇ ਮੈਨੂੰ ਸ਼ਰਮ ਆਉਂਦੀ ਹੈ। ਪੁੱਤਰਾ, ਅਸੀਂ ਖਾਨਦਾਨੀ ਗੁਰੂ ਦੇ ਸਿੱਖ ਹਾਂ। ਸਾਰੀ ਉਮਰ ਮੈਂ ਦੇਸਾਂ-ਪਰਦੇਸਾਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਲੋਕ ਮੈਨੂੰ ਕੀ ਕਹਿੰਦੇ ਹੋਣਗੇ? ਸੋ ਪੁੱਤ, ਮਿੰਨਤ ਦੀ ਗੱਲ ਐ, ਹੁਣ ਤੂੰ ਭੁੱਲ ਬਖਸ਼ਾ ਕੇ ਦਾਹੜੀ, ਕੇਸ ਰੱਖ ਲੈ।" ਬਾਪ ਨੇ ਘਿਗਿਆਈ ਬੋਲੀ ਵਿਚ ਪੰਜਾਬ ਵਿਚਲੀ ਸਿੱਖੀ ਦੀ ਨਿੱਘਰਦੀ ਜਾਂਦੀ ਹਾਲਤ ਦਾ ਵੀ ਵਾਸਤਾ ਪਾ ਲੜਕੇ ਨੂੰ ਪ੍ਰੇਰਿਆ।

ਮੋਹਰਿਓਂ ਮਾਰਨ ਵਾਲੀ ਮੱਝ ਵਾਂਗ ਚਾਰੇ ਖੁਰ ਚੱਕ ਕੇ 'ਕਲਾਕਾਰ' ਕੜਕਿਆ, "ਕਿਆ ਸਿੱਖੀ, ਸਿੱਖੀ ਕਰੀ ਜਾਨੈਂ ਤੂੰ ਬੁੜ੍ਹਿਆ!...ਤੈਂ ਸਾਰੀ ਉਮਰ 'ਚ ਓਨੀ ਕਮਾਈ ਨਹੀਂ ਕੀਤੀ ਹੋਣੀ, ਜਿੰਨੀ ਮੈਂ ਇਕ-ਦੋ ਸਾਲਾਂ ਵਿਚ ਹੀ ਕਰ ਲਈ ਹੈ। ਹਾਲੇ ਤਾਂ ਮੈਂ ਫਲਾਣੀ ਮਿਸ...ਨਾਲ ਵੀਡੀਓ ਐਲਬਮ ਕੱਢਣੀ ਐਂ, ਫੇਰ ਹੋਰ ਦੇਖੀਂ ਵਾਰੇ-ਨਿਆਰੇ ਹੁੰਦੇ।"



"ਕਮਲਿਆ, ਮਾਇਆ ਤਾਂ ਕੰਜਰਾਂ ਕੋਲ ਵੀ ਬਥੇਰੀ ਹੁੰਦੀ ਹੈ ਫਿਰ ਉਨ੍ਹਾਂ ਵਾਲਾ ਈ ਧੰਦਾ ਕਰ...!" ਆਪਣੀ ਉਮਰ ਭਰ ਦੀ ਕੀਤੀ ਕੱਤਰੀ ਨੂੰ, ਔਲਾਦ ਵਲੋਂ ਮਾਇਆ ਦੇ ਫੀਤੇ ਨਾਲ ਨਾਪਣ ਤੋਂ ਦੁਖੀ ਹੋਏ ਬਾਪ ਦੇ ਕੰਠ 'ਚੋਂ ਉਠਿਆ ਉਕਤ ਅਧੂਰਾ ਵਾਕ, ਬੁੱਲ੍ਹਾਂ ਤੱਕ ਆਉਂਦਾ-ਆਉਂਦਾ ਦਮ ਤੋੜ ਗਿਆ। ਹਾਰੇ ਹੋਏ ਖਿਡਾਰੀ ਵਾਂਗ ਨਿੰਮੋਝੂਣਾ ਜਿਹਾ ਹੋ ਕੇ ਪਿਓ ਨੇ ਇਕ ਤਰਲਾ ਹੋਰ ਕੱਢਿਆ, "ਚੱਲ ਫੇ, ਥੋੜ੍ਹੀ-ਥੋੜ੍ਹੀ ਦਾਹੜੀ ਰੱਖ ਕੇ ਪੱਗ ਤਾਂ ਬੰਨ੍ਹ ਲਿਆ ਕਰ, ਤੂੰ ਸਿੱਖ ਦਾ ਪੁੱਤ ਐਂ।" ਹੁਣ ਕਲਾਕਾਰ ਪੁੱਤ 'ਭਲਮਾਣਸੀ' ਦਿਖਾ ਗਿਆ....ਬਰੂ ਚੜ੍ਹੇ ਪਸ਼ੂ ਵਾਂਗ ਲਾਲ ਅੱਖਾਂ ਕਰਕੇ ਪਿਉ ਵਲ 'ਸਿਰਫ' ਘੂਰ ਕੇ ਦੇਖਿਆ, ਕਿਹਾ ਕੁਝ ਨਾ।

ਥੋੜ੍ਹੇ ਕੁ ਦਿਨਾਂ ਬਾਅਦ ਇਕ ਟੀ.ਵੀ. ਚੈਨਲ 'ਤੇ ਇਹੋ 'ਹਰਦਿਲ ਅਜ਼ੀਜ਼' ਗਾਇਕ ਇੰਟਰਵਿਊ ਦਿੰਦਾ ਹੋਇਆ ਚਪਤ-ਚਪਤ ਕਰ ਰਿਹਾ ਸੀ, "ਮੈਂ ਆਪਣੇ ਰੱਬ ਵਰਗੇ ਸਰੋਤਿਆਂ ਨੂੰ ਦੱਸਦਿਆਂ ਖੁਸ਼ੀ ਮਹਿਸੂਸ ਕਰ ਰਿਹਾਂ ਕਿ ਮੈਂ ਆਪਣੇ 'ਪੂਜਯ ਪਿਤਾ ਜੀ' ਦੇ ਅਸ਼ੀਰਵਾਦ ਸਦਕਾ ਇਸ ਮੁਕਾਮ 'ਤੇ ਪਹੁੰਚਿਆ ਹਾਂ, ਉਨ੍ਹਾਂ ਦਾ ਮੋਹ ਭਰਿਆ ਨਿੱਘਾ ਥਾਪੜਾ ਮਿਲਦਾ ਆ ਰਿਹਾ ਹੈ...ਉਨ੍ਹਾਂ ਦੀ ਬਦੌਲਤ ਮੈਂ ਸੰਗੀਤ ਵਲ ਰੁਚਿਤ ਹੋਇਆ ਹਾਂ।

ਐਂਕਰ ਵਲੋਂ ਪੁੱਛੇ ਗਏ ਸਵਾਲ ਕਿ ਪੰਜਾਬੀ ਗਾਇਕੀ ਦੇ ਪਿੜ ਵਿਚ ਕੁੱਦਣ ਦਾ ਕੀ ਸਬੱਬ ਬਣਿਆ? ਦੇ ਜਵਾਬ ਵਿਚ ਸਿਰ 'ਤੇ ਕੰਡੇਰਨੇ ਵਾਂਗ ਖੜ੍ਹੇ ਹੋਏ ਵਾਲਾਂ ਉਪਰ ਫਿਲਮੀ ਅੰਦਾਜ਼ ਨਾਲ ਹੱਥ ਫੇਰਦਿਆਂ ਗਾਇਕ ਜੀ ਫੁਰਮਾਉਣ ਲੱਗੇ, "ਦੇਖੋ ਜੀ, ਕਿੱਡੀ ਨਮੋਸ਼ੀ ਦੀ ਗੱਲ ਐ ਕਿ ਅਸੀਂ ਪੰਜਾਬੀ ਆਪਣੀ ਮਾਂ-ਬੋਲੀ ਨੂੰ ਭੁੱਲਦੇ ਜਾ ਰਹੇ ਹਾਂ। ਗੈਰਾਂ ਦੀਆਂ ਬੋਲੀਆਂ ਬੋਲ ਕੇ ਅਕ੍ਰਿਤਘਣ ਬਣੇ ਹੋਏ ਹਾਂ। ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਮੈਂ ਪੰਜਾਬੀ ਗਾਇਕੀ ਦਾ ਖੇਤਰ ਚੁਣਿਆ। ਮੈਂ ਪੰਜਾਬੀਅਤ ਦਾ ਮੁਦਈ ਹਾਂ। ਆਪਣੀ ਮਾਤ-ਭਾਸ਼ਾ ਦੀ ਸੇਵਾ ਲਈ ਪੂਰੀ ਤਰ੍ਹਾਂ ਅਰਪਿਤ ਹੋ ਚੁੱਕਾ ਹਾਂ....ਸ਼ਿਅਰ ਐ...ਮਾਂ ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਂਗੂੰ ਰੁਲ ਜਾਓਗੇ।" ਇਹ ਸਤਰਾਂ ਸੁਣ ਕੇ ਐਂਕਰ ਵੀ ਝੂਮਦਾ ਨਜ਼ਰ ਆਇਆ।

ਪਿਤਾ ਪੁਰਖੀ ਧਰਮ ਤੋਂ ਕਿਨਾਰਾਕਸ਼ੀ ਕਰ ਚੁੱਕੇ, ਪਰ ਪੰਜਾਬੀ ਦੀ 'ਚਿੰਤਾ' ਵਿਚ ਗ੍ਰਸੇ ਪਏ ਇਸ ਗਾਇਕ ਦੀ ਗਾਇਕੀ ਦੇ ਨਮੂਨੇ ਵਜੋਂ ਜਿਹੜਾ ਵੀਡੀਓ ਕਲਿੱਪ ਦਿਖਾਇਆ ਗਿਆ, ਉਹਦੇ ਵਿਚ ਦੋ ਅਰਥੇ ਪੰਜਾਬੀ ਸ਼ਬਦਾਂ ਤੋਂ ਇਲਾਵਾ ਹੋਰ ਕੁਝ ਵੀ ਪੰਜਾਬੀਅਤ ਨਾਲ ਮੇਲ ਨਹੀਂ ਸੀ ਖਾਂਦਾ। ਹਾਂ, ਉਸਨੂੰ ਬੇਹਯਾਈ ਦਾ ਨੰਗਾ ਨਾਚ ਜ਼ਰੂਰ ਕਿਹਾ ਜਾ ਸਕਦਾ ਸੀ।

ਇਹ ਸਾਰਾ ਬਿਰਤਾਂਤ ਇਸੇ 'ਕੱਲੇ-ਕਾਰੇ ਗਾਇਕ ਦਾ ਹੀ ਨਹੀਂ, ਬਲਕਿ ਥੋੜ੍ਹੇ-ਬਹੁਤੇ ਫੇਰ-ਬਦਲ ਨਾਲ, ਉਨ੍ਹਾਂ ਬਹੁਤਿਆਂ ਗਾਇਕਾਂ 'ਤੇ ਢੁਕਦਾ ਹੈ ਜਿਨ੍ਹਾਂ ਦਾ ਸੰਬੰਧ ਸਿੱਖ ਘਰਾਣਿਆਂ ਨਾਲ ਹੈ ਜਾਂ ਸੀ। ਅਜਿਹੇ ਗਾਇਕ ਭਰਾਵਾਂ ਦੇ ਪਾਸਪੋਰਟਾਂ ਉਪਰ ਅੰਕਿਤ ਨਾਵਾਂ ਵਿਚ 'ਸਿੰਘ' ਸ਼ਬਦ ਦੀ ਮੌਜੂਦਗੀ ਪਰ ਫੋਟੋਆਂ ਵਿਚੋਂ ਗਾਇਬ ਹੋਈਆਂ ਪੱਗਾਂ-ਦਾਹੜੀਆਂ, ਇਹੀ ਇਸ਼ਾਰਾ ਕਰਦੀਆਂ ਨੇ ਕਿ ਇਨ੍ਹਾਂ ਨੂੰ 'ਸਿੱਖੀ ਸਰੂਪ' ਤੋਂ ਬੇਮੁਖ ਹੋ ਕੇ ਬੱਸ, ਪੰਜਾਬੀ ਦੀ ਸੇਵਾ ਦੇ ਨਾਂ ਹੇਠ ਨਾਮਾ ਅਤੇ ਨਾਮ ਕਮਾਉਣ ਦੀ ਘੁਕੀ ਚੜ੍ਹੀ ਹੋਈ ਹੈ। ਕਈਆਂ ਦੀ ਬੱਲੇ-ਬੱਲੇ, ਕਈਆਂ ਦੀ ਥੱਲੇ-ਥੱਲੇ ਅਤੇ ਬਹੁਤੇ ਕਰਮਾਂ ਮਾਰੇ ਵਿਚ-ਵਿਚਾਲੇ ਜਿਹੇ ਰੀਘੜ-ਫੀਘੜ ਕੇ ਆਪਣਾ ਤੀਰ-ਤੁੱਕਾ ਚਲਾਈ ਜਾਂਦੇ ਹਨ।

ਕਵੀਸ਼ਰੀ-ਨੁਮਾ ਗਾਇਕੀ ਅਤੇ ਕੁਝ ਕੁ ਪੰਜਾਬੀ ਫਿਲਮਾਂ ਬਣਾ ਕੇ ਪ੍ਰਸਿੱਧ ਹੋਏ ਦੋ ਗਾਇਕ ਭਰਾਵਾਂ ਦੀ ਇਕ ਵੀਡੀਓ ਕਲਿੱਪ ਕਿਸੇ ਨੇ ਮੈਨੂੰ 'ਈ-ਮੇਲ' ਰਾਹੀਂ ਭੇਜੀ। ਇਸ ਵਿਚ ਛੋਟੇ ਭਰਾ ਨੇ ਸਾਰੰਗੀ ਅਤੇ ਵੱਡੇ ਨੇ ਢੱਡ ਫੜੀ ਹੋਈ ਹੈ। 'ਵਾਰ' ਗਾਉਣ ਤੋਂ ਪਹਿਲਾਂ ਵੱਡਾ ਮੁਸਕਰਾਉਂਦਾ ਹੋਇਆ ਦੱਸਦਾ ਹੈ, "ਪੂਰੇ ਛੱਬੀ ਸਾਲਾਂ ਬਾਅਦ ਅਸੀਂ ਇਸ ਰੂਪ ਵਿਚ (ਭਾਵ ਢੱਡ-ਸਾਰੰਗੀ ਨਾਲ) ਦਰਸ਼ਕਾਂ ਸਾਹਮਣੇ ਆਏ ਹਾਂ....ਸਕੂਲ ਤੋਂ ਲੈ ਕੇ ਕਾਲਜ ਤੱਕ ਅਸੀਂ ਇਸੇ ਰੂਪ ਵਿਚ ਵੱਡੀਆਂ-ਵੱਡੀਆਂ ਸਟੇਜਾਂ 'ਤੇ ਗਾਉਂਦੇ ਰਹੇ ਹਾਂ...ਲਓ ਹੁਣ ਪੇਸ਼ ਹੈ...।"

ਜੋਸ਼ੀਲੇ ਢੰਗ ਨਾਲ ਗਾਈ ਹੋਈ ਇਹ ਵਾਰ ਸੁਣ ਕੇ ਨਿਹਾਲ ਹੁੰਦਿਆਂ ਸੋਚ ਰਿਹਾ ਸਾਂ ਕਿ ਛੱਬੀ ਸਾਲ ਪਹਿਲਾਂ ਛੱਡੇ ਸਾਜ਼ ਚੁੱਕ ਕੇ ਤਾਂ ਦੋਵੇਂ ਗਾਇਕ ਭਰਾ ਬਾਗੋ-ਬਾਗ ਹੋ ਰਹੇ ਹਨ। ਲੇਕਿਨ ਸਦੀਆਂ ਤੋਂ ਚੱਲਿਆ ਆ ਰਿਹਾ ਪਿਤਾ-ਪੁਰਖੀ ਦਸਤਾਰਧਾਰੀ ਸਰੂਪ, ਇਹ ਮੁੜ ਕਦੋਂ ਗ੍ਰਹਿਣ ਕਰਨਗੇ? ਕਲਾਕਾਰ ਸਦਾਉਣ ਲਈ ਤਿਆਗੀ ਸਾਬਤ-ਸੂਰਤ, ਇਨ੍ਹਾਂ ਨੂੰ ਖਿੱਚ ਨਹੀਂ ਪਾਉਂਦੀ ਹੋਵੇਗੀ? ਮਿੱਟੀ 'ਵਾਜਾਂ ਮਾਰਦੀ ਤਾਂ ਇਨ੍ਹਾਂ ਨੂੰ ਬਹੁਤ ਛੇਤੀ ਸੁਣ ਗਈ, ਪਰ ਕੁਰਲਾਉਂਦੇ ਹੋਏ ਵਿਰਸੇ ਨੂੰ ਇਹ ਕਦੋਂ ਸੁਣਨਗੇ?

ਅੰਤਰਰਾਸ਼ਟਰੀ ਮੰਚ 'ਤੇ ਪੰਜਾਬੀ ਸੰਗੀਤ ਦੀ ਇਕ ਵੱਖਰੀ ਤੇ ਨਿੱਕਦਾਰ ਪਹਿਚਾਣ ਬਣਾਉਣ ਵਾਲੇ ਇਨ੍ਹਾਂ ਵੀਰਾਂ-ਭੈਣਾਂ ਦੀ ਘਾਲਣਾ ਨੂੰ ਕਤਈ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਪੱਖੋਂ ਇਨ੍ਹਾਂ ਨੂੰ ਥਾਪੜਾ ਦੇਣਾ ਬਣਦਾ ਹੈ ਪਰੰਤੂ 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ' ਦੀ ਕਹਾਵਤ ਮੁਤਾਬਕ, ਇਸ ਵਰਗ ਦੀ ਰੀਸੋ-ਰੀਸੀ ਜਿਹੜਾ ਸਿੱਖੀ ਸਰੂਪ ਨੂੰ ਖੋਰਾ ਲੱਗਾ ਹੈ, ਉਹ ਗੁਰੂ ਨਾਨਕ ਦੇ ਸਾਜੇ ਨਿਰਮਲ ਪੰਥ ਦੇ ਹਿਤੈਸ਼ੀਆਂ ਲਈ ਨਾਕਾਬਲੇ ਬਰਦਾਸ਼ਤ ਹੈ। ਖਾਸ ਕਰਕੇ ਪੰਜਾਬ ਖੇਤਰ ਵਿਚ ਜੂੜੇ, ਦਾਹੜੀਆਂ, ਪੱਗਾਂ ਲਗਾਤਾਰ ਅਲੋਪ ਹੁੰਦੀਆਂ ਜਾਣ ਦੇ ਹੋਰ ਵੀ ਕਈ ਕਾਰਨ ਹਨ, ਪਰ ਸਿੱਖ ਪਰਿਵਾਰਾਂ ਨੂੰ ਕੁੰਗੀ ਵਾਂਗ ਲੱਗੀ ਇਸ ਭਿਆਨਕ ਬਿਮਾਰੀ ਨੂੰ ਵਧਾਉਣ ਤੇ ਫੈਲਾਉਣ ਲਈ, ਅਜੋਕੀ ਪੰਜਾਬੀ ਗਾਇਕੀ ਦਾ ਵੀ ਵੱਡਾ 'ਯੋਗਦਾਨ' ਹੈ।

ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਸਮੇਤ ਸਮੂਹ ਪੰਜਾਬੀ ਨੌਜਵਾਨਾਂ ਦਾ ਰੋਲ-ਮਾਡਲ ਹੁਣ ਨਾ ਕੋਈ ਦਾਤਾ ਹੈ, ਨਾ ਕੋਈ ਭਗਤ ਅਤੇ ਨਾ ਹੀ ਕੋਈ ਸੂਰਮਾ। ਇਨ੍ਹਾਂ ਦੀ ਜਗ੍ਹਾ ਹੁਣ ਕਾਰਟੂਨਾਂ ਜੈਸੀਆਂ ਸੂਰਤਾਂ ਵਾਲੇ ਗਾਇਕਾਂ ਨੇ ਲੈ ਲਈ ਹੈ। ਗਾਇਕ ਵਰਗ ਦੀ ਇਹ 'ਮਹਾਨ ਪ੍ਰਾਪਤੀ' ਵਰਗੀ ਖੁਸ਼ਕਿਸਮਤੀ, ਸਿੱਖ ਘਰਾਣਿਆਂ ਵਾਸਤੇ ਘੋਰ ਬਦਕਿਸਮਤੀ ਹੋ ਨਿਬੜੀ ਹੈ। ਜਿਸ ਨੌਜਵਾਨ ਪੀੜ੍ਹੀ ਦਾ ਕੋਈ 'ਮਹਾਨਾਇਕ' 'ਮਸਤੀ ਮਨਾਉਣ' ਦਾ ਹੋਕਾ ਦਿੰਦਾ, ਕਦੇ ਗੁੱਟ ਨਾਲ ਹਰੀ ਮਾਲਾ ਬੰਨ੍ਹ ਕੇ ਨਕੋਦਰ ਵਾਲੇ ਬਾਬੇ ਦੀ ਜਾ ਚੌਕੀ ਭਰੇ, ਕਦੇ ਕਿਸੇ ਗਿਆਰਵੀਂ ਵਾਲੇ ਦੇ ਪੈਰਾਂ ਵਿਚ ਜਾ ਬੈਠੇ ਅਤੇ ਕਦੇ 'ਸਰਬੰਸ ਦਾਨੀਆ' ਵੀ ਗਾ ਛੱਡੇ, ਭਲਾ ਉਸ ਦੇ 'ਫੈਨ' ਸਦਾਉਣ ਵਾਲਿਆਂ 'ਤੇ 'ਆਗਿਆ ਭਈ ਅਕਾਲ ਕੀ...ਗੁਰੂ ਮਾਨਿਓ ਗ੍ਰੰਥ' ਵਾਲਾ ਦੋਹਿਰਾ ਕਿੰਨਾ ਕੁ ਅਸਰ ਕਰ ਸਕਦਾ ਹੈ? ਜਾਪਦਾ ਹੈ ਕਿ ਗਾਇਕਾਂ ਦਾ ਵਿਰਸੇ ਪ੍ਰਤੀ ਮੋਹ ਵੀ ਮਾਲ ਵੇਚਣ ਦਾ ਇਕ ਸ਼ੋਸ਼ਾ ਹੀ ਹੈ ਵਰਨਾ ਪੰਜਾਬ ਦੀਆਂ ਗਲੀਆਂ ਅਤੇ ਸੱਥਾਂ ਦੇ ਸਾਗ ਦੀ ਗੱਲ ਕਰਨ ਵਾਲੇ ਗਾਇਕ ਨੂੰ ਕੋਕ ਆਪਣੇ ਗੀਤਾਂ ਵਰਗਾ ਨਾ ਜਾਪਦਾ।

'ਸ਼ਿਕਾਇਤ ਹੈ ਮੁਝੇ ਯਾ ਰੱਬ ਖੁਦਾ ਵੰਦਾਨਿ-ਮਕਤਬ ਸੇ,



ਕਿ ਸਬਕ ਸ਼ਾਹੀ ਕੇ ਬੱਚੋਂ ਕੋ, ਦੇ ਰਹੇ ਹੈਂ ਖ਼ਾਕ-ਬਾਜ਼ੀ ਕਾ!'

(ਰਾਹਨੁਮਾ ਉਸਤਾਦਾਂ ਵਿਰੁਧ ਸ਼ਿਕਾਇਤ ਹੈ ਜੋ ਬਾਜ਼ ਦੇ ਬੱਚਿਆਂ ਨੂੰ ਇੱਲ੍ਹਾਂ ਦਾ ਕੰਮ, ਭਾਵ ਮੁਰਦਾਰ ਦੀ ਭਾਲ 'ਚ ਧਰਤੀ ਵਲ ਝਾਕਣਾ ਸਿਖਾ ਰਹੇ ਹਨ- ਡਾ. ਮੁਹੰਮਦ ਇਕਬਾਲ)

ਕੀ ਇਨ੍ਹਾਂ ਤਲਖ ਹਕੀਕਤਾਂ ਤੋਂ ਸਾਡੇ ਗਾਇਕ ਨਾਵਾਕਿਫ ਹਨ? ਕੀ ਉਨ੍ਹਾਂ ਨੂੰ ਸਿੱਖ ਪੰਥ ਨਾਲ ਹਮਦਰਦੀ ਨਹੀਂ? ਜਾਂ ਉਨ੍ਹਾਂ ਨੂੰ ਕੇਸ-ਫਿਲਾਸਫੀ ਦਾ ਗਿਆਨ ਨਹੀਂ?...ਜੀ ਨਹੀਂ, ਉਹ ਸਾਡੇ ਹੀ ਪੁੱਤ ਭਰਾ ਹਨ। ਉਹ ਸਭ ਕੁਝ ਚੰਗੀ ਤਰ੍ਹਾਂ ਜਾਣਦੇ-ਬੁੱਝਦੇ ਹਨ, ਉਨ੍ਹਾਂ ਨੂੰ ਆਪਣੇ ਧਰਮ ਨਾਲ ਪੂਰੀ ਹਮਦਰਦੀ ਹੈ। ਜੇ ਅਜਿਹਾ ਕੁਝ ਨਾ ਹੁੰਦਾ ਤਾਂ ਪੰਜਾਬੀਆਂ ਦਾ ਚਹੇਤਾ ਗਾਇਕ ਬੱਬੂ ਮਾਨ, ਡਰਬੀ (ਇੰਗਲੈਂਡ) ਤੋਂ ਛਪਦੀ 'ਪੰਜਾਬ ਟਾਈਮਜ਼' ਅਖ਼ਬਾਰ ਦੇ 1 ਮਈ, 2008 ਵਾਲੇ ਅੰਕ ਦੇ ਸਫ਼ਾ 58 ਉਪਰ ਛਪੀ ਹੋਈ ਆਪਣੀ ਇੰਟਰਵਿਊ ਵਿਚ ਇੰਜ ਨਾ ਕਹਿੰਦਾ, "ਬਾਕੀ ਭੈਣ ਭਰਾਵਾਂ ਵਾਂਗ ਮੈਂ ਵੀ ਸਰਦਾਰ ਹਾਂ ਪਰ ਗਾਇਕੀ ਲਾਈਨ ਵਿਚ ਆਉਣ ਕਰਕੇ ਮੈਨੂੰ ਆਪਣੇ ਕੇਸ ਕਟਵਾਉਣੇ ਪਏ ਕਿਉਂਕਿ ਪੱਗ ਵਾਲਾ ਸਰਦਾਰ ਵਿਅਕਤੀ ਨੱਚਦਾ (ਟੱਪਦਾ) ਚੰਗਾ ਨਹੀਂ ਲਗਦਾ। ਜੇਕਰ ਪਰਮਾਤਮਾ ਨੇ ਚਾਹਿਆ ਤਾਂ ਭਵਿੱਖ ਵਿਚ ਮੈਂ ਵੀ ਕੇਸ ਰੱਖ ਕੇ ਅਸਲ ਸਰਦਾਰ ਬਣ ਜਾਵਾਂਗਾ। ਇਕ ਸਰਦਾਰ (ਸਿੱਖ) ਹੋਣ ਕਰਕੇ ਹੀ ਮੈਂ 'ਪਹਿਲਾਂ ਸਰਦਾਰ ਹਾਂ...' ਗੀਤ ਲਿਖਣ ਬਾਰੇ ਸੋਚਿਆ...।"

ਪੌਪ ਗਾਇਕ ਦਲੇਰ ਮਹਿੰਦੀ ਤਾਂ ਕੌੜਾ ਸੱਚ ਖੁੱਲ੍ਹ ਕੇ ਬੋਲ ਗਿਆ। ਕੈਨੇਡਾ ਤੋਂ ਛਪਦੀ 'ਹਮਦਰਦ ਵੀਕਲੀ' ਦੇ 15 ਅਗਸਤ, 2008 ਵਾਲੇ ਅੰਕ ਵਿਚ ਫਿਲਮੀ ਐਕਟਰ ਅਕਸ਼ੈ ਕੁਮਾਰ ਦਾ ਪੱਖ ਪੂਰਦਿਆਂ ਉਸਨੇ ਕਿਹਾ, "ਜੇਕਰ ਅਕਸ਼ੈ ਕੁਮਾਰ ਵਿਰੁਧ ਸਿੱਖਾਂ ਵਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ (ਸਿੰਘ ਇਜ਼ ਕਿੰਗ ਫਿਲਮ ਵਿਚਲੇ ਰੋਲ ਕਾਰਨ) ਤਾਂ ਮੈਂ ਆਪਣੇ ਭਰਾਵਾਂ ਨੂੰ ਇਹ ਕਹਿਣਾ ਹੈ ਕਿ ਉਹ ਉਨ੍ਹਾਂ ਪੰਜਾਬੀ ਗਾਇਕਾਂ ਦੀ ਵਿਰੋਧਤਾ ਵੀ ਕਰਨ ਜੋ ਉਂਜ ਘੋਨੇ-ਮੋਨੇ ਹਨ, ਪਰ ਜਦੋਂ ਸਿੱਖੀ ਪ੍ਰਤੀ ਐਲਬਮਾਂ ਕਰਵਾਉਂਦੇ ਹਨ ਤਾਂ ਉਹ ਸਿਰ 'ਤੇ ਪੱਗ ਬੰਨ੍ਹ ਕੇ ਬਹਿਰੂਪੀਏ ਬਣ ਜਾਂਦੇ ਹਨ, ਜੇ ਮਾਤਾ ਦੀਆਂ ਭੇਟਾਂ ਦੀ ਕੈਸਟ ਕਰਵਾਉਂਦੇ ਹਨ ਤਾਂ ਗਲ ਵਿਚ ਚੁਨਰੀ ਪਾ ਕੇ ਕੈਸਟ ਦੇ ਰੈਪਰ 'ਤੇ ਫੋਟੋ ਖਿਚਵਾ ਕੇ ਲਾਉਂਦੇ ਹੋਏ ਸ਼ਰਮ ਮਹਿਸੂਸ ਨਹੀਂ ਕਰਦੇ...।"

ਸਿਰ 'ਤੇ ਪੱਗ ਬੰਨ੍ਹਦੇ, ਪਰ ਦਾਹੜੀ ਛਾਂਗਦੇ ਦਲੇਰ ਮਹਿੰਦੀ ਨੇ ਇਸੇ ਇੰਟਰਵਿਊ ਵਿਚ ਅੱਗੇ ਕਿਹੈ, "ਮੈਂ ਆਪਣੇ ਨਾਂ ਪਿੱਛੇ 'ਸਿੰਘ' ਇਸ ਕਰਕੇ ਨਹੀਂ ਲਾਇਆ ਕਿਉਂਕਿ ਮੈਂ ਵੀ ਅਜੇ ਪੂਰਾ ਸਿੰਘ ਨਹੀਂ ਹਾਂ। ਮੈਂ ਛੇਤੀ ਹੀ ਅੰਮ੍ਰਿਤਪਾਨ ਕਰਕੇ ਸਿੱਖ ਧਰਮ ਦੇ ਪ੍ਰਚਾਰ ਲਈ ਕੰਮ ਕਰਾਂਗਾ...।"

ਪੰਜਾਬੀਆਂ ਦੇ ਪ੍ਰਤੀਕ 'ਊੜੇ' ਅਤੇ ਸਿੱਖੀ ਦੇ 'ਜੂੜੇ' ਦੇ ਪ੍ਰਚਾਰ-ਪ੍ਰਸਾਰ ਹਿਤ ਸਲਾਹੁਣਯੋਗ ਫਿਲਮਾਂ ਬਣਾਉਣ ਵਾਲੇ ਐਕਟਰ ਅਤੇ ਡਾਇਰੈਕਟਰ ਸ੍ਰੀ ਮੰਗਲ ਢਿੱਲੋਂ ਨੇ ਵੀ 25 ਸਤੰਬਰ, 2008 ਦੇ 'ਪੰਜਾਬ ਟਾਈਮਜ਼' (ਡਰਬੀ, ਯੂ. ਕੇ.) ਵਿਚ ਛਪੀ ਇਕ ਖ਼ਬਰ ਅਨੁਸਾਰ ਆਪਣੇ ਚੱਲ ਰਹੇ ਪ੍ਰਾਜੈਕਟ ਮੁਕੰਮਲ ਹੋਣ 'ਤੇ ਦਾਹੜੀ ਕੇਸ ਰੱਖ ਲੈਣ ਅਤੇ ਅੰਮ੍ਰਿਤਪਾਨ ਕਰ ਲੈਣ ਦਾ ਵਾਅਦਾ ਕੀਤਾ ਹੋਇਆ ਹੈ। ਇਟਲੀ ਦੀ ਗੋਰੀ (ਅੰਗਰੇਜ਼) ਲੜਕੀ ਨਾਲ ਵਿਆਹਿਆ ਹੋਣ ਦੇ ਬਾਵਜੂਦ, ਸੁੰਦਰ, ਸਾਦੀ ਦਸਤਾਰ ਸਜਾ ਕੇ ਖੁੱਲ੍ਹੀ ਦਾਹੜੀ ਰੱਖਣ ਵਾਲਾ ਸੁਪ੍ਰਸਿੱਧ ਗਾਇਕ ਰੱਬੀ ਸ਼ੇਰਗਿੱਲ, ਊੜੇ ਅਤੇ ਜੂੜੇ ਦੇ ਵਿਸ਼ਵ ਵਿਆਪੀ ਸੰਕਟ ਦਾ ਦਰਦ ਮੰਨਦਾ ਹੋਇਆ ਇਨ੍ਹਾਂ ਕਰੁਣਾਮਈ ਸ਼ਬਦਾਂ ਰਾਹੀਂ ਵਿਲਕਦਾ ਹੈ,

"...ਸਾਡੀ ਭਾਸ਼ਾ ਮਰ ਰਹੀ ਹੈ, ਸਾਡਾ ਸੱਭਿਆਚਾਰ ਮਰ ਰਿਹਾ ਹੈ, ਸਾਡਾ ਭਾਈਚਾਰਾ ਮਰਦਾ ਜਾ ਰਿਹੈ...(ਅਜਿਹੀ ਹਾਲਤ ਵਿਚ) ਮੈਂ ਆਪਣੇ ਆਪ ਨੂੰ ਰਾਜਨੀਤਕ ਤੌਰ 'ਤੇ ਸਹੀ ਸਾਬਤ ਕਰਨ ਲਈ, ਇਸ ਸਾਰੇ ਕੁਝ ਨੂੰ ਨਜ਼ਰਅੰਦਾਜ਼ ਕਿਵੇਂ ਕਰ ਸਕਦਾ ਹਾਂ? ਸਿੱਖ ਪੱਖੀ ਹੋਣ ਦਾ ਅਰਥ ਫਿਰਕੂ ਜਾਂ ਕਿਸੇ ਫਿਰਕੇ ਦਾ ਵਿਰੋਧੀ ਹੋਣਾ ਨਹੀਂ ਹੁੰਦਾ।" ਜਦੋਂ ਉਸਨੂੰ ਪੁੱਛਿਆ ਗਿਆ ਕਿ 'ਆਵੇਂਗੀ ਕਿ ਨਹੀਂ' ਤੋਂ ਬਾਅਦ ਅਗਲੀ ਐਲਬਮ ਕਦੋਂ ਕੁ ਤਿਆਰ ਕਰ ਰਹੇ ਹੋ? ਤਾਂ ਉਸਨੇ ਉਲਟਾ ਸਵਾਲ ਕੀਤਾ, "ਜੇ ਤੁਹਾਡੇ ਘਰ ਨੂੰ ਅੱਗ ਲੱਗੀ ਹੋਵੇ ਤਾਂ ਤੁਹਾਨੂੰ ਐਲਬਮਾਂ ਸੁੱਝਣਗੀਆਂ?"

ਇਟਲੀ ਦੀ ਇਕ ਲੋਕ-ਕਥਾ ਅਨੁਸਾਰ ਉਥੇ ਕਿਸੇ ਕਸਬੇ ਵਿਚ ਇਕ ਵਾਰ ਚੂਹਿਆਂ ਦੀ ਭਰਮਾਰ ਹੋ ਗਈ। ਜੀਵ-ਹੱਤਿਆ ਤੋਂ ਡਰਦੇ ਲੋਕ ਚੂਹਿਆਂ ਨੂੰ ਮਾਰਨ ਵੀ ਨਾ। ਪਰ ਚੂਹਿਆਂ ਨੇ ਲੋਕਾਂ ਦਾ ਜੀਣਾ ਦੁੱਭਰ ਕਰ ਦਿੱਤਾ। ਕਸਬਾ ਵਾਸੀਆਂ ਨੇ ਦੁਖੀ ਹੋ ਕੇ ਇਕ ਸੰਗੀਤਕਾਰ ਨੂੰ ਆਪਣੀ ਮੁਸੀਬਤ ਦੱਸੀ। ਦਰਦਮੰਦ ਸੰਗੀਤਕਾਰ ਨੇ ਜਦੋਂ ਸਮੱਸਿਆ ਹੱਲ ਕਰਨ ਦੀ ਹਾਮੀ ਭਰੀ ਤਾਂ ਲੋਕਾਂ ਨੇ ਖੁਸ਼ ਹੋ ਕੇ ਉਸ ਨੂੰ ਮੂੰਹ ਮੰਗੀ ਰਕਮ ਦੇਣ ਦਾ ਵਚਨ ਦਿੱਤਾ। ਕਹਿੰਦੇ ਨੇ ਸੰਗੀਤਕਾਰ ਕੋਈ ਸਾਜ਼ ਲੈ ਕੇ ਐਸੀਆਂ ਧੁਨਾਂ ਵਜਾਉਂਦਾ ਹੋਇਆ ਕਸਬੇ ਦੀ ਗਲੀ-ਗਲੀ ਘੁੰਮਿਆ ਕਿ ਤਮਾਮ ਚੂਹੇ ਮੰਤਰ-ਮੁਗਧ ਹੋ ਕੇ ਉਸਦੇ ਪਿੱਛੇ ਲੱਗ ਤੁਰੇ। ਅੱਗੇ-ਅੱਗੇ ਸਾਜ਼ ਵਜਾਉਂਦਾ ਉਹ ਪਹਾੜਾਂ ਵਲ ਚਲਾ ਗਿਆ। ਮਗਰੇ-ਮਗਰ ਸਾਰੇ ਚੂਹੇ। ਪਹਾੜਾਂ ਵਿਚ ਪਹੁੰਚ ਕੇ ਉਸਨੇ ਸਾਜ਼ ਵਜਾਉਣਾ ਇਕਦਮ ਬੰਦ ਕਰ ਦਿੱਤਾ। ਜਦ ਚੂਹਿਆਂ ਨੂੰ ਚੜ੍ਹਿਆ ਹੋਇਆ 'ਰਾਗ ਦਾ ਨਸ਼ਾ' ਉਤਰਿਆ ਤਾਂ ਲੱਗ ਪਏ ਵਿਚਾਰੇ ਇਧਰ-ਉਧਰ ਝਾਕਣ। ਉਨ੍ਹਾਂ ਨੂੰ ਬਿਗਾਨੇ ਇਲਾਕੇ ਵਿਚ ਭਟਕਦੇ ਛੱਡ ਕੇ, ਸੰਗੀਤਕਾਰ ਵਾਪਸ ਆ ਕੇ ਲੋਕਾਂ ਕੋਲੋਂ ਮਿਹਨਤਾਨੇ ਵਜੋਂ ਰਕਮ ਮੰਗਣ ਲੱਗਾ। ਸਮੱਸਿਆ ਖਤਮ ਹੋਈ ਜਾਣ ਕੇ ਲੋਕਾਂ ਨੇ ਸੰਗੀਤਕਾਰ ਨੂੰ ਟਰਕਾ ਦਿੱਤਾ। ਪ੍ਰੇਸ਼ਾਨ ਹੋਇਆ ਸੰਗੀਤਕਾਰ ਮੁੜ ਪਹਾੜਾਂ ਵਲ ਚਲਾ ਗਿਆ। ਕੋਈ ਹੋਰ ਧੁਨਾਂ ਵਜਾ ਕੇ ਉਸਨੇ ਸਾਰੇ ਚੂਹੇ ਫਿਰ ਇਕੱਠੇ ਕਰ ਲਏ ਤੇ ਕਸਬੇ ਵਿਚ ਲਿਆ ਵਾੜੇ।

ਕਿੰਨਾ ਚੰਗਾ ਹੋਵੇ ਜੇ ਸਿੱਖ ਘਰਾਣਿਆਂ ਵਿਚ ਜਨਮੇ ਪੰਜਾਬੀ ਗਾਇਕ ਕੋਈ ਐਸੀਆਂ ਧੁਨਾਂ ਵਜਾਉਣ, ਕੋਈ ਐਸਾ ਬੋਲ ਅਲਾਪਣ ਕਿ ਸ੍ਰੀ



ਕੇਸਗੜ੍ਹ ਦੀ ਫਿਲਾਸਫੀ ਤੋਂ ਇਨਕਾਰੀ ਹੋਇਆ ਨੌਜਵਾਨ ਤਬਕਾ ਮੁੜ ਆਪਣੇ ਵਿਰਸੇ ਨੂੰ ਪਹਿਚਾਣ ਲਵੇ। ਉਨ੍ਹਾਂ 'ਕੱਲੇ ਊੜੇ ਦੀ ਉਪਮਾ ਬਥੇਰੀ ਕਰ ਲਈ, ਹੁਣ ਜ਼ਰਾ 'ਜੂੜੇ' ਦੀ ਸ਼ੋਭਾ ਦੇ ਗੀਤ ਵੀ ਗਾ ਦੇਣ। ਪਰ ਜੂੜੇ ਦੇ ਗੀਤ ਉਨ੍ਹਾਂ ਦੇ ਮੂੰਹੋਂ ਤਾਂ ਹੀ ਜਚਣਗੇ, ਜੇ ਉਨ੍ਹਾਂ ਦੇ ਆਪਣੇ ਸਿਰਾਂ 'ਤੇ ਜੂੜੇ/ਪੱਗ ਸੋਭਦੇ ਹੋਏ। 'ਦਿਲ ਆਪਣਾ ਪੰਜਾਬੀ' ਦਾ ਢੌਂਰੂ ਵਜਾਉਣ ਵਾਲੇ, ਕਿਸੇ ਇਤਿਹਾਸਕਾਰ ਤੋਂ ਪੁੱਛਣ ਕਿ ਉਹ ਗੁਰੂ ਨਾਨਕ ਪਾਤਸ਼ਾਹ ਦੀ ਆਮਦ ਤੋਂ ਪਹਿਲਾਂ ਦੇ ਕੋਈ ਦੋ-ਚਾਰ ਪੰਜਾਬੀਆਂ ਦੇ ਨਾਂ ਦੱਸੇ, ਜਿਨ੍ਹਾਂ ਨੇ ਤਾਰੀਖ ਵਿਚ ਆਪਣਾ ਨਾਂ ਦਰਜ ਕਰਾਇਆ ਹੋਵੇ।

ਭਾਈ ਗੁਰਦਾਸ ਦੇ ਕਥਨ 'ਪੰਜਾਬੇ ਗੁਰ ਦੀ ਵਡਿਆਈ' ਦੀ ਰੌਸ਼ਨੀ ਵਿਚ ਕ੍ਰਿਪਾ ਕਰਕੇ ਊੜੇ ਦੇ ਨਾਲ-ਨਾਲ ਜੂੜੇ ਦੀ ਸਲਾਮਤੀ ਦੇ ਵੀ ਨਗਮੇ ਗਾਓ।

## ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ

ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਬਿਲਾਵਲ ਮਹਲਾ 5
ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ
ਨਮਸਕਾਰ ਡੰਡਉਤ ਬੰਦਨਾ ਅਨਿਕ ਬਾਰ ਜਾਉ ਬਾਰੈ॥ ਰਹਾਉ॥
ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥
ਸੂਖ ਦੂਖ ਇਸ ਮਨ ਕੀ ਬਿਰਥਾ ਤੁਝਹੀ ਆਗੈ ਸਾਰੈ॥
ਤੂ ਮੇਰੀ ਓਟ ਬਲ ਬੁਧਿ ਧਨ ਤੁਮਹੀ ਤੁਮਹਿ ਮੇਰੈ ਪਰਵਾਰੈ॥
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ॥

ਪੰਜਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਉਸ ਪ੍ਰਭੂ ਦੀ ਉਸਤਤ ਕਰ ਰਹੇ ਹਨ ਅਤੇ ਉਸ ਅਨੇਕ ਰੂਪ ਅਤੇ ਅਨੰਤ ਨਾਵਾਂ ਵਾਲੇ ਪ੍ਰਮੇਸ਼ਵਰ ਦੇ ਗੁਣ ਗਾਇਨ ਕਰਦੇ ਹੋਏ ਪ੍ਰਭੂ ਨੂੰ ਮੁਖਾਤਿਬ ਹੋ ਰਹੇ ਹਨ:

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥
ਨਮਸਕਾਰ ਡੰਡਉਤ ਬੰਦਨਾ ਅਨਿਕ ਬਾਰ ਜਾਉ ਬਾਰੈ॥

ਹੇ ਮੇਰੇ ਸਰਬ ਸ਼ਕਤੀਮਾਨ ਪ੍ਰਭ ਜੀਉ, ਆਪ ਜੀ ਮੇਰੇ ਜੀਵਨ ਦਾ ਆਸਰਾ ਹੋ, ਪ੍ਰਾਣਾਂ ਦਾ ਆਧਾਰ ਹੋ। ਹੇ ਸਰਬਕਲਾ ਸਮਰਥ ਪ੍ਰਭੂ, ਆਪ ਜੀ ਦੇ ਚਰਨਾਂ 'ਤੇ ਮੇਰੀ ਨਮਸਕਾਰ ਹੈ, ਡੰਡਉਤ ਬੰਦਨਾ ਭਾਵ ਡੰਡੇ ਵਾਂਗ ਸਿੱਧੇ ਲੰਮੇ ਪੈ ਕੇ ਚਰਨ ਪ੍ਰਸਦਾ ਹਾਂ ਅਤੇ ਹੇ ਮੇਰੇ ਪ੍ਰਭ ਜੀਉ ਮੈਂ ਆਪ ਜੀ ਤੋਂ ਅਨੇਕਾਂ ਵਾਰੀ ਸਦਕੇ ਜਾਂਦਾ ਹਾਂ।

ਊਠਤ ਬੈਠਤ ਸੋਵਤ ਜਾਗਤ ਇਹ ਮਨ ਤੁਝਹਿ ਚਿਤਾਰੈ॥
ਸੂਖ ਦੂਖ ਇਸ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ॥

ਹੇ ਮੇਰੇ ਪ੍ਰਭ ਜੀਓ, ਉਠਦਿਆਂ-ਬੈਠਦਿਆਂ ਸੁੱਤਿਆਂ ਅਤੇ ਜਾਗਦਿਆਂ ਹਰ ਵੇਲੇ ਹੀ ਭਾਵ ਸਵਾਸ ਸਵਾਸ ਇਹ ਮੇਰਾ ਮਨ ਆਪ ਜੀ ਨੂੰ ਚੇਤੇ ਯਾਦ ਕਰਦਾ ਰਹਿੰਦਾ ਹੈ ਅਤੇ ਹੇ ਮੇਰੇ ਪ੍ਰਾਨ ਆਧਾਰ ਪ੍ਰਭੂ ਹੁਣ ਅਸੀਂ ਆਪਣੇ ਸੁੱਖ-ਦੁੱਖ ਅਤੇ ਬਿਥ੍ਰਾ ਭਾਵ ਪੀੜਾ ਵੀ ਆਪ ਜੀ ਨੂੰ ਹੀ ਕਹਿੰਦੇ ਹਨ ਕਿਉਂਕਿ ਆਪ ਹੀ ਸਾਡਾ ਆਸਰਾ ਹੋ।

ਤੂ ਮੇਰੀ ਓਟ ਬਲ ਬੁਧਿ ਧਨ ਤੁਮਹੀ ਤੁਮਹਿ ਮੇਰੈ ਪਰਵਾਰੈ॥
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ॥

ਹੇ ਮੇਰੇ ਪ੍ਰਤਿਪਾਲਕ ਪ੍ਰਭ ਜੀਉ, ਆਪ ਹੀ ਮੇਰੇ ਓਟ ਆਸਰਾ, ਸਹਾਰਾ ਹੋ। ਬਲਿ ਬੁਧਿ, ਮੇਰੀ ਤਾਕਤ ਭੀ ਹੋ, ਮੇਰੀ ਹਿੰਮਤ ਹੋ। ਮੇਰਾ ਗਿਆਨ ਭੀ ਆਪ ਹੋ। ਮੇਰੀ ਧਨ ਦੌਲਤ ਅਤੇ ਮੇਰਾ ਪਰਿਵਾਰ ਭੀ ਆਪ ਹੀ ਹੋ। ਭਾਵ, ਹੇ ਮੇਰੇ ਪ੍ਰਾਣਾਂ ਦੇ ਆਸਰੇ ਪ੍ਰਭ ਜੀਓ, ਆਪ ਜੀ ਤੋਂ ਬਿਨਾਂ ਹੁਣ ਮੈਨੂੰ ਕੁਝ ਭੀ ਨਹੀਂ ਭਾਉਂਦਾ। ਆਪ ਜੋ ਭੀ ਕਰੋਗੇ, ਉਹ ਸਾਡੇ ਭਲੇ ਲਈ ਹੀ ਕਰੋਗੇ। ਮੈਂ ਨਾਨਕ ਤਾਂ ਆਪ ਜੀ ਦੇ ਚਰਨਾਂ ਨੂੰ ਪ੍ਰਸ ਕੇ ਅਨੰਦਿਤ ਹੋ ਰਿਹਾ ਹਾਂ। ਸੋ ਕ੍ਰਿਪਾ ਕਰੋ ਤੇ ਇਹ ਅਨੰਦ ਦੀ ਪ੍ਰਾਪਤੀ ਸਦਾ ਸਦਾ ਲਈ ਹੀ ਬਣੀ ਰਹੇ, ਇਹ ਹੀ ਮੇਰੀ ਅਰਦਾਸ ਹੈ।

ਆਓ ਦੇਹਧਾਰੀ ਗੁਰੂਆਂ ਨੂੰ ਤਜਕੇ ਸ਼ਬਦ ਗੁਰੂ ਨਾਲ ਜੁੜੀਏ।

**-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ**

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ*

## ਗਦਰ ਲਹਿਰ ਦੀ ਅਗਲੀ ਕੜੀ ਬੱਬਰ ਲਹਿਰ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## 3 ਅਕਤੂਬਰ 2010

ਐਤਵਾਰ 12 ਤੋਂ 8 ਵਜੇ ਤੱਕ

**ਸਥਾਨ:ਐਸ.ਈ.ਐਸ. ਹਾਲ 10428,**
**ਈਸਟ ਸਟਾਕਟਨ ਬੁਲੇਵਾਰਡ,**
**ਐਲਕਗਰੋਵ, ਸੈਕਰਾਮੈਂਟੋ।**



ਧੰਨਾ ਸਿੰਘ ਬਹਿਬਲਪੁਰ



ਬੱਬਰ ਕਿਸ਼ਨ ਸਿੰਘ ਗੜ੍ਹਗੱਜ



ਮਾਸਟਰ ਮੋਤਾ ਸਿੰਘ



ਬਾਬੂ ਸੰਤਾ ਸਿੰਘ



ਕਰਮ ਸਿੰਘ ਐਡੀਟਰ

**ਸਤਿਕਾਰਯੋਗ ਭੈਣੋ ਤੇ ਭਰਾਓ**

ਭਾਰਤ ਨੂੰ ਅੰਗਰੇਜ਼ ਸਾਮਰਾਜੀਆਂ ਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਕੈਲੀਫੋਰਨੀਆ ਦੀ ਧਰਤੀ ਤੋਂ ਗੈਰ ਮਜ਼ਹਬੀ, ਗੈਰ ਫਿਰਕੂ ਦੇ ਸਿਧਾਂਤ ਨਾਲ ਜਥੇਬੰਦ ਹੋ ਕੇ ਉਠੀ ਗਦਰ ਲਹਿਰ ਦੇ ਸੂਰਬੀਰਾਂ ਨੇ ਭਾਰਤ ਵਾਸੀਆਂ ਦੀ ਜ਼ਮੀਰ ਨੂੰ ਝੰਜੋੜਿਆ ਸੀ ਤੇ ਉਨ੍ਹਾਂ ਦੀਆਂ ਲੀਹਾਂ 'ਤੇ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਸ਼ੁਰੂ ਵਿਚ ਹੀ ਬੱਬਰ ਲਹਿਰ ਦਾ ਜਨਮ ਹੋਇਆ। ਗਦਰ ਪਾਰਟੀ ਵਾਂਗ ਇਹ ਵੀ ਸਿਰਲੱਥ ਯੋਧਿਆਂ ਦੀ ਜਥੇਬੰਦੀ ਸੀ ਜਿਨ੍ਹਾਂ ਸਮੇਂ ਸਮੇਂ ਅੰਗਰੇਜ਼ੀ ਪੁਲਿਸ ਦੀਆਂ ਧਾੜਾਂ ਨਾਲ ਟੱਕਰਾਂ ਲਈਆਂ। ਜੇਲ੍ਹਾਂ ਅੰਦਰ ਘੋਰ ਤਸ਼ੱਦਦ ਝੱਲਿਆ। ਉਮਰ ਕੈਦਾਂ ਕੱਟੀਆਂ, ਫਾਂਸੀਆਂ ਦੇ ਰੱਸੇ ਗਲਾਂ ਵਿਚ ਪਵਾਏ। ਆਜ਼ਾਦੀ ਸੰਗਰਾਮ ਦੇ ਇਸ ਲਹੂ ਭਿੱਜੇ ਵਿਰਸੇ ਨੂੰ ਯਾਦ ਕਰਨ ਲਈ ਮੇਲੇ ਵਿਚ ਹੁੰਮ ਹੁਮਾ ਕੇ ਪਹੁੰਚੋ।

### ਮੇਲੇ ਵਿਚ ਪੁੱਜ ਰਹੇ ਕਲਾਕਾਰ

ਬਲਜੀਤ ਮਾਲਵਾ (ਨਿਊ ਯਾਰਕ), ਸੁਲਤਾਨ ਅਖ਼ਤਰ, ਪੰਮੀ ਮਾਨ, ਪੂਨਮ ਮਲਹੋਤਰਾ ਅਤੇ ਸੁਖਵੰਤ ਸੁੱਖੀ, ਸ. ਗੁਰਨਾਮ ਸਿੰਘ ਭੰਡਾਲ (ਯੂਬਾ ਸਿਟੀ) ਦਾ ਢਾਡੀ ਜਥਾ



ਬਲਜੀਤ ਮਾਲਵਾ



ਸੁਖਵੰਤ ਸੁੱਖੀ



ਸੁਲਤਾਨ ਅਖਤਰ

**ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦੇ ਕੇਂਦਰ ਹੋਣਗੇ**

**ਮੰਚ ਸੰਚਾਲਨ**
**ਜਸਵੰਤ ਸਿੰਘ ਸ਼ਾਦ**

### ਪ੍ਰਬੰਧਕ

ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਮਿੱਤਰ ਸਿੰਘ ਉੱਪਲ, ਗਿਆਨ ਸਿੰਘ ਬਿਲਗਾ, ਜਸਵਿੰਦਰ ਸਿੰਘ ਸੰਧੂ, ਸੁਲੱਖਣ ਸਿੰਘ ਸੰਧੂ, ਜਗਜੀਤ ਸਿੰਘ ਗਿੱਲ, ਪਰਮਜੀਤ ਸੰਧੂ ਕਬੱਡੀ ਕੋਚ, ਨਿਰਮਲਜੀਤ ਸਿੰਘ ਭੁੱਲਰ ਕਾਸਤਰੋ ਵੈਲੀ, ਕਸ਼ਮੀਰ ਸਿੰਘ ਕਾਂਗਣਾ, ਰਸ਼ਪਾਲ ਸਿੰਘ ਫਰਵਾਲਾ, ਜਸਚਰਨ ਸਿੰਘ ਗਿੱਲ, ਪ੍ਰੇਮ ਚੁੰਬਰ, ਕਮਲ ਬੰਗਾ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਜੁਝਾਰ ਸਿੰਘ ਗਿੱਲ, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਕਰਮਜੀਤ ਸਿੰਘ ਕੰਗ, ਸੰਨੀ, ਸੁਰਿੰਦਰ ਸਿੰਘ ਖੈੜਾ, ਹਰਪਾਲ ਸਿੰਘ ਸੰਘਾ, ਬਲਵਿੰਦਰ ਸਿੰਘ ਸੰਧੂ, ਲੂਥਰੋਪ, ਫਰੈਂਕ ਜੌਹਨਸ, ਅਮਰਜੀਤ ਰਾਏ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੌਡ, ਮੱਖਣ ਦੌਲਤਪੁਰੀ।

ਸਪਾਂਸਰ:ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਸਟਾਕਟਨ, ਅਮੋਲਕ ਸਿੰਘ ਗਾਖਲ ਚੇਅਰਮੈਨ ਯੂਨਾਈਟਿਡ ਸਪੋਰਟਸ ਕਲੱਬ, ਬਲਵੀਰ ਸਿੰਘ ਭਾਟੀਆ ਪ੍ਰਧਾਨ, ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੂਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ਼ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਸ਼ਿੰਗਾਰਾ ਰਾਮ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜੂ ਭਗਵੰਤ, ਦੇਵਾ ਸਿੰਘ ਧੂਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰ ਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ।

**ਪੁੱਜ ਰਹੀਆਂ ਸ਼ਖਸੀਅਤਾਂ**
**ਜਗਮੋਹਨ ਸਿੰਘ ਕੈਨੇਡਾ**
*(ਠਾਕਰ ਸਿੰਘ ਬੱਬਰ ਦਾ ਪੋਤਾ)*

**ਮੁਫਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫਤ**

**ਵਲੋਂ:ਪ੍ਰਧਾਨ ਸੁਰਿੰਦਰ ਬਿੰਦਰਾ (916-420-2390), ਖਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ (661-978-5100), ਨਾਮਧਾਰੀ ਸੰਗਤ:ਕੇਵਲ ਸਿੰਘ (707-208-4931), ਸਕੱਤਰ ਬਲਜਿੰਦਰ ਸਿੰਘ ਭੱਟੀ (209-480-2275), ਪਰਮਜੀਤ ਸਿੰਘ ਸੰਧੂ (510-387-6997), ਸੁਮਿੱਤਰ ਸਿੰਘ ਉਪਲ (530-695-1716), ਬਲਵੰਤ ਬਾਂਕਾ (916-271-4216)**

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ

ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776



* ਵਿਆਹ ਸ਼ਾਦੀਆਂ
* ਜਨਮ ਦਿਨ
* ਮੰਗਣੀ
* ਗਰੈਜੂਏਸ਼ਨ ਪਾਰਟੀ
* ਖ਼ੁਸ਼ੀ ਦੇ ਹੋਰ ਮੌਕੇ
* ਢੋਲੀ
* ਡਾਂਸਰ
* ਲਾਈਟਾਂ
» Explicit Dholis
» Dancers
» Intelligent Lighting
PUNJABI | HINDI | HIP HOP | RAP
desi soundz
HOTTEST DJ IN BAY AREA
DJ Kamal 408.413.8350
DJ Kirna 510.648.4354
desi_soundz408@yahoo.com



ROSHNI
Lincensed and Certified
Beautycare
For Women by appointment only

- Hair Threading
- Perm
- Facials (all kinds)
- Waxing
- Face make-up
- Haircut
- Highlights
- Nails

Hair Color and Much more.
ਅਸੀਂ ਤੁਹਾਡੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਹਾਂ
We Assure You Best Of Attention & Will Give You Best Deals
Satisfaction Guaranteed
Lathrop, CA-95330
Tel: 209-244-2179
(Mon-Sun 10am-6pm)



ANDRAE GONZALES FOR SCHOOL BOARD
Join our community campaign to put...
Children First
visit www.andraegonzales.com
ਬੇਕਰਸਫੀਲਡ ਸਕੂਲ ਬੋਰਡ ਦੀਆਂ ਚੋਣਾਂ ਵਾਸਤੇ ਉਮੀਦਵਾਰ ਆਂਦਰੇ ਗੁੰਜਾਲਿਸ ਨੂੰ ਆਪਣਾ ਕੀਮਤੀ ਵੋਟ ਦਿਓ ਜੀ



**Andrae Gonzales is running for Bakersfield City School District board of trustees because of his deep commitment to community service and his passion to serve others. As a school board member, he will work to put children first.**

Andrae was born and raised in east Bakersfield. Andrae is a product of the Bakersfield City School District, attending Harding Elementary School and Compton Junior High School. At Compton, Andrae was elected to his first public office as Associated Student Body President. Andrae attended East Bakersfield High School, where he served as Student Body President his senior year. In 2000, Andrae went off to UC Berkeley, where he studied Political Science and Public Policy. In 2005, Andrae moved back home to Bakersfield to do community work. He believed that "if (he) wanted to do community development work, what better place to begin than in his own community."

Andrae's Priorities

1: Children First.
Andrae is a product of the Bakersfield City School District. The district's great teachers, strong support staff, and excellent administrators contributed to his academic success. If elected, Andrae will bring a renewed spirit to put all children first, above all else, in every decision he makes.

2: Teach Children How to Think, not how to take tests.
A child is more than a test score. Andrae believes that assessment is important, but should advance learning, not simply audit children's test-taking skills. Andrae will work to encourage the development of students' critical thinking skills, curiosity, imagination, leadership skills, judgment, sense of humor, sportsmanship, ethics, creativity, work ethic, teamwork, and innovative spirit.

3: Engage Parents in Schools.
The best teacher a child can have is a parent. In 2007, Andrae played a vital role in bringing over $150,000 in grants to eight local schools for parent-teacher home visits. As a school board member, he will continue to seek out innovative ways to engage more parents in schools.

4: Create a Community Classroom.
Many people throughout our community care deeply about our children. Andrae will lead the way to bring together educators, community stakeholders, business leaders, non-profits and social service agency heads to work towards a new vision for more prosperous neighborhoods that support safe and healthy child development.

For More Information and to get involved, visit www.andraegonzales.com
Find us on Facebook!
Paid for by the Andrae Gonzales for BCSD School Board Campaign 2010 Committee.
Committee ID # 1326393



G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing


ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210
ਟਰੱਕਿੰਗ ਬਿਜ਼ਨਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇੱਕੋ ਜਗ੍ਹਾ ਤੇ

## ਗ਼ਦਰੀ ਬਾਬਿਆਂ ਦੇ ਇਤਿਹਾਸਿਕ ਅਸਥਾਨ

# ਗੁਰਦਵਾਰਾ ਸਾਹਿਬ ਸਟਾਕਟਨ, ਕੈਲੀਫੋਰਨੀਆ

1930 South Grant Street, Stockton CA 95206 (A Historical Land Mark of CA.)

## ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ

# ਵਿਸ਼ੇਸ਼ ਕੀਰਤਨ ਦਰਬਾਰ

## 18, 19 ਅਤੇ 20 ਸਤੰਬਰ, 2010







ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਲੋਂ ਇਕ ਮਹਾਨ ਕੀਰਤਨ ਦਰਬਾਰ ਗਦਰੀ ਬਾਬਿਆਂ ਦੇ ਪਵਿਤਰ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 18, 19 ਅਤੇ 20 ਸਤੰਬਰ ਤਿੰਨ ਦਿਨ ਸ਼ਾਮੀ 6:30 ਤੋਂ 8:30 ਵਜੇ ਤੱਕ ਹੋਵੇਗਾ। ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੀਰਤਨ ਦਰਬਾਰ ਵਿਚ ਹੁਮ ਹੁਮਾ ਕੇ ਪਹੁੰਚੋ ਅਤੇ ਗੁਰੂ ਜਸ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੋ ਜੀ।

**ਬੇਨਤੀਕਰਤਾ ਪੰਥ ਦੇ ਦਾਸ**

ਭਾਈ ਮਨਜੀਤ ਸਿੰਘ ਉਪਲ (ਪ੍ਰਧਾਨ) 209-649-2767
ਭਾਈ ਮੱਖਣ ਸਿੰਘ ਧਾਲੀਵਾਲ (ਮੀਤ ਪ੍ਰਧਾਨ) 209-642-5757
ਭਾਈ ਗੁਰਬਖ਼ਸ਼ ਸਿੰਘ (ਖਜ਼ਾਨਚੀ) 209-470-7006
ਜਤਿੰਦਰ ਸਿੰਘ ਪੰਮਾ (ਸੈਕਟਰੀ) 209-993-7954
ਭਾਈ ਅਮਰਜੀਤ ਸਿੰਘ ਤੁੰਗ 209-954-2881
ਭਾਈ ਰਣਜੀਤ ਸਿੰਘ ਚੰਦੋਵਾਲੀਆ 209-649-3993

ਖੁਸ਼ਖਬਰੀ! ਖੁਸ਼ਖਬਰੀ!! ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ

# ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ

## 25 ਸਤੰਬਰ, 2010

(ਦਿਨ ਸਨਿਚਰਵਾਰ) ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)

ਇਹ ਟੂਰਨਾਮੈਂਟ "ਕੈਲੀਫੋਰਨੀਆ ਕਬੱਡੀ ਫੈਡਰੇਸ਼ਨ" ਦੇ ਨਿਯਮਾਂ ਮੁਤਾਬਕ ਹੋਵੇਗਾ।

ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।



## ਹੋਰ ਜਾਣਕਾਰੀ ਲਈ ਕਾਲ ਕਰੋ

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ ਯੂਨਾਈਟਿਡ ਕਲੱ |
|---|---|---|---|
| ਸ. ਅਮੋਲਕ ਸਿੰਘ ਗਾਖਲ | ਸ. ਬਲਬੀਰ ਸਿੰਘ ਭਾਟੀਆ | ਸ. ਗੁਰਦਾਵਰ ਸਿੰਘ ਮਹੇੜੂ | ਸ. ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-387-6997 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ

## ਕਬੱਡੀ ਦੇ ਸਟਾਰ ਪਲੇਅਰ


ਗੁਰਜੀਤ

ਕਾਲਾ

ਕੀਪਾ

ਕੁਲਜੀਤ

ਸੰਦੀਪ

ਸੋਨੀ

ਕੀਪਾ

ਹੈਪੀ ਆਲੋਵਾਲ


MEEKA SEATTLEWALA

HARDEEP TAU

KINDA BIHARIPURIA

DULLA SURKHPURIA

SONI SANETH

SANDEEP NANGAL

PAPPU CHUARCHAKIA

GURWINDER BHALWAN

## ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।


Gak
Raj
Jug
Taj
Dia
Gur
Kul
San
Kul
Gur
Lak
Tut
Kul
Raj
Prit
Mo
Dal
Mar
Rag
Am
Bal
Cap
Apr
PS
Avt
Kul

ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।

**ਖੁਸ਼ਖਬਰੀ! ਖੁਸ਼ਖਬਰੀ!!**

# ਪੇਸ਼ਕਸ਼ 'ਅੰਤਰਰਾਸ਼ਟਰੀ ਕਬੱਡੀ ਕੱਪ-2010'



## ਮੁੱਖ ਮਹਿਮਾਨ

## ਵਿਸ਼ੇਸ਼ ਮਹਿਮਾਨ



ਸ. ਸਰਵਣ ਸਿੰਘ ਬੱਲ



ਜਗੀਰ ਸਿੰਘ (ਸਬਜ਼ੀ ਮੰਡੀ)



ਨਿੱਕ ਗਾਖਲ

ਸ਼ਿਕਾਗੋ ਤੋਂ ਨਿੱਕ ਗਾਖਲ ਤੇ ਰਿਨੇ ਗਾਖਲ ਅਤੇ ਸੁਰਿੰਦਰ ਸਿੰਘ ਪੈਨਸਲਵੇਨੀਆ ਵੀ ਟੂਰਨਾਮੈਂਟ ਵਿਚ ਸ਼ਿਰਕਤ ਕਰਨਗੇ

ਜਗੀਰ ਸਿੰਘ ਅਤੇ ਨਿੱਕ ਗਾਖਲ (ਸ਼ਿਕਾਗੋ) ਤੇ ਰਿਨੇ ਗਾਖਲ ਵਲੋਂ ਬੈਸਟ ਰੇਡਰ ਤੇ ਬੈਸਟ ਸਟਾਪਰ ਨੂੰ ਸਨਮਾਨਿਤ ਕੀਤਾ ਜਾਵੇਗਾ।



ਸ. ਕਸ਼ਮੀਰ ਸਿੰਘ ਸਹੋਤਾ



ਸ. ਸੋਹਣ ਸਿੰਘ



ਸ. ਬਿੱਕਰ ਸਿੰਘ

ਪਹਿਲਾ ਇਨਾਮ ਸ. ਨਰਿੰਦਰ ਸਿੰਘ ਸਹੋਤਾ ਅਤੇ ਸ. ਜੁਗਰਾਜ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ 7500 ਡਾਲਰ ਦਾ ਹੋਵੇਗਾ।

ਦੂਜਾ ਇਨਾਮ ਸ. ਕੁਲਦੀਪ ਸਿੰਘ ਬੂਟਾ ਅਤੇ ਸ. ਜੋਗਿੰਦਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਿਤੀ (ਕਪੂਰਥਲਾ) ਵਲੋਂ ਆਪਣੇ ਪਿਤਾ ਸਵਰਗੀ ਸੋਹਣ ਸਿੰਘ ਸਿੱਧਵਾਂ ਦੋਨਾ ਦੀ ਨਿੱਘੀ ਯਾਦ ਵਿਚ 5500 ਡਾਲਰ ਦਾ ਹੋਵੇਗਾ।

ਸ. ਕੁਲਦੀਪ ਸਿੰਘ ਧਾਲੀਵਾਲ ਆਪਣੇ ਪਿਤਾ ਸਵਰਗੀ ਬਿੱਕਰ ਸਿੰਘ ਦੀ ਯਾਦ ਵਿਚ 5100 ਡਾਲਰ ਨਾਲ ਕਲੱਬ ਦੀ ਮਾਲੀ ਮਦਦ ਕਰਨਗੇ

## ਵਿਸ਼ੇਸ਼ ਸਨਮਾਨ

>ਕਬੱਡੀ ਕੋਚ ਸਰਦੂਲ ਸਿੰਘ ਰੰਧਾਵਾ ਅਤੇ ਕਬੱਡੀ ਦੇ ਸਾਬਕਾ ਖਿਡਾਰੀਆਂ-ਅਜੀਤ ਸਿੰਘ ਬੱਲ, ਮੇਜਰ ਸਿੰਘ ਬੈਂਸ, ਇਕਬਾਲ ਸਿੰਘ ਮਾਨ, ਮੰਦਰ ਤੇ ਪਾਲੀ ਮਹੇ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

>ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਤੇ ਚੇਅਰਮੈਨ ਬਲਜੀਤ ਸਿੰਘ ਦਾ ਸੰਧੂ ਅਤੇ ਹੁਸਨ ਲੜੋਆ ਬੰਗਾ (ਪੱਤਰਕਾਰ ਅਜੀਤ-ਜਲੰਧਰ) ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

>ਬਲਵਿੰਦਰ ਸਿੰਘ ਏ-ਵਨ ਕਾਰਪੈਟਸ (ਸ਼ਿਕਾਗੋ), ਜੋਗਿੰਦਰ ਸਿੰਘ ਸਿਧਵਾਂ ਦੋਨਾ ਤੇ ਦਲਜੀਤ ਸਿੰਘ ਸੈਲਮ (ਓਰੇਗਨ) ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

**ਕੁਮੈਂਟੇਟਰ**

ਸੁਰਜੀਤ ਸਿੰਘ ਕਕਰਾਲੀ, ਰਾਜਵਿੰਦਰ ਸਿੰਘ ਰੰਡਿਆਲਾ, ਪ੍ਰੋ. ਮੱਖਣ ਸਿੰਘ, ਬੀਬੀ ਆਸ਼ਾ ਸ਼ਰਮਾ, ਸੁਖਵਿੰਦਰ ਸਿੰਘ

**ਮੀਡੀਆ ਸਪਾਂਸਰ**

ਪੰਜਾਬ ਟਾਈਮਜ਼, ਰੇਡੀਓ ਚੜ੍ਹਦੀ ਕਲਾ (ਹੇਵਰਡ) ਤੇ ਰੇਡੀਓ ਗੀਤ-ਸੰਗੀਤ ਉਤਮ ਖੇਡ ਕਬੱਡੀ, ਮਹਿੰਦਰ ਸਿੰਘ ਕੰਡਾ ਪ੍ਰੈਸ ਕਵਰੇਜ ਇੰਚਾਰਜ ਹੋਣਗੇ

**ਵੀਡੀਓ ਤੇ ਫੋਟੋਗ੍ਰਾਫੀ**

ਲੌਂਗਮੈਨ ਸਟੂਡੀਓ ਤੇ ਰਾਮਾ ਵੀਡੀਓ, ਫਰੀਮਾਂਟ



ਦਵਿੰਦਰ ਸਿੰਘ ਰਣੀਆ (ਜਨਰਲ ਸਕੱਤਰ ਅਕਾਲੀ ਦਲ ਅਮਰੀਕਾ) ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

ਪਹੁੰਚ ਰਹੀਆਂ ਟੀਮਾਂ: ਟੋਰਾਂਟੋ ਕਬੱਡੀ ਫੈਡਰੇਸ਼ਨ, ਵੈਨਕੂਵਰ ਕਬੱਡੀ ਫੈਡਰੇਸ਼ਨ, ਬੇ-ਏਰੀਆ ਸਪੋਰਟਸ ਕਬੱਡੀ ਕਲੱਬ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ (ਫਰਿਜ਼ਨੋ)। ਇਨ੍ਹਾਂ ਟੀਮਾਂ ਵਿਚ ਦੁਨੀਆਂ ਭਰ ਦੇ ਸੁਪਰ ਸਟਾਰ ਖਿਡਾਰੀ ਕਬੱਡੀ ਦੇ ਜੌਹਰ ਵਿਖਾਉਣਗੇ।

**ਮੁੱਖ ਸਪਾਂਸਰ**

ਗਾਖਲ ਭਰਾ-ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਪਲਵਿੰਦਰ ਸਿੰਘ ਗਾਖਲ, ਰਾਜਾ ਸਵੀਟਸ ਅਤੇ ਤਾਜ ਇੰਸ਼ੋਰੈਂਸ (ਯੂਨੀਅਨ ਸਿਟੀ)

## Our Sponsors

khal Brothers-Watsonville
a Sweets – Union City
raj and Narinder S.Sahota
Insurance –Union City
mond Transportation-Stockton
rdev S. Sohal- Sacramento
want S. Nijjar
ta Clara Sports Club
deep Singh (Buta) – Sacramento
rcharan S. Mann
hbir S. Patwari
Brothers –Watsonville
dip S. Dhaliwal
Bhanot-Hindu Temple Sunnyvale
am S. Grewal (Jodha- Mansooran Wale)
ga Tires- Fresno
winder S. Padda
ngal S. Bhandal-Watsonville
hbir S. Gakhal (Kala)
erican Reality and Business Corp
bir S. Bhatia
. Rajinder S. Randhawa
na Punjab Asso.-Hayward
Carrier- Union City
ar S. Saran
deep Singh Mann

Gill Insurance- Cruthers
Avtar S. Bains- Salinas
Mohinder S Kaler& Baljinder Kaler
Gurjinder Pal Rai
Tracy Liquor- (Kala Tracy Wala)
Sarwan Singh- Stockton
Tirth S. Sahota
Sewa Singh Sidhwan Dona
Paramjit S. Khera- Folsom
Sunny Kumar
(Al Liquor & Food Mart)
Harbhajan S. Gakhal
Jassi Gill- Golden State Reality
Balraj Singh- San Jose
Bhupinder S. Parmar
Amar Kooner- USI Network
LTA Brothers Trucking Turlock
Kulwant S. Khera – San Francisco
Gurdev S. Nahal- Sacramento
Rana Kahlon- Commissioner
Manjit Singh & Mehanga S. Sarpanch
Sucha Ram Bharta
Randhir S. Kang
Kuldeep Bhadwal- San Jose
Joga Singh & Ajitpal S. Shergill
Sohan Singh Gakhal

Major S. Gakhal
Jagga Gakhal
Harwinder S. Dhaliwal (Chairman Sikh Sports)
Econo Liqour
Paramjit S. Sandhu- Head Coach
Kabal S. Tut
Dilawar Singh-Sub Way
Mr. Basti Danshmanda
Bakhtawar S. Gakhal
Paramvir Singh Gakhal
Surinder Pal Nijjar
Amrit Pal S. Nijjar
Pal Singh Sahota
Najjar Sahota
Neetu Badial
Tehal S. Thandi
Surinder Singh Atwal
Raghbir S. Shergill
Karnail S. Tracy
Surjit S. Nijjar
Randhir S. Nijjar
Paramjit S. Lidhar
Billa S. Sanghera
Sant Singh Hothi
Mohinder S. Mann
Kulwant S. Khera

Gurdial S. Dhillon
Mangal S. Dhillon
Balbir S. Dhillon (San Jose)
Gurmeet Singh Khalsa
Inderjit S. Dusanjh
Avtar S. Harry
Rajinder S. Dhillon
Kuljeet S. Rai
Amrik Chand
Brij Mohan Chandok
Ram Murti
Shashi (Vallejo)
Jagtar Singh
Harbhajan Singh
Dalwinder S. Dhoot
Gurminder S. Sandhu (Mittu)
Lakhi Kala Sangera
Kulwinder S Sangha
Pargat Singh USA Towing (Salinas)
Satnam Singh
Jassi Shergill
Dharmpal Mahi
AAA Car Repair & Body Shop
Gurdarshan (Garry) Grewal
Kesar S. Gosal

Lakha Lakhwinder Deol Stockton
Dr. Ramesh Kumar
Aman Tiwana
Baldeep S Hundal
Pardeep S. Dhillon
Gurdeep S. Dhillon
Mavi Truck
Balwant S. Bains
Satwinder S. Atwal
Santokh S. Takhar
Jaswant S. Sran
Tirth S. Sandhu
Jasbir S. Raja
Surjit S. Nijjar
Dalwinder S. Gill
Rashpal S. Buttar
Mandir Singh
Harnek S. Sanghera
Sarabjit S. Dhaliwal
Lali Dhaliwal
Pargan S. Padda
Surinder S. Dhillon
Manjit S. Jagpalpur
Dhanna Bhalwan
Dalvir S. Hothi

# ਵਧਾਈਆਂ ਧੰਨਵਾਦ ਵਧਾਈਆਂ

ਸ. ਸੁਰਜੀਤ ਸਿੰਘ ਰੱਖੜਾ ਪ੍ਰਧਾਨ ਸ਼ੋਮਣੀ ਅਕਾਲੀ ਦਲ ਬਾਦਲ ਐਨ ਆਰ ਆਈ ਵਿੰਗ ਵਲੋਂ ਪਾਰਟੀ ਨੂੰ ਸੁਚੱਜੇ ਢੰਗ ਨਾਲ ਚਲਾਉਣ ਅਤੇ ਅਨੁਸਾਸ਼ਨ ਕਾਇਮ ਰੱਖਣ ਲਈ ਬਣਾਈ ਗਈ ਉੱਚ ਪੱਧਰੀ 'ਕੋਆਰਡੀਨੇਸ਼ਨ ਕਮੇਟੀ' ਵਿਚ ਸ. ਜਸਪ੍ਰੀਤ ਸਿੰਘ ਅਟਾਰਨੀ ਨੂੰ ਚੀਫ ਕੋ-ਆਰਡੀਨੇਟਰ, ਸ: ਮਨਜੀਤ ਸਿੰਘ ਦਸੂਹਾ ਨਿਊਯਾਰਕ, ਸ: ਹਰਬੰਸ ਸਿੰਘ ਚਾਹਲ ਕੈਲੀਫੋਰਨੀਆ, ਸ: ਇਕਬਾਲ ਸਿੰਘ ਸਮਰਾ ਕੈਲੀਫੋਰਨੀਆ ਅਤੇ ਸ: ਹਰਜੀਤ ਸਿੰਘ ਸੰਧੂ ਕੈਲੀਫੋਰਨੀਆਂ ਨੂੰ ਕੋ-ਆਰਡੀਨੇਟਰ ਨਿਯੁਕਤ ਕੀਤੇ ਜਾਣ ਤੇ ਅਹੁਦੇਦਾਰਾਂ ਨੂੰ ਵਧਾਈਆਂ ਅਤੇ ਸਮੂਹ ਪਾਰਟੀ ਲੀਡਰਸ਼ਿਪ ਦਾ **ਕੋਟਿਨ ਕੋਟਿ ਧੰਨਵਾਦ**


ਸ. ਪ੍ਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ ਪੰਜਾਬ


ਸ. ਸੁਖਬੀਰ ਸਿੰਘ ਬਾਦਲ
ਉਪ ਮੁੱਖ ਮੰਤਰੀ ਪੰਜਾਬ


ਸ. ਸੁਰਜੀਤ ਸਿੰਘ ਰੱਖੜਾ
ਪ੍ਰਧਾਨ ਸ਼ੋਮਣੀ ਅਕਾਲੀ ਦਲ
ਬਾਦਲ ਐਨ ਆਰ ਆਈ ਵਿੰਗ

## ਕੋਆਰਡੀਨੇਸ਼ਨ ਕਮੇਟੀ ਦੇ ਨਿਯੁਕਤ ਕੀਤੇ ਗਏ ਅਹੁਦੇਦਾਰ


ਸ. ਜਸਪ੍ਰੀਤ ਸਿੰਘ ਅਟਾਰਨੀ
ਚੀਫ ਕੋ-ਆਰਡੀਨੇਟਰ


ਸ.ਮਨਜੀਤ ਸਿੰਘ ਦਸੂਹਾ
ਕੋ-ਆਰਡੀਨੇਟਰ


ਸ.ਹਰਬੰਸ ਸਿੰਘ ਚਾਹਲ
ਕੋ-ਆਰਡੀਨੇਟਰ


ਸ.ਇਕਬਾਲ ਸਿੰਘ ਸਮਰਾ
ਕੋ-ਆਰਡੀਨੇਟਰ


ਸ.ਹਰਜੀਤ ਸਿੰਘ ਸੰਧੂ
ਕੋ-ਆਰਡੀਨੇਟਰ


ਸ. ਸੁਰਜੀਤ ਸਿੰਘ ਰੱਖੜਾ ਪ੍ਰਧਾਨ ਸ਼ੋਮਣੀ ਅਕਾਲੀ ਦਲ ਐਨ ਆਰ ਆਈ ਵਿੰਗ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਚੀਫ ਕੋ-ਆਰਡੀਨੇਟਰ ਨਾਲ ਯੂ ਐਸ ਏ ਵਿਚ ਪਾਰਟੀ ਪ੍ਰਬੰਧਾਂ ਦੇ ਮਾਮਲੇ ਵਿਚ ਕਿਸੇ ਅਹਿਮ ਵਿਸ਼ੇ ਤੇ ਡੂੰਘੀਆਂ ਵਿਚਾਰਾਂ ਕਰਦੇ ਹੋਏ।

## ਕੋ-ਆਰਡੀਨੇਸ਼ਨ ਕਮੇਟੀ ਨੂੰ ਦਿੱਤੀਆਂ ਸੇਵਾਵਾਂ

1) ਇਹ ਕਮੇਟੀ ਅਮਰੀਕਾ ਦੀਆਂ ਸਾਰੀਆਂ ਇਕਾਈਆਂ ਦੀਆਂ ਸਰਗਰਮੀਆਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਕੋ-ਆਰਡੀਨੇਟ ਕਰੇਗੀ।
2) ਅਮਰੀਕਾ ਵਿਖੇ ਸਾਰੀਆਂ ਇਕਾਈਆਂ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਤਾਲਮੇਲ ਪੈਦਾ ਕਰਕੇ ਉਨ੍ਹਾਂ ਵਿਚ ਪੈਦਾ ਹੋਏ ਮਤਭੇਦਾਂ ਨੂੰ ਦੂਰ ਕਰੇਗੀ।
3) ਐਨਆਰਆਈ ਵਿੰਗ ਦੇ ਪ੍ਰਧਾਨ ਨਾਲ ਸਲਾਹ ਮਸ਼ਵਰਾ ਕਰਕੇ ਬਾਈਲਾਜ਼ ਬਣਾਏ ਜਾਣਗੇ। ਇਹ ਬਾਈਲਾਜ਼ ਪਾਰਟੀ ਦੇ ਪ੍ਰਬੰਧਾਂ ਨੂੰ ਸੁਚਾਰੂ ਤਰੀਕੇ ਨਾਲ ਅਮਰੀਕਾ ਵਿਚ ਚਲਾਉਣ ਲਈ ਸਾਰੇ ਪਾਰਟੀ ਮੈਂਬਰਾਂ 'ਤੇ ਲਾਗੂ ਹੋਣਗੇ।
4) ਜਿਹੜਾ ਵੀ ਪਾਰਟੀ ਵਰਕਰ ਜਾਂ ਮੈਂਬਰ ਪਾਰਟੀ ਦੀਆਂ ਨੀਤੀਆਂ ਦੇ ਵਿਰੁੱਧ ਚਲੇਗਾ ਉਸਦੇ ਖਿਲਾਫ਼ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ।
5) ਬਿਨਾਂ ਐਨ ਆਰ ਆਈ ਵਿੰਗ ਦੇ ਪ੍ਰਧਾਨ ਅਤੇ ਕੋ ਆਰਡੀਨੇਸ਼ਨ ਕਮੇਟੀ ਦੇ ਸਲਾਹ ਮਸ਼ਵਰੇ ਤੋਂ ਕੋਈ ਵੀ ਅਹੁਦੇਦਾਰ ਜਾਂ ਵਰਕਰ ਪ੍ਰੈਸ ਰਲੀਜ਼ ਜਾਂ ਕੋਈ ਵੀ ਬਿਆਨ ਜਾਰੀ ਨਹੀਂ ਕਰ ਸਕਦਾ।
6) ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀਆਂ ਨੀਤੀਆਂ ਅਤੇ ਸਰਗਰਮੀਆਂ ਨੂੰ ਅਮਰੀਕਾ ਦੇ ਕੋਨੇ ਕੋਨੇ ਤੱਕ ਪਹੁੰਚਾਉਣ ਲਈ ਹੋਰ ਇਕਾਈਆਂ ਸਥਾਪਤ ਕੀਤੀਆਂ ਜਾਣਗੀਆਂ ਅਤੇ ਮੈਂਬਰਸ਼ਿਪ ਵਧਾਉਣ ਵਿਚ ਕੋ ਆਰਡੀਨੇਸ਼ਨ ਕਮੇਟੀ ਇਨ੍ਹਾਂ ਦੀ ਸਹਾਇਤਾ ਕਰੇਗੀ। ਇਹ ਕੋ ਆਰਡੀਨੇਸ਼ਨ ਕਮੇਟੀ ਅਮਰੀਕਾ ਵਿਖੇ ਪਾਰਟੀ ਮੈਂਬਰਸ਼ਿਪ ਦੇ ਸਾਰੇ ਰਿਕਾਰਡਾਂ ਦੀ ਸੰਭਾਲ ਵੀ ਕਰੇਗੀ।
7) ਇਕ ਅਜਿਹੀ ਡਾਇਰੈਕਟਰੀ ਬਣਾਈ ਜਾਵੇਗੀ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਸਾਰੇ ਅਹੁਦੇਦਾਰਾਂ, ਵਰਕਰਾਂ ਅਤੇ ਮੈਂਬਰਾਂ ਦੇ ਨਾਮ, ਫੋਨ ਨੰਬਰ, ਈਮੇਲ ਐਡਰੈਸ, ਫੈਕਸ ਅਤੇ ਪਤੇ ਆਦਿ ਹੋਣਗੇ।
8) ਇਹ ਕਮੇਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਮੈਂਬਰਾਂ ਨੂੰ ਅਮਰੀਕੀ ਸਿਆਸਤ ਵਿਚ ਹਿੱਸਾ ਲੈਣ ਅਤੇ ਪਾਰਟੀ ਦੇ ਅਕਾਲੀ ਮੈਂਬਰਾਂ ਨੂੰ ਪੰਜਾਬ ਵਿਚ ਚੋਣਾਂ ਦੌਰਾਨ ਆਪੋ ਆਪਣੇ ਹਲਕੇ ਦੇ ਅਕਾਲੀ ਉਮੀਦਵਾਰਾਂ ਦੀ ਹਰ ਪੱਖੋਂ ਮਦਦ ਕਰਨ ਵਿਚ ਸਹਿਯੋਗ ਦੇਵੇਗੀ।

## ਵਲੋਂ

ਦੀਦਾਰ ਸਿੰਘ ਬੈਂਸ ਸਰਪ੍ਰਸਤ, ਹਰਿੰਦਰ ਸਿੰਘ (ਹੈਰੀ) ਗਿੱਲ ਚੇਅਰਮੈਨ, ਕੁਲਵੰਤ ਸਿੰਘ ਖਹਿਰਾ ਸੀਨੀਅਰ ਮੀਤ ਪ੍ਰਧਾਨ, ਗੁਰਨਾਮ ਸਿੰਘ ਪੰਮਾ ਮੀਤ ਸਰਪ੍ਰਸਤ, ਹਰਿੰਦਰ ਸਿੰਘ ਹੁੰਦਲ ਜਨਰਲ ਸਕੱਤਰ, ਦਵਿੰਦਰ ਸਿੰਘ ਰਟੀਆਂ ਜਨਰਲ ਸਕੱਤਰ, ਦਲਬੀਰ ਸਿੰਘ ਸੰਘੇੜਾ ਮੀਤ ਪ੍ਰਧਾਨ, ਨਰਿੰਦਰਪਾਲ ਸਿੰਘ ਹੁੰਦਲ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਪ੍ਰਧਾਨ, ਹਾਕਮ ਸਿੰਘ ਗਰੇਵਾਲ ਜਨਰਲ ਸਕੱਤਰ ਅਮਰੀਕਾ, ਮਨਿੰਦਰਪਾਲ ਸਿੰਘ ਬਰਾੜ ਜਨਰਲ ਸਕੱਤਰ ਅਮਰੀਕਾ, ਰਛੌਕ ਸਿੰਘ ਸੀ: ਮੀਤ ਪ੍ਰਧਾਨ, ਸਰਬਜੀਤ ਸਿੰਘ ਸਰਾਓ ਜਨਰਲ ਸਕੱਤਰ, ਜਤਿੰਦਰ ਸਿੰਘ ਭੰਗੂ ਖਜਾਨਚੀ, ਜਸਵੰਤ ਸਿੰਘ ਸਹੋਤਾ ਖਜਾਨਚੀ, ਨੱਛਤਰ ਸਿੰਘ ਭੁੱਲਰ ਸਕੱਤਰ, ਜਰਨੈਲ ਸਿੰਘ ਸੰਧੂ ਸਕੱਤਰ, ਰਾਣਾ ਸੰਧੂ ਸਕੱਤਰ, ਸਾਹਿਬ ਸਿੰਘ ਭੁੱਲਰ ਸਕੱਤਰ, ਗੁਰਸਰਨ ਸਿੰਘ ਨੱਤ ਸਹਾਇਕ ਸਕੱਤਰ, ਸਵਰਨ ਸਿੰਘ ਢਿੱਲੋਂ ਮੀਤ ਪ੍ਰਧਾਨ, ਹਰਬੰਸ ਸਿੰਘ ਪੰਮਾ ਮੀਤ ਪ੍ਰਧਾਨ, ਬਿਕਰਮਜੀਤ ਸਿੰਘ ਮੀਤ ਪ੍ਰਧਾਨ, ਅਰਵਿੰਦਰ ਸਿੰਘ ਪ੍ਰਧਾਨ ਯੂਥ ਵਿੰਗ ਕੈਲੇਫੋਰਨੀਆਂ, ਜਸਵੰਤ ਸਿੰਘ ਸਰਾਂ ਮੀਤ ਖਜਾਨਚੀ, ਕੈਨੀ ਵਿਰਕ, ਦਿਲ ਨਿੱਝਰ, ਜੋਬਨਜੀਤ ਸਿੰਘ, ਕੁਲਵੀਰ ਹੇਅਰ, ਨਾਜਰ ਸਿੰਘ ਕੂਨਰ, ਗੁਰਦੇਵ ਸਿੰਘ ਕੰਗ ਨਿਊਯਾਰਕ, ਮੋਹਣ ਸਿੰਘ ਖਟੜਾ ਸੀਨੀਅਰ ਮੀਤ ਪ੍ਰਧਾਨ ਯੂ ਐਸ ਏ,, ਹਰਦੀਪ ਸਿੰਘ ਗੋਲਡੀ ਪ੍ਰਧਾਨ ਨਿਊਜਰਸੀ, ਰਘੁਬੀਰ ਸਿੰਘ ਸੁਭਾਨਪੁਰ ਪ੍ਰਧਾਨ ਨਿਊਯਾਰਕ, ਸੁਖਵਿੰਦਰ ਸਿੰਘ ਅਬਲੋਵਾਲ, ਸੁਖਵੰਤ ਸਿੰਘ ਬੱਲ, ਹੈਰੀ ਘੁਮਾਣ ਸਕੱਤਰ ਜਨਰਲ ਇੰਡੀਆਨਾ, ਬਲਦੇਵ ਸਿੰਘ ਸੱਲਾ ਇੰਡੀਆਨਾ, ਮੁਖਤਿਆਰ ਸਿੰਘ ਹੀਰ ਸ਼ਿਕਾਗੋ, ਗੁਰਮੀਤ ਸਿੰਘ ਸੰਧੂ ਮਡੈਸਟੋ, ਹਰਬੰਸ ਸਿੰਘ ਪੰਮਾਂ, ਪ੍ਰੀਤਮ ਸਿੰਘ ਗਿਲਜ਼ੀਆਂ ਵਾਈਸ ਚੇਅਰਮੈਨ ਅਮਰੀਕਾ, ਦਲਜੀਤ ਸਿੰਘ ਸੰਧੂ ਸੈਕਰਾਮੈਂਟੋ, ਹਰਵਿੰਦਰ ਸਿੰਘ ਵਾਲੀਆ ਓਹਾਇਓ।

# ਬੇ-ਏਰੀਆ ਸਪੋਰਟਸ ਕਲੱਬ ਦੀ ਇਕ ਹੋਰ ਵੱਡੀ ਜਿੱਤ

**ਫਰੀਮਾਂਟ:** ਬੇ-ਏਰੀਆ ਸਪੋਰਟਸ ਕਲੱਬ ਦੀ ਅੰਡਰ-21 ਕਬੱਡੀ ਟੀਮ ਨੇ ਹਾਲ ਹੀ ਵਿਚ ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਕਰਵਾਈਆਂ ਗਈਆਂ ਖੇਡਾਂ ਵਿਚ ਲਗਾਤਾਰ ਤੀਸਰੀ ਜਿੱਤ ਹਾਸਲ ਕੀਤੀ। ਇਸ ਟੀਮ ਨੂੰ ਚਰਨਜੀਤ ਪਰਾਗਪੁਰ ਅਤੇ ਬਲਜੀਤ ਸੰਧੂ ਨੇ ਤਿਆਰ ਕੀਤਾ ਹੈ। ਇਸ ਟੂਰਨਾਮੈਂਟ ਵਿਚ ਸੁੱਖੀ ਗਰੇਵਾਲ ਅਤੇ ਜੈਸਨ ਸੰਧੂ ਨੂੰ ਬੈਸਟ ਰੇਡਰ ਅਤੇ ਕੈਵਿਨ ਸੰਧੂ ਨੂੰ ਬੈਸਟ ਸਟਾਪਰ ਐਲਾਨਿਆ ਗਿਆ।

ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਕਰਵਾਏ ਗਏ ਇਸੇ ਟੂਰਨਾਮੈਂਟ ਵਿਚ ਬੇ-ਏਰੀਆ ਸਪੋਰਟਸ ਕਲੱਬ ਦੇ ਡਾਇਰੈਕਟਰ ਗੁਰਦਿਆਲ ਸਿੰਘ ਢਿੱਲੋਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਚਰਨਜੀਤ ਪਰਾਗਪੁਰ ਦਾ ਵੀ ਵਧੀਆ ਕੋਚ ਵਜੋਂ ਸਨਮਾਨ ਕੀਤਾ ਗਿਆ। ਬੇ-ਏਰੀਆ ਸਪੋਰਟਸ ਕਲੱਬ ਦੀ ਇਸ ਜਿੱਤ ਲਈ ਸੰਧੂ ਭਰਾਵਾਂ-ਕੁਲਦੀਪ ਸੰਧੂ, ਦਿਲਬਾਗ ਸੰਧੂ, ਬਲਜੋਗ ਸੰਧੂ, ਬਲਜੀਤ ਸੰਧੂ ਤੇ ਕੁਲਵੰਤ ਸੰਧੂ, ਕਾਲਾ ਟਰੇਸੀ, ਰਾਮ ਸ਼ਰਮਾ, ਚਾਨਾ ਭਰਾ, ਰਾਜਾ ਸਵੀਟਸ ਵਾਲੇ ਮੱਖਣ ਬੈਂਸ, ਮੰਗਲ ਢਿੱਲੋਂ, ਕੁਲਬੀਰ ਦੁਸਾਂਝ, ਰਾਜ ਭਨੋਟ, ਸੁਰਿੰਦਰ ਗਰੇਵਾਲ, ਕਰਮਜੀਤ ਸੰਧੂ, ਗੱਜਣ ਕੰਗ, ਬਲਬੀਰ ਸਿੰਘ ਧਾਲੀਵਾਲ, ਬਲਜੀਤ ਪਲਾਹੀ, ਲੱਖੀ ਮੰਗਾ, ਜੱਸਾ ਮੰਗਾ, ਬਲਬੀਰ ਸਿੰਘ, ਅਜੀਤ ਸਿੰਘ, ਤੀਰਥ ਗਾਖਲ, ਜੋਨੀ ਗਿੱਲ ਦੀ ਮਿਹਨਤ ਤੇ ਘਾਲਣਾ ਨੇ ਕੰਮ ਕੀਤਾ।


















# ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦਾ ਇੱਕ ਹੋਰ ਉਦਮ "ਸੋਲਰ ਸਿਸਟਮ"

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਦੁਨੀਆਂ ਭਰ ਵਿਚ ਪ੍ਰਦੂਸ਼ਨ ਦੇ ਵਧ ਰਹੇ ਫੈਲਾਅ ਨੂੰ ਰੋਕਣ ਲਈ ਹੋ ਰਹੇ ਉਪਰਾਲਿਆਂ ਵਿਚ ਗੁਰਦੁਆਰਾ ਸੈਨ ਹੋਜ਼ੇ ਨੇ ਆਪਣਾ ਇੱਕ ਵੱਡਾ ਯੋਗਦਾਨ ਪਾਉਂਦਿਆ 650, 160 ਕਿਲੋਵਾਟ ਦੇ ਸੋਲਰ ਸਿਸਟਮ ਲਾਉਣ ਦਾ ਉਦਮ ਕੀਤਾ ਹੈ ਜਿਸ ਦਾ ਨੀਂਹ ਪੱਥਰ ਲੰਘੇ ਸਨਿਚਰਵਾਰ ਰੱਖਿਆ ਗਿਆ। ਵਰਨਣਯੋਗ ਹੈ ਇਸ 'ਸੋਲਰ ਸਿਸਟਮ' ਨਾਲ ਹਰ ਸਾਲ 617 ਟਨ ਕਾਰਬਨ ਡਾਈਅਕਸਾਈਡ ਘੱਟ ਬਣੇਗੀ।

40 ਏਕੜ ਵਿਚ ਰਮਣੀਕ ਪਹਾੜੀਆਂ 'ਤੇ ਸਾਢੇ ਅਠਾਰਾਂ ਮਿਲੀਅਨ ਡਾਲਰ ਦੀ ਲਾਗਤ ਨਾਲ ਬਣ ਰਹੇ ਉਤਰੀ-ਅਮਰੀਕਾ ਦੇ ਸਭ ਤੋਂ ਵੱਡੇ ਅਤੇ ਖੂਬਸੂਰਤ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦਾ ਇਹ "ਸੋਲਰ ਸਿਸਟਮ" ਲਾਉਣ ਦਾ ਉਦਮ ਇਸ ਗੱਲੋਂ ਸ਼ਲਾਘਾਯੋਗ ਹੈ। ਯਾਦ ਰਹੇ ਕਿ ਪ੍ਰਬੰਧਕਾਂ ਵਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਇਸ ਗੁਰਦੁਆਰਾ ਸਾਹਿਬ ਵਿਚ ਇਕ ਵੱਡਾ ਦੀਵਾਨ ਹਾਲ, ਲੰਗਰ ਹਾਲ, ਖਾਲਸਾ ਸਕੂਲ ਦੇ ਗਿਆਰਾਂ ਕਮਰੇ, ਇੱਕ ਵੱਡੀ ਲਾਇਬਰੇਰੀ, ਗ੍ਰੰਥੀ, ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆਂ ਲਈ ਦੋ ਘਰ ਅਤੇ 7 ਰਿਹਾਇਸ਼ੀ ਕਮਰੇ ਬਣਾਉਣ ਤੋਂ ਇਲਾਵਾ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਕਈ ਹੋਰ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ।

"ਗਰੀਨ ਲੀਫ ਟੀ ਇਨ ਐਕਸ" ਕੰਪਨੀ ਵਲੋਂ ਤਕਰੀਬਨ ਢਾਈ ਮਿਲੀਅਨ ਡਾਲਰ ਦੀ ਲਾਗਤ ਨਾਲ ਲਾਏ ਜਾ ਰਹੇ ਇਸ ਸੋਲਰ ਸਿਸਟਮ ਦਾ ਨੀਂਹ ਪੱਥਰ ਸਿੱਖੀ ਪ੍ਰੰਪਰਾਵਾਂ ਅਨੁਸਾਰ ਪੰਜ ਪਿਆਰਿਆਂ ਵਲੋਂ ਟੱਕ ਲਾ ਕੇ ਰੱਖਿਆ ਗਿਆ। ਟੱਕ ਲਾਉਣ ਤੋਂ ਪਹਿਲਾ ਵੱਡੀ ਗਿਣਤੀ ਵਿਚ ਜੁੜੀ ਸਿੱਖ ਸੰਗਤ ਦੀ ਮੌਜੂਦਗੀ ਵਿਚ ਭਾਈ ਸਾਹਿਬ ਸਿੰਘ ਨੇ ਚੌਪਈ ਸਾਹਿਬ ਦਾ ਪਾਠ ਕੀਤਾ ਅਤੇ ਪ੍ਰਾਜੈਕਟ ਦੀ ਕਾਮਯਾਬੀ ਲਈ ਅਰਦਾਸ ਕੀਤੀ। ਇਸ ਉਪਰੰਤ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਰਨਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਸੋਲਰ ਸਿਸਟਮ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿ ਕੰਪਨੀ ਵਲੋਂ ਇਸ ਪ੍ਰਾਜੈਕਟ ਦਾ ਨਾਂ "ਗਰੀਨ ਲੀਫ ਟੀ ਇਨ ਐਕਸ ਸਿੱਖ ਸੋਲਰ" ਰੱਖਿਆ ਗਿਆ ਹੈ। ਭਾਈ ਢਿੱਲੋਂ ਨੇ ਦੱਸਿਆ ਕਿ ਇਸ ਪ੍ਰਾਜੈਕਟ 'ਤੇ ਗੁਰਦੁਆਰਾ ਸਾਹਿਬ ਦਾ ਕੋਈ ਵੀ ਖਰਚ ਨਹੀ ਹੋਵੇਗਾ। ਇਸ ਦੀ ਲਾਗਤ 'ਤੇ ਸਾਰਾ ਖਰਚ ਕੰਪਨੀ ਕਰੇਗੀ। ਕੰਪਨੀ ਗੁਰਦੁਆਰਾ ਸਾਹਿਬ ਨੂੰ ਮੌਜੂਦਾ ਬਿਜਲੀ ਸਪਲਾਈ ਕੰਪਨੀ (ਪੀ ਜੀ ਈ) ਨਾਲੋਂ 18% ਘੱਟ ਦਰ 'ਤੇ ਬਿਜਲੀ ਦੇਵੇਗੀ ਅਤੇ ਛੇ ਸਾਲ ਬਾਅਦ ਗੁਰਦੁਆਰਾ ਸਾਹਿਬ ਆਪਣੀ ਮਰਜ਼ੀ ਅਨੁਸਾਰ ਮਾਰਕੀਟ ਦੇ ਰੇਟ ਮੁਤਾਬਕ "ਸੋਲਰ ਸਿਸਟਮ" ਦੀ ਖਰੀਦ ਵੀ ਕਰ ਸਕੇਗਾ।

ਇਸ ਸਮੇਂ ਕੰਪਨੀ ਦੇ ਮਾਲਕ ਥਾਮਸ ਜੈਫ ਅਤੇ ਚਾਰਲੀ ਜੈਕਟਰ ਨੇ ਪ੍ਰਾਜੈਕਟ ਬਾਰੇ ਜਾਣਕਾਰੀ ਦਿੱਤੀ। ਸਿਟੀ ਕੌਂਸਲ ਮੈਂਬਰ ਰੋਜ਼ ਹਰੇਰਾ ਨੇ ਬੋਲਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਇਸ ਚੰਗੇ ਉਦਮ ਲਈ ਵਧਾਈ ਦਿੱਤੀ।

ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ-ਪ੍ਰੀਤਮ ਸਿੰਘ ਗਰੇਵਾਲ, ਕਿਰਪਾਲ ਸਿੰਘ ਅਟਵਾਲ, ਰਜਿੰਦਰ ਸਿੰਘ ਮੰਘਰ, ਸੋਹਣ ਸਿੰਘ ਧਨੋਤਾ, ਹਰਭਜਨ ਸਿੰਘ ਜੌਹਲ, ਮਹਿੰਗਾ ਸਿੰਘ ਰਾਜਾਸਾਂਸੀ, ਸੁਖਦੇਵ ਸਿੰਘ ਬੈਨੀਵਾਲ, ਗੁਰਦੇਵ ਸਿੰਘ ਕਲਸੀ, ਮਹਿੰਦਰ ਸਿੰਘ ਤੱਖਰ, ਸੁਰਿੰਦਰ ਸਿੰਘ ਪੁਰੇਵਾਲ, ਸੁਰਜੀਤ ਸਿੰਘ ਬੈਂਸ, ਨੀਤੂ ਸਿੰਘ ਕਾਹਲੋਂ ਤੋਂ ਇਲਾਵਾ ਜੀਤ ਸਿੰਘ ਬੈਨੀਵਾਲ, ਭਾਈ ਧਰਮ ਸਿੰਘ, ਸਤਪਾਲ ਸਿੰਘ ਦੌਧਰ, ਜਸਵੀਰ ਸਿੰਘ ਪਵਾਰ, ਪ੍ਰੀਤਮ ਸਿੰਘ ਜੋਗਾ ਨੰਗਲ, ਸਰਨਪਾਲ ਸਿੰਘ ਬੈਂਸ, ਗੁਰਚਰਨ ਸਿੰਘ ਮਾਨ, ਸੁਖਵਿੰਦਰ ਸਿੰਘ ਗੋਗੀ, ਅਮਰੀਕ ਸਿੰਘ ਤੱਖਰ, ਰਣਜੀਤ ਸਿੰਘ ਨਾਗਰਾ, ਸਤਨਾਮ ਸਿੰਘ ਤੱਖਰ, ਪੁਨੀਤ ਸਿੰਘ, ਲਹਿੰਬਰ ਸਿੰਘ, ਬੀਬੀ ਹਰਬੰਸ ਕੌਰ ਨਾਹਲ, ਸੁਰਿੰਦਰ ਕੌਰ, ਸਤਵੀਰ ਕੌਰ, ਸਰਬਜੀਤ ਕੌਰ, ਕੁਲਦੀਪ ਕੌਰ, ਗੁਰਮੇਲ ਕੌਰ, ਅਮਰਜੀਤ ਕੌਰ, ਰਣਜੀਤ ਕੌਰ ਅਤੇ ਹਰਬੰਸ ਕੌਰ ਰਾਜਾਸਾਂਸੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਸਮੇਂ ਗੁਰੂ ਕੇ ਲੰਗਰ ਦੀ ਸੇਵਾ ਸੁਖਦੇਵ ਸਿੰਘ ਬੈਨੀਵਾਲ ਪਰਿਵਾਰ ਵਲੋਂ ਕੀਤੀ ਗਈ।





# ਪੰਜਾਬ ਸਪੋਰਟਸ ਕਲੱਬ ਦਾ ਕਬੱਡੀ ਕੱਪ ਸੈਕਰਾਮੈਂਟੋ ਨੇ ਜਿੱਤਿਆ

**ਸ਼ਿਕਾਗੋ:** ਪੰਜਾਬ ਸਪੋਰਟਸ ਕਲੱਬ ਮਿਡਵੈਸਟ, ਸ਼ਿਕਾਗੋ ਵਲੋਂ ਕਰਵਾਏ ਗਏ ਇਸ ਦੇ 8ਵੇਂ ਖੇਡ ਮੇਲੇ ਵਿਚ ਜਿਥੇ ਦਰਸ਼ਕਾਂ ਨੂੰ



*ਸਰਬਜੀਤ ਚੀਮਾ*



*ਸੁਨੀਤਾ ਭੱਟੀ*

ਵਧੀਆ ਕਬੱਡੀ ਅਤੇ ਵਾਲੀਬਾਲ ਦੇ ਮੈਚ ਵੇਖਣ ਦਾ ਮੌਕਾ ਮਿਲਿਆ ਉਥੇ ਮੈਚਾਂ ਤੋਂ ਬਾਅਦ ਸ਼ਿਕਾਗੋ ਵਿਚ ਪਹਿਲੀ ਵਾਰ ਲੋਕ ਗਾਇਕ ਸਰਬਜੀਤ ਚੀਮਾ ਅਤੇ ਸੁਨੀਤਾ ਭੱਟੀ ਨੇ ਵੀ ਆਪਣੀ ਗਾਇਕੀ ਦੇ ਖੁਲ੍ਹੇ ਅਖਾੜੇ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਕਬੱਡੀ ਦਾ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਕੱਪ ਅਤੇ ਪਹਿਲਾ ਇਨਾਮ ਸੈਕਰਾਮੈਂਟੋ ਦੀ ਕਿੰਗਜ਼ ਕਲੱਬ ਨੇ ਜਿਤਿਆ।

ਸ਼ਿਕਾਗੋ ਦੀ ਇਕ ਸਬਰਬ ਮੇਅਵੁਡ ਦੇ ਮਿਲਰ ਮੈਡੋ ਫਾਰੈਸਟ ਪ੍ਰਿਜ਼ਰਵ ਵਿਚ ਲੰਘੀ 4 ਸਤੰਬਰ ਨੂੰ ਕਰਵਾਏ ਗਏ ਇਸ ਮੇਲੇ ਵਿਚ ਕਬੱਡੀ ਦੀਆਂ ਕੁਲ ਛੇ ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਨਿਊ ਯਾਰਕ, ਕਿੰਗਜ਼ ਕਲੱਬ ਸੈਕਰਾਮੈਂਟੋ, ਸਿਨਸਿਨੈਟੀ, ਈਸਟ ਤੇ ਵੈਸਟ ਕੈਨੇਡਾ ਅਤੇ ਦੋਆਬਾ ਸਪੋਰਟਸ ਕਲੱਬ ਸ਼ਿਕਾਗੋ ਦੀਆਂ ਟੀਮਾਂ ਸ਼ਾਮਲ ਸਨ। ਖੇਡਾਂ ਦੇ ਮੈਚ ਅਰੰਭ ਹੋਣ ਤੋਂ ਪਹਿਲਾਂ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕੀਤੀ ਗਈ।

ਕਬੱਡੀ ਦਾ ਪਹਿਲਾ ਮੈਚ ਕੈਨੇਡਾ ਈਸਟ ਅਤੇ ਨਿਊ ਯਾਰਕ ਦੀਆਂ ਟੀਮਾਂ ਵਿਚਾਲੇ ਹੋਇਆ ਜਿਸ ਵਿਚ ਕੈਨੇਡਾ ਈਸਟ ਦੀ ਟੀਮ ਜੇਤੂ ਰਹੀ। ਦੂਜਾ ਮੈਚ ਸੈਕਰਾਮੈਂਟੋ ਦੀ ਕਿੰਗਜ਼ ਕਲੱਬ ਅਤੇ ਸ਼ਿਕਾਗੋ ਦੀਆਂ ਟੀਮਾਂ ਵਿਚਾਲੇ ਹੋਇਆ ਅਤੇ ਕਿੰਗਜ਼ ਕਲੱਬ ਜੇਤੂ ਰਹੀ। ਇਸ ਪਿਛੋਂ ਸਿਨਸਿਨੈਟੀ ਤੇ ਨਿਊ ਯਾਰਕ ਵਿਚਾਲੇ ਹੋਏ ਮੁਕਾਬਲੇ ਵਿਚ ਸਿਨਸਿਨੈਟੀ ਦੀ ਟੀਮ ਜੇਤੂ ਰਹੀ। ਅਗਲਾ ਮੈਚ ਸਿਨਸਿਨੈਟੀ ਅਤੇ ਕੈਨੇਡਾ ਈਸਟ ਵਿਚਾਲੇ ਸੀ ਜੋ ਕਾਫੀ ਫਸਵਾਂ ਰਿਹਾ ਪਰ ਜਿੱਤ ਅਖੀਰ ਕੈਨੇਡਾ ਦੀ ਹੋਈ। ਸੈਮੀ ਫਾਈਨਲ ਮੁਕਾਬਲਿਆਂ ਵਿਚ ਸੈਕਰਾਮੈਂਟੋ ਕਿੰਗਜ਼ ਕਲੱਬ ਅਤੇ ਕੈਨੇਡਾ ਵੈਸਟ ਦੀਆਂ ਟੀਮਾਂ ਦੇ ਸਿੰਗ ਭਿੜੇ ਅਤੇ ਸੈਕਰਾਮੈਂਟੋ ਦੀ ਟੀਮ ਜੇਤੂ ਰਹੀ।

ਕਬੱਡੀ ਦਾ ਫਾਈਨਲ ਮੈਚ ਕਿੰਗਜ਼ ਕਲੱਬ ਸੈਕਰਾਮੈਂਟੋ ਅਤੇ ਕੈਨੇਡਾ ਈਸਟ ਵਿਚਾਲੇ ਬਹੁਤ ਹੀ ਫਸਵਾਂ ਰਿਹਾ ਜਿਸ ਵਿਚ ਜਿੰਨਾ ਜ਼ੋਰ ਜਾਫੀਆਂ ਅਤੇ ਰੇਡਰਾਂ ਦਾ ਇਕ ਇਕ ਅੰਕ ਲੈਣ ਉਪਰ ਲੱਗ ਰਿਹਾ ਸੀ, ਕਰੀਬ ਉਨਾਂ ਹੀ ਜੋਰ ਖੇਡ ਮੈਦਾਨ ਤੋਂ ਬਾਹਰ ਬੈਠੇ ਦਰਸ਼ਕਾਂ ਦਾ ਵੀ ਲੱਗ ਰਿਹਾ ਸੀ। ਜਦੋਂ ਇਕ ਦੋ ਵਾਰ ਕੈਨੇਡਾ ਈਸਟ ਵਲੋਂ ਖੇਡ ਰਿਹਾ ਆਪਣੇ ਸਮੇਂ ਦਾ ਨਾਮੀ ਧਾਵੀ ਸਵਰਨਾ ਵੈਲੀ ਵਿਰੋਧੀ ਟੀਮ ਵਲੋਂ ਫੜ੍ਹ ਲਿਆ ਗਿਆ ਤਾਂ ਉਸ ਦੇ ਹਾਮੀ ਦਰਸ਼ਕ ਜਿਥੇ ਉਸ 'ਤੇ ਖਿਝਦੇ ਵੇਖੇ ਗਏ, ਉਥੇ ਵਿਰੋਧੀ ਟੀਮ ਦੇ ਹਮਾਇਤੀ ਪੂਰੀ ਤਰ੍ਹਾਂ ਬਾਗੋ ਬਾਗ ਹੁੰਦੇ ਵੇਖੇ ਗਏ। ਕਿੰਗਜ਼ ਕਲੱਬ ਦੀ ਤਰਫੋਂ ਅੰਕਿਤ ਅਤੇ ਮੌਲੇ ਨੇ ਬਹੁਤ ਵਧੀਆ ਖੇਡ ਦਿਖਾਈ, ਜਿਸ ਦਾ ਦਰਸ਼ਕਾਂ ਨੇ ਡਾਲਰਾਂ ਵਿਚ ਮੁੱਲ ਵੀ ਪਾਇਆ। ਜਿੱਤ ਅਖੀਰ ਸੈਕਰਾਮੈਂਟੋ ਕਿੰਗਜ਼ ਕਲੱਬ ਦੀ ਟੀਮ ਦੀ ਹੋਈ ਜੋ ਕਿ ਨਵੀਂ ਬਣਾਈ ਗਈ ਯੂ ਐਸ ਏ ਕਬੱਡੀ ਫੈਡਰੇਸ਼ਨ ਦੇ ਬੈਨਰ ਹੇਠ ਖੇਡ ਰਹੀ ਸੀ।



ਕਬੱਡੀ ਦੇ ਨਾਲ ਨਾਲ ਹੀ ਖੁੱਲ੍ਹੇ ਖੇਡ ਮੈਦਾਨ ਵਿਚ ਦੂਜੇ ਪਾਸੇ ਵਾਲੀਬਾਲ ਦੇ ਮੈਚ ਹੋ ਰਹੇ ਸਨ। ਵਾਲੀਬਾਲ ਦੇ ਮੈਚਾਂ ਵਿਚ ਕੁਲ 6 ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚੋਂ 3 ਸ਼ਿਕਾਗੋ ਤੋਂ, 2 ਇੰਡੀਆਨਾ ਤੋਂ ਅਤੇ ਇਕ ਮਿਸ਼ੀਗਨ ਤੋਂ ਸੀ। ਵਾਲੀਬਾਲ ਟੂਰਨਾਮੈਂਟ ਵਿਚ ਸਿੱਖ ਕਮਿਊਨਿਟੀ ਸੈਂਟਰ ਇਲੀਨਾਏ ਦੀ ਟੀਮ ਜੇਤੂ ਰਹੀ। ਇੰਡੀਆਨਾ ਦੀ ਟੀਮ ਵਲੋਂ ਖੇਡ ਰਹੇ ਕਰਮਜੀਤ ਸਿੰਘ ਨੂੰ ਬੈਸਟ ਵਾਲੀਬਾਲ ਖਿਡਾਰੀ ਐਲਾਨਿਆ ਗਿਆ। ਵਾਲੀਬਾਲ ਦੇ ਮੈਚਾਂ ਵਿਚ ਖੁਦ ਵਧੀਆ ਖਿਡਾਰੀ ਟੋਨੀ ਸੰਘੇੜਾ ਦਾ ਵਿਸ਼ੇਸ਼ ਯੋਗਦਾਨ ਰਿਹਾ।



ਕਬੱਡੀ ਦੇ ਮੈਚਾਂ ਦੀ ਕੁਮੈਂਟਰੀ ਕੈਨੇਡਾ ਤੋਂ ਆਏ ਸੁਖਚੈਨ ਸਿੰਘ ਬਰਾੜ ਨੇ ਕੀਤੀ ਜੋ ਆਪਣੇ ਢੰਗ ਦੇ ਟੋਟਕੇ ਛੱਡ ਛੱਡ ਮੈਚਾਂ ਨੂੰ ਹੋਰ ਦਿਲਚਸਪ ਬਣਾ ਰਿਹਾ ਸੀ। ਇਹ ਵੀ ਗੱਲ ਦਿਲਚਸਪ ਸੀ ਕਿ ਜਦੋਂ ਕੋਈ ਸੌ ਦਾ ਨੋਟ ਉਸ ਦੀ ਜੇਬ ਵਿਚ ਪਾ ਦਿੰਦਾ ਤਾਂ ਉਸ ਦੀ ਸੂਈ ਦੱਸੀ ਗੱਲ 'ਤੇ ਲੱਗ ਜਾਂਦੀ। ਇੰਡੀਅਨਐਪੋਲਿਸ ਦੇ ਕੁਝ ਜਥੇਦਾਰਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਹੱਕ ਵਿਚ ਤਵਾ ਲਵਾਉਣ ਲਈ ਵੀ ਇਹੋ ਢੰਗ ਵਰਤਿਆ।

ਕਬੱਡੀ ਤੇ ਵਾਲੀਬਾਲ ਦੇ ਮੈਚਾਂ ਦੀ ਸਮਾਪਤੀ 'ਤੇ ਲੋਕ ਗਾਇਕ ਸਰਬਜੀਤ ਚੀਮਾ ਅਤੇ ਸੁਨੀਤਾ ਭੱਟੀ ਦਾ ਖੁੱਲ੍ਹਾ ਅਖਾੜਾ ਲੱਗਿਆ। ਦੋਹਾਂ ਨੇ ਕਰੀਬ ਡੇਢ ਘੰਟਾ ਸਰੋਤਿਆਂ ਦਾ ਚੰਗਾ ਮਨੋਰੰਜਨ ਕੀਤਾ।

ਪ੍ਰਬੰਧਕਾਂ ਵਲੋਂ ਖੇਡਾਂ ਦੇਖਣ ਆਏ ਖੇਡ ਪ੍ਰੇਮੀਆਂ ਲਈ ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਕੀਤਾ ਗਿਆ ਸੀ। ਇਸ ਕੰਮ ਵਿਚ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਵਾਲੰਟੀਅਰ ਜੈਰਾਮ ਸਿੰਘ ਕਾਹਲੋਂ ਅਤੇ ਲਖਬੀਰ ਸਿੰਘ ਸੰਧੂ ਦੀ ਅਗਵਾਈ ਹੇਠ ਚਾਹ-ਪਾਣੀ ਅਤੇ ਵੈਸ਼ਨੋ ਭੋਜਨ ਕੜ੍ਹੀ ਚੌਲ, ਚੌਲ ਛੋਲਿਆਂ ਅਤੇ ਨਾਨਾਂ ਨਾਲ ਆਏ ਖੇਡ ਪ੍ਰੇਮੀਆਂ ਦੀ ਸੇਵਾ ਵਿਚ ਲੱਗੇ ਹੋਏ ਸਨ।

ਮੇਲੇ ਦੇ ਮੁੱਖ ਮਹਿਮਾਨ ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਚੇਅਰਮੈਨ ਅਤੇ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੀ ਅਮਰੀਕਾ ਇਕਾਈ ਦੇ ਮੀਤ ਪ੍ਰਧਾਨ ਸ੍ਰੀ ਸੰਨੀ ਧੂੜ ਸਨ ਜਿਨ੍ਹਾਂ ਨੇ ਖਿਡਾਰੀਆਂ ਦਾ ਮਾਣ ਸਨਮਾਨ ਕਰਨ ਵਿਚ ਹੱਥ ਵਟਾਇਆ। ਕਬੱਡੀ ਕੱਪ ਮਿਲਵਾਕੀ ਦੇ ਬਿਜਨਸਮੈਨ ਸ੍ਰੀ ਦਰਸ਼ਨ ਸਿੰਘ ਧਾਲੀਵਾਲ ਵਲੋਂ ਆਪਣੇ ਪਿਤਾ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਦੀ ਯਾਦ ਵਿਚ ਸਪਾਂਸਰ ਕੀਤਾ ਗਿਆ ਸੀ। ਸ. ਧਾਲੀਵਾਲ ਆਪਣੇ ਭਰਾਵਾਂ ਅਕਾਲੀ ਦਲ (ਬ) ਦੇ ਐਨ ਆਰ ਆਈ ਵਿੰਗ ਦੇ ਮੁਖੀ ਸ. ਸੁਰਜੀਤ ਸਿੰਘ ਰੱਖੜਾ ਤੇ ਚਰਨਜੀਤ ਸਿੰਘ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਖਿਡਾਰੀਆਂ ਨੂੰ ਟਰਾਫੀਆਂ ਵੀ ਵੰਡੀਆਂ।

ਮੇਲੇ ਨੂੰ ਨੇਪਰੇ ਚਾੜ੍ਹਨ ਵਿਚ ਚੇਅਰਮੈਨ ਮੱਖਣ ਸਿੰਘ, ਪ੍ਰਧਾਨ ਮਨਜੀਤ ਸਿੰਘ ਧਨੋਆ, ਕਾਰਜਕਾਰੀ ਸਕੱਤਰ ਤਲਵਿੰਦਰ ਸਿੰਘ ਭੱਠਲ, ਖਜਾਨਚੀ ਰਾਜਿੰਦਰ ਸਿੰਘ ਵਿਰਕ, ਮੈਂਬਰਾਂ-ਬਲਬੀਰ ਸਿੰਘ ਬੈਦਵਾਣ, ਅੰਮ੍ਰਿਤਪਾਲ ਰੰਧਾਵਾ, ਜੋਧ ਸਿੰਘ ਸਿੱਧੂ, ਜਗਦੇਵ ਸਿੰਘ ਖਹਿਰਾ, ਰੂਪ ਸਿੰਘ ਢਿਲੋਂ, ਗੁਰਦੇਵ ਸਿੰਘ, ਸੁਭਾਸ਼ ਸਿੰਘ, ਜਗਦੀਪ ਸਿੰਘ, ਪਰਮਿੰਦਰ ਸਿੰਘ ਭਿੰਦਾ, ਸੋਨੂੰ ਖਹਿਰਾ, ਅਜੇਪਾਲ ਸਿੰਘ, ਜਤਿੰਦਰ ਸਿੰਘ ਚੌਹਾਨ, ਕੁਲਵੰਤ ਸਿੰਘ ਨਾਗਰਾ ਅਤੇ ਗੁਰਿੰਦਰ ਢਿਲੋਂ ਨੇ ਭਰਵਾਂ ਯੋਗਦਾਨ ਪਾਇਆ। ਕਲੱਬ ਦੇ ਸਾਬਕਾ ਚੇਅਰਮੈਨ ਕਰਨਲ ਨਿਰਮਲ ਸਿੰਘ ਸਿੰਘਾ, ਮਿੱਕੀ ਕਾਹਲੋਂ ਅਤੇ ਦਵਿੰਦਰ ਸਿੰਘ ਰੰਗੀ ਵੀ ਪੂਰੀ ਸਰਗਰਮੀ ਨਾਲ ਹਾਜ਼ਰ ਸਨ। ਮੰਚ ਸੰਚਾਲਨ ਡਾ. ਹਰਜਿੰਦਰ ਸਿੰਘ ਖਹਿਰਾ ਨੇ ਕੀਤਾ।

# Quick Stop 40, Oklahoma

# Help Wanted

ਓਕਲਹੋਮਾ ਵਿਚ ਫਰੀਵੇ ਉਤੇ
ਸਥਿਤ ਟਰੱਕ ਸਟਾਪ ਲਈ ਹੇਠ
ਲਿਖੇ ਸਟਾਫ ਦੀ ਲੋੜ ਹੈ:

ਗੈਸ ਸਟੇਸ਼ਨ ਮੈਨੇਜਰ ਅਤੇ ਕੈਸ਼ੀਅਰ
ਰੈਸਟੋਰੈਂਟ ਵਿਚ ਕੰਮ ਕਰਨ ਲਈ
ਕੈਸ਼ੀਅਰ, ਕੁੱਕ ਅਤੇ ਵੇਟਰ ਸਟਾਫ
ਟਰੱਕ ਰਿਪੇਅਰ ਸ਼ਾਪ ਲਈ
ਮਕੈਨਿਕ ਅਤੇ ਮੈਨੇਜਰ

**ਕਾਲ ਕਰੋ:832-512-7172**

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

San Jose ਤੋਂ Sacramento ਅਤੇ Yuba City ਵਿੱਚ ਸੁਣਿਆ ਜਾਣ ਵਾਲਾ

# ਪੰਜਾਬੀ ਰੇਡੀਓ Punjabi RADIO

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ

ਜਿਨ੍ਹਾਂ ਕੋਲ ਚਿਪ ਵਾਲਾ "ਰੇਡੀਓ ਹਮਸਫਰ" (94.1FM Berkeley) ਹੈ ਪੰਜਾਬੀ ਰੇਡੀਓ ਉਸ ਉਪਰ ਬਹੁਤ ਜਲਦ ਸੁਣਿਆ ਜਾ ਸਕੇਗਾ

Bay Area ਵਿਚ ਜਿਨ੍ਹਾਂ ਕੋਲ ਚਿਪ ਵਾਲਾ Voice of Punjab ਜਾਂ Punjab Radio ਹੈ, ਉਹ ਪ੍ਰੋਗਰਾਮ ਹੁਣ ਵੀ ਸੁਣ ਸਕਦੇ ਹਨ।

**ਖ਼ਬਰਾਂ**
ਹਰ ਘੰਟੇ ਬਾਅਦ ਸਟੂਡੀਓ ਤੋਂ
ਹਰ ਰੋਜ ਸਵੇਰ 9.00 ਵਜੇ ਅਤੇ ਸ਼ਾਮ 9.00 ਵਜੇ ਪੰਜਾਬ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

**ਗੁਰਬਾਣੀ ਪ੍ਰੋਗਰਾਮ**
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ

**ਸਪੈਸਲ ਟਾਕ ਸ਼ੋਅ ਹਰ ਰੋਜ**
ਸ਼ਾਮ 8.00 ਤੋਂ 9.00 ਵਜੇ ਤੱਕ

ਪੰਜਾਬੀ ਰੇਡੀਓ Sacramento Area ਵਿਚ Oct 1st, 2010 ਨੂੰ ਸ਼ੁਰੂ ਹੋ ਰਿਹਾ ਹੈ।
ਰੇਡੀਓ ਪ੍ਰਾਪਤ ਕਰਨ ਲਈ ਸਟੋਰਾਂ ਦੇ ਨਾਮ ਬਹੁਤ ਜਲਦੀ ਦਿੱਤੇ ਜਾਣਗੇ

Bay Area ਵਿਚ ਰੇਡੀਓ ਇਨ੍ਹਾਂ ਸਟੋਰਾਂ ਤੋਂ ਪ੍ਰਾਪਤ ਕਰੋ ਜੀ

**Royal Fabrics** - Union City • **Singh Video** - Santa Clara • **Mckee Liquors** - San Jose • **Bhai Khushminder Singh**

ਹੋਰ ਜਾਣਕਾਰੀ ਲਈ **Phone : 408.600.7891**
Email: punjabiradiousa@yahoo.com
3750 McKee Road, # B, San Jose CA 95127

# ਨਵੀਂ ਸੋਚ ਦੇ ਹਾਣ ਦਾ ਮਾਹੌਲ ਨਹੀਂ ਸਿਰਜ ਸਕੀ ਸ਼੍ਰੋਮਣੀ ਕਮੇਟੀ

**–ਜਤਿੰਦਰ ਪਨੂੰ**

ਉਹ ਵੇਲਾ ਬਹੁਤ ਪਿੱਛੇ ਰਹਿ ਗਿਆ, ਜਦੋਂ ਸਿੱਖਾਂ ਨੇ ਆਪਣੇ ਧਰਮ ਅਸਥਾਨਾਂ ਦੇ ਪ੍ਰਬੰਧਕ ਅਤੇ ਪੁਜਾਰੀ ਬਣੇ ਬੈਠੇ ਉਨ੍ਹਾਂ ਲੋਕਾਂ ਨੂੰ ਪਾਸੇ ਕਰਨ ਦੀ ਗੁਰਦੁਆਰਾ ਸੁਧਾਰ ਲਹਿਰ ਚਲਾਈ ਸੀ, ਜਿਹੜੇ ਅੰਗਰੇਜ਼ਾਂ ਦੇ ਜੀ-ਹਜ਼ੂਰੀਏ ਬਣ ਚੁੱਕੇ ਸਨ। ਇਹ ਮਨੋਰਥ ਉਸ ਲਹਿਰ ਦਾ ਪੂਰਾ ਹੋ ਗਿਆ ਸੀ ਕਿ ਸਿੱਖਾਂ ਦੇ ਧਰਮ ਅਸਥਾਨ ਵਿਦੇਸ਼ੀ ਹਕੂਮਤ ਲਈ ਅਸਿੱਧੀ ਹਮਾਇਤ ਜੁਟਾਉਣ ਦੇ ਅੱਡੇ ਨਾ ਬਣੇ ਰਹਿਣ, ਪਰ ਇਸ ਤੋਂ ਅੱਗੇ ਸਿੱਖਾਂ ਨੂੰ ਨਵੇ ਯੁੱਗ ਦੇ ਹਾਣ ਦਾ ਬਣਨ ਦੀ ਅਗਵਾਈ ਦੇਣ ਦਾ ਕੋਈ ਕਦਮ ਜੋ ਪੁੱਟਣਾ ਚਾਹੀਦਾ ਸੀ ਤਾਂ ਉਹ ਅੱਜ ਤੱਕ ਨਹੀਂ ਪੁੱਟਿਆ ਜਾ ਸਕਿਆ। ਪੁਰਾਣੇ ਕੁਰਬਾਨੀ ਕਰਨ ਵਾਲੇ ਆਗੂ ਤਾਂ ਚਾਰ ਦਿਹਾੜੇ ਬਾਅਦ ਇਸ ਪ੍ਰਬੰਧ ਤੋਂ ਪਾਸੇ ਹਟ ਗਏ ਤੇ ਨਵੇਂ ਆਗੂ ਉਹ ਅੱਗੇ ਆ ਗਏ ਸਨ, ਜਿਨ੍ਹਾਂ ਦੇ ਪੱਲੇ ਇਹੋ ਜਿਹੀ ਕੋਈ ਵਿਰਾਸਤ ਹੀ ਨਹੀਂ ਸੀ। ਉਸ ਦਿਨ ਤੋਂ ਲੈ ਕੇ ਅੱਜ ਤੱਕ ਪ੍ਰਕਾਸ਼ ਸਿੰਘ ਬਾਦਲ ਹੋਵੇ ਜਾਂ ਸਿਮਰਨਜੀਤ ਸਿੰਘ ਮਾਨ, ਇਹ ਮੁਹਾਰਨੀ ਭਾਵੇਂ ਰਟੀ ਜਾਂਦੇ ਹਨ ਕਿ ਸਿੱਖਾਂ ਨੇ ਕੁਰਬਾਨੀਆਂ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕਰਵਾਈ ਸੀ, ਅਸੀਂ ਉਸ 'ਤੇ ਵਾਰ ਨਹੀਂ ਹੋਣ ਦੇਣਾ, ਪਰ ਇਸ ਅੰਦਰ ਹੋ ਰਹੇ ਉਨ੍ਹਾਂ ਘਾਲੇ-ਮਾਲਿਆਂ ਦੀ ਜ਼ਿੰਮੇਵਾਰੀ ਕੋਈ ਨਹੀਂ ਲੈਂਦਾ। ਇਸ ਨਾਲ ਜੁੜੀਆਂ ਸਤਿਕਾਰਤ ਕਹੀਆਂ ਜਾਂਦੀਆਂ ਪਦਵੀਆਂ ਦਾ ਹੁਣ ਜੇ ਸਤਿਕਾਰ ਨਹੀਂ ਹੋ ਰਿਹਾ ਤਾਂ ਇਹ ਵੀ ਸੋਚਣ ਦੀ ਲੋੜ ਹੈ ਕਿ ਅਜਿਹਾ ਕਿਉਂ ਨਹੀਂ ਹੋ ਰਿਹਾ? ਸਾਰਾ ਪ੍ਰਬੰਧ ਗਿਰਾਵਟ ਵਲ ਕਿਉਂ ਜਾ ਰਿਹਾ ਹੈ?

ਬੜੇ ਠੋਸ ਕਾਰਨ ਹਨ ਇਸ ਦੇ। ਜਿਵੇਂ ਕਿਸੇ ਸਮੇਂ 'ਸਿੱਖਾਂ ਦਾ ਬੇਤਾਜ ਬਾਦਸ਼ਾਹ' ਅਖਵਾਉਂਦੇ ਬਾਬਾ ਖੜਕ ਸਿੰਘ ਦੀ ਗੱਲ ਨਹੀਂ ਸੀ ਕੱਟੀ ਜਾਂਦੀ, ਹੁਣ ਓਹੋ ਜਿਹਾ ਕੋਈ ਲੀਡਰ ਨਹੀਂ ਰਹਿ ਗਿਆ। ਮਰਜ਼ੀ ਭਾਵੇਂ ਹੁਣ ਵੀ ਸਿਰਫ ਇੱਕੋ ਬੰਦੇ, ਪ੍ਰਕਾਸ਼ ਸਿੰਘ ਬਾਦਲ ਜਾਂ ਉਸ ਦੇ ਪੁੱਤਰ ਦੀ ਪੁੱਗ ਜਾਂਦੀ ਹੈ, ਪਰ ਇਹ ਬਾਬਾ ਖੜਕ ਸਿੰਘ ਵਾਲੇ ਸਤਿਕਾਰ ਕਾਰਨ ਨਹੀਂ, ਸਗੋਂ ਇਕ ਸਿੱਖ ਧੜੇ ਦੀ ਦੂਜਿਆਂ 'ਤੇ ਭਾਰੂ ਹੋ ਸਕਣ ਦੀ ਤਾਕਤ ਸਦਕਾ ਹੁੰਦਾ ਹੈ। ਆਪਣਾ ਧੜਾ ਭਾਰੂ ਰੱਖਣ ਲਈ ਉਨ੍ਹਾਂ ਨੇ ਵੀ ਸਿੱਖੀ ਸਿਧਾਂਤਾਂ ਜਾਂ ਆਮ ਲੋਕਤੰਤਰੀ ਪ੍ਰੰਪਰਾਵਾਂ ਨੂੰ ਛਿੱਕੇ ਟੰਗ ਦਿੱਤਾ ਹੈ। ਉਹ ਸਿਰਫ ਪੈਸੇ ਵਾਲੀ ਗਾਗਰ ਵਲ ਵੇਖਦੇ ਹਨ, ਸਿੱਖੀ ਜਾਂ ਕਿਸੇ ਸਿਧਾਂਤ ਬਾਰੇ ਪੁੱਛ ਲਿਆ ਜਾਵੇ ਤਾਂ ਇੱਲ ਦਾ ਨਾਂ ਕੋਕੋ ਵੀ ਨਹੀਂ ਜਾਣਦੇ ਹੋਣਗੇ। ਸਤਿਕਾਰਤ ਪਦਵੀਆਂ ਉਨ੍ਹਾਂ ਚਹੇਤਿਆਂ ਨੂੰ ਵਰਤਾਈਆਂ ਜਾਣ ਲੱਗ ਪਈਆਂ ਹਨ ਜਿਨ੍ਹਾਂ ਦੀ ਅਕਲ ਨਾਲੋਂ ਵੱਧ ਵਫਾਦਾਰੀ ਦਾ ਡੰਕਾ ਵੱਜ ਰਿਹਾ ਹੋਵੇ। ਮਾਸਟਰ ਤਾਰਾ ਸਿੰਘ ਵਰਗੇ ਕੱਦਾਵਰ ਆਗੂਆਂ ਵਾਲੀ ਥਾਂ ਹੁਣ ਅਵਤਾਰ ਸਿੰਘ ਮੱਕੜ ਵਰਗੇ ਬੰਦੇ ਅੱਗੇ ਲਿਆਂਦੇ ਗਏ ਹਨ, ਜਿਨ੍ਹਾਂ ਨੂੰ ਪ੍ਰਧਾਨ ਬਣਨ ਤੱਕ ਮੁਹੱਲੇ ਤੋਂ ਬਾਹਰ ਕੋਈ ਨਹੀਂ ਸੀ ਜਾਣਦਾ। ਆਉਂਦੇ ਸਾਰ ਉਨ੍ਹਾਂ ਦੇ ਸਿਰ ਨੂੰ ਪ੍ਰਧਾਨਗੀ ਇੰਜ ਚੜ੍ਹਦੀ ਹੈ ਕਿ ਮੋਗੇ ਵਰਗੇ ਸ਼ਹਿਰ ਦੀ ਨਗਰ ਕੌਂਸਲ ਦੀ ਇਕ ਸੀਟ ਖਾਤਰ ਲੁਧਿਆਣੇ ਦਾ ਲਸ਼ਕਰ ਚਾੜ੍ਹ ਕੇ ਜਲੂਸ ਕਢਵਾ ਲੈਂਦੇ ਹਨ ਤੇ ਮੁਆਫੀ ਮੰਗ ਕੇ ਖਹਿੜਾ ਛੁਡਾਉਣਾ ਪੈ ਜਾਂਦਾ ਹੈ। ਥੋੜ੍ਹੇ ਜਿਹੇ ਸਮੇਂ ਵਾਲੇ ਇਕ ਆਰਜ਼ੀ ਪ੍ਰਧਾਨ ਨੇ ਕਾਰ-ਸੇਵਾ ਮੌਕੇ ਸੋਨੇ ਦੀ ਕਹੀ ਨਾਲ ਟੱਪ ਲਾਉਣ ਦੀ ਜ਼ਿੱਦ ਨਾਲ ਇਕ ਸਕੈਂਡਲ ਖੜਾ ਕਰ ਦਿੱਤਾ ਸੀ ਤੇ ਕਰਤੂਤ ਪੱਲੇ ਇਹ ਹੈ ਕਿ ਆਪਣੇ ਬੱਚੇ ਨੂੰ ਸ਼੍ਰੋਮਣੀ ਕਮੇਟੀ ਦੇ ਮੈਡੀਕਲ ਕਾਲਜ ਵਿਚ ਦਾਖਲ ਕਰਾਉਣ ਬਦਲੇ ਭਰੀ ਜਾਣ ਵਾਲੀ ਫੀਸ ਦੇ ਪੈਸੇ ਅਜੇ ਤੱਕ ਨਹੀਂ ਦੇ ਸਕਿਆ। ਜੇ ਉਹ ਅਕਾਲੀ ਦਲ ਦੇ ਸਰਬ ਸ਼ਕਤੀਮਾਨ ਪ੍ਰਧਾਨ ਦੇ ਗੋਡੀਂ ਹੱਥ ਲਾਉਣ ਵਾਲਾ ਨਾ ਹੁੰਦਾ ਤਾਂ ਇਹ ਪੈਸਾ ਨਾ ਦੇਣ ਦੀ ਉਸਦੀ ਜੁਰਅਤ ਨਹੀਂ ਸੀ ਪੈਣੀ। ਇਕ ਹੋਰ ਇਹੋ ਜਿਹੀ ਬੀਬੀ ਨੂੰ ਪ੍ਰਧਾਨ ਬਣਾ ਦਿੱਤਾ ਗਿਆ ਸੀ, ਜਿਹੜੀ ਹੁਣ ਆਪਣੀ ਧੀ ਦੇ ਕਤਲ ਕੇਸ ਦੀਆਂ ਤਰੀਕਾਂ ਭੁਗਤਦੀ ਫਿਰਦੀ ਹੈ। ਖੁਦ ਉਹ ਇਕ ਡੇਰੇ ਦੀ ਮੁਖੀ ਸੀ ਤੇ ਕਹਿੰਦੀ ਇਹ ਹੁੰਦੀ ਸੀ ਕਿ ਸਿੱਖੀ ਨੂੰ ਡੇਰੇਦਾਰਾਂ ਤੋਂ ਬਹੁਤ ਖਤਰਾ ਹੈ। ਕਿਰਦਾਰ ਦੇ ਕੱਚੇ ਇਹ ਲੋਕ ਸਿੱਖੀ ਨੂੰ ਅੱਗੇ ਕਿਵੇਂ ਲਿਜਾ ਸਕਦੇ ਸਨ?

ਨਤੀਜੇ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਨੂੰ ਭਾਰਤ ਦੀ ਸਭ ਤੋਂ ਪਹਿਲੀ ਚੁਣੀ ਹੋਈ ਸੰਸਥਾ ਹੋਣ ਦਾ ਮਾਣ ਹਾਸਲ ਸੀ, ਅੱਜ ਦੁਰ-ਪ੍ਰਬੰਧ ਦੀ ਇਕ ਵੱਡੀ ਮਿਸਾਲ ਬਣੀ ਪਈ ਹੈ। ਇਸ ਦੀ ਹੋਂਦ ਨੂੰ ਖਤਰਾ ਕਿਸੇ ਸਰਕਾਰ ਜਾਂ ਬਾਹਰੀ ਤਾਕਤਾਂ ਵਲੋਂ ਨਹੀਂ, ਇਸ ਦੇ ਆਪਣੇ ਪ੍ਰਬੰਧ ਦੇ ਅੰਦਰੋਂ ਹੈ ਤੇ ਜਿਨ੍ਹਾਂ ਲੋਕਾਂ ਨੇ ਇਹ



ਹਾਲਤ ਪੈਦਾ ਕੀਤੀ ਹੈ, ਉਹ ਇਸਦਾ ਦੋਸ਼ ਦੂਜਿਆਂ ਸਿਰ ਮੜ੍ਹ ਰਹੇ ਹਨ।

ਸ਼੍ਰੋਮਣੀ ਕਮੇਟੀ ਨੇ ਪਿਛਲੇ ਸਮੇਂ ਵਿਚ ਸਭ ਤੋਂ ਵੱਧ ਨੁਕਸਾਨ ਸਿੱਖੀ ਦੇ ਉਨ੍ਹਾਂ ਸਿਧਾਂਤਾਂ ਦਾ ਘਾਣ ਕਰਨ ਦੇ ਪੱਖ ਤੋਂ ਕੀਤਾ ਹੈ, ਜਿਨ੍ਹਾਂ ਤੋਂ ਸਿਰਫ ਸਿੱਖਾਂ ਨੂੰ ਨਹੀਂ, ਸਮੁੱਚੇ ਪੰਜਾਬ ਅਤੇ ਭਾਰਤ ਦੇ ਲੋਕਾਂ ਨੂੰ ਸੁਚੱਜੀ ਸੇਧ ਮਿਲ ਸਕਦੀ ਸੀ। ਇਸ ਨੇ ਇਕ ਪਿੱਛੋਂ ਦੂਜੀਆਂ, ਕਿਤਾਬਾਂ ਛਾਪੀਆਂ ਜਿਹੜੀਆਂ ਵਾਦ-ਵਿਦਾਦ ਦਾ ਕੇਂਦਰ ਬਣਦੀਆਂ ਰਹੀਆਂ ਕਿਉਂਕਿ ਉਨ੍ਹਾਂ ਵਿਚ ਸਿੱਖੀ ਦੀ ਬੁਨਿਆਦੀ ਸੋਚ ਤੋਂ ਉਲਟ ਜਾ ਕੇ ਗੱਲਾਂ ਲਿਖੀਆਂ ਗਈਆਂ ਸਨ। ਸਿੱਖੀ ਸਿਧਾਂਤਾਂ ਦੀ ਗੱਲ ਤਾਂ ਹੋਈ ਹੀ, ਇਸ ਦੀਆਂ ਛਾਪੀਆਂ ਕਿਤਾਬਾਂ ਵਿਚ ਸਿੱਖੀ ਦੇ ਬਾਨੀ ਗੁਰੂ ਸਾਹਿਬਾਨ ਬਾਰੇ ਵੀ ਅਜਿਹਾ ਊਲ-ਜਲੂਲ ਲਿਖਿਆ ਗਿਆ, ਜਿਸ ਦਾ ਹਵਾਲਾ ਦੇਣਾ ਸਾਨੂੰ ਚੰਗਾ ਨਹੀਂ ਲਗਦਾ। ਦੂਜਿਆਂ ਦੇ ਗਲ ਰੱਸੇ ਪਾਉਣ ਨੂੰ ਇਹ ਕਮੇਟੀ ਤਿਆਰ ਰਹਿੰਦੀ ਹੈ, ਪਰ ਜਦੋਂ ਇਸ ਨੂੰ ਪੀੜ੍ਹੀ ਹੇਠ ਸੋਟਾ ਮਾਰਨ ਨੂੰ ਕਿਹਾ ਜਾਵੇ ਤਾਂ ਜਵਾਬ ਮਿਲਦਾ ਹੈ ਕਿ ਗੁਰੂ ਸਾਹਿਬਾਨ ਬਾਰੇ ਗਲਤ ਗੱਲਾਂ ਛਾਪਣ ਵਾਲੀ ਇਸ ਕਿਤਾਬ ਨੂੰ ਪ੍ਰਵਾਨਗੀ ਦੇਣ ਜਾਂ ਛਾਪਣ ਦੇ ਰਿਕਾਰਡ ਦੀ ਭਾਲ ਕੀਤੀ ਗਈ ਹੈ ਤੇ ਉਹ ਕਿਤੇ ਲੱਭਾ ਹੀ ਨਹੀਂ। ਹਾਸੋਹੀਣੀ ਗੱਲ ਇਹ ਵੀ ਆਖ ਦਿੱਤੀ ਜਾਂਦੀ ਹੈ ਕਿ ਇਸ ਕਿਤਾਬ ਦੀਆਂ ਸਿਰਫ ਤਿੰਨ ਸੌ ਕਾਪੀਆਂ ਹੀ ਛਪਵਾਈਆਂ ਸਨ ਤੇ ਉਹ ਮੁੱਕ ਗਈਆਂ ਹਨ, ਇਸ ਕਰ ਕੇ ਹੁਣ ਇਸ ਬਾਰੇ ਚਰਚਾ ਕਰਨ ਦੀ ਲੋੜ ਨਹੀਂ ਰਹੀ। ਉਸ ਨੂੰ ਲੋੜ ਹੋਵੇ ਜਾਂ ਨਾ ਹੋਵੇ, ਜਿਨ੍ਹਾਂ ਦੇ ਹੱਥਾਂ ਵਿਚ ਉਹ ਕਿਤਾਬ ਇਕ ਵਾਰੀ ਆ ਚੁੱਕੀ ਹੈ, ਉਹ ਉਸ ਦਾ ਹਵਾਲਾ ਦੇਣ ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਰੋਕ ਨਹੀਂ ਸਕਦੀ। ਸਥਿਤੀ ਦਾ ਦੂਜਾ ਪਹਿਲੂ ਇਹ ਹੈ ਕਿ ਜਿਨ੍ਹਾਂ ਕਿਤਾਬਾਂ 'ਤੇ ਸ਼੍ਰੋਮਣੀ ਕਮੇਟੀ ਨੇ ਪਾਬੰਦੀ ਲਾਈ ਜਾਂ ਸਿੰਘ ਸਾਹਿਬਾਨ ਨੂੰ ਕਹਿ ਕੇ ਲਗਵਾਈ ਹੈ, ਉਨ੍ਹਾਂ ਦਾ ਨੁਕਸ ਵੀ ਅੱਜ ਤੱਕ ਨਹੀਂ ਦੱਸ ਸਕੀ।

ਇਕ ਕਿਤਾਬ ਬਾਬਾ ਪਿਆਰਾ ਸਿੰਘ ਭਨਿਆਰੇ ਵਾਲੇ ਨੇ ਲਿਖੀ ਸੀ, ਜਿਸ ਨੂੰ ਉਹ 'ਭਵਸਾਗਰ ਗ੍ਰੰਥ' ਕਹਿੰਦਾ ਹੈ, ਉਸ 'ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪਾਬੰਦੀ ਲਗਵਾ ਦਿੱਤੀ ਗਈ। ਓਦੋਂ ਪੰਜਾਬ ਵਿਚ ਸਰਕਾਰ ਉਸੇ ਮੁੱਖ ਮੰਤਰੀ ਦੀ ਸੀ, ਜਿਸ ਦੇ ਧੜੇ ਦਾ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਸੀ, ਇਸ ਕਰ ਕੇ ਉਹ ਪਾਬੰਦੀ ਸਰਕਾਰੀ ਮਸ਼ੀਨਰੀ ਨੂੰ ਵਰਤ ਕੇ ਬੜੇ ਜੋਸ਼-ਖਰੋਸ਼ ਨਾਲ ਲਾਗੂ ਕੀਤੀ ਗਈ, ਪਰ ਹੁਣ ਜਦੋਂ ਫਿਰ ਮੁੱਖ ਮੰਤਰੀ ਦੀ ਸਰਕਾਰ ਹੈ ਤਾਂ ਉਸ ਕਿਤਾਬ ਦੀ ਪਾਬੰਦੀ ਦਾ ਮਾਮਲਾ ਇਸ ਦੇ ਸੰਘ ਦੀ ਹੱਡੀ ਬਣ ਗਿਆ ਹੈ। ਕੇਸ ਹਾਈ ਕੋਰਟ ਵਿਚ ਸੀ ਤੇ ਪਿਆਰਾ ਸਿੰਘ ਨੇ ਉਥੇ ਮੰਗ ਕੀਤੀ ਕਿ ਉਸ ਨੂੰ ਉਸ ਦੇ ਗ੍ਰੰਥ ਵਿਚਲਾ ਨੁਕਸ ਦੱਸਿਆ ਜਾਵੇ, ਜਿਸ ਕਰ ਕੇ ਪਾਬੰਦੀ ਲਾਈ ਗਈ, ਪਰ ਪੰਜਾਬ ਸਰਕਾਰ ਇਹ ਦੱਸ ਨਹੀਂ ਸਕੀ। ਫਿਰ ਅਦਾਲਤ ਨੇ ਇਹ ਕਹਿ ਦਿੱਤਾ ਕਿ ਵਿਦਵਾਨਾਂ ਦੀ ਕਮੇਟੀ ਬਣਾ ਕੇ ਇਸ ਬਾਰੇ ਤੱਥ ਸਾਹਮਣੇ ਲਿਆਂਦੇ ਜਾਣ, ਪਰ ਤੱਥ ਲੱਭ ਕੇ ਲਿਆਉਣ ਦੀ ਥਾਂ ਇਹ ਕਹਿ ਦਿੱਤਾ ਕਿ ਅਕਾਲ ਤਖਤ ਸਾਹਿਬ ਨੇ ਇਸ ਕਿਤਾਬ ਦੇ ਪੜ੍ਹਨ 'ਤੇ ਪਾਬੰਦੀ ਲਾ ਦਿੱਤੀ ਹੈ, ਇਸ ਕਰ ਕੇ ਕੋਈ ਸਿੱਖ ਇਸ ਨੂੰ ਪੜ੍ਹਨ ਲਈ ਤਿਆਰ ਨਹੀਂ। ਕਾਨੂੰਨ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਦੀ ਲੋੜ ਦਾ ਮੁਥਾਜ ਨਹੀਂ ਬਣ ਸਕਦਾ, ਇਸ ਨੇ ਆਪਣੀਆਂ ਹੱਦਾਂ ਵਿਚ ਰਹਿ ਕੇ ਕੰਮ ਕਰਨਾ ਹੁੰਦਾ ਹੈ ਤੇ ਜਦੋਂ ਇਹ ਆਪਣਾ ਕੰਮ ਕਰਨ ਲੱਗਾ ਤਾਂ ਪੰਜਾਬ ਸਰਕਾਰ ਇਸ ਪਾਬੰਦੀ ਨੂੰ ਪੱਕੀ ਲਾਈ ਰੱਖਣ ਲਈ ਸੁਪਰੀਮ ਕੋਰਟ ਵਲ ਨੱਸ ਤੁਰੀ ਹੈ। ਓਧਰ ਨੂੰ ਨੱਸਣ ਦਾ ਮਤਲਬ ਇਹ ਨਹੀਂ ਕਿ ਪਾਬੰਦੀ ਲਾਉਣ ਨੂੰ ਸਹੀ ਸਾਬਤ ਕਰਨਾ ਹੈ, ਸਗੋਂ ਇਹ ਹੈ ਕਿ ਸਰਕਾਰ ਦਾ ਬਾਕੀ ਬਚਦਾ ਸਮਾਂ ਕਿਸੇ ਤਰ੍ਹਾਂ ਲੰਘਾ ਲਿਆ ਜਾਵੇ ਤੇ ਫਿਰ ਹਟ ਵੀ ਜਾਵੇਗੀ ਤਾਂ ਕਹਿ ਸਕਾਂਗੇ ਕਿ ਕਾਂਗਰਸ ਸਰਕਾਰ ਨੇ ਹਟਾ ਦਿੱਤੀ ਹੈ। ਇਹ ਵਤੀਰਾ ਰਾਜਸੀ ਪੱਖੋਂ ਤਾਂ ਠੀਕ ਹੈ, ਸਮਾਜੀ ਇਖਲਾਕ ਦੇ ਪੱਖ ਤੋਂ ਨਹੀਂ।

ਸ਼੍ਰੋਮਣੀ ਕਮੇਟੀ ਦਾ ਇਹ ਵਤੀਰਾ ਪਿਆਰਾ ਸਿੰਘ ਤੋਂ ਪਹਿਲਾਂ ਪਿਆਰ ਸਿੰਘ ਦੇ ਮਾਮਲੇ ਵਿਚ ਵੀ ਵੇਖਿਆ ਗਿਆ ਸੀ। ਡਾਕਟਰ ਪਿਆਰ ਸਿੰਘ ਕੋਈ ਡੇਰੇਦਾਰ ਸਾਧ ਨਹੀਂ, ਸਗੋਂ ਇਕ ਮੰਨਿਆ ਹੋਇਆ ਸਿੱਖ ਵਿਦਵਾਨ ਸੀ। ਉਸ ਨੇ ਲੰਮੀ ਖੋਜ ਮਗਰੋਂ ਇਹ ਕਿਤਾਬ ਲਿਖੀ ਸੀ ਕਿ ਗੁਰੂ ਅਰਜਨ ਦੇਵ ਜੀ ਵਲੋਂ ਆਦਿ ਗ੍ਰੰਥ ਦੀ ਸੰਪਾਦਨਾ ਕਰਨ ਤੋਂ ਪਹਿਲਾਂ ਸਾਰੀ ਬਾਣੀ ਕਿੱਥੇ-ਕਿੱਥੇ ਪਈ ਸੀ ਤੇ ਉਹ ਕਿਵੇਂ ਇਕ ਥਾਂ ਇਕੱਤਰ ਕੀਤੀ ਗਈ? ਇਸ ਦੇ ਨਾਲ ਉਸਨੇ ਇਹ ਗੱਲ ਵੀ ਵਿਚਾਰ ਗੋਚਰੇ ਲਿਆਂਦੀ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਵਿਚ ਕਿੰਨੀ ਕਿਸਮ ਦੇ ਫਰਕ ਹਨ ਤੇ ਇਸ ਬਾਰੇ ਵੱਖ-ਵੱਖ ਸਿੱਖ ਖੋਜੀਆਂ ਦੀ ਆਹ ਰਾਏ ਹੈ। ਕੁਝ ਇਕ ਸਿੱਖ ਵਿਦਵਾਨਾਂ ਨੇ ਅਕਾਲ ਤਖਤ ਸਾਹਿਬ ਦੇ ਉਸ ਸਮੇਂ ਦੇ ਐਕਟਿੰਗ ਜਥੇਦਾਰ ਕੋਲ ਜਾ ਕੇ ਪਹੁੰਚ ਕੀਤੀ, ਮੌਕੇ ਦਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਵੀ ਉਨ੍ਹਾਂ ਨਾਲ ਮਿਲ ਗਿਆ। ਮਾੜੀ-ਮੋਟੀ ਅੰਦਰ ਸੱਦ ਕੇ ਕੀਤੀ ਪੁੱਛਗਿੱਛ, ਜਿਹੜੀ ਕਿਤਾਬ ਬਾਰੇ ਜਾਣਕਾਰੀ ਪ੍ਰਾਪਤ ਕਰਨ ਨਾਲੋਂ ਵੱਧ ਚੁੱਪ ਕਰਕੇ ਭਾਣਾ ਮੰਨਣ ਦੀ ਤਾਕੀਦ ਕਰਨ ਵਰਗੀ ਸੀ, ਤੋਂ ਬਾਅਦ ਉਸ ਦੀ ਕਿਤਾਬ 'ਤੇ ਪਾਬੰਦੀ ਲਾ ਕੇ, ਨਾਲ ਦੀ ਨਾਲ ਉਸ ਨੂੰ ਧਾਰਮਿਕ ਸਜ਼ਾ ਵਜੋਂ 'ਤਨਖਾਹ' ਲਾ ਦਿੱਤੀ। ਡਾਕਟਰ ਪਿਆਰ ਸਿੰਘ ਨੇ ਉਹ ਤਨਖਾਹ ਨਿਭਾਈ ਘੱਟ ਤੇ ਉਮਰ ਦੀ ਸ਼ਾਮ ਵੇਲੇ ਭੁਗਤੀ ਵੱਧ, ਪਰ ਜਦੋਂ ਉਹ ਸਜ਼ਾ ਪੂਰੀ ਕਰ ਕੇ ਅਕਾਲ ਤਖਤ ਸਾਹਿਬ ਅੱਗੇ ਪ੍ਰਸ਼ਾਦ ਕਰਾਉਣ ਗਿਆ ਤਾਂ ਅਕਾਲ ਤਖਤ ਸਾਹਿਬ ਦਾ ਐਕਟਿੰਗ ਜਥੇਦਾਰ ਉਸ ਦਾ ਸਾਹਮਣਾ ਕਰਨ ਦੀ ਥਾਂ ਮੌਕੇ ਤੋਂ ਖਿਸਕ



ਗਿਆ। ਇਹ ਇਖਲਾਕੀ ਜਿੱਤ ਹਾਸਲ ਕਰਨ ਮਗਰੋਂ ਡਾਕਟਰ ਪਿਆਰ ਸਿੰਘ ਇਹ ਪੁੱਛਦਾ ਹੋਇਆ ਇਸ ਦੁਨੀਆ ਤੋਂ ਰੁਖਸਤ ਹੋ ਗਿਆ ਕਿ ਉਸ ਨੂੰ ਉਸ ਦੀ ਕਿਤਾਬ ਦਾ ਨੁਕਸ ਦੱਸ ਦਿੱਤਾ ਜਾਵੇ, ਪਰ ਕੋਈ ਦੱਸ ਨਹੀਂ ਸੀ ਸਕਿਆ। ਡਾਕਟਰ ਪਿਆਰ ਸਿੰਘ ਤਾਂ ਮਰਨ ਤੋਂ ਪਹਿਲਾਂ ਆਪਣੀ ਕਿਤਾਬ ਨਾਲ ਜੁੜੇ ਸਾਰੇ ਵਿਵਾਦ ਬਾਰੇ ਇਕ ਹੋਰ ਕਿਤਾਬ ਲਿਖ ਕੇ ਆਪਣਾ ਪੱਖ ਲੋਕਾਂ ਸਾਹਮਣੇ ਰੱਖ ਗਿਆ, ਪਰ ਜਿਸ ਜਥੇਦਾਰ ਨੇ ਇਹ ਚੰਦ ਚਾੜ੍ਹਿਆ ਸੀ, ਜਦੋਂ ਉਸ ਨੂੰ ਜਥੇਦਾਰੀ ਤੋਂ ਪਾਸੇ ਕੀਤਾ ਗਿਆ ਤਾਂ ਉਸ 'ਤੇ ਪ੍ਰਾਪਰਟੀ ਡੀਲਰੀ ਦੇ ਵੀ ਦੋਸ਼ ਲੱਗ ਰਹੇ ਸਨ, ਵਿਦੇਸ਼ਾਂ ਨੂੰ ਧਰਮ ਪ੍ਰਚਾਰ ਬਹਾਨੇ ਕਬੂਤਰਬਾਜ਼ੀ ਦੇ ਵੀ ਅਤੇ ਬਦ-ਇਖਲਾਕੀ ਦੇ ਵੀ। ਕੀ ਇਸ ਨਾਲ ਸਿੱਖੀ ਦਾ ਸਿਰ ਉਚਾ ਹੋ ਗਿਆ ਸੀ।

ਕੁਝ ਸਾਲ ਪਹਿਲਾਂ ਇਕ ਵਾਰੀ ਇਹ ਗੱਲ ਵਿਵਾਦ ਦਾ ਵਿਸ਼ਾ ਬਣ ਗਈ ਕਿ ਇਕ ਥਾਂ ਕਾਂਗਰਸੀ ਲੀਡਰ ਦੇ ਆਖੇ ਲੱਗ ਕੇ ਆਜ਼ਾਦੀ ਦੇ ਦਿਨ ਮੌਕੇ ਇਕ ਗੁਰਦੁਆਰੇ ਅੰਦਰ ਭਾਰਤ ਦਾ ਤਿਰੰਗਾ ਝੰਡਾ ਲਾਇਆ ਗਿਆ ਹੈ। ਉਸ ਕਾਂਗਰਸੀ ਲੀਡਰ ਨੇ ਕਹਿ ਦਿੱਤਾ ਕਿ ਉਹ ਤਾਂ ਉਸ ਦਿਨ ਉਸ ਸ਼ਹਿਰ ਵਿਚ ਹੀ ਨਹੀਂ ਸੀ, ਪਰ ਗੱਲ ਅਖ਼ਬਾਰਾਂ ਦੇ ਪਹਿਲੇ ਸਫੇ ਵਲ ਨੂੰ ਤੁਰ ਪਈ। ਐਨ ਇਸ ਮੌਕੇ ਇਕ ਸਿੱਖ ਰਸਾਲੇ ਨੇ ਇਕ ਫੋਟੋ ਛਾਪ ਦਿੱਤੀ, ਜਿਸ ਵਿਚ ਅਮਰੀਕਾ ਦੇ ਇਕ ਗੁਰਦੁਆਰੇ ਵਿਚ ਇੱਕੋ ਖੰਭੇ 'ਤੇ, ਸਿੱਖਾਂ ਦੇ ਧਾਰਮਿਕ ਨਿਸ਼ਾਨ ਸਾਹਿਬ ਦੇ 'ਤੇ ਅਮਰੀਕੀ ਸਰਕਾਰ ਦਾ ਝੰਡਾ ਵੀ ਝੁੱਲ ਰਿਹਾ ਸੀ। ਭਾਰਤ ਦਾ ਝੰਡਾ ਤਾਂ ਕਿਸੇ ਗੁਰਦੁਆਰੇ ਵਿਚ ਆਇਆ ਸਾਬਤ ਨਾ ਹੋ ਸਕਿਆ, ਹਾਲਾਂਕਿ ਆ ਜਾਂਦਾ ਤਾਂ ਕੋਈ ਗੁਨਾਹ ਨਹੀਂ ਸੀ ਹੋ ਜਾਣਾ, ਪਰ ਨਿਸ਼ਾਨ ਸਾਹਿਬ ਦੇ 'ਤੇ ਅਮਰੀਕਾ ਦਾ ਝੰਡਾ ਜਿੱਥੇ ਝੂਲ ਰਿਹਾ ਸੀ, ਉਸ ਦੇ ਹੇਠਾਂ ਉਸ ਸਮੇਂ ਦੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਖੜੇ ਸਨ। ਇਸ ਦਾ ਕਦੇ ਵੀ ਖੰਡਨ ਨਹੀਂ ਕੀਤਾ ਗਿਆ।

ਵਿਦੇਸ਼ਾਂ ਦੇ ਸਿੱਖਾਂ ਨੂੰ ਲੰਗਰ ਵਿਚ ਪੰਗਤ ਅਤੇ ਸੰਗਤ ਦੀ ਬਰਾਬਰੀ ਦੇ ਸਿਧਾਂਤ ਦੀ ਪੂਰੀ ਪਾਲਣਾ ਕਰਦੇ ਹੋਏ ਵੀ ਮੇਜ਼ ਕੁਰਸੀਆਂ ਰੱਖ ਲੈਣ ਦੀ ਸੇਧ ਪਿਛਲੀ ਸਦੀ ਵਿਚ ਉਨ੍ਹਾਂ ਸਿੱਖ ਵਿਦਵਾਨਾਂ ਨੇ ਦਿੱਤੀ ਸੀ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਰਹਿਤ ਮਰਿਯਾਦਾ ਤਿਆਰ ਕੀਤੀ ਸੀ, ਪਰ ਸੱਠ ਸਾਲ ਬਾਅਦ ਇਸ ਨੂੰ ਵਿਵਾਦ ਦਾ ਵਿਸ਼ਾ ਬਣਾ ਦਿੱਤਾ ਗਿਆ। ਕੁਝ ਲੋਕਾਂ ਨੇ ਅਕਾਲ ਤਖਤ ਸਾਹਿਬ ਦੇ ਇਕ ਜਥੇਦਾਰ ਤੱਕ ਪਹੁੰਚ ਕਰ ਕੇ ਇਹ ਹੁਕਮਨਾਮਾ ਕਰਵਾ ਦਿੱਤਾ ਕਿ ਉਥੋਂ ਮੇਜ਼-ਕੁਰਸੀਆਂ ਚੁੱਕ ਦਿਓ। ਇਸ ਹੁਕਮਨਾਮੇ ਦੇ ਹੱਕ ਤੇ ਵਿਰੋਧ ਵਾਲਿਆਂ ਦੀ ਖਹਿਬਾਜ਼ੀ ਨੇ ਕਤਲਾਂ ਦੀ ਨੌਬਤ ਵੀ ਲੈ ਆਂਦੀ। ਹੁਣ ਇਹ ਹਾਲ ਹੈ ਕਿ ਵਿਦੇਸ਼ ਦੇ ਕਿਸੇ ਗੁਰਦੁਆਰੇ ਦੇ ਲੰਗਰ ਵਿਚ ਮੇਜ਼-ਕੁਰਸੀਆਂ ਵੀ ਲੱਗੀਆਂ ਹਨ ਅਤੇ ਸਫਾਂ ਵੀ ਵਿਛਾਈਆਂ ਪਈਆਂ ਹਨ। ਇੰਜ ਇਕ ਬਰਾਬਰ ਬੈਠ ਕੇ ਚੱਲ ਰਹੀ ਪ੍ਰੰਪਰਾ ਇਕ ਸੂਝ ਤੋਂ ਸੱਖਣੇ ਜਥੇਦਾਰ ਦੀ ਹਉਮੈ ਦਾ ਸ਼ਿਕਾਰ ਹੋ ਗਈ, ਪਰ ਪੰਜਾਬ ਵਿਚ ਹੀ ਕਈ ਥਾਈਂ ਕੁਰਸੀਆਂ 'ਤੇ ਬੈਠ ਕੇ ਲੰਗਰ ਛਕਦੇ ਜਥੇਦਾਰਾਂ ਦੀਆਂ ਫੋਟੋ ਅਖਬਾਰਾਂ ਵਿਚ ਛਪ ਰਹੀਆਂ ਹਨ, ਉਨ੍ਹਾਂ ਵਲ ਕੋਈ ਧਿਆਨ ਨਹੀਂ ਦੇਂਦਾ। ਏਦਾਂ ਦੇ ਕਈ ਹਾਸੋਹੀਣੇ ਹੁਕਮਨਾਮੇ ਕੀਤੇ ਜਾਂਦੇ ਰਹੇ, ਜਿਨ੍ਹਾਂ ਦਾ ਆਧਾਰ ਹੀ ਕੋਈ ਨਹੀਂ। ਇਕ ਵਾਰ ਪੰਜ ਸਿੰਘ ਸਾਹਿਬਾਨ ਨੇ ਅੰਮ੍ਰਿਤਸਰ ਬੈਠ ਕੇ ਕੈਨੇਡਾ ਦੇ ਸੱਤ ਸਿੱਖਾਂ ਨੂੰ ਸਿੱਖੀ ਵਿਚੋਂ ਖਾਰਜ ਕਰਨ ਦਾ ਹੁਕਮਨਾਮਾ ਕੀਤਾ ਤੇ ਅਗਲੇ ਮਹੀਨੇ ਅਮਰੀਕਾ ਦੇ ਸ਼ਹਿਰ ਫੀਨਿਕਸ ਜਾ ਕੇ ਉਨ੍ਹਾਂ ਪੰਜਾਂ ਵਿਚੋਂ ਦੋ ਸਿੰਘ ਸਾਹਿਬਾਨ ਹੀ ਉਨ੍ਹਾਂ ਖਾਰਜ ਕੀਤੇ ਸੱਤ ਸਿੱਖਾਂ ਵਿਚੋਂ ਤਿੰਨਾਂ ਦੇ ਗਲ ਸਿਰੋਪੇ ਪਾ ਕੇ ਸਨਮਾਨ ਕਰ ਆਏ ਸਨ।

ਸਾਡੇ ਕੋਲ ਰਿਪੋਰਟਾਂ ਆਉਂਦੀਆਂ ਹਨ ਕਿ ਸਿੰਘ ਸਾਹਿਬਾਨ ਦੀਆਂ ਫੇਰੀਆਂ ਡਾਲਰਾਂ ਦੀ ਝਾਕ ਵਿਚ ਕੀਤੀਆਂ ਜਾ ਰਹੀਆਂ ਹਨ। ਇਕ ਤਖਤ ਸਾਹਿਬ ਦੇ ਜਥੇਦਾਰ ਦੀ ਚੋਖੀ ਭੰਡੀ ਹੋ ਚੁੱਕੀ ਹੈ ਕਿ ਉਹ ਵਿਦੇਸ਼ ਤੋਂ ਸਾਂਝੇ ਭਲੇ ਦੇ ਨਾਂ 'ਤੇ ਨੱਬੇ ਲੱਖ ਰੁਪਏ ਲੈ ਆਇਆ ਤੇ ਫਿਰ ਇਸ ਦਾ ਧੂੰਆਂ ਨਾ ਨਿਕਲਣ ਦਿੱਤਾ। ਦੋ ਕੁ ਸਾਲ ਪਿੱਛੋਂ ਗੱਲ ਚੱਲੀ ਤਾਂ ਮੰਨ ਗਿਆ ਕਿ ਪੈਸੇ ਲਿਆਂਦੇ ਸਨ, ਪਰ ਨਿੱਜੀ ਖਾਤੇ ਵਿਚ ਬੈਂਕ ਵਿਚ ਰੱਖੇ ਹੋਏ ਹਨ। ਕਈ ਸਿੰਘ ਸਾਹਿਬਾਨ ਕਾਰੋਬਾਰੀ ਕਿਸਮ ਦੀਆਂ ਸੰਸਥਾਵਾਂ ਨਾਲ ਸੌਦਾ ਮਾਰ ਕੇ ਵਿਦੇਸ਼ ਫੇਰੀ 'ਤੇ ਜਾਂਦੇ ਹਨ, ਜਿਸ ਵਿਚ ਤੈਅ ਹੁੰਦਾ ਹੈ ਕਿ ਆਉਣ-ਜਾਣ ਲਈ ਟਿਕਟਾਂ ਤੋਂ ਇਲਾਵਾ ਐਨੇ ਪੌਂਡ ਹਫਤੇ ਦੇ ਅੰਤਲੇ ਦੋ ਦਿਨ ਕਥਾ ਕਰਨ ਦੇ ਦਿੱਤੇ ਜਾਣਗੇ ਤੇ ਬਾਕੀ ਦਿਨਾਂ 'ਚ ਜਥੇਦਾਰ ਕਿਸੇ ਦੇ ਘਰ ਜਾਵੇ ਜਾਂ ਕਿਸੇ ਹੋਰ ਥਾਂ, ਜਿੰਨੇ ਪੈਸੇ ਉਥੋਂ ਹੋਣਗੇ, ਉਹ ਉਸ ਦੇ ਪੱਲੇ ਰਹਿਣਗੇ। ਤਨਖਾਹ ਨਾਲੋਂ ਦਸ-ਬਾਰਾਂ ਗੁਣਾ ਜਦੋਂ ਇੱਕੋ ਫੇਰੇ ਵਿਚ ਹੋ ਜਾਂਦੇ ਹਨ ਤਾਂ ਉਹ ਇਥੇ ਬੈਠ ਕੇ ਫਾਈਲਾਂ ਫੋਲਣ ਜਾਂ ਮਰਿਯਾਦਾ ਬਾਰੇ ਸੋਚਣ ਦੀ ਥਾਂ ਬਾਹਰ ਦੀਆਂ ਦੌੜਾਂ ਕਿਉਂ ਨਾ ਲਾਉਣ? ਅੱਗੇ ਉਨ੍ਹਾਂ ਨੂੰ ਸੱਦਣ ਵਾਲੇ ਵੀ ਘੱਟ ਨਹੀਂ। ਕਈ ਸਾਲ ਪਹਿਲਾਂ ਇਕ ਸਿੰਘ ਸਾਹਿਬ ਨੂੰ ਵਿਦੇਸ਼ੀ ਸ਼ਹਿਰ ਦੀ ਸੰਗਤ ਨੇ ਸੱਦਿਆ ਤਾਂ ਇਕ ਸੌ ਇਕ ਨੰਗੀਆਂ ਤਲਵਾਰਾਂ ਦੀ ਸਲਾਮੀ ਦਿੱਤੀ ਗਈ, ਪਰ ਅਗਲੀ ਵਾਰ ਉਹ ਉਨ੍ਹਾਂ ਦੇ ਵਿਰੋਧੀ ਧੜੇ ਦੇ ਆਖੇ ਪ੍ਰੋਗਰਾਮ ਬਣਾ ਬੈਠਾ ਤਾਂ ਉਹੋ ਲੋਕ ਉਸ ਨੂੰ ਸਿਰ ਲਾਹ ਦੇਣ ਦੀ ਧਮਕੀ ਦੇਣ ਲੱਗ ਪਏ ਸਨ।

ਵਿਦੇਸ਼ ਦੇ ਗੁਰਦੁਆਰੇ ਸਿਰਫ ਸਿੱਖਾਂ ਦੇ ਧਾਰਮਿਕ ਅਸਥਾਨ ਨਹੀਂ, ਸਗੋਂ ਸਾਰੇ ਪੰਜਾਬੀਆਂ ਦੇ ਸਮਾਜਿਕ ਮਿਲਾਪ ਦੇ ਕੇਂਦਰ ਹਨ। ਉਥੇ ਜਦੋਂ ਇਹ ਕੁਝ ਵਾਪਰਦਾ ਹੈ ਤਾਂ ਇਸ ਦੇ ਸਿੱਟੇ ਵਜੋਂ ਪੈਣ ਵਾਲੇ ਧਮੱਚੜ ਨਾਲ ਇਕੱਲੇ ਸਿੱਖਾਂ ਦੀ ਨਹੀਂ, ਸਮੁੱਚੇ ਪੰਜਾਬੀਆਂ ਦੀ ਸਾਖ ਨੂੰ ਵੱਟਾ ਲਗਦਾ ਹੈ। ਹਾਲੇ ਪਿਛਲੇ ਦਿਨੀਂ ਇਕ ਧੜੇ ਦੇ ਕਹਿਣ 'ਤੇ ਅਕਾਲ ਤਖਤ ਸਾਹਿਬ ਦੇ ਮੌਜੂਦਾ ਜਥੇਦਾਰ ਅਮਰੀਕਾ ਜਾ ਕੇ ਇਕ-ਗੁਰੂ-ਘਰ ਅੰਦਰ ਇਹੋ ਕੁਝ ਕਰਵਾ ਆਏ ਹਨ। ਸ਼੍ਰੋਮਣੀ ਕਮੇਟੀ ਨਾ ਤਾਂ ਅੰਮ੍ਰਿਤਸਰ ਵਿਚਲਾ ਪ੍ਰਬੰਧ ਠੀਕ-ਠਾਕ ਚਲਾ ਸਕਣ ਦੇ ਸਮਰੱਥ ਸਾਬਤ ਹੋ ਰਹੀ ਹੈ ਅਤੇ ਨਾ ਸਿੱਖੀ ਦੇ ਉਨ੍ਹਾਂ ਸਿਧਾਂਤਾਂ ਦੀ ਰਾਖੀ ਕਰਨ ਵਾਸਤੇ ਕੁਝ ਕਰਦੀ ਹੈ, ਜਿਨ੍ਹਾਂ ਦਾ ਸਬੰਧ ਸਮੁੱਚੇ ਪੰਜਾਬੀਆਂ ਦੇ ਭਲੇ ਨਾਲ ਹੈ। ਅਗਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ, ਜਿਸ ਵਿਚ ਇਹ ਗੱਲਾਂ ਏਜੰਡੇ 'ਤੇ ਹੋਣੀਆਂ ਚਾਹੀਦੀਆਂ ਹਨ, ਪਰ ਕਿਸੇ ਵੀ ਧੜੇ ਜਾਂ ਧਿਰ ਦੇ ਏਜੰਡੇ ਵਿਚ ਇਹ ਨਹੀਂ ਲੱਭ ਰਹੀਆਂ। ਜੇ ਕੁਝ ਲੱਭ ਰਿਹਾ ਹੈ ਤਾਂ ਸਿਰਫ ਨਿੱਜੀ ਕਿਸਮ ਦੀ ਦੂਸ਼ਣਬਾਜ਼ੀ ਹੀ। ਇਨ੍ਹਾਂ ਚੋਣਾਂ ਵਿਚੋਂ ਸਿੱਖਾਂ ਜਾਂ ਪੰਜਾਬ ਦੇ ਭਲੇ ਲਈ ਕੀ ਨਿਕਲ ਸਕੇਗਾ? ਸਿਰਫ ਇਕ ਚੋਣ ਹੀ ਹੋਵੇਗੀ, ਉਸੇ ਤਰ੍ਹਾਂ ਦੀ ਚੋਣ, ਜਿਹੋ ਜਿਹੀ ਅੱਜਕੱਲ੍ਹ ਪਾਰਲੀਮੈਂਟ ਜਾਂ ਅਸੈਂਬਲੀ ਲਈ ਹੁੰਦੀ ਵੇਖੀ ਜਾਂਦੀ ਹੈ ਜਾਂ ਫਿਰ ਮੰਡ ਦੇ ਕਿਸੇ ਬਦਨਾਮ ਪਿੰਡ ਦੀ ਪੰਚਾਇਤ ਲਈ ਵੀ।

## ਨਿਯਮਾਂ ਨੂੰ ਛਿੱਕੇ ਟੰਗ ਕੇ ਹੋ ਰਹੇ ਨੇ ਪੁਲਿਸ ਦੇ ਤਬਾਦਲੇ

**ਜਲੰਧਰ :** ਪੰਜਾਬ ਵਿਚ ਇਨ੍ਹਾਂ ਦਿਨਾਂ ਵਿਚ ਪੁਲਿਸ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਬਦਲੀਆਂ ਦਾ ਹੜ੍ਹ ਜਿਹਾ ਆ ਗਿਆ ਹੈ। ਇਹ ਸਾਰਾ ਕੁਝ ਅਮਲਾ ਵਿਭਾਗ ਦੇ ਆਦੇਸ਼ਾਂ ਨੂੰ ਦਰਕਨਾਰ ਕਰ ਕੇ ਕੀਤਾ ਜਾ ਰਿਹਾ ਹੈ। ਨਿਯਮਾਂ ਦੇ ਅਨੁਸਾਰ ਘੱਟੋ-ਘੱਟ 3 ਸਾਲ ਤੋਂ ਪਹਿਲਾਂ ਕਿਸੇ ਦੀ ਬਦਲੀ ਨਹੀਂ ਕੀਤੀ ਜਾ ਸਕਦੀ। ਪਰ ਪੁਲਿਸ ਵਿਭਾਗ ਨੂੰ ਲਗਦਾ ਹੈ ਕਿ ਇਨ੍ਹਾਂ ਨਿਯਮਾਂ ਦੀ ਕੋਈ ਕਦਰ ਨਹੀਂ ਹੈ। ਵਿਭਾਗ ਵਿਚ ਕੁਝ ਦਿਨਾਂ ਜਾਂ ਮਹੀਨਿਆਂ ਦੇ ਕਾਰਜਕਾਲ ਵਾਲੇ ਅਧਿਕਾਰੀਆਂ ਦੇ ਵੀ ਤਬਾਦਲੇ ਹੋ ਰਹੇ ਹਨ। ਅਧਿਕਾਰੀ ਆਪਣੇ ਹਲਕੇ ਨੂੰ ਪੂਰੀ ਤਰ੍ਹਾਂ ਸਮਝ ਵੀ ਨਹੀਂ ਪਾਉਂਦੇ ਕਿ ਉਨ੍ਹਾਂ ਦੀ ਬਦਲੀ ਹੋ ਜਾਂਦੀ ਹੈ। ਇਸ ਦੇ ਕਾਰਨ ਅਧਿਕਾਰੀਆਂ ਦੇ ਮਨੋਬਲ 'ਤੇ ਅਸਰ ਪੈ ਰਿਹਾ ਹੈ। ਇਸ ਦੇ ਨਾਲ ਸੰਬੰਧਿਤ ਹਲਕੇ ਅਤੇ ਵਿਭਾਗ ਦੀ ਕਾਰਜਗੁਜ਼ਾਰੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।

ਅਮਲਾ ਵਿਭਾਗ ਦੇ ਉਪ ਸਕੱਤਰ ਵਲੋਂ 4 ਜੂਨ 2010 ਨੂੰ ਜਾਰੀ ਪੱਤਰ ਅਨੁਸਾਰ ਇਕ ਜਗ੍ਹਾ 'ਤੇ 3 ਤੋਂ 5 ਸਾਲ ਤੱਕ ਦੀ ਤਾਇਨਾਤੀ ਨੂੰ ਘੱਟੋ-ਘੱਟ ਜ਼ਰੂਰੀ ਸਮਝਿਆ ਜਾਵੇਗਾ। ਘੱਟੋ-ਘੱਟ ਤਾਇਨਾਤੀ ਦਾ ਸਮਾਂ ਤਿੰਨ ਸਾਲ ਪੂਰਾ ਹੋਣ ਤੋਂ ਪਹਿਲਾਂ ਕਿਸੇ ਵੀ ਅਧਿਕਾਰੀ, ਮੁਲਾਜ਼ਮ ਨੂੰ ਬਦਲਿਆ ਨਾ ਜਾਵੇ। ਬਾਰਡਰ ਏਰੀਆ, ਬੇਟ ਏਰੀਆ ਅਤੇ ਕੰਢੀ ਏਰੀਆ ਵਿਚ ਤਾਇਨਾਤ ਕੀਤੇ ਗਏ ਅਧਿਕਾਰੀ ਘੱਟੋ-ਘੱਟ 2 ਸਾਲ ਲਈ ਉਥੇ ਹੀ ਰੱਖੇ ਜਾਣੇ ਚਾਹੀਦੇ ਹਨ। ਹਾਲਾਂਕਿ ਸਜ਼ਾ ਦੇ ਮਾਮਲਿਆਂ ਅਤੇ ਸਪੱਸ਼ਟ ਤੌਰ 'ਤੇ ਦੱਸੇ ਜਾਣ ਵਾਲੇ ਪ੍ਰਬੰਧਕੀ ਕਾਰਨਾਂ ਦੀ ਵਜ੍ਹਾ ਨਾਲ ਨਿਰਧਾਰਤ ਸਮੇਂ ਤੋਂ ਪਹਿਲਾਂ ਤਬਾਦਲਾ ਹੋ ਸਕਦਾ ਹੈ। ਭਾਵੇਂ ਕਿ ਪੁਲਿਸ ਅਧਿਕਾਰੀਆਂ ਦੇ ਤਬਾਦਲਿਆਂ ਵਿਚ ਅਜਿਹਾ ਕੋਈ ਕਾਰਨ ਦਿਖਾਈ ਨਹੀਂ ਦਿੰਦਾ। ਖਾਸ ਗੱਲ ਇਹ ਹੈ ਕਿ ਉਪਰੋਕਤ ਉਦੇਸ਼ਾਂ ਦੀਆਂ ਕਾਪੀਆਂ ਰਾਜ ਦੇ ਸਮੂਹ ਵਿਭਾਗਾਂ, ਡਵੀਜ਼ਨਾਂ ਦੇ ਕਮਿਸ਼ਨਰਾਂ, ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਅਧਿਕਾਰੀ (ਸਿਵਲ) ਨੂੰ ਸੰਬੋਧਿਤ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਦੀਆਂ ਕਾਪੀਆਂ ਪ੍ਰਦੇਸ਼ ਦੇ ਮੁੱਖ ਸਕੱਤਰ ਅਤੇ ਮੁੱਖ ਮੰਤਰੀ ਸਮੇਤ ਸਮੂਹ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ, ਪ੍ਰਮੁੱਖ ਸਕੱਤਰ, ਵਿੱਤੀ ਕਮਿਸ਼ਨ ਨੂੰ ਭੇਜੀਆਂ ਗਈਆਂ ਸਨ। ਹੈਰਾਨੀ ਇਸ ਗੱਲ ਦੀ ਹੈ ਕਿ ਕਈ ਵਿਭਾਗਾਂ ਦੇ ਪ੍ਰਮੁੱਖ ਅਤੇ ਸੀਨੀਅਰ ਅਧਿਕਾਰੀ ਖੁਦ ਹੀ ਇਨ੍ਹਾਂ ਉਦੇਸ਼ਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਪੁਲਿਸ ਵਿਭਾਗਾਂ ਵਿਚ ਤਾਂ ਇਨ੍ਹਾਂ ਹੁਕਮਾਂ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ। ਸਾਬਕਾ ਆਈ.ਪੀ.ਐਸ. ਅਧਿਕਾਰੀ ਅਨੂਪ ਸਿੰਘ ਮਿਨਹਾਸ ਨੇ ਕਿਹਾ ਹੈ ਕਿ ਪੁਲਿਸ 'ਚ ਹੋ ਰਹੇ ਧੜਾ-ਧੜ ਤਬਾਦਲੇ ਸੁਪਰੀਮ ਕੋਰਟ ਅਤੇ ਨਵੇਂ ਪੁਲਿਸ ਐਕਟ ਦੇ ਖਿਲਾਫ ਹਨ। ਸੀਨੀਅਰ ਅਧਿਕਾਰੀ ਦੂਰਦਰਸ਼ਤਾ ਨਾ ਦਿਖਾਉਂਦੇ ਹੋਏ ਸਿਆਸਤਦਾਨਾਂ ਦੇ ਹੁਕਮ ਮੰਨ ਰਹੇ ਹਨ ਅਤੇ ਇਸ ਨਾਲ ਅਮਨ ਕਾਨੂੰਨ ਦੀ ਸਥਿਤੀ ਖਰਾਬ ਹੋ ਰਹੀ ਹੈ।

# ਜ਼ਾਲਮੋ ਕਿਉਂ ਸਾੜਿਆ ਮੇਰੀ ਧੀ ਨੂੰ

ਕਣਕ ਦੀ ਕਟਾਈ ਤੇ ਕਢਾਈ ਪੂਰੇ ਜ਼ੋਰਾਂ 'ਤੇ ਸੀ। ਚਾਰੇ ਪਾਸੇ ਖੇਤਾਂ ਵਿਚ ਬਹੁਤ ਰੌਣਕ ਸੀ। ਹਰ ਕੋਈ ਹਾੜ੍ਹੀ ਦਾ ਕੰਮ ਛੇਤੀ ਨਿਬੇੜਨਾ ਚਾਹੁੰਦਾ ਸੀ। ਰੱਬ ਦਾ ਕੀ ਪਤਾ ਕਦੋਂ ਜਲ-ਥਲ ਕਰ ਦੇਵੇ, ਜੱਟ ਨੂੰ ਕਦੇ ਸੋਕਾ ਮਾਰਦਾ, ਕਦੇ ਡੋਬਾ। ਮੀਹਾਂ ਤੋਂ ਡਰਦੇ ਆਪੋ-ਧਾਪੀ ਵਿਚ ਜੁਟੇ ਲੋਕਾਂ ਵਾਂਗ ਸਾਡਾ ਸਾਰਾ ਲਾਣਾ ਵੀ ਇਸ ਜਦੋਜਹਿਦ ਵਿਚ ਜੁਟਿਆ ਹੋਇਆ ਸੀ ਕਿ ਸੁੱਕੇ-ਸੁੱਕੇ ਦਾਣੇ ਛੱਤ ਥੱਲੇ ਆ ਜਾਣ। ਅਗੇਤੇ ਕਿਸਾਨਾਂ ਦੇ ਥਰੈਸ਼ਰ ਚਲ ਰਹੇ ਸਨ। ਆਲਸੀ ਬੰਦੇ ਅਜੇ ਭਈਏ ਲੱਭ ਰਹੇ ਸਨ ਜਾਂ ਤਰਖਾਣਾਂ ਕੋਲੋਂ ਦਾਤੀਆਂ ਦੇ ਦੰਦੇ ਕਢਵਾ ਰਹੇ ਸਨ। ਦਾਦਾ ਜੀ ਦੀ ਅਕਲ ਮੁਤਾਬਿਕ ਅਸੀਂ ਘੱਟੋ-ਘੱਟ ਪੰਜ-ਛੇ ਕਿੱਲੇ ਕਣਕ ਆਪਣੇ ਹੱਥੀਂ ਜ਼ਰੂਰ ਵੱਢਦੇ, ਪੰਜ ਬੰਦੇ ਘਰ ਦੇ ਤੇ ਦੋ ਸਾਂਝੀ ਹੁੰਦੇ, ਖੇਤ ਵਾਹਵਾਂ ਰੌਣਕ ਲੱਗੀ ਰਹਿੰਦੀ। ਖੇਤ ਰੋਟੀ ਖਾਣ ਦਾ ਵੱਖਰਾ ਅਨੰਦ ਆਉਂਦਾ। ਸੂਰਜ ਛਿਪਣ ਵੇਲੇ ਪਾਣੀ ਨਾਲ ਗੁੜ ਖਾਣ ਦਾ ਜਿਹੜਾ ਅਨੰਦ ਆਉਂਦਾ ਸੀ, ਉਹ ਕਦੇ ਮਹਿੰਗੀਆਂ ਮਠਿਆਈਆਂ ਵਿਚੋਂ ਲੱਭਿਆ ਨਹੀਂ, ਸਾਰੇ ਦਿਨ ਦਾ ਥਕੇਵਾਂ ਗੁੜ ਹੀ ਲਾਹ ਦਿੰਦਾ ਸੀ। ਦਾਦਾ ਜੀ ਕਹਿੰਦੇ ਹੁੰਦੇ ਕਿ ਸਿਆਲਾਂ ਵਿਚ ਖੋਆ, ਪੰਜ਼ੀਰੀ, ਸਾਗ ਤੇ ਚੱਬੀ ਹੋਈ ਮੂੰਗਫਲੀ ਹਾੜ੍ਹੀ ਵੇਲੇ ਅਰਥ ਲੱਗ ਜਾਂਦੀ ਹੈ। ਬੰਦਾ ਹੱਥੀਂ ਹਾੜ੍ਹੀ ਵੱਢ ਕੇ ਸ਼ੱਕਰ-ਘਿਉ ਖਾਣ ਦਾ ਹੱਕਦਾਰ ਹੋ ਜਾਂਦਾ ਹੈ।

ਚਾਚਾ ਜੀ ਦਾ ਲੜਕਾ ਮਨਜੀਤ (ਜੋ ਵਿਚਾਰਾ ਹੁਣ ਇਸ ਦੁਨੀਆਂ ਵਿਚ ਨਹੀਂ ਹੈ) ਦੁਪਹਿਰ ਦੀ ਰੋਟੀ ਲੈ ਕੇ ਆਇਆ। ਰੋਟੀ ਆਈ ਵੇਖ ਕੇ ਸਾਨੂੰ ਚਾਅ ਚੜ੍ਹ ਗਿਆ ਕਿ ਹੁਣ ਥਰੈਸ਼ਰ ਰੁਕੇਗਾ, ਮੋਟਰ 'ਤੇ ਜਾ ਕੇ, ਰੋਟੀ ਖਾ ਕੇ ਆਰਾਮ ਕਰਾਂਗੇ। ਸਾਡਾ ਕੰਜੂਸ ਲਾਣਾ ਇਕ ਮਿੰਟ ਵੀ ਆਰਾਮ ਨਹੀਂ ਸੀ ਕਰਨ ਦਿੰਦਾ। ਅਸੀਂ ਥਰੈਸ਼ਰ ਰੋਕ ਕੇ ਮੋਟਰ 'ਤੇ ਪਹੁੰਚੇ। ਮੂੰਹ ਹੱਥ ਧੋ ਕੇ ਰੋਟੀ ਖਾਣ ਲੱਗੇ ਹੀ ਸੀ ਕਿ ਦਾਦਾ ਜੀ ਨੇ ਮਨਜੀਤ ਦਾ ਲਟਕਿਆ ਮੂੰਹ ਵੇਖ ਕੇ ਪੁੱਛਿਆ, "ਜਵਾਨਾ, ਕਿਵੇਂ ਮੂੰਹ ਲਟਕਾਈ ਫਿਰਦਾਂ, ਮਾਂ ਨੇ ਕੁੱਟਿਆ ਜਾਂ ਘੂਰਿਆ ਤਾਂ ਨਹੀਂ।" ਸਾਡੀਆਂ ਮਾਵਾਂ ਸਾਨੂੰ ਦਸਵੀਂ ਤੱਕ ਚੰਗਾ ਕੁੱਟਦੀਆਂ ਰਹੀਆਂ ਸਨ ਪਰ ਅੱਜ ਕੱਲ੍ਹ ਬੱਚੇ ਇਕ ਥੱਪੜ ਵੱਜੇ ਤੋਂ ਹੰਗਾਮਾ ਖੜ੍ਹਾ ਕਰ ਦਿੰਦੇ ਨੇ।

"ਬਾਪੂ ਜੀ, ਤਾਏ ਸਿਆਮ ਕੀ ਗਗਨੇ ਮਰ ਗਈ ਏ," ਕਹਿ ਕੇ ਮਨਜੀਤ ਅੱਖਾਂ ਭਰ ਆਇਆ ਤੇ 'ਮਾਂ ਨੇ ਕੁਝ ਨਹੀਂ ਕਿਹਾ' ਕਹਿ ਕੇ ਰੋਣ ਲੱਗ ਪਿਆ। "ਕਿਵੇਂ ਮਰ ਗਈ" ਦਾਦਾ ਜੀ ਹੱਥੋਂ ਦਾਲ ਵਾਲੀ ਕੌਲੀ ਆਪਣੇ-ਆਪ ਡਿੱਗ ਪਈ, "ਉਹ ਤਾਂ ਵਿਚਾਰੀ ਅਜੇ ਦੋ ਕੁ ਮਹੀਨੇ ਪਹਿਲਾਂ ਹੀ ਵਿਆਹੀ ਸੀ" ਦਾਦਾ ਜੀ ਨੇ ਹੈਰਾਨਗੀ ਨਾਲ ਪੁੱਛਿਆ।

"ਗਗਨੇ ਦੇ ਸਹੁਰਿਆਂ ਤੋਂ ਬੱਸ ਇੰਨੀ ਖਬਰ ਆਈ ਹੈ ਕਿ ਉਹ ਮਰ ਗਈ ਹੈ", ਮਨਜੀਤ ਨੇ ਪਰਨੇ ਨਾਲ ਅੱਖਾਂ ਪੂੰਝਦਿਆਂ ਉਤਰ ਦਿੱਤਾ।

ਸਾਡੀ ਸਾਰਿਆਂ ਦੀ ਭੁੱਖ ਮਰ ਗਈ। ਦਿਹਾੜੀ ਆਏ ਭਈਏ ਇਸ ਅਨਿਆਈ ਮੌਤ ਦੀ ਖਬਰ ਤੋਂ ਬੇਖਬਰ ਹੋ ਕੇ ਰੋਟੀ ਖਾ ਰਹੇ ਸਨ ਪਰ ਸਾਡੇ ਕਿਸੇ ਮੈਂਬਰ ਨੇ ਅੰਨ ਮੂੰਹ ਵਿਚ ਨਾ ਪਾਇਆ। ਸਾਡੀ ਮੋਟਰ 'ਤੇ ਦੁਪਹਿਰ ਨੂੰ ਬਹੁਤ ਰੌਣਕ ਹੋ ਜਾਂਦੀ ਸੀ ਕਿਉਂਕਿ ਸਾਡੀ ਮੋਟਰ 'ਤੇ ਸਾਡੇ ਬਜ਼ੁਰਗਾਂ ਵਲੋਂ ਪਾਣੀ ਵਾਲਾ ਨਲਕਾ ਬਹੁਤ ਸਮਾਂ ਪਹਿਲਾਂ ਲਵਾਇਆ ਗਿਆ ਸੀ। ਇਸ ਨਲਕੇ ਤੋਂ ਦੂਰੋਂ-ਦੂਰੋਂ ਹਾੜੀ ਵੱਢਣ ਵਾਲੇ ਪਾਣੀ ਭਰ ਕੇ ਲਿਜਾਂਦੇ ਸੀ। ਜੋ ਵੀ ਪਾਣੀ ਭਰਨ ਆਉਂਦਾ, ਸੰਘਣੇ ਤੂਤਾਂ ਦੀ ਛਾਂ ਜ਼ਰੂਰ ਮਾਣ ਕੇ ਜਾਂਦਾ। ਦਾਦਾ ਜੀ ਨੇ ਹਰ ਇਕ ਨੂੰ ਪ੍ਰਸ਼ਾਦੇ ਦੀ ਸੁਲ੍ਹਾ ਮਾਰਨੀ। ਅੱਜ ਦਾਦਾ ਜੀ ਵੀ ਚੁੱਪ ਸਨ, ਅਸੀਂ ਸਾਰੇ ਵੀ ਆਪਣੀ ਮੌਜੂਦਗੀ ਨਾਂਮਾਤਰ ਹੀ ਸਮਝਦੇ ਸੀ। ਅਸੀਂ ਕੱਢੀ ਹੋਈ ਕਣਕ ਟਰਾਲੀ ਵਿਚ ਪਾ ਲਈ, ਭਈਏ ਤੂੜੀ ਠੀਕ ਕਰਨ ਲੱਗ ਗਏ। ਅਸੀਂ ਸਾਰੇ ਘਰ ਆ ਗਏ। ਵੇਖੋ-ਵੇਖ ਲੋਕ ਹੱਥਲੇ ਕੰਮ ਛੱਡ ਕੇ ਪਿੰਡ ਨੂੰ ਮੁੜਨ ਲੱਗੇ। ਤਾਏ ਸਿਆਮ ਸਿੰਘ ਦਾ ਵਿਹੜਾ ਲੋਕਾਂ ਨਾਲ ਭਰ ਗਿਆ। ਇਹ ਗਗਨੇ ਕੌਣ ਸੀ? ਜਿਸ ਦੀ ਮੌਤ ਦੀ ਖਬਰ ਸੁਣ ਕੇ ਲੋਕ ਸੋਗ ਵਿਚ ਡੁੱਬ ਗਏ।

ਕਣਕ ਦੀ ਕੰਡ ਸਰੀਰ ਨੂੰ ਵੱਢ-ਵੱਢ ਖਾ ਰਹੀ ਸੀ ਪਰ ਮੇਰਾ ਨਹਾਉਣ ਨੂੰ ਦਿਲ ਨਹੀਂ ਸੀ ਕਰਦਾ। ਮੈਂ ਵੀ ਗਗਨੇ ਕੇ ਵਿਹੜੇ ਪਹੁੰਚ ਗਿਆ। ਰੋਣਾ-ਕੁਰਲਾਉਣਾ ਸੁਣ ਕੇ ਪੱਥਰ ਦਿਲ ਅਤੇ ਕੰਧਾਂ ਵੀ ਰੋ ਰਹੀਆਂ ਸਨ। ਤਾਈ ਜਗੀਰੋ ਪਿੱਟ-ਪਿੱਟ ਕੇ ਬੁਰਾ ਹਾਲ ਕਰੀ ਜਾਂਦੀ ਸੀ। ਚਾਰ ਬੰਦੇ ਗਗਨੇ ਦੇ ਸਹੁਰੀਂ ਭੇਜੇ ਹੋਏ ਸਨ ਕਿ ਪਤਾ ਕਰਨ ਮੌਤ ਕਿਵੇਂ ਤੇ ਕਦੋਂ ਹੋਈ। ਹੁਣ ਉਨ੍ਹਾਂ ਬੰਦਿਆਂ ਦੀ ਇੰਤਜ਼ਾਰ ਹੋ ਰਹੀ ਸੀ।

ਗਗਨੇ ਤਾਏ ਸਿਆਮੇ ਦੀ ਵੱਡੀ ਧੀ ਸੀ, ਛੋਟੀ ਧੀ ਰਾਜ ਅਜੇ ਕਾਲਜ ਪੜ੍ਹਦੀ ਸੀ। ਇਕ ਮੱਧ ਵਰਗੀ ਕਿਸਾਨ ਸਿਆਮਾ ਬਹੁਤ ਸਿਆਣਾ ਤੇ ਸਮਝਦਾਰ ਸੀ। ਖੇਤੀਬਾੜੀ ਦਾ ਮਾਹਰ ਹੁੰਦਿਆਂ ਦੋ ਕਿੱਲ੍ਹਿਆਂ ਵਿਚੋਂ ਚਾਰ ਕਿੱਲ੍ਹਿਆਂ ਦੀ ਪੈਦਾਵਾਰ ਕਰ ਲੈਂਦਾ। ਪੰਜ-ਛੇ ਮੱਝਾਂ ਰੱਖ ਕੇ ਡੇਅਰੀ ਦੁੱਧ ਪਾ ਲੈਂਦਾ। ਮੱਝਾਂ ਦੀ ਸਾਂਭ-ਸੰਭਾਲ ਗਗਨ 'ਤੇ ਰਾਜ ਕਰਦੀਆਂ। ਕਾਲਜ ਜਾਣ ਤੋਂ ਪਹਿਲਾਂ ਗੋਹਾ-ਕੂੜਾ ਕਰਕੇ, ਧਾਰਾਂ ਚੋ ਕੇ, ਦੁੱਧ ਡੇਅਰੀ ਪਾ ਕੇ ਆਉਂਦੀਆਂ। ਸ਼ਾਮ ਨੂੰ ਕਾਲਜੋਂ ਆ ਕੇ ਸਾਰਾ ਕੰਮ ਕਰਦੀਆਂ। ਤਾਏ ਸਿਆਮੇ ਨੂੰ ਕਦੇ ਪੁੱਤ ਦੀ ਘਾਟ ਮਹਿਸੂਸ ਹੋਣ ਨਹੀਂ ਦਿੱਤੀ। ਦੋਵਾਂ ਭੈਣਾਂ ਵਿਚ ਸਾਦਗੀ, ਨਿਮਰਤਾ ਤੇ ਸਾਊਪੁਣਾ ਰੱਬ ਨੇ ਕੁੱਟ-ਕੁੱਟ ਭਰਿਆ ਹੋਇਆ ਸੀ। ਇਸ ਕਰਕੇ ਹੀ ਅੱਜ ਗਗਨੇ ਦੀ ਮੌਤ ਦੀ ਖਬਰ ਸੁਣ ਕੇ ਸਾਰਾ ਪਿੰਡ ਰੋ ਰਿਹਾ ਸੀ। ਕੰਮ ਦੀ ਰੁੱਤੇ ਲੋਕਾਂ ਨੇ ਕੰਮ ਛੱਡ ਦਿੱਤਾ ਸੀ।

ਗਗਨੇ ਉਚ-ਵਿੱਦਿਆ ਹਾਸਲ ਕਰਕੇ ਲੈਕਚਰਾਰ ਲੱਗ ਗਈ। ਸਿਆਮੇ ਤੇ ਜਗੀਰੋ ਨੇ ਪਰਮਾਤਮਾ ਦਾ ਲੱਖ-ਲੱਖ ਸ਼ੁਕਰਾਨਾ ਕੀਤਾ। ਹੁਣ ਗਗਨੇ ਲਈ ਵਰ ਦੀ ਤਲਾਸ਼ ਹੋਣ ਲੱਗੀ। ਰਾਏਕੋਟ ਲਾਗੇ ਮੁੰਡੇ ਦੀ ਦੱਸ ਪਈ, ਜੋ ਪੜ੍ਹ-ਲਿਖ ਕੇ ਨੌਕਰੀ ਦੀ ਉਡੀਕ ਕਰਦਾ ਸੀ। ਮੁੰਡਾ ਨਸੀਬ, ਉਸਦੀ ਭੈਣ ਤੇ ਮਾਤਾ-ਪਿਤਾ, ਚਾਰਾਂ ਜਣਿਆਂ ਦਾ ਪਰਿਵਾਰ ਸੀ। ਗਗਨੇ ਦੀ ਨਸੀਬ ਨਾਲ ਮੰਗਣੀ ਕਰ ਦਿੱਤੀ ਗਈ। ਇਕ ਸਾਲ ਪਿੱਛੋਂ ਵਿਆਹ ਕਰ ਦਿੱਤਾ। ਤਾਏ ਸਿਆਮੇ ਨੇ ਬਹੁਤ ਵਧੀਆ ਵਿਆਹ ਕੀਤਾ। ਵਿੱਤ ਮੁਤਾਬਕ ਦਾਜ ਦਿੱਤਾ। ਜਿਸ ਦਿਨ ਗਗਨੇ ਦੀ ਡੋਲੀ ਤੁਰੀ, ਸਾਰਾ ਪਿੰਡ ਹੀ ਰੋਂਦਾ ਸੀ। ਗਗਨੇ ਵਰਗੀ ਕੁੜੀ ਪਰਮਾਤਮਾ ਸਭ ਨੂੰ ਦੇਵੀਂ, ਵਿਦਾ ਕਰ ਰਹੀਆਂ ਅੱਖੀਆਂ ਆਪ ਮੁਹਾਰੇ ਬੋਲਦੀਆਂ।

ਨਸੀਬ ਦੇ ਘਰ ਜਾ ਕੇ ਗਗਨੇ ਨੇ ਉਸ ਦੇ ਨਸੀਬ ਖੋਲ੍ਹ ਦਿੱਤੇ। ਉਸ ਨੂੰ ਨੌਕਰੀ ਮਿਲ ਗਈ। ਹੁਣ ਦੋਵੇਂ ਪਤੀ-ਪਤਨੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲੱਗੇ। ਸਭ ਕੁਝ ਠੀਕ-ਠਾਕ ਸੀ। ਪਰ ਆਹ ਭਾਣਾ ਕਿਵੇਂ ਵਾਪਰ ਗਿਆ।

ਗਗਨੇ ਦੇ ਸਹੁਰੀਂ ਗਏ ਬੰਦੇ ਵਾਪਿਸ ਆ ਗਏ। ਪਤਾ ਲੱਗਿਆ ਕਿ ਗਗਨੇ ਨੂੰ ਅੱਗ ਲਾ ਕੇ ਸਾੜਿਆ ਗਿਆ। ਹਸਪਤਾਲ ਜਾਣ ਤੋਂ ਪਹਿਲਾਂ ਹੀ ਮਰ ਗਈ। ਇਹ ਗੱਲ ਜਦੋਂ ਪਿੰਡ ਦੇ ਨੌਜਵਾਨਾਂ ਨੇ ਸੁਣੀ ਤਾਂ ਉਹ ਸਾਰੇ ਅੱਗ-ਭਬੂਕੇ ਹੋ ਗਏ। ਕਹਿੰਦੇ 'ਚਲੋ, ਹਰਾਮੀ ਦਾ ਘਰ-ਬਾਰ ਫੂਕ ਸੁੱਟੀਏ, ਸਾਲੇ ਨੂੰ ਵਿਚੇ ਹੀ ਸਾੜਾਂਗੇ।' ਸਿਆਣੇ ਬੰਦਿਆਂ ਨੌਜਵਾਨਾਂ ਨੂੰ ਮਸਾਂ ਟਿਕਾਇਆ। ਪੁਲਿਸ ਰਿਪੋਰਟ ਹੋਈ, ਪੋਸਟ ਮਾਰਟਮ ਹੋਇਆ ਤੇ ਗਗਨੇ ਦੀ ਲਾਸ਼ ਪਿੰਡ ਲਿਆਂਦੀ ਗਈ। ਇਸ਼ਨਾਨ ਕਰਵਾਉਣ ਵਾਲੀ ਦੇਹ ਤਾਂ ਰਹੀ ਨਹੀਂ ਸੀ ਪਰ ਸਾਰੇ ਪਿੰਡ ਦਾ ਇਕੱਠ ਗਗਨੇ ਦਾ ਆਖਰੀ ਵਾਰ ਚਿਹਰਾ ਵੇਖਣਾ ਚਾਹੁੰਦਾ ਸੀ।

ਲੋਕ ਬੰਦੇ ਦੇ ਗੁਣਾਂ ਨੂੰ ਯਾਦ ਕਰਦੇ ਨੇ, ਮੌਤਾਂ ਪਹਿਲਾਂ ਵੀ ਪਿੰਡ 'ਚ ਬਥੇਰੀਆਂ ਹੋਈਆਂ ਪਰ ਐਨਾ ਸੋਗ ਨਹੀਂ ਸੀ ਹੁੰਦਾ। ਗਗਨੇ ਪਿੰਡ ਦੀ ਜਿੰਦ-ਜਾਨ ਸੀ। ਗਗਨੇ ਨੂੰ ਵੇਖ ਕੇ ਤਾਈ ਜਗੀਰੋ ਦਾ ਮਮਤਾ ਵਾਲਾ ਬੰਨ੍ਹ ਟੁੱਟ ਗਿਆ। ਤਾਈ ਦੇ ਕੀਰਨੇ ਸੁਣ ਪੰਛੀ ਤੇ ਜਾਨਵਰ ਵੀ ਰੋਂਦੇ ਸਨ,

"ਮੇਰਿਆ ਗਗਨਿਆ, ਉਠ ਪੁੱਤ, ਮੇਰੇ ਸੀਨੇ ਲੱਗ ਜਾ। ਪੁੱਤ ਮਾਂ ਨਾਲ ਦੋ ਗੱਲਾਂ ਕਰ ਲੈ। ਮੈਂ ਤਾਂ ਤੇਰੇ ਕਦੇ ਉਂਗਲ ਦਾ ਫੁੱਲ ਵੀ ਨਹੀਂ ਸੀ ਲਾਇਆ। ਇਨ੍ਹਾਂ ਜ਼ਾਲਮਾਂ ਨੇ ਤੈਨੂੰ ਅੱਗ ਵਿਚ ਸਾੜ ਦਿੱਤਾ। ਗੱਗੂ ਪੁੱਤ, ਗੱਗੂ ਉਠ ਜਾ, ਵੇਖ ਤੇਰੀ ਭੈਣ ਤੈਨੂੰ ਉਠਾਉਂਦੀ ਹੈ। ਪੁੱਤ ਤੇਰੀ ਤਾਂ ਮਹਿੰਦੀ ਵੀ ਨਹੀਂ ਸੀ ਲੱਥੀ, ਤੇਰੇ ਤਾਂ ਅਜੇ ਚਾਅ ਵੀ ਪੂਰੇ ਨਹੀਂ ਸੀ ਹੋਏ। ਪੁੱਤ ਮੈਂ ਤੈਨੂੰ ਡੋਲੀ ਵਿਚ ਤੋਰਿਆ ਸੀ, ਹੁਣ ਮੇਰੇ ਕੋਲੋਂ ਤੈਨੂੰ ਅਰਥੀ 'ਤੇ ਨਹੀਂ ਪਾਇਆ ਜਾਣਾ। ਵੇਖ ਗੱਗੂ ਆਪਣੇ ਬਾਪੂ ਵਲ, ਵੇਖ ਆਹ ਸਾਰੇ ਲੋਕਾਂ ਵਲ, ਜੋ ਤੈਨੂੰ ਉਠਾਉਣ ਆਏ ਨੇ। ਪੁੱਤ ਸਾਡੇ ਕੋਲੋਂ ਕੀ ਕਸੂਰ ਹੋ ਗਿਆ, ਸਾਨੂੰ ਰੋਂਦਿਆਂ ਛੱਡ ਕੇ ਤੁਰ ਗਈ। ਪੁੱਤ ਇਨ੍ਹਾਂ ਜ਼ਾਲਮਾਂ ਦਾ ਬੇੜਾ ਗਰਕ ਹੋਊ। ਜ਼ਾਲਮਾਂ ਦਾ ਕੱਖ ਨਹੀਂ ਬਚਣਾ।" ਤਾਈ ਨੂੰ ਗਗਨੇ ਦੀ ਲਾਸ਼ ਤੋਂ ਮਸਾਂ ਲਾਹਿਆ।

ਗਗਨੇ ਵੀ ਦਾਜ ਦੀ ਬਲੀ ਚੜ੍ਹ ਗਈ। ਮੁਕੱਦਮੇ ਚੱਲੇ। ਧੀਆਂ ਦੇ ਮਾਪੇ ਕਦੇ ਕੋਰਟਾਂ ਵਿਚੋਂ ਹੱਸ ਕੇ ਨਹੀਂ ਨਿਕਲੇ, ਹੁਣ ਕਸੂਰਵਾਰ ਖੁੱਲ੍ਹੇ ਘੁੰਮਦੇ ਸਨ। ਪਰ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਦੁਨਿਆਵੀ ਜੱਜਾਂ ਨੇ ਬਰੀ ਕੀਤਾ। ਜਦੋਂ ਕੇਸ ਅਕਾਲ ਪੁਰਖ ਦੀ ਕੋਰਟ ਵਿਚ ਪਹੁੰਚਿਆ, ਫਿਰ ਵੇਖਿਓ ਕੀ ਬਣਦਾ। ਇਕ ਸਾਲ ਵੀ ਨਾ ਲੰਘਿਆ,

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਨਸੀਬ ਦੀ ਮਾਂ ਨੂੰ ਅਧਰੰਗ ਹੋ ਗਿਆ ਜਿਹੜੀ ਮੰਜੇ ਨਾਲ ਹੀ ਚੁੰਬੜ ਗਈ। ਬੇ-ਸੰਭਾਲ ਕੀਤੀ ਹੋਈ ਤੜਫ-ਤੜਫ ਕੇ ਮਰੀ। ਨਸੀਬ ਨੇ ਜਿੱਤ ਦੀ ਪੂਰੀ ਖੁਸ਼ੀ ਮਨਾਈ ਨਹੀਂ ਸੀ ਕਿ ਉਸ ਦਾ ਸਕੂਟਰ 'ਤੇ ਐਕਸੀਡੈਂਟ ਹੋ ਗਿਆ। ਜਾਨ ਤਾਂ ਬਚ ਗਈ ਪਰ ਬਾਕੀ ਸਾਰਾ ਸਰੀਰ ਨਕਾਰਾ ਹੋ ਗਿਆ। ਮਾਂ ਵਾਲਾ ਮੰਜਾ ਮੱਲ ਲਿਆ। ਲੋਕਾਂ ਨੇ ਖੁਦ ਆਪਣੇ ਅੱਖੀਂ ਵੇਖਿਆ, ਆਪਣੇ ਵਾਲ ਪੁੱਟ-ਪੁੱਟ ਕੇ ਸੁੱਟਦਾ ਸੀ। ਜਿਸ ਦਿਨ ਮਰਿਆ, ਤਾਇਆ ਸਿਆਮਾ ਤੇ ਤਾਈ ਜਗੀਰੋ ਗਏ, ਉਸ ਦੇ ਮੂੰਹ 'ਤੇ ਥੁੱਕਿਆ ਤੇ ਕਿਹਾ, "ਰੱਬ ਤੇਰੇ ਵਰਗੇ ਲਾਲਚੀਆਂ ਨਾਲ ਏਦਾਂ ਹੀ ਕਰੇ, ਕੋਈ ਫਿਰ ਦਾਜ ਨਾ ਮੰਗੇ।" ਤਾਈ ਨੇ ਜਿਵੇਂ ਗਗਨੇ ਦਾ ਬਦਲਾ ਲੈ ਲਿਆ ਹੋਵੇ।

ਰਾਜ ਦਾ ਵਿਆਹ ਕਰ ਦਿੱਤਾ। ਉਸ ਦੀ ਕੁੱਖੋਂ ਬੇਟੀ ਹੋਈ ਜਿਸ ਦਾ ਨਾਂ ਗਗਨਜੋਤ ਰੱਖਿਆ। ਗਗਨ ਦੀ ਜੋਤ ਹਮੇਸ਼ਾ ਜਗਦੀ ਰਹੂ। ਦਾਜ ਦੇ ਲੋਭੀਆਂ ਦਾ ਅੰਤ ਤਾਂ ਨਹੀਂ ਹੋਇਆ ਪਰ ਥੋੜ੍ਹੀ ਸਿੱਖਿਆ ਜ਼ਰੂਰ ਮਿਲ ਗਈ। ਕਿਸੇ ਮਾਂ ਦਾ ਦਿਲ ਨਹੀਂ ਕਰਦਾ ਕਿ ਆਪਣੇ ਢਿੱਡ ਦੇ ਅੰਡੇ ਦੇ ਟੁਕੜੇ ਕਰਵਾਵੇ। ਇਹ ਦਾਜ ਦੇ ਲੋਭੀਆਂ ਕਰਕੇ ਹੀ ਮਾਵਾਂ ਡਾਕਟਰਾਂ ਦੇ ਮੇਜ਼ਾਂ 'ਤੇ ਲੇਟਦੀਆਂ ਹਨ।

ਆਓ, ਆਪਾਂ ਵੀ ਅਲਟਰਾ ਸਾਊਂਡਾਂ ਵਾਲਿਆਂ ਪਿੱਛੇ ਨਾ ਭੱਜੀਏ। ਦਾਜ ਦੇ ਲੋਭ ਤੇ ਲਾਲਚ ਦਾ ਕਤਲ ਕਰੀਏ। ਫਿਰ ਕੋਈ ਗਗਨ ਜਿਊਂਦੇ ਜੀਅ ਨਾ ਸੜੇ। ਲਾਲਚੀਆਂ ਨੇ ਪੱਗ ਤਾਂ ਸੋਹਣੀ ਬੰਨ੍ਹੀ ਹੁੰਦੀ ਹੈ, ਪਰ ਸਿਰੇ ਤੇ ਬੇਸ਼ਰਮੀ ਵਾਲੇ ਪਿੰਨ ਲਾਉਣੇ ਨਹੀਂ ਭੁੱਲਦੇ। ਰੱਬ ਰਾਖਾ।

Quik Signs
Signs • Graphics • Wraps
ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ





ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਭੂਤਵਾੜੇ ਦੀ 'ਅੰਮ੍ਰਿਤ ਸੰਤਾਨ': ਕੁਲਵੰਤ ਸਿੰਘ ਗਰੇਵਾਲ

*ਪਟਿਆਲੇ ਦਾ ਭੂਤਵਾੜਾ ਇਕ ਸੰਸਥਾ ਸੀ। ਇਕ ਦੰਤ ਕਥਾ। 1960-62 ਦੇ ਸਾਲਾਂ ਦੌਰਾਨ ਮਹਿੰਦਰਾ ਕਾਲਜ ਦੇ ਨੇੜੇ ਕਬਰਿਸਤਾਨ ਵਰਗੇ ਇਕ ਅਹਾਤੇ ਵਿਚ ਰਹਿ ਰਹੇ ਹੋਣਹਾਰ ਬੁੱਧੀਜੀਵੀਆਂ ਦੀ ਉਸ ਸੰਗਤ ਨੂੰ ਭੂਤਵਾੜੇ ਦਾ ਨਾਂ ਕੁਲਵੰਤ ਗਰੇਵਾਲ ਹੋਰਾਂ ਨੇ ਹੀ ਦਿੱਤਾ ਸੀ। ਕਹਿੰਦੇ ਹਨ ਕਿ ਉਸ ਸੰਗਤ ਦੇ ਅਸਲ ਰੂਹੇ ਰਵਾਂ ਲਾਲੀ ਬਾਬਾ, ਡਾ. ਗੁਰਭਗਤ ਸਿੰਘ, ਨਵਤੇਜ ਭਾਰਤੀ ਜਾਂ ਸਵਰਗੀ ਹਰਿੰਦਰ ਸਿੰਘ ਮਹਿਬੂਬ ਨਹੀਂ ਬਲਕਿ ਕੁਲਵੰਤ ਸਿੰਘ ਗਰੇਵਾਲ ਹੀ ਸਨ। ਉਨ੍ਹਾਂ ਦੀ ਪੰਜਾਬੀ-ਸਿੱਖ ਸਭਿਆਚਾਰ ਨੂੰ ਸਭ ਤੋਂ ਕੀਮਤੀ ਦੇਣ ਇਹ ਆਖੀ ਜਾਂਦੀ ਹੈ ਕਿ ਉਨ੍ਹਾਂ ਨੇ ਮਹਿਬੂਬ ਸਾਹਿਬ ਨੂੰ ਕਾਮਰੇਡਾਂ ਦੇ ਪਾਲੇ ਵਿਚੋਂ ਖੱਗ ਕੇ ਸਿੱਖੀ ਦੇ ਪਾਲੇ ਵਿਚ ਲਿਆਂਦਾ। ਖੁਦ ਗਰੇਵਾਲ ਦੇ ਦੱਸਣ ਅਨੁਸਾਰ ਉਨ੍ਹਾਂ ਨਾਲ ਮੁਲਾਕਾਤ ਤੋਂ ਪਹਿਲਾਂ ਹਰਿੰਦਰ ਸਿੰਘ ਮਹਿਬੂਬ ਉਨ੍ਹਾਂ ਸਮਿਆਂ ਦੇ ਹੋਰ ਅਨੇਕਾਂ ਕਮਿਊਨਿਸਟ ਮੁੰਡਿਆਂ ਵਾਂਗੂੰ ਰੋਡੇ ਭੋਡੇ ਸਨ ਅਤੇ ਕਾਮਰਡੇ ਮਾਓ ਜੇ-ਤੁੰਗ ਦੀਆਂ ਕਵਿਤਾਵਾਂ ਦਾ ਅਨੁਵਾਦ ਕਰਦੇ ਹੁੰਦੇ ਸਨ। ਇਸ ਲੇਖ ਵਿਚ ਡਾ. ਹਰਪਾਲ ਸਿੰਘ ਪੰਨੂੰ ਨੇ ਗਰੇਵਾਲ ਹੋਰਾਂ ਦੀ ਸ਼ਖਸੀਅਤ 'ਤੇ ਇਕ ਝਾਤ ਪੁਆਈ ਹੈ-ਸੰਪਾਦਕ*

**ਹਰਪਾਲ ਸਿੰਘ ਪੰਨੂ**

ਨਵਤੇਜ ਭਾਰਤੀ ਨੇ ਕੁਲਵੰਤ ਗਰੇਵਾਲ ਬਾਰੇ ਲਿਖਿਆ, "ਉਸਦੀ ਕਵਿਤਾ ਪੜ੍ਹਨ ਲਈ ਅਨਪੜ੍ਹ ਬਣਨਾ ਪੈਂਦਾ ਹੈ। ਉਹ ਕਵਿਤਾ ਲਿਖਦਾ ਵੀ ਅਨਪੜ੍ਹ ਬਣ ਕੇ ਹੈ। ਨਵੀਂ ਲਿਖਣ ਵੇਲੇ ਪੁਰਾਣੀ ਭੁੱਲ ਜਾਂਦਾ ਹੈ। ਅਸਲ ਵਿਚ ਉਹ ਨਵੀਂ ਜਾਂ ਪੁਰਾਣੀ ਨਹੀਂ ਹੁੰਦੀ, ਪਹਿਲੀ ਹੁੰਦੀ ਹੈ ਹਰ ਵਾਰ। ਉਸਨੇ ਕੋਈ ਵਿਕਾਸ ਨਹੀਂ ਕੀਤਾ। ਵਿਕਾਸ ਤਾਂ ਦੂਜੀ ਕਵਿਤਾ ਤੋਂ ਸ਼ੁਰੂ ਹੁੰਦਾ ਹੈ।"

ਇਕ ਦਿਨ ਗਣਿਤ-ਸ਼ਾਸਤਰੀ ਪ੍ਰੋ. ਸ਼ਾਮ ਲਾਲ ਸਿੰਗਲਾ ਨੂੰ ਮੈਂ ਅਲਬੇਅਰ ਆਈਨਸਟੀਨ ਦੀ ਇਹ ਪੰਕਤੀ ਸੁਣਾਈ, "ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿਚ ਜੋ ਕੁੱਝ ਤੁਸੀਂ ਸਿੱਖਿਆ, ਉਹ ਮਨਫੀ ਕਰਕੇ ਜੋ ਬਚਦਾ ਹੈ, ਤੁਸੀਂ ਅਸਲ ਵਿਚ ਉਹ ਹੁੰਦੇ ਹੋ।" ਵਾਕ ਸੁਣਦਿਆਂ ਸਿੰਗਲਾ ਸਾਹਿਬ ਹੱਸੇ, ਕਿਹਾ, "ਫੇਰ ਤਾਂ ਕੁਝ ਵੀ ਨੀਂ ਬਚਦਾ, ਫੇਰ ਤਾਂ ਕੁਲਵੰਤ ਗਰੇਵਾਲ ਬਚਦਾ ਹੈ ਬਸ।" ਗਰੇਵਾਲ ਬਾਰੇ ਜਿਹੜੀ ਰਾਇ ਕਵੀ ਭਾਰਤੀ ਦੀ ਹੈ, ਉਹੀ ਗਣਿਤਸ਼ਾਸਤਰੀ ਦੀ ਨਿਕਲੀ।

ਆਈਨਸਟੀਨ ਦੀ ਇਹੋ ਪੰਕਤੀ ਪ੍ਰੋ. ਭੂਪਿੰਦਰ ਸਿੰਘ ਨੂੰ ਸੁਣਾਈ। ਸੁਣਨ ਅਤੇ ਕਹਿਣ ਦੀ ਜਾਚ ਕਿਸੇ ਨੇ ਜੇ ਸਿੱਖਣੀ ਹੋਵੇ, ਇਨ੍ਹਾਂ ਤੋਂ ਸਿੱਖੇ। ਸੁਣ ਕੇ ਮੈਨੂੰ ਸਵਾਲ ਕੀਤਾ, "ਇਸ ਗੱਲ ਦੀ ਵਿਆਖਿਆ ਭਲਾ ਕਿਵੇ ਕਰੀਏ ਪੰਨੂ ਸਾਹਿਬ?"

ਮੈਨੂੰ ਫਲਸਫੇ ਦਾ, ਸ਼ਾਇਰੀ ਦਾ ਪਤਾ ਨਹੀਂ ਲਗਦਾ। ਸਾਖੀ ਪਰੰਪਰਾ ਰਾਹੀਂ ਮੈਂ ਕੋਈ ਕੋਈ ਗੱਲ ਸਮਝ ਲੈਂਦਾ ਹਾਂ। ਗੋਪੀ ਨਾਥ ਮਹੰਤੀ ਦਾ ਉੜੀਆ ਨਾਵਲ ਅੰਮ੍ਰਿਤ ਸੰਤਾਨ ਪੜ੍ਹੋ। ਕੰਧ ਨਾਮ ਦੇ ਕਬੀਲੇ ਦੀ ਦਾਸਤਾਨ ਸੱਤ ਸੌ ਪੰਨਿਆਂ ਵਿਚ ਬਿਆਨ ਕੀਤੀ ਹੈ। ਇਹ ਉਹ ਕਬੀਲਾ ਹੈ ਜਿਹੜਾ ਜੰਗਲ ਵਿਚ ਵਸਦਾ ਹੈ, ਜਿਸ ਦਾ ਬਾਹਰਲੀ ਦੁਨੀਆਂ ਨਾਲ ਕੋਈ ਲੈਣ ਦੇਣ ਨਹੀਂ, ਯਾਨਿ ਕਿ ਸਭਿਅਤਾ ਨੇ ਉਸਨੂੰ ਦੂਸ਼ਿਤ ਨਹੀਂ ਕੀਤਾ। ਅਸਮਾਨੋਂ ਡਿਗੀ ਸਾਫ਼ ਸ਼ਫਾਫ ਅੰਮ੍ਰਿਤ ਦੀ ਬੂੰਦ, ਮਿਟੀ ਘੱਟੇ ਤੋਂ ਮੁਕਤ ਅੰਮ੍ਰਿਤ ਸੰਤਾਨ। ਅੱਜ ਤਾਂ ਕੇਵਲ ਉਹ ਕਥਾ ਲਿਖਾਂਗਾ ਜਿਹੜੀ ਆਈਨਸਟੀਨ ਦੇ ਵਾਕ ਦੀ ਵਿਆਖਿਆ ਕਰਦਿਆਂ ਪ੍ਰੋ. ਭੁਪਿੰਦਰ ਸਿੰਘ ਦੀ ਕੋਠੀ ਵਿਚ ਸੁਣਾਈ।

ਡਾ. ਨਰਿੰਦਰ ਸਿੰਘ ਪੂਨੀਆਂ ਮੇਰੇ ਪਿੰਡ ਘੱਗੇ ਪੰਨੂਆਂ ਦਾ ਦੋਹਤਾ ਹੈ। ਉਸਦਾ ਸਾਰਾ ਜੀਵਨ ਵਚਿੱਤਰ ਹੈ, ਜੀ ਕਰਦੈ ਸਾਰਾ ਲਿਖਾਂ ਪਰ ਅੱਜ ਕੇਵਲ ਇਕ ਘਟਨਾ ਲੰਦਨ ਦੀ ਕਬੂਲ ਕਰੋ। ਕੈਮਿਸਟਰੀ ਵਿਚ ਐਮ ਐਸ ਸੀ ਅਤੇ ਪੀ ਐਚ ਡੀ ਇਥੋਂ ਕਰਕੇ ਉਹ ਲੈਕਚਰਾਰ ਨਿਯੁਕਤ ਹੋ ਗਿਆ। ਰਸਾਇਣ ਵਿਗਿਆਨ ਵਿਚ ਖੋਜ ਪੱਤਰ ਲਿਖ ਲਿਖ ਅੰਤਰਰਾਸ਼ਟਰੀ ਸਾਇੰਸ ਮੈਗਜ਼ੀਨਾਂ ਨੂੰ ਭੇਜਦਾ ਰਹਿੰਦਾ। ਦੂਜੀ ਮੰਜ਼ਲ 'ਤੇ ਰਿਹਾਇਸ਼ ਸੀ। ਖੋਜ ਪੱਤਰ 80-90 ਪੰਨਿਆਂ ਤੱਕ ਕਾਗਜ਼ ਦੇ ਇਕ ਪਾਸੇ ਟਾਈਪ ਕਰਕੇ ਭੇਜੇ ਜਾਂਦੇ। ਡਾਕ ਰਾਹੀਂ ਖੋਜ ਪੱਤਰ ਜਦੋਂ ਰੱਦ ਹੋ ਕੇ ਵਾਪਸ ਆਉਂਦਾ ਤਾਂ ਡਾਕੀਆ ਪੌੜੀਆਂ ਚੜ੍ਹਨ ਦੀ ਬਜਾਏ ਹੇਠੋਂ ਹੀ ਉਪਰ ਵਗਾਹ ਦਿੰਦਾ ਜੋ ਠਾਹ ਕਰਦਾ ਦਰਵਾਜੇ 'ਤੇ ਵੱਜਦਾ। ਬੱਚੇ ਤਾੜੀਆਂ ਮਾਰਦੇ, ਹੱਸਦੇ- ਦੇਖੋ ਪਾਪਾ ਦਾ ਨੋਬਲ ਪ੍ਰਾਈਜ਼ ਆਇਆ ਹੈ। ਬੱਚਿਆਂ ਦੀ ਖੁਸ਼ੀ ਦਾ ਕਾਰਨ ਇਹ ਹੁੰਦਾ ਕਿ ਪਾਪਾ ਜਦੋਂ ਖੁਦ ਨਾਲਾਇਕ ਹੈ ਤਾਂ ਸਾਨੂੰ ਝਿੜਕ ਨਹੀਂ ਸਕਦਾ ਕਿ ਪੜ੍ਹਦੇ ਕਿਉਂ ਨਹੀਂ। ਪਾਪਾ ਨੂੰ ਕਿਹੜਾ ਕੁਝ ਲਿਖਣਾ ਆਉਂਦੈ?

ਹੌਲੀ ਹੌਲੀ ਖੋਜ ਪ੍ਰਵਾਨ ਹੋਣ ਲਗੀ। ਪੇਪਰ ਮਨਜ਼ੂਰ ਹੋਣ ਲੱਗੇ, ਛਪਣ ਲੱਗੇ। "ਸੋਡੀਅਮ ਦਾ ਜੀਵਾਂ ਵਿਚ ਸੰਚਾਰ" ਖੋਜ ਪੱਤਰ ਮੈਗਜ਼ੀਨ ਵਿਚ ਛਪਿਆ ਤਾਂ ਸੰਪਾਦਕੀ ਵਿਚ ਲਿਖਿਆ ਗਿਆ - ਰਸਾਇਣ ਵਿਗਿਆਨ ਦੀ ਵਿਦਿਆ ਵਿਚ ਨਵੇਂ ਅਧਿਆਇ ਦਾ ਪ੍ਰਕਾਸ਼ ਹੋਇਆ ਹੈ। (It is a new chapter in the science of chemistry), ਕਾਮਨਵੈਲਥ ਨੇ ਅਖਬਾਰ ਵਿਚ ਫੈਲੋਸ਼ਿਪ ਦਾ ਇਸ਼ਤਿਹਾਰ ਛਾਪਿਆ ਕਿ ਉਨ੍ਹਾਂ ਨੂੰ ਡੀ ਐਸ ਸੀ ਦੀ ਡਿਗਰੀ ਵਾਸਤੇ ਖੋਜਾਰਥੀ ਦੀ ਲੋੜ ਹੈ। ਹੋਰਨਾਂ ਨਾਲ ਪੂਨੀਏ ਨੇ ਵੀ ਅਰਜ਼ੀ ਭੇਜ ਦਿਤੀ ਤੇ ਆਪਣੀਆਂ ਪ੍ਰਾਪਤੀਆਂ ਨੱਥੀ ਕਰ ਦਿਤੀਆਂ। ਚੁਣਿਆ ਗਿਆ। ਵੀਜ਼ਾ/ਟਿਕਟ ਆ ਗਏ। ਸਾਮਾਨ ਬੰਨ੍ਹਿਆ ਜਾਣ ਲੱਗਾ। ਲੋੜੀਂਦੀਆਂ ਸਭ ਚੀਜ਼ਾਂ ਟਰੰਕ ਵਿਚ ਪਾ ਦਿਤੀਆਂ ਤਾਂ ਪੂਨੀਏ ਨੇ ਸੋਚਿਆ, ਯਾਰੋ ਮੈਂ ਉਥੇ ਇਕੱਲਾ ਰਹਾਂਗਾ। ਕਈ ਵਾਰ ਦਾਲ ਸਬਜ਼ੀ ਨਾ ਹੋਵੇ, ਆਪਾਂ ਚਟਣੀ ਰਗੜ ਕੇ ਮੱਖਣ ਧਰ ਕੇ ਰੋਟੀ ਖਾ ਲੈਂਦੇ ਹਾਂ। ਚੰਗਾ ਕੰਮ ਚੱਲ ਜਾਂਦੈ। ਮੈਂ ਇਕ ਕੂੰਡੀ ਸੋਟਾ ਨਾ ਲੈ ਜਾਵਾਂ? ਕੂੰਡੀ ਸੋਟਾ ਖਰੀਦ ਕੇ ਟਰੰਕ ਵਿਚ ਧਰ ਦਿੱਤਾ। ਲੰਦਨ ਪੁੱਜ ਗਿਆ। ਦੂਜੀ ਮੰਜ਼ਲ ਉਤੇ ਫਲੈਟ ਕਿਰਾਏ 'ਤੇ ਲੈ ਲਿਆ। ਦੋ ਕੁ ਹਫ਼ਤੇ ਬੀਤੇ ਸਨ। ਪੜ੍ਹਦਿਆਂ ਪੜ੍ਹਦਿਆਂ ਅੱਧੀ ਰਾਤ ਭੁੱਖ ਲੱਗ ਗਈ। ਨਾ ਦਾਲ ਨਾ ਸਬਜੀ। ਸੋਚਣ ਲੱਗਾ, ਕਰ ਗਿਆ ਸੀ ਨਾ ਦਿਮਾਗ ਵੇਲੇ ਸਿਰ ਕੰਮ, ਹੁਣ ਚਟਣੀ ਕੰਮ ਆਊਗੀ। ਹੁਣ ਕੂੰਡੀ ਸੋਟਾ ਵਰਤਦੇ ਆਂ। ਗੰਢਾ ਕੱਟਿਆ। ਹਰੀਆਂ ਮਿਰਚਾਂ, ਲੂਣ, ਅਦਰਕ ਸੁੱਟ ਕੇ ਅੱਧਾ ਕੁ ਨਿੰਬੂ ਨਚੋੜ ਦਿਤਾ। ਹੋ ਗਈ ਚਟਣੀ ਕੁੱਟਣੀ ਸ਼ੁਰੂ। ਠਾਹ ਠਾਹ, ਦੜਾਕ ਦੜਾਕ ਹੋਈ। ਲੱਕੜ ਦੀਆਂ ਛੱਤਾਂ ਸ਼ੋਰ ਬਹੁਤ ਜ਼ਿਆਦਾ ਕਰਦੀਆਂ ਹਨ।

ਅੱਧੀ ਰਾਤ ਗੋਰਿਆਂ ਦੀਆਂ ਛੱਤਾਂ ਦੜਾਕ ਦੜਾਕ ਠਾਹ ਠਾਹ ਨਾਲ ਗੂੰਜਣ ਲੱਗੀਆਂ ਤਾਂ ਚੀਕ ਚਿਹਾੜਾ ਮੱਚ ਗਿਆ।... ਚੇਨ ਐਕਸਪਲੋਜ਼ਨਜ਼, ਡੇਂਜਰਸ ਐਕਸਪਲੋਜ਼ਨਜ਼, (ਲਗਾਤਾਰ ਧਮਾਕੇ...ਖਤਰਨਾਕ ਧਮਾਕੇ...)", ਕਰਦੇ ਚੀਕਾਂ ਮਾਰਦੇ ਬੱਚੇ, ਗੋਰੀਆਂ, ਗੋਰੇ ਬਾਹਰ ਭੱਜੇ। ਪੁਲਿਸ ਨੂੰ ਫੋਨ ਖੜਕਾ ਦਿਤੇ। ਵਿਸਲ ਹੂਟਰ ਵਜਾਉਂਦੀ ਪੁਲਿਸ ਆ ਗਈ। ਟੱਲੀਆਂ ਖੜਕਾਉਂਦਾ ਫਾਇਰ ਬ੍ਰਿਗੇਡ ਪੁੱਜ ਗਿਆ। ਲਾਊਡ-ਸਪੀਕਰ ਉਪਰ ਐਲਾਨ ਹੋ ਗਿਆ- ਇਹ ਬਿਲਡਿੰਗ ਸੁਰੱਖਿਅਤ ਨਹੀਂ, ਤੁਰੰਤ ਬਾਹਰ ਨਿਕਲ ਆਉ। ਚੌਵੀ ਫਲੈਟਾਂ ਦਾ ਇਹ ਕੰਪਲੈਕਸ ਜਦੋਂ ਫਟਾਫਟ ਖਾਲੀ ਕਰਵਾਇਆ ਜਾਣ ਲੱਗਾ ਉਦੋਂ ਪੂਨੀਆਂ ਲੱਤਾਂ ਨਿਸਾਲੀ ਚਟਣੀ ਨਾਲ ਰੋਟੀਆਂ ਖਾਣ ਦਾ ਮਜ਼ਾ ਲੈ ਰਿਹਾ ਸੀ, ਬਾਹਰ ਦੀ ਹਰ ਘਟਨਾ ਤੋਂ ਬੇਖਬਰ। ਚਟਣੀ ਰਗੜਨ ਵਾਲਾ ਬੰਦਾ ਵਜਦ ਵਿਚ ਆ ਜਾਂਦਾ ਹੈ। ਕੂੰਡੀ ਸੋਟੇ ਦਾ ਆਪਣਾ ਸੰਗੀਤ ਖੁਦ ਏਨਾ ਵਿਸ਼ਾਲ ਅਤੇ ਸੂਖਮ ਹੁੰਦਾ ਹੈ ਕਿ ਬੰਦੇ ਨੂੰ ਬਾਹਰਲਾ ਸ਼ੋਰ ਸ਼ਰਾਬਾ ਬਿਲਕੁਲ ਸੁਣਾਈ ਨਹੀਂ ਦਿੰਦਾ।

ਸਾਰੇ ਬੰਦੇ ਸੁਰੱਖਿਅਤ ਥਾਂ ਪੁਚਾ ਕੇ ਪੁਛ ਗਿਛ ਹੋਣ ਲੱਗੀ। ਦੱਸਿਆ ਗਿਆ ਕਿ ਜਿਸ ਛੱਤ ਉਪਰ ਧਮਾਕੇ ਹੋਏ ਉਸ ਫਲੈਟ ਅੰਦਰ ਇਕ ਇੰਡੀਅਨ ਸਟੂਡੈਂਟ ਰਹਿੰਦਾ ਹੈ। ਪੁਲਿਸ ਨੇ ਦੇਖਿਆ ਕਿ ਬਾਹਰ ਨਿਕਲ ਕੇ ਆਏ ਦੁਖਿਆਰਿਆਂ ਵਿਚ ਇੰਡੀਅਨ ਸਟੂਡੈਂਟ ਨਹੀਂ ਆਇਆ। ਇਸ ਦਾ ਮਤਲਬ ਹੈ ਕਿ ਇਕ ਤਾਂ ਦੋਸ਼ੀ ਲੱਭ ਗਿਆ, ਦੂਜਾ ਹੋ ਸਕਦੈ ਹੋਰ ਧਮਾਕੇ ਕਰਨ ਵਾਸਤੇ ਵਿਉਂਤ ਬਣਾ ਰਿਹਾ ਹੋਵੇ। ਵਾਰਨਿੰਗ ਦੇਣ ਦੇ ਬਾਵਜੂਦ ਨਹੀਂ ਨਿਕਲਿਆ। ਬਾਕੀ ਫੋਰਸ ਚਾਰੇ ਪਾਸੇ ਤਾਇਨਾਤ ਕਰਕੇ ਦਸ ਕਮਾਂਡੋ ਪੂਨੀਏ ਦੇ ਕਮਰੇ ਵਲ ਉਪਰ ਚੜ੍ਹੇ। ਜੋਰ ਨਾਲ ਦਰਵਾਜ਼ਾ ਖਟਖਟਾਇਆ। ਪੂਨੀਏ ਨੇ ਚਿਟਕਣੀ ਖੋਲ੍ਹੀ ਤਾਂ ਦੋ ਜਵਾਨਾਂ ਨੇ ਲਪਕ ਕੇ ਦੋਵੇਂ ਬਾਹਵਾਂ ਫੜ ਲਈਆਂ, ਪਿੱਠ ਪਿਛੇ ਕਰਕੇ ਹੱਥਾਂ ਨੂੰ ਹੁੱਕ ਲਾ ਦਿਤੀ। ਫਿਰ ਪੁੱਛਿਆ, ਧਮਾਕੇ ਕਿਉਂ ਕੀਤੇ? ਬਾਰੂਦ, ਸਮੱਗਰੀ ਕਿਥੇ ਹੈ?

ਪੂਨੀਏ ਨੇ ਕਿਹਾ, ਨਾ ਕੋਈ ਧਮਾਕਾ ਕੀਤਾ, ਨਾ ਕੋਈ ਮੇਰੇ ਕੋਲ ਐਕਸਪਲੋਸਿਵ ਸਮੱਗਰੀ ਹੈ। ਉਨ੍ਹਾਂ ਫਿਰ ਕਿਹਾ, ਜਬਰਦਸਤ ਠਾਹ ਠਾਹ ਦੜਾਕ ਦੜਾਕ ਦੇਰ ਤੱਕ ਹੋਈ ਜਿਸ ਕਰਕੇ ਬਿਲਡਿੰਗ ਵਾਲੀ ਥਾਂ ਖਾਲੀ ਕਰਵਾ ਲਈ ਹੈ। ਪੂਨੀਏਂ ਨੇ ਦੱਸਿਆ ਕਿ ਭੁੱਖ ਲੱਗੀ ਹੋਈ ਸੀ, ਮੈਂ ਤਾਂ ਚਟਣੀ ਰਗੜੀ ਸੀ। ਕੂੰਡੇ ਸੋਟੇ ਵੱਲ ਇਸ਼ਾਰਾ ਕਰਦਿਆਂ ਕਿਹਾ, ਆਹ ਦੇਖੋ ਗ੍ਰਾਈਂਡਰ। ਜੇ ਮੇਰੇ ਹੱਥ ਖੋਲ੍ਹ ਦਿਉਂ ਤਾਂ ਮੈਂ ਤੁਹਾਨੂੰ ਗ੍ਰਾਈਂਡਰ ਚਲਾ ਕੇ ਵੀ ਦਿਖਾ ਦਿੰਦਾ ਹਾਂ ਤੇ ਚਟਣੀ ਖੁਆਵਾਂਗਾ ਵੀ। ਬਹੁਤ ਸੁਆਦ ਲੱਗੇਗੀ ਜੇ ਤੁਹਾਨੂੰ ਭੁੱਖ ਲੱਗੀ ਹੈ। ਜੇ ਭੁੱਖ ਨਹੀਂ ਤਾਂ ਚਿਕਨ ਵੀ ਨੀ ਸੁਆਦ। ਪਹਿਲਾਂ ਸਾਰੇ ਕਮਰੇ ਦੀ ਤਲਾਸ਼ੀ ਲਈ। ਅੰਦਰ ਕੁੱਤੇ ਗੇੜੇ ਕਢਦੇ ਰਹੇ। ਫੇਰ ਉਸ ਨੂੰ ਪੁੱਛਿਆ, ਤੂੰ ਕਰਨ ਕੀ ਆਇਐਂ ਇਥੇ? ਉਸਨੇ ਕਿਹਾ, ਮੇਰੇ ਹੱਥ ਖੋਲ੍ਹੋ। ਮੈਂ ਤੁਹਾਨੂੰ ਆਪਣਾ ਸ਼ਨਾਖਤੀ



*30 ਸਾਲ ਪੁਰਾਣੀ ਇਸ ਤਸਵੀਰ ਵਿਚ ਨਜ਼ਰ ਆ ਰਹੇ ਹਨ-ਕੁਲਵੰਤ ਸਿੰਘ ਗਰੇਵਾਲ ਅਤੇ ਪੱਤਰਕਾਰ ਗੁਰਦਿਆਲ ਸਿੰਘ ਬੱਲ, ਸੰਗਰੂਰ ਜਿਲ੍ਹੇ ਵਿਚ ਪਿੰਡ ਬਡਬਰ ਦੇ ਇਕ ਪੁਰਾਣੇ ਮਜਾਰ ਦੇ ਬਾਹਰਵਾਰ*

ਕਾਰਡ ਦਿਖਾਉਣਾ। ਮੈਂ ਕੈਮਿਸਟਰੀ ਦਾ ਸਾਇੰਟਿਸਟ ਹਾਂ, ਡਾਕਟਰੇਟ ਕਰਕੇ ਆਇਆਂ, ਹੁਣ ਡਾਕਟਰ ਆਫ਼ ਸਾਇੰਸ, ਜਿਹੜੀ ਦੁਨੀਆਂ ਦੀ ਸਭ ਤੋਂ ਵੱਡੀ ਡਿਗਰੀ ਹੈ ਉਹ ਕਰ ਰਿਹਾਂ।

ਪੂਨੀਏ ਨੇ ਇਕ ਹੌਲਦਾਰ ਨੂੰ ਕਿਹਾ, ਜਰਾ ਖਾ ਕੇ ਤਾਂ ਦੇਖ, ਬੜੀ ਟੇਸਟੀ ਹੈ। ਖਾਣੀ ਤਾਂ ਕੀ ਸੀ, ਹੌਲਦਾਰ ਨੇ ਸਿਰ ਨੀਵਾਂ ਕਰਕੇ ਸੁੰਘੀ। ਉਸਨੂੰ ਉਹ ਧਾਂਸ ਚੜ੍ਹੀ ਕਿ ਛਿੱਕਾਂ ਮਾਰਦਾ ਮਾਰਦਾ ਬਾਹਰ ਵੱਲ ਭੱਜਿਆ। ਕਹਿਣ ਲੱਗਾ, ਇਹ ਖਾ ਕੇ ਕਿਤੇ ਖੁਦਕਸ਼ੀ ਨਾ ਕਰਦਾ ਹੋਵੇ। ਏਨਾ ਤਿੱਖਾ ਪੰਜੈਂਟ ਮੈਟਰ ਤਾਂ ਬਾਰੂਦ ਵੀ ਨਹੀਂ। ਕਮਰੇ ਵਿਚੋਂ ਕੁਝ ਇਤਰਾਜ਼ਯੋਗ ਨਾ ਮਿਲਿਆ। ਇਹ ਸਾਰਾ ਕੁੱਤਪੁਣਾ ਕਰਦਿਆਂ ਦਿਨ ਚੜ੍ਹ ਗਿਆ। ਦੋ ਤਿੰਨ ਭਾਰਤੀਆਂ ਨੂੰ ਬੁਲਾ ਕੇ ਇਸ ਖਾਧ-ਪਦਾਰਥ ਦੀ ਜਾਂਚ ਕਰਵਾਈ। ਉਨ੍ਹਾਂ ਨੇ ਕਿਹਾ, ਜੀ ਇਹ ਪੰਜਾਬ ਵਿਚ ਆਮ ਖਾਣ ਵਾਲੀ ਸਾਦੀ ਜਿਹੀ ਪੇਸਟ ਹੁੰਦੀ ਹੈ ਜੋ ਤਿੰਨ ਚਾਰ ਚੀਜ਼ਾਂ ਨੂੰ ਕੁੱਟ ਕੇ ਬਣਾਉਂਦੇ ਹਨ। ਇਹ ਮੁੰਡਾ ਨਵਾਂ ਹੈ। ਇਸ ਨੂੰ ਪਤਾ ਨਹੀਂ ਕਿ ਏਨਾ ਖੜਾਕ ਇੰਗਲੈਂਡ ਵਿਚ ਕਰੀਦਾ ਨਹੀਂ, ਉਹ ਵੀ ਅੱਧੀ ਰਾਤੀਂ। ਦਰਅਸਲ ਹੋਇਆ ਇਹ ਕਿ ਨੀਂਦ ਵਿਚੋਂ ਅਭੜਵਾਹੇ ਉਠਦਿਆਂ ਬੰਦਾ ਬੌਂਦਲ ਜਾਂਦਾ ਹੈ। ਉਸ ਨੂੰ ਕੁਝ ਸਮਝ ਵਿਚ ਆਉਂਦਾ ਨਾ ਹੋਣ ਕਰਕੇ ਖਤਰਾ ਲੋੜ ਤੋਂ ਵਧੀਕ ਪ੍ਰਤੀਤ ਹੋਣ ਲਗਦਾ ਹੈ।

ਪੁਲਿਸ ਅਫ਼ਸਰ ਨੇ ਪੁੱਛਿਆ, ਤੂੰ ਇਹ ਗ੍ਰਾਈਂਡਰ ਖ੍ਰੀਦਿਆ ਕਿਥੋਂ? ਪੂਨੀਏ ਨੇ ਕਿਹਾ, ਆਪਣੇ ਦੇਸ ਵਿਚੋਂ। ਮੈਨੂੰ ਪਤਾ ਸੀ ਇਹ ਕੰਮ ਦੀ ਚੀਜ਼ ਤੁਹਾਡੇ ਦੇਸ ਵਿਚ ਹੋਣੀ ਨਹੀਂ।

ਪੁਲਿਸ ਨੇ ਪੂਨੀਏ ਨੂੰ ਵਾਰਨਿੰਗ ਦਿਤੀ ਤੇ ਇਕ ਖਾਸ ਸਕੂਲ ਵਿਚ ਦਸ ਦਿਨ ਟਰੇਨਿੰਗ ਲੈਣ ਦਾ ਹੁਕਮ ਦਿਤਾ। ਇਸ ਸਕੂਲ ਵਿਚ ਨਵੇਂ ਗਏ ਏਸ਼ੀਆਈਆਂ ਨੂੰ ਅੰਗਰੇਜ਼ੀ ਤਹਿਜ਼ੀਬ ਸਿਖਾਈ ਜਾਂਦੀ ਹੈ। ਗੱਲ ਕਿਵੇਂ ਕਰਨੀ ਹੈ, ਹੌਲੀ ਕਰਨੀ ਹੈ, ਹੈਲੋ ਕਿਵੇਂ ਕਰਨੀ ਹੈ, ਹੱਥ ਵੀ ਇਉਂ ਨੀਂ ਮਿਲਾਉਣਾ ਕਿ ਮੋਢਾ ਉਤਰ ਜਾਵੇ, ਘਰ ਦੇ ਅੰਦਰ ਬੂਟ ਪਾ ਕੇ ਨਹੀਂ ਤੁਰਨਾ, ਨੰਗੇ ਪੈਰੀਂ ਤੁਰਦਿਆਂ ਵੀ ਅੱਡੀ ਨਾਲ ਧਮਕ ਪੈਦਾ ਨਹੀਂ ਕਰਨੀ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਵੀ ਪੱਤਰ ਲਿਖੇ ਕਿ ਆਉਣ ਵਾਲੇ ਵਿਦਿਆਰਥੀਆਂ ਨੂੰ ਵਲੈਤੀ ਤੌਰ ਤਰੀਕੇ ਸਿਖਾ ਕੇ ਭੇਜਿਆ ਕਰੋ। ਇਸ ਪੱਤਰ ਵਿਚ ਉਨ੍ਹਾਂ ਚਟਣੀ ਰਗੜਨ ਉਪਰ ਪੂਰਨ ਪਾਬੰਦੀ ਲਾਉਣ ਬਾਰੇ ਲਿਖਿਆ।

ਪੂਨੀਆ ਹੱਸ ਹੱਸ ਦੂਹਰਾ ਹੁੰਦਾ ਦਸਦਾ ਹੁੰਦੈ, ਕਈ ਦਿਨ ਮੈਂ ਇਹੀ ਸੋਚਦਾ ਰਿਹਾ ਅੰਗਰੇਜ਼ ਦੁਨੀਆਂ 'ਤੇ ਰਾਜ ਕਰ ਗਏ ਇਹ ਝੂਠੀ ਖਬਰ ਲਗਦੀ ਹੈ। ਇਕ ਚਟਣੀ ਦੀ ਘਟਨਾ ਨੇ ਦੋ ਸੌ ਗੋਰਿਆਂ ਨੂੰ ਪਦੀੜਾਂ ਪਾ ਦਿੱਤੀਆਂ। ਪੂਨੀਏ ਦੇ ਵਿਹਾਰ ਤੋਂ ਆਈਨਸਟੀਨ ਦੇ ਵਾਕ ਦੀ ਅਜੇ ਵੀ ਜੇ ਵਿਆਖਿਆ ਅਧੂਰੀ ਹੈ ਤਾਂ ਫੇਰ ਕਦੀ ਗਰੇਵਾਲ ਸਾਹਿਬ ਦੀ ਗੋਡਬੰਦਨਾ ਕਰੋ। ਪੂਨੀਆ ਰਿਟਾਇਰ ਹੋ ਗਿਆ ਹੈ ਪਰ ਉਹ ਵਿਹਲਾ ਨਹੀਂ। ਚਾਰ ਭਾਰਤੀ ਯੂਨੀਵਰਸਿਟੀਆਂ ਅਤੇ ਛੇ ਦੇਸਾਂ ਦਾ ਉਹ ਰਸਾਇਣ-ਵਿਗਿਆਨੀ ਸਲਾਹਕਾਰ ਹੈ। ਪੂਨੀਏ ਨੂੰ ਭਾਰਤ ਸਰਕਾਰ ਵਲੋਂ ਸ਼੍ਰੋਮਣੀ ਸਾਇੰਸਦਾਨ ਦਾ ਸਟੇਟ ਐਵਾਰਡ ਮਿਲਿਆ।

ਸ਼ਾਇਰ ਉਦੈ ਸਿੰਘ ਸ਼ਾਇਕ ਆਪਣੇ ਸ਼ਾਇਰ ਦੋਸਤ ਕਿਰਪਾਲ ਸਿੰਘ ਬੇਦਾਰ ਨੂੰ ਮਿਲਣ ਆਇਆ। ਘਰ ਪੁੱਜੇ ਤਾਂ ਦੇਖਿਆ, ਬੇਦਾਰ ਕੱਚੀ ਕੰਧ ਉਪਰ ਇਸ ਤਰ੍ਹਾਂ ਬੈਠਾ ਗਜ਼ਲ ਲਿਖ ਰਿਹਾ ਸੀ ਜਿਵੇਂ ਬੰਦਾ ਘੋੜੀ 'ਤੇ ਸਵਾਰ ਹੋਵੇ। ਦੇਖਣਸਾਰ ਸ਼ਾਇਕ ਨੇ ਕਿਹਾ, ਤਾਲੀਮ ਭੀ ਇਸ ਕੰਬਖਤ ਦਾ ਕੁਛ ਨਹੀਂ ਵਿਗਾੜ ਸਕੀ। ਬੇਦਾਰ ਪੰਜਾਬੀ ਯੂਨੀਵਰਸਿਟੀ ਦੇ ਅਰਬੀ, ਫਾਰਸੀ ਵਿਭਾਗ ਦਾ ਮੁਖੀ ਪ੍ਰੋਫੈਸਰ ਸੀ।

ਪੂਨੀਆ ਅਤੇ ਗਰੇਵਾਲ, ਵਿਦਿਆ ਮਨਫੀ ਕਰਨ ਤੋਂ ਬਾਦ ਵੀ ਬਹੁਤ ਬਚ ਜਾਂਦੇ ਹਨ। ਸਾਡੇ ਲਹੂ ਲੁਹਾਣ ਸੰਸਾਰ ਵਿਚ ਇਹ ਮਨੁਖ ਅੰਮ੍ਰਿਤ ਸੰਤਾਨ ਹਨ। ਆਪਣੀ ਵਿੱਦਿਆ ਆਪਣੇ ਵਿਚੋਂ ਮਨਫੀ ਕਰਕੇ ਕਦੀ ਹਿਸਾਬ ਲਾਉਣਾ ਕਿ ਤੁਸੀਂ ਕੀ ਹੋ?

# ਕੈਨੇਡਾ ਨੂੰ ਖਾਲਿਸਤਾਨ ਦਾ ਪ੍ਰਚਾਰ ਰੁਕਵਾਉਣਾ ਚਾਹੀਦਾ

**ਚੰਡੀਗੜ੍ਹ:** ਬ੍ਰਿਟਿਸ਼ ਕੋਲੰਬੀਆ ਦੇ ਭਾਰਤੀ ਆਗੂ ਉਜਲ ਦੋਸਾਂਝ ਨੇ ਕੈਨੇਡੀਅਨ ਸਰਕਾਰ ਨੂੰ ਸਿੱਖ ਆਵਾਸੀਆਂ ਦੀ ਦੂਜੀ ਤੇ ਤੀਜੀ ਪੀੜ੍ਹੀ ਵਲੋਂ ਖਾਲਿਸਤਾਨ ਦੇ ਕੀਤੇ ਜਾ ਰਹੇ ਪ੍ਰਚਾਰ ਬਾਰੇ ਖ਼ਬਰਦਾਰ ਕੀਤਾ ਹੈ।

ਆਪਣੇ ਜੀਵਨ ਤੇ ਪ੍ਰਾਪਤੀਆਂ ਬਾਰੇ 45 ਮਿੰਟ ਦੀ ਇਕ ਦਸਤਾਵੇਜ਼ੀ ਦੇ ਰਿਲੀਜ਼ ਸਮਾਗਮ ਮੌਕੇ ਬੀਤੀ 11 ਸਤੰਬਰ ਨੂੰ ਸ੍ਰੀ ਦੋਸਾਂਝ ਨੇ ਕਿਹਾ ਕਿ ਕਈ ਵਾਰ ਇਹ ਪ੍ਰਚਾਰ ਕੁਸੈਲਾ ਤੇ ਮੰਦਭਾਵੀ ਹੋ ਜਾਂਦਾ ਹੈ। ਸਮਾਂ ਆ ਗਿਆ ਹੈ ਕਿ ਕੈਨੇਡਾ ਸਰਕਾਰ ਲੋੜੀਂਦੇ ਕਦਮ ਉਠਾਏ, ਨਹੀਂ ਤਾਂ ਸਥਿਤੀ ਹੱਥੋਂ ਨਿਕਲ ਸਕਦੀ ਹੈ। ਇਸ ਦਸਤਾਵੇਜ਼ੀ ਦਾ ਨਿਰਮਾਣ ਕੈਨੇਡਾ ਵਿਚ ਓਮਨੀ ਟੈਲੀਵਿਜ਼ਨ ਦੀ ਮੀਰਾ ਦੀਵਾਨ ਨੇ ਕੀਤਾ ਹੈ ਅਤੇ ਇਸ ਵਿਚ ਪ੍ਰਾਂਤਕ ਰਾਜਨੀਤੀ ਵਿਚ ਉਜਲ ਦੀ ਚੜ੍ਹਤ ਤੋਂ ਇਲਾਵਾ ਖਾਲਿਸਤਾਨੀਆਂ ਖ਼ਿਲਾਫ਼ ਉਸ ਦੇ ਸਟੈਂਡ ਬਾਰੇ ਵੀ ਚਰਚਾ ਕੀਤੀ ਗਈ ਹੈ। ਦਸਤਾਵੇਜ਼ੀ ਦਿਖਾਏ ਜਾਣ ਮੌਕੇ ਮੌਜੂਦ ਵਿਅਕਤੀਆਂ ਵਿਚ ਰਾਜ ਸਭਾ

## ਐਮ.ਪੀ. ਦੁਸਾਂਝ ਦੇ ਬਿਆਨ 'ਤੇ ਕੈਨੇਡਾ 'ਚ ਤਿੱਖਾ ਪ੍ਰਤੀਕਰਮ



ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਕੈਨੇਡੀਅਨ ਕੌਂਸਲ ਜਨਰਲ ਸਕਾਟ ਸਲੈਸਰ, ਸ੍ਰੀਮਤੀ ਰਾਮਿੰਦਰ ਦੋਸਾਂਝ ਤੋਂ ਇਲਾਵਾ ਪੰਜਾਬ ਸਰਕਾਰ ਦੇ ਕੁਝ ਸੀਨੀਅਰ ਅਧਿਕਾਰੀ ਵੀ ਸ਼ਾਮਲ ਸਨ।

ਸ੍ਰੀ ਦੋਸਾਂਝ ਨੇ ਕਿਹਾ ਕਿ ਕੈਨੇਡਾ ਵਿਚ ਖਾਲਿਸਤਾਨ ਦੇ ਕਾਜ਼ ਦਾ ਪ੍ਰਚਾਰ ਕਰਨ ਵਾਲੇ ਵਿਅਕਤੀ ਸਿੱਖਾਂ ਦਾ ਹਿੱਤ ਨਹੀਂ ਸੰਵਾਰ ਰਹੇ ਸਗੋਂ ਨੁਕਸਾਨ ਕਰ ਰਹੇ ਹਨ। ਪੰਜਾਬ ਵਿਚ ਜਦੋਂ ਖਾੜਕੂਵਾਦ ਸਿਖਰ 'ਤੇ ਸੀ ਤਾਂ ਦੋਸਾਂਝ ਉਤੇ ਵੈਨਕੂਵਰ ਵਿਚ ਹਮਲਾ ਹੋਇਆ ਸੀ। ਉਨ੍ਹਾਂ ਕਿਹਾ ਕਿ ਉਹ ਜੌਹਨ ਮੇਜਰ ਜਾਂਚ ਕਮਿਸ਼ਨ ਜੋ ਕਨਿਸ਼ਕ ਕਾਂਡ ਦੀ ਜਾਂਚ ਲਈ ਕਾਇਮ ਕੀਤਾ ਗਿਆ ਸੀ, ਸਾਹਮਣੇ ਪੇਸ਼ ਹੋ ਕੇ ਕਾਫੀ ਰਾਹਤ ਮਹਿਸੂਸ ਕਰਦੇ ਹਨ। ਉਜਲ ਦੋਸਾਂਝ 1996 ਵਿਚ ਬ੍ਰਿਟਿਸ਼ ਕੋਲੰਬੀਆ ਦੇ ਅਟਾਰਨੀ ਜਨਰਲ ਬਣੇ ਸਨ ਅਤੇ ਜਨਵਰੀ 2000 ਵਿਚ ਪਹਿਲੇ ਭਾਰਤੀ-ਕੈਨੇਡੀਅਨ ਪ੍ਰੀਮੀਅਰ ਬਣੇ ਸਨ। ਉਹ ਹਾਊਸ ਆਫ ਕਾਮਨਜ਼ ਵਿਚ ਲਿਬਰਲ ਪਾਰਟੀ ਦੀ ਤਰਫੋਂ ਨੁਮਾਇੰਦਗੀ ਕਰਦੇ ਹਨ। ਉਹ ਪਾਲ ਮਾਰਟਿਨ ਦੀ ਅਗਵਾਈ ਵਾਲੀ ਸੰਘੀ ਸਰਕਾਰ ਵਿਚ ਸਿਹਤ ਮੰਤਰੀ ਰਹੇ ਸਨ।

ਉਨ੍ਹਾਂ ਕਿਹਾ, "ਮੈਂ ਰਾਜਨੀਤੀ ਦੇ ਹਰ ਪਲ ਦਾ ਆਨੰਦ ਮਾਣਦਾ ਹਾਂ। ਫੇਰ ਭਾਵੇਂ ਮੈਂ ਸਰਕਾਰ ਵਿਚ ਹੋਵਾਂ ਜਾਂ ਵਿਰੋਧੀ ਧਿਰ ਵਿਚ। ਪ੍ਰਾਂਤਕ ਰਾਜਨੀਤੀ ਵਿਚ ਮੈਂ ਹਮੇਸ਼ਾਂ ਸੱਤਾਧਾਰੀ ਨਿਊ ਡੈਮੋਕਰੈਟਿਕ ਪਾਰਟੀ ਦੇ ਨਾਲ ਰਿਹਾ ਹਾਂ। ਬਾਅਦ ਵਿਚ ਪਾਲ ਮਾਰਟਿਨ ਦੇ ਜ਼ੋਰ ਦੇਣ 'ਤੇ ਮੈਂ ਵਾਪਸ ਆਉਣ ਅਤੇ ਸੰਘੀ ਰਾਜਨੀਤੀ ਦੇ ਵਡੇਰੇ ਕੈਨਵਸ ਵਿਚ ਉਤਰਨ ਲਈ ਸਹਿਮਤ ਹੋ ਗਿਆ।"

ਉਧਰ ਬ੍ਰਿਟਿਸ਼ ਕੋਲੰਬੀਆ ਦੀ ਨਿਊ ਡੈਮੋਕਰੇਟਿਕ ਪਾਰਟੀ ਵਲੋਂ 'ਪਹਿਲੇ ਭਾਰਤੀ ਪ੍ਰੀਮੀਅਰ' ਬਣਾਏ ਗਏ ਤੇ ਪਾਰਟੀ ਨੇਤਾ ਵਜੋਂ ਸੂਬਾਈ ਚੋਣਾਂ 'ਚ ਹਾਰਨ ਮਗਰੋਂ, ਐਨ.ਡੀ.ਪੀ. ਛੱਡ ਕੇ, ਲਿਬਰਲ ਪਾਰਟੀ 'ਚ ਸ਼ਾਮਿਲ ਹੋਣ ਵਾਲੇ ਐਮ.ਪੀ. ਉਜਲ ਦੁਸਾਂਝ ਵਲੋਂ, ਪੰਜਾਬ ਦੇ ਦੌਰੇ ਮੌਕੇ ਖਾਲਿਸਤਾਨ ਦੇ ਮੁੱਦੇ 'ਤੇ ਕੀਤੀ ਗਈ ਬਿਆਨਬਾਜ਼ੀ ਦਾ ਕੈਨੇਡਾ ਵਿਚ ਤਿੱਖਾ ਪ੍ਰਤੀਕਰਮ ਹੋਇਆ ਹੈ। ਲਿਬਰਲ ਪਾਰਟੀ ਦੇ ਹੀ ਨਿਊਟਨ ਨਾਰਥ ਡੈਲਟਾ ਤੋਂ ਐਮ.ਪੀ. ਸੁਖਮਿੰਦਰ ਸਿੰਘ (ਸੁੱਖ) ਧਾਲੀਵਾਲ ਨੇ ਜ਼ੋਰਦਾਰ ਸ਼ਬਦਾਂ 'ਚ ਕਿਹਾ ਹੈ ਕਿ ਕੈਨੇਡਾ 'ਚ ਸਿੱਖ ਵੱਖਵਾਦ ਦੇ ਫੈਲਣ ਦਾ ਦਾਅਵਾ ਖੋਖਲਾ ਅਤੇ ਬੇਬੁਨਿਆਦ ਹੈ, ਜਦਕਿ ਕੈਨੇਡਾ ਦੀ ਸਿੱਖ ਨੌਜਵਾਨ ਪੀੜ੍ਹੀ ਤਾਂ ਇਸ ਵੇਲੇ ਕੌਮ ਦਾ ਸੁਨਹਿਰੀ ਭਵਿੱਖ ਸਿਰਜਨ ਵਲ ਸਰਗਰਮ ਹੈ। ਉਨ੍ਹਾਂ ਕਿਹਾ ਕਿ 'ਸਿੱਖ ਯੂਥ' ਇਸ ਵੇਲੇ ਵਪਾਰ-ਕਾਰੋਬਾਰ, ਸਿਆਸਤ ਤੇ ਮੀਡੀਏ ਆਦਿ ਹਰ ਖੇਤਰ 'ਚ ਵੱਡੀਆਂ ਮੱਲਾਂ ਮਾਰਕੇ ਨਾ ਸਿਰਫ ਸਿੱਖਾਂ ਲਈ ਹੀ, ਸਗੋਂ ਸਮੂਹ ਪੰਜਾਬੀਆਂ ਤੇ ਭਾਰਤੀਆਂ ਲਈ ਵੀ ਵਿਸ਼ਵ ਪੱਧਰ 'ਤੇ ਬਿਹਤਰੀਨ ਸੰਭਾਵਨਾਵਾਂ ਨੂੰ ਜਨਮ ਦੇ ਰਹੀ ਹੈ ਅਤੇ ਹੈਤੀ ਦੇ ਭੂਚਾਲ ਪੀੜਤਾਂ ਲਈ ਮਿਲੀਅਨ ਡਾਲਰ ਇਕਠੇ ਕਰਨ, ਬੇਸਹਾਰਿਆਂ ਲਈ ਲੰਗਰ ਲਾਉਣ ਅਤੇ ਕੈਨੇਡਾ 'ਚ ਸਭ ਤੋਂ ਵੱਧ ਯੂਨਿਟ ਖੂਨਦਾਨ ਕਰਨ ਦੇ ਮਹਾਨ ਕਾਰਜ ਕਰ ਰਹੀ ਹੈ।

ਇਸ ਦੌਰਾਨ ਸਾਊਥ ਏਸ਼ੀਅਨ ਰਿਵੀਊ ਦੇ ਸ੍ਰੀ ਭੁਪਿੰਦਰ ਮੱਲ੍ਹੀ ਨੇ ਐਮ.ਪੀ. ਦੁਸਾਂਝ ਦੇ ਬਿਆਨ ਨੂੰ ਜਿੱਥੇ ਭਾਈਚਾਰੇ ਅੰਦਰ ਵਖਰੇਵਾਂ ਪਾਉਣ ਵਾਲਾ ਕਰਾਰ ਦਿੱਤਾ, ਉਥੇ ਅਹਿਮ ਇੰਕਸ਼ਾਫ ਕਰਦਿਆਂ ਕਿਹਾ ਹੈ ਕਿ ਸ੍ਰੀ ਦੁਸਾਂਝ ਜਦੋਂ ਬੀ.ਸੀ. ਦੇ ਅਟਾਰਨੀ ਜਨਰਲ ਸਨ, ਉਸ ਵੇਲੇ ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਪੁਲਿਸ ਕਾਰਵਾਈ ਕਰਦਿਆਂ, ਉਨ੍ਹਾਂ ਆਦਿਵਾਸੀ ਲੋਕਾਂ 'ਤੇ 75,000 ਗੋਲੀਆਂ ਚਲਾ ਕੇ, ਮਨੁੱਖੀ ਹੱਕਾਂ ਦੇ ਘਾਣ ਦੀ ਸਭ ਤੋਂ ਭਿਆਨਕ ਮਿਸਾਲ ਪੇਸ਼ ਕੀਤੀ ਸੀ।

# ਰਾਸ਼ਟਰਵਾਦ, ਅਤਿਵਾਦ ਤੇ ਭਾਜਪਾ

**ਦੁਖਦੀ ਰਗ**

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

ਲੰਘੀ 24 ਅਗਸਤ ਨੂੰ ਭਾਰਤੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਮੁਲਕ ਭਰ ਦੇ ਪੁਲਿਸ ਡਾਇਰੈਕਟਰ ਜਨਰਲਾਂ ਤੇ ਇੰਸਪੈਕਟਰ ਜਨਰਲਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਅੰਦਰੂਨੀ ਸੁਰੱਖਿਆ ਬਾਰੇ ਹੋਰ ਮਸਲਿਆਂ ਦੇ ਨਾਲ-ਨਾਲ ਦੇਸ਼ ਨੂੰ ਦਹਿਸ਼ਤਗਰਦਾਂ ਦੀਆਂ ਹਿੰਸਕ ਕਾਰਵਾਈਆਂ ਦੇ ਖਤਰੇ ਤੋਂ ਵੀ ਚੌਕਸ ਕੀਤਾ। ਇਸ ਹਵਾਲੇ ਨਾਲ ਉਸ ਨੇ 'ਭਗਵੇਂ ਅਤਿਵਾਦ' ਦਾ ਵੀ ਜ਼ਿਕਰ ਕੀਤਾ ਜਿਸ ਤੋਂ ਆਉਣ ਵਾਲੇ ਸਮੇਂ 'ਚ ਦੇਸ਼ ਨੂੰ ਖਤਰਾ ਹੋ ਸਕਦਾ ਹੈ। ਗ੍ਰਹਿ ਮੰਤਰੀ ਵਲੋਂ ਵਰਤੇ ਗਏ ਸ਼ਬਦ 'ਭਗਵੇਂ ਅਤਿਵਾਦ' ਦੇ ਮੀਡੀਆ 'ਚ ਆਉਂਦਿਆਂ ਹੀ ਆਪਣੇ ਆਪ ਨੂੰ ਰਾਸ਼ਟਰਵਾਦੀ ਤੇ ਹਿੰਦੂ ਜਮਾਤ ਦੇ ਪ੍ਰਤੀਨਿਧ ਤੇ ਸਰਪ੍ਰਸਤ ਸਮਝਣ ਵਾਲੇ ਸਾਰੇ ਅਦਾਰੇ ਤੇ ਪਾਰਟੀਆਂ ਜਿਵੇਂ ਭਾਜਪਾ, ਸ਼ਿਵ ਸੈਨਾ, ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ, ਅਖਿਲ ਭਾਰਤ ਵਿਦਿਆਰਥੀ ਪ੍ਰੀਸ਼ਦ ਅਤੇ ਇਨ੍ਹਾਂ ਸਭਨਾਂ ਦੀ ਮਾਂ ਜਥੇਬੰਦੀ ਆਰ.ਐਸ.ਐਸ. ਨੇ ਤਾਂ ਇਕ ਤਰ੍ਹਾਂ ਨਾਲ ਆਸਮਾਨ ਹੀ ਸਿਰ 'ਤੇ ਚੁੱਕ ਲਿਆ। ਉਨ੍ਹਾਂ ਦਲੀਲ ਦਿੱਤੀ ਕਿਉਂਕਿ ਭਗਵਾਂ ਰੰਗ ਰਾਸ਼ਟਰ ਦੀ ਸੰਸਕ੍ਰਿਤੀ, ਸਭਿਆਚਾਰਕ, ਤਿਰੰਗੇ, ਨੈਤਿਕਤਾ, ਕੁਰਬਾਨੀ ਅਤੇ ਅਧਿਆਤਮਵਾਦ ਦਾ ਪ੍ਰਤੀਕ ਹੈ, ਇਸ ਲਈ ਇਸ ਨੂੰ ਕਿਸੇ ਕਿਸਮ ਦੀ ਹਿੰਸਾ ਜਾਂ ਅਤਿਵਾਦ ਨਾਲ ਜੋੜਨਾ ਦੇਸ਼ ਦੇ ਲੋਕਾਂ ਨਾਲ ਵਿਸ਼ਵਾਸਘਾਤ ਹੈ ਤੇ ਰਾਸ਼ਟਰ ਦੀ ਬੇਹੁਰਮਤੀ ਹੈ। ਜੋ ਭਾਜਪਾ ਤੇ ਉਸ ਦੇ ਸਾਥੀ ਹਿੰਦੂ ਵੋਟ ਹਥਿਆਉਣ ਲਈ ਬੇਲੋੜਾ ਰੌਲਾ ਪਾ ਰਹੇ ਸਨ ਤਾਂ ਕਾਂਗਰਸ ਵੀ ਹਿੰਦੂ ਵੋਟ ਖੁੱਸਣ ਦੇ ਡਰੋਂ ਚਿਦੰਬਰਮ ਦੇ ਇਸ ਬਿਆਨ ਤੋਂ ਪੱਲਾ ਬਚਾ ਰਹੀ ਸੀ। ਕਾਂਗਰਸ ਦੇ ਮੁੱਖ ਬੁਲਾਰੇ ਜਨਾਰਦਨ ਦਿਵੇਦੀ ਨੇ ਕਿਹਾ ਕਿ ਅਤਿਵਾਦ ਦਾ ਕੋਈ ਰੰਗ ਨਹੀਂ ਹੁੰਦਾ ਜੇ ਕੋਈ ਰੰਗ ਹੁੰਦਾ ਹੈ ਤਾਂ ਉਹ ਹੈ ਕਾਲਾ। ਦਿਗਵਿਜੇ ਸਿੰਘ ਨੇ ਭਾਜਪਾ ਦੀ ਬੋਲੀ ਹੀ ਬੋਲੀ ਤੇ ਕਿਹਾ ਕਿ ਭਗਵਾਂ ਰੰਗ ਪਵਿੱਤਰਤਾ ਦਾ ਪ੍ਰਤੀਕ ਹੈ ਇਸ ਨੂੰ ਅਤਿਵਾਦ ਨਾਲ ਜੋੜਨਾ ਗਲਤ ਹੈ। ਚਿਦੰਬਰਮ ਨੇ ਆਪਣੇ ਵਲੋਂ ਵਰਤੇ ਸ਼ਬਦਾਂ ਦੀ ਤਾਈਦ ਕਰਦੇ ਹੋਏ ਕਿਹਾ ਕਿ ਪਹਿਲੀ ਗੱਲ ਇਹ ਕਿ ਕੋਈ ਵੀ ਰੰਗ ਕਿਸੇ ਖਾਸ ਪਾਰਟੀ ਜਾਂ ਗੁੱਟ ਦਾ ਪੇਟੈਂਟ ਨਹੀਂ, ਦੂਜਾ ਉਸ ਨੇ 'ਭਗਵੇਂ ਅਤਿਵਾਦ' ਮੁਹਾਵਰੇ ਦੀ ਵਰਤੋਂ ਸੱਜੇ ਪੱਖੀ ਧਾਰਮਿਕ ਗੁੱਟਾਂ ਵਲੋਂ ਕੀਤੀਆਂ ਜਾਂਦੀਆਂ ਦਹਿਸ਼ਤਗਰਦ ਕਾਰਵਾਈਆਂ ਦੇ ਹਵਾਲੇ ਨਾਲ ਕੀਤੀ ਸੀ। ਤੀਜੀ ਗੱਲ ਇਹ ਮੁਹਾਵਰਾ ਪਹਿਲਾਂ ਵੀ ਤੇ ਖਾਸ ਤੌਰ ਤੇ 2005 ਦੇ ਮਾਲੇਗਾਓਂ ਧਮਾਕਿਆਂ ਤੋਂ ਬਾਅਦ ਬਹੁਤ ਲੀਡਰਾਂ ਨੇ ਇਸੇ ਸਬੰਧ 'ਚ ਵਰਤਿਆ ਹੈ। ਸੋ ਮੁਹਾਵਰੇਬਾਜ਼ੀ ਤੇ ਦੂਸ਼ਣਬਾਜ਼ੀ ਦੀ ਬਜਾਏ ਸਾਨੂੰ ਜ਼ਮੀਨੀ ਤੱਥਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਭਾਰਤ ਦੇ ਕੁੱਲ ਧਰਮ ਨਿਰਪੱਖ ਬੁੱਧੀਜੀਵੀਆਂ ਤੇ ਖੱਬੇ ਪੱਖੀ ਸਿਆਸਤਦਾਨਾਂ ਨੇ ਵੀ ਚਿਦੰਬਰਮ ਦੇ ਸ਼ਬਦਾਂ ਦੀ ਪ੍ਰੋੜਤਾ ਕੀਤੀ ਤੇ ਕਿਹਾ ਕਿ ਸ਼ਬਦਾਂ ਦੇ ਆਮ ਅਰਥ ਉਹੀ ਹੁੰਦੇ ਹਨ ਜਿਸ ਕ੍ਰਿਆ ਨਾਲ ਉਹ ਸ਼ਬਦ ਜੁੜ ਜਾਂਦੇ ਹਨ। 'ਜਿਹਾਦ' ਜਾਂ 'ਹਰਾ ਅਤਿਵਾਦ' ਸ਼ਬਦ ਬੇਰੋਕ ਟੋਕ ਮੁਸਲਿਮ ਦਹਿਸ਼ਤਗਰਦੀ ਲਈ ਵਰਤੇ ਜਾਂਦੇ ਹਨ ਜਦੋਂਕਿ ਇਸਲਾਮ ਅਨੁਸਾਰ ਹਰਾ ਰੰਗ ਤੇ 'ਜਿਹਾਦ' ਪਾਕੀਜ਼ਗੀ ਤੇ ਹੱਕ-ਸੱਚ ਦੇ ਪ੍ਰਤੀਕ ਹਨ। ਇਸੇ ਤਰ੍ਹਾਂ ਜੇ ਕੋਈ ਲੋਕ ਜਾਂ ਗਰੁਪ ਆਪਣੇ ਆਪ ਨੂੰ ਨੈਤਿਕ, ਰਾਸ਼ਟਰਵਾਦੀ ਤੇ ਭਾਰਤੀ ਸੰਤਾਂ-ਮਹਾਂਪੁਰਸ਼ਾਂ ਦੇ ਸੱਚੇ-ਸੁੱਚੇ ਉਤਰਾਧਿਕਾਰੀ ਦੱਸਦੇ ਹਨ ਤੇ ਨਾਲ-ਨਾਲ ਦੂਜੇ ਧਰਮਾਂ ਪ੍ਰਤੀ ਨਫਰਤ ਤੇ ਹਿੰਸਾ ਕਰਨ ਦੇ ਦੋਸ਼ੀ ਵੀ ਪਾਏ ਜਾਂਦੇ ਹਨ ਤਾਂ ਉਨ੍ਹਾਂ ਦੀ ਨਿਸ਼ਾਨਦੇਹੀ ਕਰਨ ਲਈ ਸਭ ਤੋਂ ਸੌਖਾ ਤੇ ਮੇਚ ਦਾ ਸ਼ਬਦ ਉਹੀ ਹੈ ਜੋ ਉਨ੍ਹਾਂ ਦੇ ਕਾਰਜਾਂ ਤੇ ਦਿੱਖ ਨੂੰ ਸਹੀ ਤਰ੍ਹਾਂ ਪ੍ਰਭਾਸ਼ਿਤ ਕਰਦਾ ਹੋਵੇ। ਇਸ ਲਈ ਉਨ੍ਹਾਂ ਅਨੁਸਾਰ ਗ੍ਰਹਿ ਮੰਤਰੀ ਨੇ 'ਭਗਵਾਂ ਅਤਿਵਾਦ' ਦਾ ਮੁਹਾਵਰਾ ਵਰਤ ਕੇ ਕੋਈ ਗੁਨਾਹ ਨਹੀਂ ਕੀਤਾ।

ਜੇ ਅਸੀਂ ਭਾਰਤ 'ਚ ਹਿੰਦੂ ਰਾਸ਼ਟਰ ਜਾਂ ਹਿੰਦੂਤਵ ਦੇ ਏਜੰਡੇ 'ਤੇ ਕੰਮ ਕਰਨ ਵਾਲੀਆਂ ਜਥੇਬੰਦੀਆਂ ਜਾਂ ਗਰੁਪਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਸ਼ੁਰੂ ਸ਼ੁਰੂ 'ਚ ਇਹ ਭਾਵੇਂ ਹਿੰਸਾ ਦੀ ਗੱਲ ਤਾਂ ਕਰਦੇ ਸਨ ਪਰ ਹਿੰਸਾ ਨਹੀਂ ਸਨ ਕਰਦੇ ਜੋ ਅੱਜ ਇਕ ਆਮ ਰੁਝਾਨ ਬਣ ਗਿਆ ਹੈ। 'ਹਿੰਦੂ ਮਹਾਂਸਭਾ' ਇਸ ਕਿਸਮ ਦੀ ਪਹਿਲੀ ਜਥੇਬੰਦੀ ਸੀ ਜੋ 1915 'ਚ ਹੋਂਦ 'ਚ ਆਈ। ਇਹ ਜਥੇਬੰਦੀ ਜਿਥੇ ਹਿੰਦੂ ਰਾਸ਼ਟਰ ਜਾਂ ਹਿੰਦੂ ਕੌਮ ਦੀ ਗੱਲ ਕਰਦੀ ਸੀ, ਉਥੇ ਮਹਾਤਮਾ ਗਾਂਧੀ ਸਭ ਭਾਰਤੀਆਂ ਅਤੇ ਸਾਰੇ ਭਾਰਤੀ ਧਰਮਾਂ ਦੀ ਬਰਾਬਰੀ ਦਾ ਪ੍ਰਚਾਰ ਕਰ ਰਿਹਾ ਸੀ। ਇਸ ਲਈ ਸ਼ੁਰੂ ਤੋਂ ਹੀ ਇਨ੍ਹਾਂ ਦੋਵਾਂ ਧਿਰਾਂ 'ਚ ਵਿਰੋਧ ਸ਼ੁਰੂ ਹੋ ਗਿਆ ਸੀ। ਫਿਰ 1925 'ਚ 'ਰਾਸ਼ਟਰੀ ਸਵੈਮ ਸੇਵਕ ਸੰਘ' (ਆਰ.ਐਸ.ਐਸ.) ਹੋਂਦ 'ਚ ਆ ਗਈ ਇਸ ਨੇ ਸਿਆਸਤ 'ਚ ਹਿੱਸਾ ਲੈਣ ਦੀ ਬਜਾਏ ਸਰੀਰਕ ਵਰਜ਼ਿਸ਼, ਫੌਜੀ ਕਵਾਇਦ ਤੇ ਹਿੰਦੂਤਵ ਦੇ ਏਜੰਡੇ ਦੇ ਪ੍ਰਚਾਰ ਤੇ ਹੀ ਜ਼ੋਰ ਦਿੱਤਾ। ਆਜ਼ਾਦੀ ਤੋਂ ਬਾਅਦ ਜਦ ਕਾਂਗਰਸ ਨੇ ਇਨ੍ਹਾਂ ਦੇ ਹਿੰਦੂ ਮੁੱਦੇ ਹਥਿਆਉਣੇ ਸ਼ੁਰੂ ਕਰ ਦਿੱਤੇ ਜਿਵੇਂ ਉਤਰੀ ਭਾਰਤ 'ਚ ਹਿੰਦੀ ਲਾਗੂ ਕਰਨਾ ਜਾਂ ਗਊ-ਹੱਤਿਆ ਤੇ ਪਾਬੰਦੀ ਲਾ ਦੇਣਾ ਤਾਂ ਇਸ ਨੂੰ ਵੀ ਇਕ ਸਿਆਸੀ ਵਿੰਗ ਦੀ ਜ਼ਰੂਰਤ ਮਹਿਸੂਸ ਹੋਈ ਜੋ ਪਹਿਲਾਂ ਜਨ-ਸੰਘ ਦੇ ਨਾਂ 'ਤੇ ਹੋਂਦ 'ਚ ਆਇਆ ਤੇ ਅੱਜ ਕੱਲ੍ਹ ਇਸ ਨੂੰ ਭਾਰਤੀ ਜਨਤਾ ਪਾਰਟੀ ਕਿਹਾ ਜਾਂਦਾ ਹੈ। ਭਾਰਤੀ ਜਨਤਾ ਪਾਰਟੀ ਸੌ ਫੀਸਦੀ ਆਰ.ਐਸ.ਐਸ. ਦੇ ਡੰਡੇ ਥੱਲੇ ਹੋਣ ਕਰਕੇ ਭਗਵੇਂ ਏਜੰਡੇ ਤੋਂ ਇਕ ਇੰਚ ਵੀ ਪਰ੍ਹੇ ਨਹੀਂ ਜਾ ਸਕਦੀ ਤੇ ਵੋਟਾਂ ਦੀ ਸਿਆਸਤ ਖੇਡਣ ਲਈ ਇਸ ਏਜੰਡੇ ਨੂੰ ਐਲਾਨੀਆ ਤੌਰ 'ਤੇ ਪ੍ਰਚਾਰ ਵੀ ਨਹੀਂ ਸਕਦੀ। ਇਸ ਲਈ ਇਹ ਹਿੰਦੂ ਮੂਲਵਾਦੀਆਂ ਵਲੋਂ ਹਿੰਸਕ ਕਾਰਵਾਈਆਂ ਦੀ ਕਦੇ ਸਿੱਧੀ ਤੇ ਕਦੇ ਲੁਕਵੀਂ ਹਮਾਇਤ ਵੀ ਕਰਦੀ ਰਹਿੰਦੀ ਹੈ ਤੇ ਆਮ ਕੌਮੀ ਮਸਲਿਆਂ 'ਤੇ ਵੀ ਕਈ ਵਾਰ ਸਹਿਯੋਗ ਕਰਦੀ ਵਿਖਾਈ ਦਿੰਦੀ ਹੈ ਪਰ ਮੁੱਖ ਰੂਪ 'ਚ ਆਰ.ਐਸ.ਐਸ. ਦਾ ਏਜੰਡਾ ਹੀ ਇਸਦਾ ਅਸਲ ਏਜੰਡਾ ਹੈ। ਇਸ ਲਈ ਕਈ ਵਾਰ ਇਹ ਲੋੜ ਪੈਣ ਤੇ ਆਪਣਾ ਫਾਸ਼ਿਸਟ ਚਿਹਰਾ ਨੰਗਾ ਕਰਨ ਤੋਂ ਵੀ ਨਹੀਂ ਝਿਜਕਦੀ ਜਿਵੇਂ ਅਸੀਂ 1992 'ਚ ਬਾਬਰੀ ਮਸਜਿਦ ਦੇ ਢਹਿ ਢੇਰੀ ਕਰਨ 'ਚ ਇਸਦਾ ਰੋਲ ਅਤੇ ਅਗਵਾਈ ਦੇ ਚਮਤਕਾਰ ਵੇਖੇ ਹਨ ਜਿਸ 'ਚ 2000 ਲੋਕ ਮਾਰੇ ਗਏ ਸਨ। ਇਸੇ ਤਰ੍ਹਾਂ 2002 'ਚ ਗੁਜਰਾਤ 'ਚ ਹੋਏ ਦੰਗਿਆਂ 'ਚ ਇਸ ਪਾਰਟੀ ਦੇ ਲੀਡਰਾਂ ਤੇ ਕਾਰਕੁੰਨਾਂ ਨੇ ਤਾਂਡਵ ਨਾਚ ਨੱਚਿਆ। ਸੋ ਭਾਜਪਾ ਧਾਰਮਿਕ ਮੂਲਵਾਦੀਆਂ ਵਾਲੀ ਹਿੰਸਾ ਦੀ ਵੀ ਧਾਰਨੀ ਹੈ ਤੇ ਇਕ ਸਿਆਸੀ ਪਾਰਟੀ ਦੇ ਤੌਰ 'ਤੇ ਦੂਜੀਆਂ ਸਿਆਸੀ ਪਾਰਟੀਆਂ ਵਾਲੀਆਂ ਅਲਾਮਤਾਂ ਜਿਵੇਂ ਭ੍ਰਿਸ਼ਟਾਚਾਰ, ਬੇਈਮਾਨੀ, ਅਨੈਤਿਕਤਾ ਆਦਿ ਨਾਲ ਵੀ ਲੁਪਤ ਹੈ। ਇਹ ਮਧੂ ਕੌੜਾ, ਸ਼ਿਬੂ ਸੋਰੇਨ ਜਾਂ ਮਾਇਆਵਤੀ ਨਾਲ ਭ੍ਰਿਸ਼ਟਾਚਾਰ 'ਚ ਸ਼ਾਮਲ ਵੀ ਹੋ ਸਕਦੀ ਹੈ ਤੇ ਅਗਲੇ ਪਲ ਉਨ੍ਹਾਂ ਵਿਰੁਧ ਵਾਇਦਾ ਮੁਆਫ ਗਵਾਹ ਵੀ ਬਣ ਸਕਦੀ ਹੈ। ਇਸਦਾ ਸਾਬਕਾ ਗ੍ਰਹਿ ਮੰਤਰੀ ਤੇ ਹਿੰਦੂਤਵ ਦਾ ਮੁਜੱਸਮਾ ਐਲ.ਕੇ. ਅਡਵਾਨੀ ਕੰਧਾਰ ਮਾਮਲੇ 'ਚ ਸਟੇਜ ਤੋਂ ਝੂਠ ਬੋਲਣ ਲੱਗਾ ਮਿੰਟ ਨਹੀਂ ਲਾਉਂਦਾ।

ਆਰ.ਐਸ.ਐਸ. ਵਲੋਂ ਖਾਸ ਤੌਰ 'ਤੇ ਨਾਮਜ਼ਦ ਕੀਤਾ ਇਸ ਪਾਰਟੀ ਦਾ ਪ੍ਰਧਾਨ ਲਕਸ਼ਮਣ ਆਪਣੀ ਹਕੂਮਤ ਵੇਲੇ ਇਕ ਸਟਿੰਗ ਅਪਰੇਸ਼ਨ 'ਚ ਦੇਸ਼ ਦੀ ਸੁਰੱਖਿਆ ਨੂੰ ਦਾਅ 'ਤੇ ਲਾ ਕੇ ਰਿਸ਼ਵਤ ਦੇ ਨੋਟ ਗਿਣਦਾ ਟੀ ਵੀ ਤੇ ਸਭ ਨੇ ਵੇਖਿਆ ਹੈ। ਕੰਧਮਾਲ 'ਚ ਇਸਾਈਆਂ ਖਿਲਾਫ ਦੰਗਿਆਂ ਦੇ 12 ਕੇਸਾਂ ਦੇ ਦੋਸ਼ੀ ਮਨੋਜ ਪ੍ਰਧਾਨ ਤੇ ਪੁਲਿਸ ਅਫਸਰ ਅਸ਼ੋਕ ਸ਼ਾਹ ਨੇ ਭਾਜਪਾ ਦੀ ਟਿਕਟ 'ਤੇ ਚੋਣ ਲੜੀ ਸੀ। ਬੀ.ਜੇ.ਪੀ. ਦੇ ਇਸ ਐਮ.ਐਲ.ਏ. ਮਨੋਜ ਪ੍ਰਧਾਨ ਨੂੰ ਲੰਘੀ 8 ਸਤੰਬਰ ਨੂੰ 6 ਸਾਲ ਦੀ ਸਜ਼ਾ ਸੁਣਾਈ ਗਈ ਹੈ। ਪੁਰਾਣੀਆਂ ਸਰਿੰਜਾਂ ਵਰਤ ਕੇ ਗੁਜਰਾਤ 'ਚ ਹੈਪੇਟਾਈਟਸ ਬੀ. ਫੈਲਾਉਣ ਵਾਲਾ ਅਤੇ ਕਈਆਂ ਦੀ ਮੌਤ ਦਾ ਜ਼ਿੰਮੇਵਾਰ ਡਾ. ਮਹਿੰਦਰ ਸਿੰਘ ਚੌਹਾਨ ਵੀ ਗੁਜਰਾਤ ਦੀਆਂ ਚੋਣਾਂ 'ਚ ਨਰਿੰਦਰ ਮੋਦੀ ਦਾ ਖਾਸ ਉਮੀਦਵਾਰ ਸੀ। ਇਸ ਸਭ ਕੁਝ ਦੇ ਹੁੰਦਿਆਂ ਹੋਇਆਂ ਇਹ ਪਾਰਟੀ ਪੀ. ਚਿਦੰਬਰਮ ਨੂੰ ਰਾਸ਼ਟਰਵਾਦ, ਦੇਸ਼ ਭਗਤੀ ਅਤੇ ਨੈਤਿਕਤਾ ਦਾ ਸਬਕ ਸਿਖਾ ਰਹੀ ਹੈ ਜਿਸ ਦਾ ਪ੍ਰਧਾਨ ਗਡਕਰੀ ਖੁਦ ਸੋਨੀਆ, ਲਾਲੂ, ਮੁਲਾਇਮ ਸਿੰਘ ਜਾਂ ਮਨਮੋਹਨ ਸਿੰਘ ਬਾਰੇ ਐਸੇ ਅਪਸ਼ਬਦ ਬੋਲਦਾ ਹੈ ਜਿਸ ਲਈ ਇਸਦੀ ਆਪਣੀ ਪਾਰਟੀ ਦੇ ਨੇਤਾਵਾਂ ਨੂੰ ਵੀ ਸ਼ਰਮਸਾਰ ਹੋਣਾ ਪੈਂਦਾ ਹੈ।

ਜਿੱਥੋਂ ਤੱਕ ਇਸ ਭਗਵੇਂ ਏਜੰਡੇ ਦੇ ਪੈਰੋਕਾਰਾਂ ਦਾ ਹਿੰਸਾ ਨਾਲ ਸਬੰਧ ਹੈ ਤਾਂ ਕਹਿ ਸਕਦੇ ਹਾਂ ਕਿ ਇਨ੍ਹਾਂ 'ਚ ਵਿਰੋਧੀਆਂ ਨਾਲ ਦਲੀਲ ਦੀ ਬਜਾਇ ਹਥਿਆਰ ਨਾਲ ਨਜਿੱਠਣ ਦਾ ਸੁਭਾਅ ਪਹਿਲਾਂ ਤੋਂ ਹੀ ਮੌਜੂਦ ਹੈ। ਗਾਂਧੀ ਨੂੰ ਮਾਰਨ ਵਾਲਾ ਨੱਥੂ ਰਾਮ ਗੋਡਸੇ ਪਹਿਲਾਂ ਹਿੰਦੂ ਮਹਾਂ ਸਭਾ ਦਾ ਕਾਰਕੁੰਨ ਰਿਹਾ ਹੈ ਤੇ ਫਿਰ ਆਰ.ਐਸ.ਐਸ. ਦਾ। ਇਕ ਵਿਦੇਸ਼ੀ ਇਸਾਈ ਪ੍ਰਚਾਰਕ ਨੂੰ ਉਸਦੀ ਬੀਵੀ ਤੇ ਬੱਚਿਆਂ ਸਮੇਤ ਜਿੰਦਾ ਸਾੜਨ ਵਾਲਾ ਦਾਰਾ ਸਿੰਘ ਬਜਰੰਗ ਦਲ ਦਾ ਕਰਤਾ-ਧਰਤਾ ਸੀ। ਪਰ ਇਸ ਦੇ ਏਜੰਡੇ ਦੇ ਪੈਰੋਕਾਰਾਂ ਵਲੋਂ ਵਿਉਂਤਬੱਧ ਤੇ ਬਾਕਾਇਦਾ ਜਥੇਬੰਦਕ ਹਿੰਸਾ ਦਾ ਦੌਰ ਉਦੋਂ ਹੀ ਤੇ ਉਥੇ ਹੀ ਸ਼ੁਰੂ ਹੋਇਆ ਜਿਥੇ ਭਾਜਪਾ ਜਾਂ ਸ਼ਿਵ-ਸੈਨਾ ਸੱਤਾ 'ਤੇ ਕਾਬਜ਼ ਹੋਈ ਭਾਵੇਂ ਉੜੀਸਾ 'ਚ ਕੰਧਮਾਲ ਦੇ ਇਸਾਈਆਂ 'ਤੇ ਹਮਲੇ ਹੋਣ ਜਾਂ ਅਜਮੇਰ ਸ਼ਰੀਫ 'ਚ ਬੰਬ ਧਮਾਕੇ ਹੋਣ ਜਾਂ ਗੁਜਰਾਤ ਦਾ ਗੋਧਰਾ ਕਾਂਡ ਹੋਵੇ ਜਾਂ ਸ੍ਰੀਨਗਰ ਖੇਤਰ ਦੀ ਨਾਕਾਬੰਦੀ ਹੋਵੇ। ਕੇਂਦਰ 'ਚ ਵਾਜਪਾਈ ਸਰਕਾਰ ਵੇਲੇ ਇਨ੍ਹਾਂ ਨੇ ਆਪਣੇ ਆਪ ਨੂੰ ਚੰਗੀ ਤਰ੍ਹਾਂ ਮਜਬੂਤ ਤੇ ਜਥੇਬੰਦ ਕੀਤਾ। ਹਿੰਦੂ ਮੂਲਵਾਦੀ ਜਥੇਬੰਦੀਆਂ ਜਿਵੇਂ ਬਜਰੰਗ ਦਲ ਆਦਿ ਦੀ ਅਤਿਵਾਦੀ ਕਾਰਵਾਈਆਂ 'ਚ ਸ਼ਮੂਲੀਅਤ ਪਹਿਲੀ ਵਾਰ 2006 ਦੇ ਸ਼ੁਰੂ 'ਚ ਉਦੋਂ ਸਾਹਮਣੇ ਆਈ ਸੀ ਜਦੋਂ ਮਹਾਰਾਸ਼ਟਰ ਦੀ ਏ.ਟੀ.ਐਸ., ਨਾਂਦੇੜ ਵਿਚ ਇਕ ਆਰ.ਐਸ.ਐਸ. ਕਾਰਕੁੰਨ ਐਲ.ਜੀ. ਰਾਜਕੋਂਦਵਾਰ ਦੇ ਘਰ 'ਚ ਹੋਏ ਬੰਬ ਧਮਾਕੇ ਦੀ ਜਾਂਚ ਕਰ ਰਹੀ ਸੀ। ਇਸ ਬੰਬ ਧਮਾਕੇ 'ਚ ਬਜਰੰਗ ਦਲ ਦੇ ਨਰੇਸ਼ ਰਾਜਕੋਂਦਵਾਰ ਤੇ ਹਿਮਾਂਸ਼ੂ ਪਾਨਸੇ ਮਾਰੇ ਗਏ ਸਨ। ਉਹ ਆਰ.ਡੀ.ਐਕਸ. ਨਾਲ ਖੁਦ ਬੰਬ ਤਿਆਰ ਕਰ ਰਹੇ ਸਨ। ਪੂਰੀ ਤਫਤੀਸ਼ ਤੋਂ ਬਾਅਦ ਇਸ ਘਰ 'ਚੋਂ ਏ.ਟੀ.ਐਸ. ਨੂੰ ਇਕ ਅਣਚੱਲਿਆ ਬੰਬ ਤੇ ਕੁਝ ਨਕਲੀ ਦਾਹੜੀਆਂ ਮਿਲੀਆਂ ਸਨ। ਇਹ ਵੀ ਪਤਾ ਲੱਗਾ ਸੀ ਕਿ ਆਰ.ਐਸ.ਐਸ. ਵਲੋਂ ਪੂਨਾ ਨੇੜੇ ਭੌਂਸਲੇ ਮਿਲਟਰੀ ਸਕੂਲ 'ਚ ਇਕ ਕੈਂਪ ਲਾ ਕੇ ਮਰਾਠਵਾੜਾ ਦੇ ਇਕ ਸੌ ਵਾਲੰਟੀਅਰਾਂ ਨੂੰ ਹਥਿਆਰਾਂ ਦੀ ਟਰੇਨਿੰਗ ਦਿੱਤੀ ਗਈ ਸੀ। ਏ.ਟੀ.ਐਸ. ਨੇ ਆਪਣੀ ਰਿਪੋਰਟ 'ਚ ਇਹ ਇੰਕਸ਼ਾਫ ਕੀਤਾ ਸੀ ਕਿ ਇਹ ਸਭ ਕੁਝ ਮੁਸਲਮਾਨਾਂ 'ਤੇ ਹਮਲੇ ਕਰਨ ਦੀ ਇਕ ਵੱਡੀ ਸਾਜ਼ਿਸ਼ ਦਾ ਹਿੱਸਾ ਸੀ ਜਿਸ ਤਹਿਤ ਪ੍ਰਭਾਵ ਇਹ ਪੈਦਾ ਕਰਨਾ ਸੀ ਕਿ ਮੁਸਲਮਾਨ ਇੰਤਹਾਪਸੰਦ ਹੀ ਸਾਧਾਰਨ ਮੁਸਲਮਾਨਾਂ ਨੂੰ ਮਾਰ ਰਹੇ ਹਨ ਜਦੋਂਕਿ ਕਾਰਵਾਈ ਦੀ ਵਾਗਡੋਰ ਬਜਰੰਗ ਦਲ, ਅਭਿਨਵ ਭਾਰਤ ਆਦਿ ਵਰਗੇ ਹਿੰਦੂ ਮੂਲਵਾਦੀ ਗਰੁਪਾਂ ਦੇ ਹੱਥ 'ਚ ਸੀ। ਇਸ ਰਿਪੋਰਟ ਤੋਂ ਬਾਅਦ ਉਥੋਂ ਦੇ ਧਰਮ-ਨਿਰਪੱਖ ਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਅਦਾਰਿਆਂ ਤੇ ਲੋਕਾਂ ਨੇ ਇਸ ਸਬੰਧ 'ਚ ਸਖਤ ਤੋਂ ਸਖਤ ਕਾਰਵਾਈ ਕਰਨ ਲਈ ਬਥੇਰਾ ਰੌਲਾ ਪਾਇਆ ਪਰ ਕਿਸੇ ਨੇ ਇਕ ਨਾ ਸੁਣੀ ਤੇ ਪੁਲਿਸ ਨੇ ਐਵੇਂ ਮਾਮੂਲੀ ਚਾਰਜ ਲਾ ਕੇ ਚਲਾਨ ਅਦਾਲਤ 'ਚ ਪੇਸ਼ ਕਰ ਦਿੱਤਾ।



ਸਰਕਾਰ ਤੇ ਪੁਲਿਸ ਦੀ ਉਪਰੋਕਤ ਘਟਨਾ ਦੇ ਸਬੰਧ 'ਚ ਵਰਤੀ ਗਈ ਬੇਧਿਆਨੀ ਤੇ ਨਾਅਹਿਲੀਅਤ ਦਾ ਨਤੀਜਾ ਇਹ ਹੋਇਆ ਕਿ 8 ਸਤੰਬਰ, 2006 ਦੇ ਦਿਨ, ਮਾਲੇਗਾਓਂ ਦੇ 'ਬੜਾ ਕਬਰਸਤਾਨ' 'ਚ ਤਿੰਨ ਬੰਬ ਧਮਾਕੇ ਹੋਏ ਜਿਥੇ ਹਜ਼ਾਰਾਂ ਮੁਸਲਮਾਨ 'ਸ਼ਬ-ਏ-ਬਾਰਾਤ' ਮਨਾ ਰਹੇ ਸਨ। ਇਨ੍ਹਾਂ ਧਮਾਕਿਆਂ 'ਚ 37 ਜਣੇ ਮਾਰੇ ਗਏ ਤੇ ਕੋਈ 200 ਲੋਕ ਜ਼ਖਮੀ ਹੋਏ। ਹਾਲਾਂ ਕਿ ਜਿਨ੍ਹਾਂ ਸਾਈਕਲਾਂ ਤੇ ਬੰਬ ਰੱਖੇ ਗਏ ਸਨ, ਉਨ੍ਹਾਂ 'ਤੇ ਹਿੰਦੂ ਨਾਮ ਸਾਫ ਪੜ੍ਹੇ ਜਾ ਸਕਦੇ ਸਨ ਪਰ ਬੰਬਾਂ 'ਚ ਆਰ.ਡੀ.ਐਕਸ. ਦੀ ਹੋਈ ਵਰਤੋਂ ਕਾਰਨ ਸ਼ੱਕ ਮੁਸਲਿਮ ਦਹਿਸ਼ਤਪਸੰਦਾਂ ਤੇ ਹੀ ਕੀਤਾ ਜਾ ਰਿਹਾ ਸੀ। ਕੁਝ ਦਿਨ ਬਾਅਦ ਪੁਲਿਸ ਨੇ ਐਲਾਨ ਵੀ ਕਰ ਦਿੱਤਾ ਕਿ ਕਬਰਸਤਾਨ 'ਚ ਹੋਏ ਬੰਬ ਧਮਾਕਿਆਂ ਪਿੱਛੇ ਸਿਮੀ ਦੇ ਨੂਰ ਉਲ ਹੁਡਾ ਤੇ ਲਸ਼ਕਰ-ਏ-ਤੋਇਬਾ ਦੇ ਸਬੀਰ ਬੈਟਰੀ ਵਾਲਾ ਦਾ ਹੱਥ ਹੈ।

ਇਸੇ ਤਰ੍ਹਾਂ ਮਈ 2007 'ਚ ਹੈਦਰਾਬਾਦ 'ਚ ਚਾਰਮਿਨਾਰ ਨੇੜੇ ਮੱਕਾ ਮਸਜਿਦ 'ਚ ਧਮਾਕਾ ਹੋਇਆ ਜਿਸ 'ਚ 14 ਲੋਕ ਮਾਰੇ ਗਏ ਸਨ ਤੇ ਫਿਰ ਅਕਤੂਬਰ 2007 'ਚ ਹੀ ਦਰਗਾਹ ਅਜਮੇਰ ਸ਼ਰੀਫ 'ਚ ਬੰਬ ਧਮਾਕਾ ਹੋਇਆ ਜਿਸ 'ਚ ਤਿੰਨ ਜਣੇ ਮਾਰੇ ਗਏ ਤੇ ਕੋਈ 30 ਮੁਸਲਮਾਨ ਜ਼ਖਮੀ ਹੋਏ ਸਨ। ਪੁਲਿਸ ਇਨ੍ਹਾਂ ਧਮਾਕਿਆਂ 'ਚ ਮੁਸਲਿਮ ਦਹਿਸ਼ਤਗਰਦਾਂ ਦੇ ਹੱਥ ਦੀ ਭਾਲ 'ਚ ਲੱਗੀ ਰਹੀ ਤੇ ਮੁਸਲਿਮ ਸ਼ੱਕੀ ਲੋਕਾਂ ਤੋਂ ਹੀ ਤਫਤੀਸ਼ ਕਰਦੀ ਰਹੀ। ਨਾਂਦੇੜ 'ਚ ਆਰ.ਐਸ.ਐਸ. ਕਾਰਕੁੰਨ ਦੇ ਘਰ ਹੋਏ ਬੰਬ ਧਮਾਕੇ ਤੋਂ ਬਾਅਦ ਜੋ ਏ.ਟੀ.ਐਸ. ਨੇ ਰਿਪੋਰਟ ਦਿੱਤੀ ਸੀ, ਉਸਦਾ ਸੱਚ ਉਦੋਂ ਬਾਹਰ ਆਇਆ ਜਦੋਂ 29 ਸਤੰਬਰ, 2008 ਨੂੰ ਮਾਲੇਗਾਓਂ 'ਚ ਦੁਬਾਰਾ ਬੰਬ ਧਮਾਕਾ ਹੋਏ ਜਿਸ ਵਿਚ ਹਿੰਦੂ ਮੂਲਵਾਦੀ ਗਰੁਪ ਅਭਿਨਵ ਭਾਰਤ ਦੇ ਕਾਰਕੁੰਨ ਸਾਧਵੀ ਪ੍ਰਗਿਆ ਸਿੰਘ, ਸਵਾਮੀ ਦਯਾ ਨੰਦ ਪਾਂਡੇ, ਲੈਫ. ਕਰਨਲ ਸ੍ਰੀਕਾਂਤ ਪ੍ਰੋਹਿਤ ਤੇ ਹੋਰ ਸ਼ਾਮਿਲ ਸਨ। ਸ਼ੁਰੂ 'ਚ ਐਲ. ਕੇ. ਅਡਵਾਨੀ ਤੇ ਉਸ ਵੇਲੇ ਦੇ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਇਹੋ ਦੁਹਾਈ ਪਾ ਰਹੇ ਸਨ ਕਿ ਏ.ਟੀ.ਐਸ. ਜਾਣ ਬੁੱਝ ਕੇ ਦੇਸ਼ ਦੇ ਸੰਤਾਂ ਤੇ ਬਹਾਦਰ ਫੌਜੀਆਂ ਨੂੰ ਇਸ ਅਤਿਵਾਦ ਦੇ ਮਾਮਲੇ 'ਚ ਲਪੇਟ ਰਹੀ ਹੈ ਪਰ ਜਦ ਨਾਰਕੋ ਟੈਸਟ 'ਚ ਉਨ੍ਹਾਂ ਸਾਰਾ ਸੱਚ ਉਗਲ ਦਿੱਤਾ ਤੇ ਜਦੋਂ ਭਾਰਤੀ ਜਨਤਾ ਪਾਰਟੀ ਦੇ ਵੱਡੇ ਨੇਤਾ ਬੀ.ਐਲ. ਸ਼ਰਮਾ ਦੀ ਸਵਾਮੀ ਦਯਾ ਨੰਦ ਪਾਂਡੇ ਤੇ ਲੈਫ. ਕਰਨਲ ਪ੍ਰੋਹਿਤ ਨਾਲ ਇਕ ਵੀਡੀਓ ਸਾਹਮਣੇ ਆਈ ਤਾਂ ਉਪਰੋਕਤ ਨੇਤਾ ਚੁੱਪ ਹੀ ਵੱਟ ਗਏ ਜਦੋਂਕਿ ਪੂਰੀ ਤਫਤੀਸ਼ ਤੋਂ ਪਹਿਲਾਂ ਅਡਵਾਨੀ ਖੁਦ ਪ੍ਰਗਿਆ ਸਿੰਘ ਤੇ ਕਰਨਲ ਪ੍ਰੋਹਿਤ ਨੂੰ ਮਿਲ ਕੇ ਵੀ ਆਇਆ ਸੀ। ਇਸ ਘਟਨਾ ਤੋਂ ਬਾਅਦ ਹੀ ਤਫਤੀਸ਼ੀ ਏਜੰਸੀਆਂ ਨੇ ਪਹਿਲਾਂ ਹੋਏ ਬੰਬ ਧਮਾਕਿਆਂ 'ਚ ਹਿੰਦੂ ਮੂਲਵਾਦੀ ਗਰੁਪਾਂ ਦੀ ਪੁਣ-ਛਾਣ ਸ਼ੁਰੂ ਕੀਤੀ।

ਸਾਲ 2010 'ਚ ਦਵਿੰਦਰ ਗੁਪਤਾ ਅਤੇ ਰਾਮ ਜੀ ਕਲਸੰਗਰਾ ਦੀ ਗ੍ਰਿਫਤਾਰੀ ਤੋਂ ਇਹ ਗੱਲ ਸਾਹਮਣੇ ਆਈ ਕਿ ਇਹ ਲੋਕ ਅਭਿਨਵ ਭਾਰਤ ਦੇ ਮੈਂਬਰ ਸਨ। ਇਸ ਤੋਂ ਬਾਅਦ ਇਨ੍ਹਾਂ ਦੇ ਸਾਥੀ ਚੰਦਰ ਸ਼ੇਖਰ ਬਰੋਦ ਤੇ ਲੋਕੇਸ਼ ਸ਼ਰਮਾ ਵੀ ਗ੍ਰਿਫਤਾਰ ਕਰ ਲਏ ਗਏ। ਇਹ ਸਭ ਮਾਲੇਗਾਓਂ, ਅਜਮੇਰ ਸ਼ਰੀਫ ਅਤੇ ਮੱਕਾ ਮਸਜਦ 'ਚ ਹੋਏ ਧਮਾਕਿਆਂ 'ਚ ਪੂਰੀ ਤਰ੍ਹਾਂ ਸ਼ਾਮਿਲ ਸਨ ਤੇ ਧਮਾਕਿਆਂ ਤੋਂ ਬਾਅਦ ਵੀ ਇਨ੍ਹਾਂ ਨੂੰ ਤਿੰਨ ਸਾਲ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੇ ਕਾਰਕੁੰਨਾਂ ਵਲੋਂ ਹੀ ਪਨਾਹ ਦਿੱਤੀ ਜਾਂਦੀ ਰਹੀ। ਇਸੇ ਪੜਤਾਲ ਦੌਰਾਨ ਇਕ ਸੁਸ਼ੀਲ ਦੋਸ਼ੀ ਦਾ ਨਾਮ ਵੀ ਸਾਹਮਣੇ ਆਇਆ ਜੋ ਇਨ੍ਹਾਂ ਅਤਿਵਾਦੀ ਗਰੁਪਾਂ ਤੇ ਆਰ.ਐਸ.ਐਸ. ਵਿਚਕਾਰ ਲਿੰਕ ਦਾ ਕੰਮ ਕਰਦਾ ਸੀ। ਪਰ ਇਨ੍ਹਾਂ ਦੀ ਗ੍ਰਿਫਤਾਰੀ ਪਿਛੋਂ ਉਸਨੂੰ ਮੱਧ ਪ੍ਰਦੇਸ਼ 'ਚ ਭੇਦਭਰੀ ਹਾਲਾਤ 'ਚ ਕਤਲ ਕਰ ਦਿੱਤਾ ਗਿਆ। ਇਸ ਤੋਂ ਬਾਅਦ ਸੋਨਥਾਨ ਸੰਸਥਾ, ਹਿੰਦੂ ਜਾਗਰਣ ਮੰਚ ਅਤੇ ਸੈਫਰਨ ਬਰਗੇਡ ਵਰਗੀਆਂ ਜਥੇਬੰਦੀਆਂ ਦੇ ਨਾਂ ਵੀ ਸਾਹਮਣੇ ਆਏ ਜੋ ਅਭਿਨਵ ਭਾਰਤ ਦੀ ਸੇਧ 'ਚ ਕੰਮ ਕਰਦੀਆਂ ਹਨ। ਸੋਨਥਾਨ ਸੰਸਥਾ ਤਾਂ ਗੋਆ 'ਚ ਇਸਾਈਆਂ ਦੀ ਭੀੜ ਨਾਲ ਭਰੇ ਇਕ ਟਰੱਕ 'ਚ ਬੰਬ ਰੱਖਣ ਦੀ ਵੀ ਦੋਸ਼ੀ ਪਾਈ ਗਈ ਸੀ।

ਇੰਨਾ ਹੀ ਨਹੀਂ, ਨੈਤਿਕਤਾ ਪੱਖੋਂ ਵੀ ਇਨ੍ਹਾਂ ਜਥੇਬੰਦੀਆਂ 'ਚ ਆਮ ਨੁਕਸ ਪਾਏ ਜਾਂਦੇ ਹਨ। ਉਦਾਹਰਣ ਵਜੋਂ ਸ੍ਰੀ ਰਾਮ ਸੈਨਾ ਮੁਖੀ ਪਰਮੋਦ ਮੁਥੱਲਕ ਦੀ ਅਗਵਾਈ 'ਚ ਜਦੋਂ ਇਕ ਕਲੱਬ 'ਚ ਬੈਠੇ ਨੌਜਵਾਨ ਮੁੰਡੇ, ਕੁੜੀਆਂ ਨੂੰ ਉਸਦੇ ਸੈਨਿਕਾਂ ਨੇ ਬੁਰੀ ਤਰ੍ਹਾਂ ਕੁੱਟਿਆ-ਮਾਰਿਆ ਤਾਂ ਉਸ ਤੇ ਹਿੰਸਕ ਤੇ ਫਾਸਿਸਟ ਹੋਣ ਦੇ ਦੋਸ਼ ਲੱਗੇ ਅਤੇ ਹਰ ਪਾਸਿਉਂ ਉਸ ਦੀ ਭਰਪੂਰ ਨਿੰਦਿਆ ਹੋਈ। ਪਰ ਉਸਨੇ ਇਕ ਚੈਨਲ ਨੂੰ ਮੁਲਾਕਾਤ 'ਚ ਕਿਹਾ ਕਿ ਉਹ ਤਾਂ ਭਾਰਤੀ ਨੈਤਿਕਤਾ, ਸੰਸਕ੍ਰਿਤੀ ਤੇ ਮਰਿਯਾਦਾ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਦੀ ਇਸ ਗੱਲ ਦੀ ਤਾਈਦ ਵੱਡੇ-ਵੱਡੇ ਭਾਜਪਾ ਨੇਤਾਵਾਂ ਨੇ ਕੀਤੀ ਪਰ ਕੁਝ ਸਮੇਂ ਬਾਅਦ ਉਹ ਇਕ ਸਟਿੰਗ ਅਪਰੇਸ਼ਨ 'ਚ ਫਿਰਕੂ ਦੰਗੇ ਭੜਕਾਉਣ ਬਦਲੇ 60 ਲੱਖ ਰੁਪਏ ਦੀ ਮੰਗ ਕਰਦਾ ਵੇਖਿਆ ਗਿਆ ਤੇ ਸਕੀਮਾਂ ਦੱਸਦਾ ਵੇਖਿਆ ਗਿਆ ਕਿ ਫਿਰਕੂ ਦੰਗੇ ਭੜਕਾਉਣ ਦਾ ਵਧੀਆ ਤਰੀਕਾ ਕੀ ਹੈ ਤੇ ਇਸ ਕੰਮ ਲਈ ਉਸ ਕੋਲ ਕਿੰਨੇ ਬੰਦੇ ਤਿਆਰ ਹਨ? ਉਸ ਨੇ ਇਹ ਵੀ ਕਿਹਾ ਕਿ ਮੰਗਲੌਰ ਅਤੇ ਬੰਗਲੌਰ ਦੇ ਮੁਸਲਮਾਨ ਵਸੋਂ ਵਾਲੇ ਇਲਾਕਿਆਂ 'ਚ ਉਹ ਬੜੀ ਸੌਖੀ ਤਰ੍ਹਾਂ ਫਿਰਕੂ ਦੰਗੇ ਕਰਵਾ ਸਕਦਾ ਹੈ। ਇਸੇ ਤਰ੍ਹਾਂ ਟੀ.ਵੀ. ਚੈਨਲ ਹੈਡਲਾਈਨਜ਼ ਟੂਡੇ ਨੇ ਇਕ ਸਟਿੰਗ ਅਪਰੇਸ਼ਨ ਦਿਖਾਇਆ ਜਿਸ ਵਿਚ ਪਤਾ ਲੱਗਿਆ ਕਿ ਅਜਮੇਰ ਸ਼ਰੀਫ ਤੇ ਮੱਕਾ ਮਸਜਿਦ ਵਿਚ ਹੋਏ ਬੰਬ ਧਮਾਕਿਆਂ ਨਾਲ ਆਰ.ਐਸ.ਐਸ. ਦੀ ਸੈਫਰਨ ਬ੍ਰਿਗੇਡ ਦਾ ਸਿੱਧਾ ਸੰਬੰਧ ਸੀ। ਇਸ ਦੇ ਨਾਲ ਹੀ ਇਸ ਬ੍ਰਿਗੇਡ ਵਲੋਂ ਭਾਰਤ ਦੇ ਉਪ ਰਾਸ਼ਟਰਪਤੀ ਹਮੀਦ ਅਨਸਾਰੀ ਨੂੰ ਕਤਲ ਕਰਨ ਦੀ ਸਾਜ਼ਿਸ਼ ਦਾ ਵੀ ਪਰਦਾਫਾਸ਼ ਹੋਇਆ। ਇਸੇ ਵੀਡੀਓ 'ਚ ਆਰ.ਐਸ.ਐਸ. ਨੇਤਾ ਇੰਦਰੇਸ਼ ਕੁਮਾਰ ਵੀ ਸ਼ਾਮਿਲ ਹੈ। ਇਸ ਵੀਡੀਓ ਦਾ ਕੋਈ ਜਵਾਬ ਦੇਣ ਦੀ ਬਜਾਏ ਇਨ੍ਹਾਂ ਜਥੇਬੰਦੀਆਂ ਦੇ ਸੈਂਕੜੇ ਹਥਿਆਰਬੰਦ ਕਾਰਕੁੰਨਾਂ ਨੇ ਚੈਨਲ ਦੇ ਦਿੱਲੀ ਵਿਚਲੇ ਦਫਤਰ 'ਤੇ ਧਾਵਾ ਬੋਲ ਦਿੱਤਾ ਤੇ ਸਾਰਾ ਫਰਨੀਚਰ, ਬੂਹੇ, ਬਾਰੀਆਂ ਚਕਨਾਚੂਰ ਕਰ ਦਿੱਤੇ। ਇਹ ਸਾਰੀ ਕਾਰਵਾਈ ਕਈ ਚੈਨਲਾਂ 'ਤੇ ਲਾਈਵ ਵਿਖਾਈ ਗਈ ਸੀ ਜਿਸ 'ਚ ਇਹ ਲੋਕ ਲਾਠੀਆਂ ਤੇ ਰਾਡਾਂ ਨਾਲ ਲੈਸ ਬੁਰੀ ਤਰ੍ਹਾਂ ਭੰਨ-ਤੋੜ ਕਰ ਰਹੇ ਸਨ ਪਰ ਭਾਜਪਾ ਦੇ ਸਾਰੇ ਨੇਤਾ ਕਹਿ ਰਹੇ ਸਨ ਕਿ ਇਹ ਲੋਕ ਤਾਂ ਸ਼ਾਂਤੀਪੂਰਵਕ ਆਪਣਾ ਵਿਰੋਧ ਜਤਾਉਣ ਗਏ ਸਨ, ਤੋੜ-ਭੰਨ ਦਾ ਦੋਸ਼ ਝੂਠਾ ਹੈ।

ਇਸ ਕਿਸਮ ਦੀਆਂ ਹਿੰਸਕ ਕਾਰਵਾਈਆਂ ਕਰਨ ਵਾਲੇ ਗਰੁਪਾਂ ਨੂੰ ਸੰਸਦ ਵਿਚ ਬੈਠੇ ਲੋਕਾਂ ਵਲੋਂ ਹੱਲਾਸ਼ੇਰੀ ਮਿਲਣਾ ਬੜਾ ਖਤਰਨਾਕ ਸਿੱਧ ਹੋ ਸਕਦਾ ਹੈ। ਭਾਜਪਾ ਵਰਗੀ ਵੱਡੀ ਤੇ ਵਿਰੋਧੀ ਪਾਰਟੀ ਵਲੋਂ ਇਸਦੀ ਨਿੰਦਿਆ ਹੋਣੀ ਚਾਹੀਦੀ ਸੀ ਪਰ ਉਹ ਇਨ੍ਹਾਂ ਦਾ ਪੱਖ ਪੂਰਨ 'ਚ ਲੱਗੀ ਹੋਈ ਹੈ ਤੇ ਜੇ ਕੋਈ ਨਿੰਦਿਆ ਕਰਦਾ ਹੈ ਤਾਂ ਉਸਨੂੰ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਨਹੀਂ ਕਿ ਭਾਰਤ ਦੀਆਂ ਹੋਰ ਸਿਆਸੀ ਪਾਰਟੀਆਂ ਹਿੰਸਾ ਪਸੰਦ ਅਨਸਰਾਂ ਤੋਂ ਪਾਕ ਹਨ। ਭਾਵੇਂ ਕਾਂਗਰਸ ਹੈ ਜਾਂ ਬਸਪਾ ਜਾਂ ਲਾਲੂ, ਮੁਲਾਇਮ, ਕਰੁਣਾਨਿਧੀ, ਮਮਤਾ ਆਦਿ ਵਰਗਿਆਂ ਦੀਆਂ ਪਾਰਟੀਆਂ ਹਨ, ਇਨ੍ਹਾਂ ਸਭ 'ਚ ਹਿੰਸਾ ਰਾਹੀਂ ਆਪਣਾ ਉਲੂ ਸਿੱਧਾ ਕਰਨ ਵਾਲਿਆਂ ਦੀ ਘਾਟ ਨਹੀਂ। ਪਰ ਇਨ੍ਹਾਂ ਨੂੰ ਨਾ ਭਾਜਪਾ ਵਰਗੀ ਖੁੱਲਮ-ਖੁੱਲ੍ਹੀ ਹਮਾਇਤ ਮਿਲਦੀ ਹੈ ਤੇ ਨਾ ਹੀ ਇਹ ਹਿੰਸਕ ਗਰੁਪਾਂ 'ਚ ਜਥੇਬੰਦ ਹਨ ਜੋ ਅਤਿਵਾਦੀ ਸੰਗਠਨਾਂ ਦਾ ਰੂਪ ਧਾਰ ਲੈਣ।

# ਖੋਜ ਵਿਭਾਗਾਂ ਦੀ ਤ੍ਰਾਸਦੀ ਅਤੇ ਡਾ. ਜੌਹਲ

**ਡਾ. ਗੁਰਨਾਮ ਕੌਰ**



ਡਾ. ਗੁਰਨਾਮ ਕੌਰ

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਇਸ ਖਿੱਤੇ ਦੀਆਂ ਧਾਰਮਿਕ ਆਸਥਾਵਾਂ, ਇਸ ਦੇ ਸਭਿਆਚਾਰਕ ਪਹਿਲੂਆਂ ਅਤੇ ਬੋਲੀ ਨਾਲ ਸਬੰਧਿਤ ਖੋਜ ਨੂੰ ਪ੍ਰਮੁਖਤਾ ਦੇਣ ਦੇ ਮਨੋਰਥ ਨੂੰ ਸਾਹਮਣੇ ਰੱਖ ਕੇ ਕੀਤੀ ਗਈ ਸੀ ਪਰ ਇਸ ਨੂੰ ਖੋਜ ਵਿਭਾਗਾਂ ਦੀ ਤ੍ਰਾਸਦੀ ਹੀ ਕਹਿਣਾ ਚਾਹੀਦਾ ਹੈ ਕਿ ਇਨ੍ਹਾਂ ਪੱਖਾਂ ਨੂੰ ਉਹ ਪਹਿਲ ਨਹੀਂ ਦਿੱਤੀ ਗਈ ਜੋ ਦੇਣੀ ਬਣਦੀ ਸੀ। ਅਧਿਕਾਰੀਆਂ ਵੱਲੋਂ ਇਨ੍ਹਾਂ ਵਿਭਾਗਾਂ ਵੱਲ ਖਾਸ ਤਵੱਜੋਂ ਦੇਣ ਦੀ ਥਾਂ ਇਨ੍ਹਾਂ ਨੂੰ ਅੱਖੋਂ-ਪਰੋਖੇ ਹੀ ਕੀਤਾ ਗਿਆ। ਸਭ ਤੋਂ ਵੱਡੀ ਅਣਗਹਿਲੀ ਇਨ੍ਹਾਂ ਵਿਭਾਗਾਂ ਵਿਚ ਸਟਾਫ ਭਰਤੀ ਕਰਨ ਵੇਲੇ ਕੀਤੀ ਗਈ ਜਦੋਂ ਯੋਗਤਾ ਨੂੰ ਸਾਹਮਣੇ ਰੱਖੇ ਵਗੈਰ ਰੰਗ-ਬਰੰਗੀਆਂ ਭਰਤੀਆਂ ਕੀਤੀਆਂ ਗਈਆਂ। ਇਸ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਕਿ ਇਕ ਤਾਂ ਅਜਿਹੇ ਬੰਦੇ ਆਪ ਕੰਮ ਨਹੀਂ ਸੀ ਕਰਦੇ, ਦੂਸਰੇ ਉਹ ਵਿਹਲੇ ਹੋਣ ਕਰਕੇ ਘਟੀਆ ਕਿਸਮ ਦੀ ਰਾਜਨੀਤੀ ਕਰਨ ਦੇ ਨਾਲ ਨਾਲ ਹਰ ਵਕਤ ਦੂਸਰਿਆਂ ਦੇ ਖਿਲਾਫ ਸਾਜ਼ਿਸ਼ਾਂ ਘੜਦੇ ਰਹਿੰਦੇ। ਇਹ ਕੁਦਰਤੀ ਹੈ ਕਿ ਜਿਸ ਕਿਸਮ ਦੀਆਂ ਚੋਰ-ਮੋਰੀਆਂ ਰਾਹੀਂ ਅਜਿਹੇ ਬੰਦੇ ਆਏ ਹੁੰਦੇ ਹਨ, ਉਨ੍ਹਾਂ ਦੀ ਵਰਤੋਂ ਉਹ ਭਵਿੱਖ ਵਿਚ ਵੀ ਤਰੱਕੀਆਂ ਪਾਉਣ ਅਤੇ ਹੋਰ ਲਾਹਾ ਲੈਣ ਲਈ ਕਰਦੇ ਰਹਿੰਦੇ ਹਨ। ਇਸ ਕਿਸਮ ਦੇ ਰਵੱਈਏ ਦਾ ਖਮਿਆਜਾ ਕੰਮ ਕਰਨ ਵਾਲੇ ਯੋਗ ਸਟਾਫ ਨੂੰ ਭੁਗਤਣਾ ਪੈਂਦਾ ਹੈ ਅਤੇ ਬਹੁਤੀ ਵਾਰ ਬਿਨਾਂ ਕਸੂਰ ਤੋਂ ਭਾਰੀ ਕੀਮਤ ਤਾਰਨੀ ਪਈ ਹੈ। ਅਧਿਕਾਰੀਆਂ ਦੀ ਬੇਰੁਖੀ ਕਾਰਨ ਟੀਚਿੰਗ ਵਿਭਾਗਾਂ ਦੀ ਹਮੇਸ਼ਾ ਹੀ ਇਹ ਕੋਸ਼ਿਸ਼ ਰਹੀ ਹੈ ਕਿ ਇਨ੍ਹਾਂ ਵਿਭਾਗਾਂ ਨੂੰ ਜਿੱਥੋਂ ਤੱਕ ਹੋ ਸਕੇ ਦੋ ਨੰਬਰ 'ਤੇ ਹੀ ਰਖਿੱਆ ਜਾਵੇ। ਨਤੀਜੇ ਵਜੋਂ ਇਨ੍ਹਾਂ ਵਿਭਾਗਾਂ ਨੂੰ ਆਪਣੀ ਹੋਂਦ ਬਣਾਈ ਰੱਖਣ ਲਈ ਹਮੇਸ਼ਾ ਹੀ ਜਦੋਜਹਿਦ ਵੀ ਕਰਨੀ ਪੈਂਦੀ ਰਹੀ ਹੈ। ਟੀਚਿੰਗ ਵਿਭਾਗਾਂ ਵਿਚ ਕੰਮ ਕਰਨ ਵਾਲਿਆਂ ਨੂੰ ਕਦੀ ਅਜਿਹੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ। ਉਨ੍ਹਾਂ ਦਾ ਕੰਮ ਪੀਰੀਅਡ ਪੜ੍ਹਾਉਣ ਤੱਕ ਹੀ ਮਹਿਦੂਦ ਰਿਹਾ ਹੈ ਜਦਕਿ ਬਾਹਰਲੇ ਮੁਲਕਾਂ ਵਿਚ ਯੂਨੀਵਰਸਿਟੀ ਪੱਧਰ 'ਤੇ ਪੜ੍ਹਾਉਣ ਦੇ ਨਾਲ ਨਾਲ ਖੋਜ ਕਰਦੇ ਰਹਿਣਾ ਲਾਜ਼ਮੀ ਕਰਾਰ ਦਿੱਤਾ ਜਾਂਦਾ ਹੈ।

ਇਸ ਦੇ ਬਾਵਜੂਦ ਪੰਜਾਬੀ ਯੂਨੀਵਰਸਿਟੀ ਦਾ ਇਸ ਖਿੱਤੇ ਤੋਂ ਬਾਹਰ ਅੱਜ ਜੇ ਨਾਮ ਹੈ ਤਾਂ ਇਹ ਇਸ ਦੇ ਖੋਜ ਵਿਭਾਗਾਂ ਵਿਚ ਹੋਈ ਖੋਜ ਦੇ ਪੁਸਤਕਾਂ ਦੇ ਰੂਪ ਵਿਚ ਛਪਣ ਕਾਰਨ ਹੀ ਹੈ, ਇਸ ਕਾਰਨ ਨਹੀਂ ਕਿ ਇਥੇ ਕਿਹੜੇ ਕਿਹੜੇ ਵਿਸ਼ੇ ਪੜ੍ਹਾਏ ਜਾਂਦੇ ਹਨ। ਯੂ.ਜੀ.ਸੀ. ਵੱਲੋਂ ਵੀ ਇਸ ਨੂੰ ਇਨਾਮ ਜਾਂ ਸਨਮਾਨਯੋਗ ਥਾਂ ਇਸ ਦੇ ਖੋਜ ਵਿਭਾਗਾਂ ਵਿਚ ਹੋਏ ਕੰਮ ਕਾਰਨ ਹੀ ਮਿਲਿਆ ਹੈ ਭਾਵੇਂ ਇਸ ਦੇ ਇਕ ਖੋਜ ਵਿਭਾਗ ਦਾ ਕੁੱਲ ਬਜਟ ਕਈ ਵਾਰ ਸਾਇੰਸ ਦੇ ਕਿਸੇ ਵਿਭਾਗ ਦੇ ਇਕ ਮੈਗਜੀਨ ਦੇ ਖ਼ਰਚੇ ਜਿੰਨਾ ਹੀ ਹੁੰਦਾ ਹੈ। ਇਥੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਯੂਨੀਵਰਸਿਟੀ ਦੇ ਅਸਲੀ ਮਕਸਦ ਨੂੰ ਕਿਵੇਂ ਰੋਲ ਦਿੱਤਾ ਗਿਆ।

ਡਾ. ਅਵਤਾਰ ਸਿੰਘ ਜਦੋਂ ਡੀਨ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਬਣੇ ਤਾਂ ਉਨ੍ਹਾਂ ਦੀ ਡੀਨ ਦੀ ਮਿਆਦ ਦਾ ਸਮਾਂ ਕੁਝ ਮਹੀਨੇ ਹੀ ਰਹਿੰਦਾ ਸੀ। ਇਸ ਲਈ ਛੇਤੀ ਹੀ ਵਾਰੀ ਆਉਣ 'ਤੇ ਗੁਰੂ ਗੋਬਿੰਦ ਸਿੰਘ ਵਿਭਾਗ ਤੋਂ ਇਕ ਦੂਸਰੇ ਪ੍ਰੋਫੈਸਰ ਡੀਨ ਅਤੇ ਮੁਖੀ ਬਣ ਗਏ ਅਤੇ ਇਸ ਨਾਲ ਸਮੀਕਰਨ ਵੀ ਬਦਲ ਗਏ। ਆਮ ਤੌਰ 'ਤੇ ਵਿਭਾਗੀ ਪਤ੍ਰਿਕਾ ਦਾ ਸੰਪਾਦਕ ਵਿਭਾਗ ਦਾ ਮੁਖੀ ਹੁੰਦਾ ਹੈ ਪਰ ਪਤਾ ਨਹੀਂ ਕਿਉਂ ਉਨ੍ਹਾਂ ਪ੍ਰੋਫੈਸਰ ਸਾਹਿਬ ਨੇ ਵਿਭਾਗ ਦੇ ਰਿਟਾਇਰ ਪਰ ਸੇਵਾਕਾਲ ਵਿਚ ਵਾਧੇ ਵਾਲੇ ਸਪੈਸ਼ਲ ਫੈਲੋ ਨੂੰ ਨਾਨਕ ਪ੍ਰਕਾਸ਼ ਪਤ੍ਰਿਕਾ ਦਾ ਸੰਪਾਦਕ ਬਣਾ ਦਿੱਤਾ। ਇਹ ਉਹੀ ਸਖਸ਼ ਸੀ ਜਿਸ ਨੇ ਇਸੇ ਮੈਗਜ਼ੀਨ ਦਾ ਮੁਖੀ ਵਜੋਂ ਸੰਪਾਦਕ ਬਣਨ 'ਤੇ ਡਾ. ਅਵਤਾਰ ਸਿੰਘ ਉਪਰ ਅਕਾਦਮਿਕ ਬੇਈਮਾਨੀ ਦਾ ਦੋਸ਼ ਲਾਇਆ ਸੀ। ਉਸ ਨੇ ਗੁਰਬਾਣੀ ਵਿਚੋਂ ਤੁਕਾਂ ਇਕੱਠੀਆਂ ਕਰਕੇ ਸਪੈਸ਼ਲ ਅੰਕ ਆਪਣੇ ਇਕੱਲੇ ਦੇ ਕੰਮ ਦਾ ਛਾਪ ਲਿਆ ਜਦਕਿ ਆਮ ਤੌਰ 'ਤੇ ਸਾਰੇ ਖੋਜ ਅਮਲੇ ਦੇ ਖੋਜ ਲੇਖ ਛਾਪੇ ਜਾਂਦੇ ਹਨ। ਅੰਕ ਦੀ ਕਾਪੀ ਹਰ ਅਧਿਆਪਕ ਨੂੰ ਦਿੱਤੀ ਜਾਂਦੀ ਹੈ ਅਤੇ ਉਸਨੇ ਇਹ ਵੀ ਨਹੀਂ ਕੀਤਾ ਸ਼ਾਇਦ ਸ਼ਿਕਾਇਤ ਦੇ ਡਰੋਂ। ਇਹ ਹੈ ਅਕਾਦਮਿਕ ਇਮਾਨਦਾਰੀ। ਹੋਰ ਵੀ ਬਹੁਤ ਕਿਸਮ ਦੀ ਧੜੇਬਾਜੀ ਕੀਤੀ ਗਈ ਅਤੇ ਹਰ ਤਰ੍ਹਾਂ ਨਾਲ ਵਿਰੋਧੀਆਂ ਨੂੰ, ਜਿਨ੍ਹਾਂ ਵਿਚ ਮੈਂ ਵੀ ਸ਼ਾਮਲ ਸੀ, ਤੰਗ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਿਹੜੇ ਕਲਰਕ ਜਾਂ ਸੇਵਾਦਾਰ ਧੜੇਬਾਜੀ ਵਿਚ ਸ਼ਾਮਲ ਨਹੀਂ ਸੀ ਹੋ ਰਹੇ, ਉਨ੍ਹਾਂ ਦੀ ਉਸ ਨੇ ਬਦਲੀ ਕਰਵਾ ਦਿੱਤੀ। ਕੁੱਝ ਅਰਸੇ ਵਿਚ ਵਾਈਸ ਚਾਂਸਲਰ ਡਾ. ਭਗਤ ਸਿੰਘ ਨੇ ਡਾ. ਗੁਰਚਰਨ ਸਿੰਘ ਹੋਰਾਂ ਨੂੰ ਪ੍ਰੋਫੈਸਰ ਬਣਾ ਕੇ ਪੰਜਾਬੀ ਵਿਭਾਗ ਵਿਚੋਂ ਸਾਡੇ ਵਿਭਾਗ ਵਿਚ ਭੇਜ ਦਿੱਤਾ। ਇਸ ਨਾਲ ਵਿਭਾਗ ਨੂੰ ਇਕ ਤਾਂ ਪੱਕਾ ਮੁਖੀ ਮਿਲ ਗਿਆ ਜਿਸ ਨਾਲ ਵਾਤਾਵਰਣ ਵਿਚ ਕਾਫੀ ਸੁਧਾਰ ਹੋ ਗਿਆ। ਦੂਸਰੇ ਡਾ. ਗੁਰਚਰਨ ਸਿੰਘ ਦਾ ਸੁਭਾ ਬਹੁਤ ਸ਼ਾਂਤ, ਮਿਲਾਪੜਾ ਅਤੇ ਮਿਹਨਤੀ ਹੋਣ ਕਰਕੇ ਹਰ ਇਕ ਨਾਲ ਸਹਿਚਾਰ ਸੀ। ਉਨ੍ਹਾਂ ਨੇ ਧੜੇਬਾਜੀ ਵਿਚ ਸ਼ਾਮਲ ਹੋਣ ਵਾਲੇ ਕਲਰਕਾਂ ਅਤੇ ਸੇਵਾਦਾਰਾਂ ਦੀ ਵੀ ਬਦਲੀ ਕਰਵਾ ਦਿੱਤੀ ਪਰ ਉਹ ਵੀ ਬਹੁਤ ਲੰਬਾ ਸਮਾਂ ਵਿਭਾਗ ਵਿਚ ਨਹੀਂ ਅਟਕੇ ਅਤੇ ਕੁੱਝ ਅਰਸੇ ਬਾਅਦ ਵਾਪਸ ਪੰਜਾਬੀ ਵਿਭਾਗ ਵਿਚ ਚਲੇ ਗਏ। ਡਾ. ਭਗਤ ਸਿੰਘ ਤੋਂ ਬਾਅਦ ਡਾ. ਸਰਦਾਰਾ ਸਿੰਘ ਜੌਹਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ। ਡਾ. ਗੁਰਚਰਨ ਸਿੰਘ ਤੋਂ ਬਾਅਦ ਫਿਰ ਉਹੀ ਪ੍ਰੋਫਸਰ ਸਾਹਿਬ ਫੇਰ ਡੀਨ ਮੁਖੀ ਬਣ ਗਏ। ਸਾਡੇ ਕੋਲੋਂ ਸਭ ਕੁੱਝ ਲੁਕਾਇਆ ਜਾਂਦਾ ਸੀ। ਮੇਰਾ ਥੀਸਸ ਹਾਲੇ ਪੂਰਾ ਨਹੀਂ ਸੀ ਹੋਇਆ ਪਰ ਬਲਕਾਰ ਸਿੰਘ ਨੇ ਥੀਸਸ ਪ੍ਰੀਖਿਆ ਲਈ ਦਾਖਲ ਕਰਵਾ ਦਿੱਤਾ ਹੋਇਆ ਸੀ ਅਤੇ ਨਤੀਜਾ ਆਉਣ ਹੀ ਵਾਲਾ ਸੀ। ਸਾਨੂੰ ਪਤਾ ਲੱਗਾ ਕਿ ਵਿਭਾਗ ਵਿਚ ਬਾਹਰੋਂ ਕਿਸੇ ਨੂੰ ਪ੍ਰੋਫੈਸਰ ਲਾਏ ਜਾਣ ਦੀ ਸਿਫਾਰਸ਼ ਹੈ ਅਤੇ ਡੀਨ-ਮੁਖੀ ਬਲਕਾਰ ਸਿੰਘ ਦੇ ਥੀਸਿਸ ਦਾ ਨਤੀਜਾ ਆਉਣ ਤੋਂ ਪਹਿਲਾਂ ਪਹਿਲਾਂ ਖਾਲੀ ਪਈ ਰੀਡਰ ਦੀ ਅਸਾਮੀ ਭਰਨਾ ਚਾਹੁੰਦਾ ਹੈ ਅਤੇ ਉਸ ਦੀ ਤਰੀਕ ਵੀ ਪੱਕੀ ਕਰ ਦਿੱਤੀ ਗਈ ਹੈ। ਇਸ ਤਰੀਕ ਤੋਂ ਕੁਝ ਦਿਨ ਪਹਿਲਾਂ ਇਕ ਹੋਰ ਇੰਟਰਵਿਊ ਸੀ ਜਿਸ ਦੀ ਚੋਣ ਕਮੇਟੀ ਵਿਚ ਸ. ਹਰਦਿਆਲ ਸਿੰਘ ਆਈ.ਏ.ਐਸ ਯੂਨੀਵਰਸਿਟੀ ਆਏ ਹੋਏ ਸੀ ਜਿਸ ਦਾ ਇਲਮ ਡਾ. ਜੀ.ਐਸ. ਅਨੰਦ ਨੂੰ ਸੀ। ਉਸਨੇ ਸੈਕਟਰੀ ਨੂੰ ਕਹਿ ਕੇ ਸ. ਹਰਦਿਆਲ ਸਿੰਘ ਨਾਲ ਇੰਟਰਵਿਊ ਤੋਂ ਬਾਅਦ ਮਿਲਣ ਦਾ ਸਮਾਂ ਮੰਗ ਲਿਆ। ਕੋਈ ਪੱਕਾ ਮੁਖੀ ਨਾ ਹੋਣ ਕਰਕੇ ਸਾਰੇ ਖੋਜੀ ਅਧਿਆਪਕ ਘਰਾਂ ਨੂੰ ਖਿਸਕ ਜਾਂਦੇ ਸਨ। ਤਿੰਨ ਕੁ ਵਜੇ ਸੈਕਟਰੀ ਦਾ ਫੋਨ ਆ ਗਿਆ ਕਿ ਸ. ਹਰਦਿਆਲ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਖੋਜ ਅਮਲੇ ਨੂੰ ਮਿਲਣਾ ਚਾਹੁੰਦੇ ਹਨ। ਮੇਰਾ ਕਮਰਾ ਮੁਖੀ ਦੇ ਖਾਲੀ ਪਏ ਕਮਰੇ ਦੇ ਸ਼ਭ ਤੋਂ ਨੇੜੇ ਪੈਂਦਾ ਸੀ ਇਸ ਲਈ ਫੋਨ ਮੈਂ ਚੁੱਕਿਆ। ਵਿਭਾਗ ਵਿਚ ਡਾ. ਅਨੰਦ ਅਤੇ ਬਲਕਾਰ ਸਿੰਘ ਹਾਜ਼ਰ ਸਨ, ਇਸ ਲਈ ਅਸੀਂ ਤਿੰਨ ਮੈਂਬਰ ਮਿਲਣ ਤੁਰ ਪਏ। ਸਾਨੂੰ ਮੁਲਾਕਾਤ ਲਈ ਸਿੰਡੀਕੇਟ ਰੂਮ ਵਿਚ ਬਿਠਾ ਦਿੱਤਾ ਗਿਆ ਜਿਥੇ ਸ. ਹਰਦਿਆਲ ਸਿੰਘ ਨੇ ਸਾਨੂੰ ਸਾਡੇ ਪੀ.ਐਚ.ਡੀ ਦੇ ਵਿਸ਼ਿਆਂ ਵਾਰੇ ਪੁੱਛਿਆ। ਡਾ. ਅਨੰਦ ਨੇ ਦੱਸਿਆ ਕਿ ਹਿਸਟਰੀ ਖੇਤਰ ਵਿਚ ਉਨ੍ਹਾਂ ਨੇ ਗੁਰੂ ਤੇਗ ਬਹਾਦਰ 'ਤੇ ਪੀ.ਐਚ.ਡੀ ਕੀਤੀ ਹੈ। ਬਲਕਾਰ ਸਿੰਘ ਨੇ ਦਸਿਆ ਕਿ ਸਿੱਖ ਰਹੱਸਵਾਦ ਤੇ ਥੀਸਸ ਹੋ ਚੁਕਾ ਹੈ ਅਤੇ ਬਹੁਤ ਜਲਦੀ ਨਤੀਜਾ ਆ ਜਾਣ ਦੀ ਉਮੀਦ ਹੈ। ਆਪਣੀ ਵਾਰੀ ਆਉਣ 'ਤੇ ਮੈਂ ਦੱਸਿਆ ਕਿ ਮੈਂ 'ਰੀਜ਼ਨ ਐਂਡ ਰੈਵੇਲੇਸ਼ਨ ਇਨ ਸਿੱਖਇਜ਼ਮ' ਉਤੇ ਥੀਸਸ ਲਿਖ ਰਹੀ ਹਾਂ। ਉਹ ਸਾਡੇ ਵਿਸ਼ਿਆਂ ਦੇ ਨਾਮ ਸੁਣ ਕੇ ਬਹੁਤ ਖੁਸ਼ ਹੋਏ ਅਤੇ ਬੋਲੇ, "ਤੁਸੀ ਵਿਸ਼ੇ ਬਹੁਤ ਕਮਾਲ ਦੇ ਚੁਣੇ ਹਨ।" ਮੈਂ ਇਕ ਦਮ ਉਨ੍ਹਾਂ ਦੀ ਗੱਲ ਫੜ ਕੇ ਬੋਲੀ, "ਸਰ! ਇਹੀ ਤਾਂ ਅਫਸੋਸ ਹੈ। ਅਸੀਂ ਏਨੀ ਮਿਹਨਤ ਕਰ ਰਹੇ ਹਾਂ ਅਤੇ ਆਮ ਨਾਲੋਂ ਹਟ ਕੇ ਔਖੇ ਫ਼ਿਲਾਸਫ਼ੀਕਲ ਵਿਸ਼ੇ ਚੁਣੇ ਹਨ। ਬਲਕਾਰ ਸਿੰਘ ਸਾਡੇ ਵਿਭਾਗ ਵਿਚ ਸੀਨੀਅਰਮੋਸਟ ਲੈਕਚਰਰ ਹਨ ਅਤੇ ਇਨ੍ਹਾਂ ਦਾ ਪੀ.ਐਚ.ਡੀ ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਇੰਟਰਵਿਉ ਰੱਖ ਲਈ ਗਈ ਹੈ। ਇਹ ਤਾਂ ਵਿਭਾਗ ਦਾ ਹੱਕ ਮਾਰਨ ਵਰਗੀ ਗੱਲ ਹੈ। ਤਿੰਨ ਕੁ ਦਿਨ ਨੂੰ ਸਾਡੇ ਵਿਭਾਗ ਦੀ ਖਾਲੀ ਪਈ ਰੀਡਰ ਦੀ ਅਸਾਮੀ ਦੀ ਇੰਟਰਵਿਉ ਹੈ। ਵੀ.ਸੀ ਸਾਹਿਬ ਨਵੇਂ ਨਵੇਂ ਆਏ ਹਨ, ਇਸ ਲਈ ਉਨ੍ਹਾਂ ਨੂੰ ਅਸੀਂ ਆਪਣੀਆਂ ਭਾਵਨਾਵਾਂ ਨਹੀਂ ਪਹੁੰਚਾ ਸਕਦੇ।" ਸ. ਹਰਦਿਆਲ ਸਿੰਘ ਨੇ ਇਕ ਦਮ ਕਿਹਾ, "ਮੈਂ ਵਾਈਸ ਚਾਂਸਲਰ ਨੂੰ ਵਿਭਾਗ ਦੀਆਂ ਭਾਵਨਾਵਾਂ ਦੱਸ ਕੇ ਜਾਵਾਂਗਾ ਅਤੇ ਨਤੀਜਾ ਆਉਣ ਤੱਕ ਇੰਟਰਵਿਉ ਨਾ ਕਰਨ ਦੀ ਸਿਫਾਰਸ਼ ਵੀ ਕਰਾਂਗਾ।"

ਜੌਹਲ ਸਾਹਿਬ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਉਹ ਵਿਭਾਗ ਨਾਲ ਵਧੀਕੀ ਨਹੀਂ ਹੋਣ ਦੇਣਗੇ ਅਤੇ ਨਤੀਜਾ ਆਏ ਤੋਂ ਹੀ ਇੰਟਰਵਿਊ ਕਰਨਗੇ। ਦਰਅਸਲ ਸ. ਹਰਦਿਆਲ ਸਿੰਘ ਨੂੰ ਆਪ ਵੀ ਸਿੱਖ ਧਰਮ ਅਧਿਐਨ ਵਿਚ ਬਹੁਤ ਦਿਲਚਸਪੀ

## ਰੰਗ-ਬੇਰੰਗ

ਹੈ ਅਤੇ ਉਹ ਸਿੱਖ ਧਰਮ ਦੇ ਆਪਣੇ ਰਹੱਸਵਾਦੀ ਅਨੁਭਵ ਵਿਚੋਂ ਹੀ 'ਸਰਬ ਰੋਗ ਕਾ ਅਉਖਧ ਨਾਮ' ਰਾਹੀਂ ਇਸ ਅਨੁਭਵ ਨੂੰ ਸੰਗਤਾਂ ਵਿਚ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਡਾ. ਐਸ.ਐਸ. ਜੌਹਲ ਨੇ ਸਿਰਫ ਆਪਣਾ ਵਾਅਦਾ ਹੀ ਨਹੀਂ ਨਿਭਾਇਆ ਸਗੋਂ ਵਿਭਾਗ ਦੀ ਬਹੁਤ ਮਦਦ ਵੀ ਕੀਤੀ। ਜਦੋਂ ਇੰਟਰਵਿਊ ਹੋਈ ਤਾਂ ਸੀਨਿਆਰਟੀ ਅਨੁਸਾਰ ਡਾ. ਬਲਕਾਰ ਸਿੰਘ ਇਕ ਨੰਬਰ 'ਤੇ, ਡਾ. ਜੀ.ਐਸ ਅਨੰਦ ਨੰਬਰ ਦੋ ਅਤੇ ਬਲਬੀਰ ਕੌਰ ਨੰਬਰ ਤਿੰਨ 'ਤੇ ਰੀਡਰ ਬਣਾਏ ਗਏ। ਕੋਟਾ ਨਾ ਹੋਣ ਕਾਰਨ ਬਲਬੀਰ ਕੌਰ ਨੂੰ ਕੋਟਾ ਪ੍ਰਾਪਤ ਹੋਣ 'ਤੇ 1984 ਦੀ ਥਾਂ ਪੋਸਟ 1986 ਤੋਂ ਦਿੱਤੀ ਗਈ। ਡਾ. ਬਲਕਾਰ ਸਿੰਘ ਨੂੰ ਵਿਭਾਗ ਦਾ ਮੁਖੀ ਨਿਯੁਕਤ ਕਰ ਦਿੱਤਾ ਗਿਆ।

ਸਮੱਸਿਆਵਾਂ ਅਤੇ ਸਾਜ਼ਿਸ਼ਾਂ ਇਥੇ ਹੀ ਨਹੀਂ ਮੁੱਕ ਗਈਆਂ ਸਗੋਂ ਹੈਡਸ਼ਿਪ ਦੀ ਈਰਖਾ ਕਾਰਨ ਹੋਰ ਵੱਧ ਗਈਆਂ ਪਰ ਡਾ. ਜੌਹਲ ਨੇ ਵਿਭਾਗ ਵਿਚ ਦਿਲਚਸਪੀ ਲੈ ਕੇ ਸ਼ਰਾਰਤੀ ਲੋਕਾਂ ਨੂੰ ਨੱਥ ਪਾਉਣ ਅਤੇ ਵਰਕ ਕਲਚਰ ਪੈਦਾ ਕਰਨ ਦੀ ਸਫਲ ਕੋਸ਼ਿਸ਼ ਕੀਤੀ। ਆਪਣੀ ਸੀਟ 'ਤੇ ਬੈਠ ਕੇ ਕੰਮ ਕਰਨ ਦੀ ਥਾਂ ਸਾਰਾ ਦਿਨ ਘੁੰਮ ਫਿਰ ਕੇ ਪਾਲਿਟਿਕਸ ਕਰਨ ਵਾਲੇ ਇਕ ਬੰਦੇ ਨੂੰ ਕੱਢਿਆ ਅਤੇ ਦੂਸਰੇ, ਜੋ ਮਾਨਸਿਕ ਤੌਰ 'ਤੇ ਉਲਾਰ ਸੁਭਾ ਦਾ ਸੀ ਅਤੇ ਆਪਣੇ ਇਕ ਸਹਿਯੋਗੀ 'ਤੇ ਹਮਲਾ ਵੀ ਕਰ ਬੈਠਾ ਸੀ, ਨੂੰ ਦੂਸਰੇ ਵਿਭਾਗ ਵਿਚ ਭੇਜ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਸਖਤ ਰੁੱਖ ਅਪਨਾ ਕੇ ਵਿਭਾਗ ਨੂੰ ਹੋਰ ਕੰਮਕਾਜੀ ਬਣਾਉਣ ਅਤੇ ਟੀਚਿੰਗ ਦੇ ਬਰਾਬਰ ਲੈ ਜਾਣ ਲਈ ਪੀ.ਐਚ.ਡੀ ਲਈ ਵਿਦਿਅਰਥੀਆਂ ਦੀ ਰਜਿਸਟਰੇਸ਼ਨ ਦੀ ਸਹੂਲਤ ਦਿੱਤੀ ਜਿਸ ਦਾ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਲੋਂ ਵਿਰੋਧ ਵੀ ਕੀਤਾ ਗਿਆ। ਇਹ ਵਿਭਾਗ ਵੀ ਵੱਖ ਵੱਖ ਧਰਮਾਂ ਦੀ ਖੋਜ ਵਾਸਤੇ ਸ਼ੁਰੂ ਕੀਤਾ ਗਿਆ ਸੀ ਪਰ ਧਰਮ ਅਧਿਐਨ ਦੀ ਐਮ.ਫਿਲ ਦਾ ਡੇਢ ਸਾਲ ਦਾ ਕੋਰਸ ਸ਼ੁਰੂ ਕਰਕੇ ਟੀਚਿੰਗ ਵਿਭਾਗ ਬਣ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਨੂੰ ਜਦੋਂ ਵੀ ਕੋਈ ਸਹੂਲਤ ਮਿਲਦੀ ਤਾਂ ਸਭ ਤੋਂ ਵੱਧ ਇਸੇ ਵਿਭਾਗ ਵੱਲੋਂ ਵਿਰੋਧ ਹੁੰਦਾ। ਮਸਲਨ ਮੈਂ ਇਕ ਪ੍ਰਾਜੈਕਟ ਬਣਾ ਕੇ ਦਿੱਤਾ ਕਿ ਮੈਂ 'ਕੰਸੈਪਚੁਅਲ ਡਿਕਸ਼ਨਰੀ ਆਫ ਸ੍ਰੀ ਗੁਰੂ ਗ੍ਰੰਥ ਸਾਹਿਬ' ਬਣਾਉਣਾ ਚਾਹੁੰਦੀ ਹਾਂ। ਕਮੇਟੀ ਵਿਚ ਉਦੋਂ ਦੇ ਭਵਨ ਦੇ ਮੁਖੀ ਨੇ ਇਹ ਕਹਿ ਕੇ ਵਿਰੋਧ ਕੀਤਾ "ਅਸੀ ਪਹਿਲਾਂ ਹੀ ਸਿੱਖ ਇਨਸਾਈਕਲੋਪੀਡੀਆ ਬਣਾ ਰਹੇ ਹਾਂ", ਹਾਲਾਂਕਿ ਇਨਸਾਈਕਲੋਪੀਡੀਆ ਬਿਲਕੁਲ ਹੀ ਵੱਖਰੀ ਕਿਸਮ ਦਾ ਕੰਮ ਹੈ। ਇਥੇ ਫਿਰ ਉਹੀ ਗੱਲ ਆ ਜਾਂਦੀ ਹੈ ਕਿ ਵਿਰੋਧ ਕਰਨ ਵਾਲਾ ਕਿਹੋ ਜਿਹੀ ਯੋਗਤਾ ਰੱਖਦਾ ਹੈ। ਦਾਰਸ਼ਨਿਕ ਅਧਿਐਨ ਤੋਂ ਜਾਣੂ ਨੂੰ ਹੀ ਪਤਾ ਹੋ ਸਕਦਾ ਹੈ ਕਿ ਕੰਸੈਪਚੁਅਲ ਡਿਕਸ਼ਨਰੀ ਅਤੇ ਇਨਸਾਈਕਲੋਪੀਡੀਆ ਵਿਚ ਕੀ ਫਰਕ ਹੈ। ਡਾ. ਬਲਕਾਰ ਸਿੰਘ ਦੇ ਮੁਖੀ ਬਣ ਜਾਣ ਨਾਲ ਸਾਰੇ ਅੰਦਰੂਨੀ ਵਿਰੋਧਾਂ ਦੇ ਬਾਵਜੂਦ ਵਿਭਾਗ ਕੁਝ ਹੀ ਸਮੇਂ ਵਿਚ ਮੁੜ ਲੀਹ 'ਤੇ ਆ ਗਿਆ। ਇਸ ਵਿਚ ਜਿਥੇ ਡਾ. ਬਲਕਾਰ ਸਿੰਘ ਦੀ ਪ੍ਰਬੰਧਕੀ ਯੋਗਤਾ ਤੇ ਡਾ. ਅਨੰਦ ਦਾ ਸਹਿਯੋਗ ਸ਼ਾਮਲ ਸੀ, ਉਥੇ ਹੀ ਵਾਈਸ ਚਾਂਸਲਰ ਡਾ. ਐਸ.ਐਸ ਜੌਹਲ ਦੀ ਹੱਲਾਸ਼ੇਰੀ ਅਤੇ ਹਾਂਮੁਖੀ ਰਵੱਈਆ ਵੀ ਸ਼ਾਮਲ ਸੀ। ਵਿਭਾਗ ਵਿਚ ਪੀ.ਐਚ.ਡੀ ਲਈ ਸਾਡੇ ਆਪਣੇ ਦੋ ਕੁਲੀਗ ਮੇਵਾ ਸਿੰਘ ਸਿੱਧੂ ਅਤੇ ਗੁਰਦੇਵ ਕੌਰ ਡਾ. ਬਲਕਾਰ ਸਿੰਘ ਨਾਲ ਰਜਿਸਟਰ ਹੋਏ। ਇਨ੍ਹਾਂ ਨੇ ਆਪਣੇ ਥੀਸਸ ਲਿਖੇ ਅਤੇ ਪੀ.ਐਚ.ਡੀ ਦੀਆਂ ਡਿਗਰੀਆਂ ਲਈਆਂ। ਇਹ ਤਾਂ ਸ਼ੁਰੂਆਤ ਸੀ ਅਤੇ ਇਹ ਸਿਲਸਿਲਾ ਬਿਨਾਂ ਰੁਕਾਵਟ ਜਾਰੀ ਹੈ। ਡਾ. ਜੌਹਲ ਨੇ ਵਿਭਾਗ ਨੂੰ ਲਗਾਤਾਰ ਸੁਰੱਖਿਆ ਦਿੱਤੀ। ਮਸਲਨ ਮੇਰੇ ਪੀ.ਐਚ.ਡੀ ਦੇ ਪ੍ਰੀਖਿਅਕ ਲਾਉਣ ਦਾ ਮਸਲਾ ਆਪਣੇ ਹੱਥ ਵਿਚ ਲੈਣਾ। ਮੈਂ 1985 ਵਿਚ ਪੀ.ਐਚ ਡੀ ਦਾ ਥੀਸਸ ਪ੍ਰੀਖਿਆ ਲਈ ਦਾਖਲ ਕੀਤਾ ਹੀ ਸੀ ਕਿ ਵਿਭਾਗ ਵਿਚ ਰੀਡਰ ਦੀ ਖਾਲੀ ਪਈ ਅਸਾਮੀ ਭਰਨ ਲਈ ਅਰਜੀਆਂ ਮੰਗ ਕੇ ਇੰਟਰਵਿਊ ਰੱਖ ਲਈ ਗਈ। ਸ. ਭਗਵੰਤ ਸਿੰਘ ਸਿੱਧੂ ਬਤੌਰ ਸਿੰਡੀਕ ਇੰਟਰਵਿਊ ਵਿਚ ਬੈਠੇ। ਕਾਂਗਰਸ ਸਰਕਾਰ ਹੋਣ ਕਰਕੇ ਉਨ੍ਹਾਂ ਦੀ ਕਾਫੀ ਚਲਦੀ ਸੀ ਅਤੇ ਲੋਕ ਉਨ੍ਹਾਂ ਕੋਲ ਸਿਫਾਰਸ਼ ਕਰਨ ਵੀ ਜਾਂਦੇ ਸਨ। ਉਹ ਇਕ ਕਾਲਜ ਲੈਕਚਰਾਰ ਇਸਤਰੀ ਨੂੰ ਰੱਖਣਾ ਚਾਹੁੰਦੇ ਸਨ ਜੋ ਪੰਜਾਬੀ ਵਿਚ ਪੀ. ਐਚ. ਡੀ ਸੀ ਅਤੇ ਮੇਰਾ ਰਿਜਲਟ ਆਉਣ ਨੂੰ ਹਾਲੇ ਸਮਾਂ ਲਗਣਾ ਸੀ। ਮੈਨੂੰ ਉਨ੍ਹਾਂ ਨੇ ਬਹੁਤ ਸਵਾਲ ਪੁੱਛੇ। ਮੈਂ ਡਾ. ਅਵਤਾਰ ਸਿੰਘ ਦੀ ਵਿਦਿਆਰਥਣ ਸਾਂ, ਕਿਥੋਂ ਮਾਰ ਖਾਣ ਵਾਲੀ ਸੀ? ਕਮੇਟੀ ਮੇਰੇ ਹੱਕ ਵਿਚ ਹੋ ਗਈ। ਸ. ਭਗਵੰਤ ਸਿੰਘ ਸਿੱਧੂ ਨੂੰ ਹੋਰ ਤਾਂ ਕੋਈ ਰਸਤਾ ਮਿਲਿਆ ਨਾ ਅਤੇ ਬੋਲੇ, "ਬੀਬੀ ਹਾਲੇ ਪੀ. ਐਚ. ਡੀ ਨਹੀਂ ਹੈ ਕਿਉਂਕਿ ਨਤੀਜਾ ਹਾਲੇ ਆਉਣਾ ਹੈ।" ਇਸ ਤੇ ਗਿਆਨੀ ਲਾਲ ਸਿੰਘ, ਜੋ ਵਿਭਾਗ ਦੇ ਆਨਰੇਰੀ ਪ੍ਰੋਫੈਸਰ ਵੀ ਸਨ, ਬੋਲੇ, "ਫਿਰ ਕੀ ਹੈ? ਨਤੀਜਾ ਉਡੀਕ ਲਵੋ। ਬੀਬੀ ਪਿਛਲੇ ਸੋਲਾਂ ਸਾਲ ਤੋਂ ਵਿਭਾਗ ਵਿਚ ਕੰਮ ਕਰ ਰਹੀ ਹੈ ਅਤੇ ਇਸ ਪੋਸਟ ਦੇ ਉਹ ਯੋਗ ਵੀ ਹੈ। ਉਸਦਾ ਹੱਕ ਕਿਉਂ ਮਾਰਨਾ ਹੈ?" ਵਾਈਸ ਚਾਂਸਲਰ ਜੌਹਲ ਸਾਹਿਬ ਨੇ ਇਹ ਗੱਲ ਫੜ ਲਈ, ਕਹਿੰਦੇ, "ਮੈਂ ਪੋਸਟ ਖਾਲੀ ਰੱਖਣੀ ਹੈ। ਬੀਬੀ ਦਾ ਪੀ.ਐਚ.ਡੀ ਦਾ ਨਤੀਜਾ ਉਡੀਕਣਾ ਹੈ।" ਭਾਵੇਂ ਇਹ ਪੋਸਟ ਸਾਲ ਬਾਅਦ ਡਾ. ਭਗਤ ਸਿੰਘ ਦੇ ਸਮੇਂ ਵਿਚ ਭਰੀ ਗਈ ਅਤੇ ਮੈਂ ਰੀਡਰ ਬਣ ਗਈ ਪਰ ਮੈਂ ਸਮਝਦੀ ਹਾਂ ਕਿ ਮੇਰੀ ਇਸ ਪ੍ਰਾਪਤੀ ਪਿੱਛੇ ਸਵਰਗੀ ਗਿਆਨੀ ਲਾਲ ਸਿੰਘ ਦੀ ਦੂਰ-ਅੰਦੇਸ਼ੀ ਅਤੇ ਡਾ. ਜੌਹਲ ਦੀ ਸੁਰੱਖਿਆ ਨੀਤੀ ਹੀ ਸੀ। ਡਾ. ਬਲਕਾਰ ਸਿੰਘ ਦੇ ਮੁਖੀ ਬਣਨ ਤੇ ਹੀ ਵਿਭਾਗ ਨੇ ਪਹਿਲਾ ਯੂ.ਜੀ.ਸੀ ਸੈਮੀਨਾਰ, "ਸਿੱਖ ਧਰਮ ਵਿਚ ਸੇਵਾ ਦਾ ਸੰਕਲਪ" ਕਰਾਇਆ। ਇਹ ਵੀ ਯੂ.ਜੀ.ਸੀ. ਦੇ ਸੈਮੀਨਾਰਾਂ ਦੀ ਸ਼ੁਰੂਆਤ ਸੀ ਅਤੇ ਇਸ ਪਿਛੋਂ ਹਰ ਸਾਲ ਵਿਭਾਗ ਸੈਮੀਨਾਰ ਕਰਵਾਉਂਦਾ ਰਿਹਾ। ਵਿਭਾਗ ਦੇ ਛਿਮਾਹੀ ਨਿਕਲਣ ਵਾਲੇ ਮੈਗਜੀਨ "ਨਾਨਕ ਪ੍ਰਕਾਸ਼ ਪਤ੍ਰਿਕਾ" ਦੇ ਖੋਜ ਭਰਪੂਰ ਵਿਸ਼ੇਸ਼ ਅੰਕ ਛਾਪਣੇ ਸ਼ੁਰੂ ਕੀਤੇ ਜਿਵੇਂ ਸੰਗਤਿ, ਅਰਦਾਸ, ਮੀਰੀ-ਪੀਰੀ ਆਦਿ ਆਦਿ ਜਿਨ੍ਹਾਂ ਦੀ ਸੰਪਾਦਕੀ ਦਾ ਕੰਮ ਡਾ. ਬਲਕਾਰ ਸਿੰਘ ਨੇ ਆਪ ਸੰਭਾਲਿਆ। ਪਰੂਫ ਰੀਡਿੰਗ ਦਾ ਕੰਮ ਸ. ਓਂਕਾਰ ਸਿੰਘ ਨੂੰ ਸੌਂਪਿਆ ਜੋ ਅਹੁਦੇ ਵਜੋਂ ਭਾਵੇਂ ਵਿਭਾਗ ਵਿਚ ਕਲਰਕ ਸਨ ਪਰ ਯੋਗਤਾ ਪਖੋਂ ਐਮ.ਏ, ਐਮ.ਫ਼ਿਲ ਸਨ ਅਤੇ ਵਿਭਾਗ ਵਿਚ ਹੀ ਪਿਛੋਂ ਪੀ.ਐਚ.ਡੀ ਕੀਤੀ। ਇਸ ਤਰ੍ਹਾਂ ਵਿਭਾਗ ਦੀ ਗੁਆਚੀ ਹੋਈ ਮਹੱਤਤਾ ਫਿਰ ਬਹਾਲ ਹੋ ਗਈ। ਜਿਸ ਤਰ੍ਹਾਂ ਪਹਿਲਾਂ ਵਿਭਾਗ ਡਾ. ਤਾਰਨ ਸਿੰਘ ਕਰਕੇ ਜਾਣਿਆ ਜਾਂਦਾ ਸੀ, ਹੁਣ ਡਾ. ਬਲਕਾਰ ਸਿੰਘ ਦਾ ਵਿਭਾਗ ਕਰਕੇ ਜਾਣਿਆ ਜਾਣ ਲੱਗਾ।

*(ਚਲਦਾ...)*



ਡਾ. ਸਰਦਾਰਾ ਸਿੰਘ ਜੌਹਲ

## ਸਿਆਣਿਆਂ ਦਾ ਕਿਹਾ

(1) ਆਪਾਂ ਨੂੰ ਪੰਜ ਪ੍ਰਕਾਰ ਦੀਆਂ ਗਿਆਨ ਇੰਦਰੀਆਂ ਮਿਲੀਆਂ ਹੋਈਆਂ ਹਨ, ਛੂਹ ਕੇ ਦੇਖਣਾ, ਜੀਭ ਨਾਲ ਚੱਖ ਕੇ ਦੱਸਣਾ, ਅੱਖਾਂ ਨਾਲ ਦੇਖਣਾ, ਨੱਕ ਨਾਲ ਸੁੰਘਣਾ, ਕੰਨਾਂ ਨਾਲ ਸੁਣਨਾ, ਪਰ ਸਫਲ ਲੋਕਾਂ ਕੋਲ ਛੇਵੀਂ ਗਿਆਨ ਇੰਦਰੀ ਵੀ ਹੁੰਦੀ ਹੈ।

(2) ਅਕਾਲ ਤਖਤ ਸਾਹਿਬ ਨਾਲ ਵਫਾਦਾਰੀ ਸੱਚੇ ਸਿੱਖ ਵਾਸਤੇ ਫਰਜ਼ ਹੈ।

(3) ਗਿਆਨ ਲੁਕੀ ਹੋਈ ਸ਼ਕਤੀ ਹੈ ਅਤੇ ਸਮਝਦਾਰੀ ਇੱਕ ਸੱਚੀ ਸ਼ਕਤੀ ਹੈ।

(4) ਚੰਗੇ ਵਿਚਾਰਕ ਮੂਰਖ ਨਹੀਂ ਹੁੰਦੇ ਅਤੇ ਉਹ ਨਾ ਹੀ ਆਪਣੀ ਜ਼ਿੰਦਗੀ ਅੰਨਿਆਂ ਵਾਂਗ ਗੁਜ਼ਾਰਦੇ ਹਨ।

(5) ਜਦੋਂ ਆਪਾਂ ਆਪਣੇ ਆਪ ਨੂੰ ਅੰਦਰੋਂ ਚੰਗਾ ਮਹਿਸੂਸ ਕਰਦੇ ਹਾਂ ਤਾਂ ਆਪਣਾ ਪ੍ਰਦਰਸ਼ਨ ਵੀ ਚੰਗਾ ਹੁੰਦਾ ਹੈ।

(6) ਭਾਰਤ ਵਿਚ ਧਰਮ ਅਤੇ ਸਿਆਸਤ ਬਾਰੇ ਕਾਨੂੰਨ, ਸਿੱਖ ਗੁਰੂ ਘਰਾਂ ਦੀਆਂ ਜਾਇਦਾਦਾਂ ਉਪਰ ਕੰਟਰੋਲ, ਗੁਰੂ ਘਰ ਇੰਤਜ਼ਾਮ ਵਿਚ ਦਖਲ, ਸਿੱਖਾਂ ਉਪਰ ਹਿੰਦੂ ਧਰਮ ਜਾਂ ਹਿੰਦੂ ਕਲਚਰ ਠੋਸਣਾ, ਅਕਾਲ ਤਖਤ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਬਾਰੇ ਅਦਾਲਤਾਂ ਵਿਚ ਕੇਸ, ਹਿੰਦੂ ਪ੍ਰੈਸ ਅਤੇ ਹਿੰਦੂ ਚੌਧਰੀਆਂ ਵਲੋਂ ਸਿੱਖ ਜਮਾਤਾਂ ਬਾਰੇ ਬਿਆਨ, ਸਿੱਖ ਧਰਮ ਵਿਚ ਭਗਤਾਂ ਨੂੰ ਗੁਰੂ ਬਣਾ ਕੇ ਪੇਸ਼ ਕਰਨ ਲਈ ਸਿੱਧਾ ਦਖਲ-ਇਹ ਸਾਰੇ ਸਿੱਖੀ ਉੱਪਰ ਸਿੱਧੇ ਹਮਲੇ ਹਨ।

(7) ਜਦੋਂ ਵੀ ਅਕਾਲ ਤਖਤ ਦੇ ਫਲਸਫੇ 'ਤੇ ਹਮਲਾ ਹੋਇਆ ਤਾਂ ਯਕੀਨਨ ਸਿੱਖਾਂ ਦੀ ਵਫਾਦਾਰੀ ਅਕਾਲ ਤਖਤ ਨਾਲ ਹੋਵੇਗੀ। ਜੇ ਕੋਈ ਸਿੱਖ ਅਕਾਲ ਤਖਤ ਦੇ ਮੁਕਾਬਲੇ ਕਿਸੇ ਹੋਰ ਧਿਰ ਨਾਲ ਖੜਾ ਹੋਵੇਗਾ ਤਾਂ ਇਹ ਹਰਕਤ ਪੰਥ ਨੂੰ ਬੇਦਾਵਾ ਦੇਣ ਵਾਲੀ ਹੋਵੇਗੀ।

(8) ਸਿੱਖ ਨੇ ਸ਼ਸਤਰ ਚੁੱਕਣੇ ਹਨ, ਜਦੋਂ ਸਾਰੇ ਹੀਲੇ ਖਤਮ ਹੋ ਜਾਣ। ਸ਼ਸਤਰ ਸਿਰਫ ਹਮਲੇ ਵਾਸਤੇ ਨਹੀਂ ਬਲਕਿ ਇਨਸਾਫ ਅਤੇ ਧਰਮ ਦੀ ਹਿਫਾਜ਼ਤ ਵਾਸਤੇ ਹਨ।

(9) ਅਕਾਲ ਤਖਤ ਦੇ ਚੌਧਰੀਆਂ ਨੂੰ ਚਾਹੀਦਾ ਹੈ ਕਿ ਸਨਅਤੀ ਝਗੜਿਆਂ ਦੇ ਟ੍ਰਿਬਿਊਨਲ ਦੇ ਸਾਲਸ ਦਾ ਰੋਲ ਅਦਾ ਕਰਨ ਦੀ ਬਜਾਏ ਜਾਂ ਤਾਂ ਚੁੱਪ ਕਰਕੇ ਬੈਠ ਜਾਣ ਤੇ ਜੇ ਬਹੁਤਾ ਪੰਥ ਦਾ ਦਰਦ ਹੈ ਤਾਂ ਤਖਤਾਂ ਵਲੋਂ ਪੰਥ ਦੇ ਸੰਘਰਸ਼ ਦੀ ਅਗਵਾਈ ਕਰਨ। ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਜਥੇਦਾਰ ਗੁਰਬਖਸ਼ ਸਿੰਘ, ਅਕਾਲੀ ਫੂਲਾ ਸਿੰਘ ਵਰਗੇ ਸੇਵਾਦਾਰਾਂ ਤੋਂ ਕੁਝ ਸਿੱਖ ਕੇ ਕੌਮ ਦੀ ਸੇਵਾ ਕਰੀਏ।

(10) ਜਿਵੇਂ ਸਰੀਰ ਨੂੰ ਰੋਜ਼ ਚੰਗੇ ਭੋਜਨ ਦੀ ਲੋੜ ਹੈ ਉਸੇ ਤਰ੍ਹਾਂ ਦਿਮਾਗ ਨੂੰ ਵੀ ਚੰਗੇ ਵਿਚਾਰਾਂ ਦੀ ਲੋੜ ਹੈ।

(11) ਉਨ੍ਹਾਂ ਦੋ ਬੰਦਿਆਂ 'ਚ ਕੀ ਫਰਕ ਹੈ ਜਿਨ੍ਹਾਂ 'ਚੋਂ ਇੱਕ ਨੂੰ ਤਾਂ ਪੜ੍ਹਨਾ ਆਉਂਦਾ ਹੀ ਨਹੀਂ ਤੇ ਦੂਜਾ ਪੜ੍ਹਨਾ ਤਾਂ ਜਾਣਦਾ ਹੈ ਪਰ ਪੜ੍ਹਦਾ ਨਹੀਂ।

(12) ਉਨ੍ਹਾਂ ਲੋਕਾਂ ਲਈ ਕੁਝ ਕਰੋ ਜਿਹੜੇ ਤੁਹਾਨੂੰ ਬਦਲੇ ਵਿਚ ਨਕਦ ਜਾਂ ਕੋਈ ਚੀਜ਼, ਕੁਝ ਵੀ ਨਹੀਂ ਦੇ ਸਕਦੇ।

(13) ਕਿਸੇ ਦਾ ਚਰਿੱਤਰ ਇਸ ਗੱਲ ਨਾਲ ਨਹੀਂ ਬਣਦਾ ਕਿ ਉਹ ਕਿਸ ਤਰ੍ਹਾਂ ਦੇ ਲੋਕਾਂ ਨੂੰ ਮਿਲਦਾ ਹੈ ਸਗੋਂ ਇਸ ਗੱਲ ਦਾ ਪ੍ਰਭਾਵ ਉਸ ਦੇ ਚਰਿੱਤਰ ਉਪਰ ਪੈਂਦਾ ਹੈ ਕਿ ਕਿਸ ਤਰ੍ਹਾਂ ਦੇ ਲੋਕਾਂ ਤੋਂ ਉਹ ਦੂਰ ਰਹਿੰਦਾ ਹੈ।

(14) ਵਿਜੇਤਾ ਇਕ ਥਰਮੋਸਟੇਟ ਵਰਗੇ ਹੁੰਦੇ ਹਨ ਜਿਹੜੇ ਆਪਣੇ ਤਾਪਮਾਨ ਨੂੰ ਮਾਪ ਸਕਦੇ ਹਨ, ਵਧਾ ਘਟਾ ਨਹੀਂ ਸਕਦੇ।

(15) ਅਸਾਧਾਰਣ ਬੰਦਾ ਹਮੇਸ਼ਾਂ ਮੌਕੇ ਦੀ ਤਲਾਸ਼ ਵਿਚ ਰਹਿੰਦਾ ਹੈ ਜਦਕਿ ਸਾਧਾਰਣ ਬੰਦਾ ਸੁਰੱਖਿਆ ਦੀ ਤਲਾਸ਼ ਵਿਚ।

(16) ਲੋੜ ਹੈ ਕਿ ਅਸੀਂ ਆਪਣੇ ਦਿਮਾਗ ਵਿਚ ਬਿਠਾ ਕੇ ਰੱਖੀਏ ਕਿ ਸਾਨੂੰ ਕੀ ਚਾਹੀਦਾ ਹੈ ਬਜਾਏ ਇਸ ਦੇ ਕਿ ਕੀ ਨਹੀਂ ਚਾਹੀਦਾ।

(17) ਸਫਲਤਾ ਇੱਕ ਅੰਦਰੂਨੀ ਅਹਿਸਾਸ ਹੈ ਨਾ ਕਿ ਬਾਹਰੀ ਅਹਿਸਾਸ।

(18) ਸਫਲਤਾ ਦਾ ਇਹ ਮਤਲਬ ਨਹੀਂ ਕਿ ਤੁਹਾਨੂੰ ਹਰ ਕੋਈ ਸਵੀਕਾਰ ਕਰ ਲਏ।

(19) ਸਫਲਤਾ ਅਤੇ ਖੁਸ਼ੀ ਹੱਥ ਵਿਚ ਹੱਥ ਪਾਈ ਚਲਦੀਆਂ ਹਨ।

(20) ਤੁਸੀਂ ਜੋ ਚਾਹੁੰਦੇ ਹੋ ਉਸਦੀ ਪ੍ਰਾਪਤੀ ਹੀ ਕਾਮਯਾਬੀ ਹੈ।

(21) ਪੜ੍ਹਨ ਤੋਂ ਜ਼ਿਆਦਾ ਪੜ੍ਹੇ ਹੋਏ ਨੂੰ ਅਮਲ ਵਿਚ ਲਿਆਉ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਮੈਂ ਪਾਪੜਿਆਂ ਤੋਂ ਨੱਸਨਾ ਹਾਂ

**ਹਰਜਿੰਦਰ ਕੰਗ**
ਫੋਨ:559-917-4890

ਦੁਨੀਆਂ ਭਰ ਵਿਚ ਹਰ ਚੀਜ਼ ਇਕ-ਦੂਸਰੇ ਤੋਂ ਕੁਝ ਨਾ ਕੁਝ ਗ੍ਰਹਿਣ ਕਰਦੀ ਹੈ ਤੇ ਕੁਝ ਨਾ ਕੁਝ ਵਾਪਸ ਪਰਤਾਉਂਦੀ ਹੈ। ਕੁਦਰਤ ਦਾ ਇਕ ਵਿਚਿੱਤਰ ਸਿਲਸਿਲਾ ਹੈ ਕਿ ਬ੍ਰਹਿਮੰਡ ਇਕ ਨਿਰੰਤਰ ਗਤੀ ਵਿਚ, ਇਕ ਚੱਕਰ ਵਿਚ ਹੈ। ਇਕ ਰਹੱਸਮਈ, ਇਕ ਨਿਰਵਿਘਨ ਆਦਾਨ-ਪ੍ਰਦਾਨ ਕੁਦਰਤ ਵਿਚ ਹਰ ਛਿਣ ਵਾਪਰ ਰਿਹਾ ਹੈ। ਇਕ ਸਜੱਗ, ਸੁਚੇਤ ਪ੍ਰਾਣੀ ਆਪਣੇ ਵੱਡੇ-ਵਡੇਰਿਆਂ ਤੋਂ ਸਿੱਖਦਾ ਹੈ। ਆਪਣੀਆਂ ਇੰਦਰੀਆਂ ਦੀ ਸੂਝਬੂਝ ਰਾਹੀਂ ਗਿਆਨ ਗ੍ਰਹਿਣ ਕਰਦਾ ਹੈ। ਫਿਰ ਉਸ ਵਿਚ ਸਮੇਂ ਦਾ ਸੱਜਰਾਪਨ ਘੋਲ ਕੇ ਅੱਗੋਂ ਨਵੇਂ ਨਰੋਏ ਰੂਪ ਵਿਚ ਪੇਸ਼ ਕਰਦਾ ਹੈ। ਕੁਦਰਤ ਦੇ ਅਸੰਖ ਤੋਹਫੇ, ਅਸੰਖ ਭੰਡਾਰ ਦੁਨੀਆਂ ਮੁਫਤ ਵਰਤਦੀ ਹੈ ਪਰ ਬਹੁਤ ਥੋੜ੍ਹੇ ਲੋਕ ਨੇ ਜੋ ਕੁਦਰਤ ਦੀ ਇਸ ਬਖਸ਼ਿਸ਼ ਦਾ ਰੋਜ਼ਾਨਾ ਸ਼ੁਕਰਾਨਾ ਕਰਦੇ ਨੇ। ਬ੍ਰਹਿਮੰਡ ਦਾ ਇਕ ਜ਼ੱਰਾ ਮਾਤਰ ਇਕ ਮਨੁੱਖ ਅਕਸਰ ਭੁੱਲ ਜਾਂਦਾ ਹੈ ਕਿ ਉਸ ਦਾ ਵਜੂਦ ਉਸ ਦੇ ਵੱਸ ਨਹੀਂ। ਇਸ ਸਰੀਰਕ ਖਿਡੌਣੇ ਨਾਲ ਕੋਈ ਹੋਰ ਖੇਡ ਰਿਹਾ ਹੈ ਤੇ ਕਦੇ ਵੀ ਇਸਨੂੰ ਤੋੜ-ਫੋੜ ਕੇ ਸੁੱਟ ਦੇਵੇਗਾ। ਮਨੁੱਖ ਇੰਨਾ ਸੁਆਰਥੀ, ਮੈਂ-ਮੁਖੀ ਹੋ ਗਿਆ ਹੈ ਕਿ ਉਸ ਨੂੰ ਇਹ ਜਾਪਣ ਲੱਗ ਪਿਐ ਕਿ ਪੈਸੇ ਨਾਲ ਉਹ ਕੁਝ ਵੀ ਕਰ ਸਕਦਾ ਹੈ। ਕਦੀ ਉਹ ਵਕਤ ਹੁੰਦੇ ਸੀ ਜਦ ਇਕ ਅਰਸਾ ਉਸਤਾਦ ਲੋਕਾਂ ਦੀ ਸੰਗਤ ਕਰਨ ਤੋਂ ਬਾਅਦ ਕੋਈ ਕਲਾ ਦੇ ਖੇਤਰ 'ਚ ਪੈਰ ਧਰਦਾ ਸੀ। ਚੰਗੀ ਸੰਗਤ ਕਰਦਾ ਸੀ। ਚੰਗੀ ਸੰਗਤ ਤੋਂ ਭਾਵ ਚੰਗੇ ਇਨਸਾਨਾਂ ਦੀ ਸੰਗਤ, ਚੰਗੇ ਸਾਹਿਤ ਦੀ ਸੰਗਤ, ਚੰਗੇ ਸੰਗੀਤ ਦੀ ਸੰਗਤ, ਜਿਸ ਨਾਲ ਬੌਧਿਕ ਵਿਕਾਸ ਵੀ ਹੁੰਦਾ ਸੀ ਤੇ ਅਧਿਆਤਮਕ ਆਭਾ ਵੀ ਨਿਖਰਦੀ ਸੀ। ਇਕ ਲਿਖਾਰੀ, ਇਕ ਕਲਾਕਾਰ ਬੜਾ ਰਿਆਜ਼ ਤੇ ਮਸ਼ਕ ਕਰਦਾ ਸੀ ਜਿਸ ਨਾਲ ਉਸਦੀ ਕਲਾ ਵਿਚ ਪਕਿਆਈ, ਰੁਸ਼ਨਾਈ ਤੇ ਤਾਸੀਰ ਪੈਦਾ ਹੁੰਦੀ ਸੀ। ਮਾਸਟਰ ਕਿਸੇ ਚੀਜ਼ ਨੂੰ ਯਾਦ ਕਰਵਾਉਣ ਲਈ ਉਸਨੂੰ ਪੰਜ-ਪੰਜ, ਛੇ-ਛੇ ਵਾਰ ਲਿਖਣ ਲਈ ਦਿੰਦੇ ਸਨ। ਲਿਖਣ ਨਾਲ ਅੱਖਰ ਕਾਗਜ਼ ਦੇ ਨਾਲ-ਨਾਲ ਤੁਹਾਡੇ ਅੰਦਰ ਵੀ ਛਪਣ ਲਗਦੇ ਨੇ।

ਅੱਜਕੱਲ੍ਹ ਹਰ ਖੇਤਰ ਵਿਚ ਇਕ ਕਾਹਲ ਹੈ, ਇਕ ਭੀੜ ਹੈ, ਇਕ ਹੜਬੜਾਹਟ ਜਿਹੀ ਹੈ। ਹਰ ਬੰਦਾ ਬੋਲਣਾ ਚਾਹੁੰਦੈ, ਲਿਖਣਾ ਚਾਹੁੰਦੈ, ਗਾਉਣਾ ਚਾਹੁੰਦੈ, ਨੱਚਣਾ ਚਾਹੁੰਦੈ। ਕਿਸੇ ਨਾ ਕਿਸੇ ਤਰ੍ਹਾਂ ਹੀਰੋ ਬਣਨ ਦੀ ਇੱਛਾ ਰੱਖਦਾ ਹੈ ਪਰ ਸਿੱਖਣਾ, ਸੁਣਨਾ, ਪੜ੍ਹਨਾ, ਗੁੜ੍ਹਨਾ ਬਿਲਕੁਲ ਨਹੀਂ ਚਾਹੁੰਦਾ। ਇਨ੍ਹਾਂ ਕੰਮਾਂ ਨੂੰ ਉਹ ਫਜ਼ੂਲ ਸਮਝਦਾ ਹੈ। ਇਸੇ ਕਰਕੇ ਬਹੁਤ ਕੁਝ ਫਜ਼ੂਲ ਹੀ ਹੋਈ ਜਾ ਰਿਹੈ ਕਿਉਂਕਿ ਹੁਣ ਪੇਸ਼ਕਾਰੀ ਮਾਧਿਅਮ ਇੰਨੇ ਆ ਗਏ ਨੇ ਕਿ ਕਿਸੇ ਦੀ ਕਾਬਲੀਅਤ ਨੂੰ ਕਿਸੇ ਕਸਵੱਟੀ 'ਤੇ ਪਰਖਣਾ ਜ਼ਰੂਰੀ ਨਹੀਂ ਰਿਹਾ। ਵੋਟਾਂ, ਨੋਟਾਂ ਦੇ ਬੋਲਬਾਲੇ 'ਚ ਬਹੁਤ ਛੋਟਾਂ ਮਿਲ ਜਾਂਦੀਆਂ ਨੇ। ਧਰਮ, ਸਾਹਿਤ ਤੋਂ ਲੈ ਕੇ ਸਿਆਸਤ ਤੱਕ ਇਹੋ ਮੰਜ਼ਰ ਨਜ਼ਰ ਆਉਂਦਾ ਹੈ। ਬਹੁਤ ਸਾਰੇ ਲੋਕ ਹਰ ਰੋਜ਼ ਬੋਲ ਰਹੇ ਨੇ, ਪ੍ਰਵਚਨ ਹੋ ਰਹੇ ਨੇ, ਕਥਾਵਾਂ ਸੁਣਾਈਆਂ ਜਾ ਰਹੀਆਂ ਨੇ, ਗਾਇਨ ਹੋ ਰਿਹਾ ਹੈ, ਨਾਚ ਹੋ ਰਿਹਾ ਹੈ। ਬਹੁਤ ਕੁਝ ਹੁੰਦਾ ਦਿਖਾਈ ਦੇ ਰਿਹਾ ਹੈ। ਫਿਰ ਵੀ ਵਾਪਰ ਕੁਝ ਨਹੀਂ ਰਿਹਾ। ਕ੍ਰਾਂਤੀ ਕੋਈ ਨਹੀਂ ਆ ਰਹੀ ਕਿਉਂਕਿ ਬਹੁਤ ਸਾਰਾ ਜੋ ਲੋਕਾਂ ਅੱਗੇ ਪਰੋਸਿਆ ਜਾ ਰਿਹੈ, ਉਸ ਵਿਚ ਅਨੁਭਵ ਦੀ ਰੌਸ਼ਨੀ ਨਹੀਂ ਹੈ। ਸਭ ਕਿਸੇ ਹੋਰ ਦਾ ਹੰਢਾਇਆ, ਤਪਾਇਆ ਹੋਇਆ ਹੀ ਵਾਰ ਵਾਰ ਪੇਸ਼ ਕੀਤਾ ਜਾ ਰਿਹਾ ਹੈ।

ਰੇਡੀਓ, ਟੀ.ਵੀ., ਅਖ਼ਬਾਰਾਂ ਵਿਚ ਅਜਿਹੇ ਲੋਕਾਂ ਦੀ ਭੀੜ ਹੈ, ਜਿਨ੍ਹਾਂ ਨੂੰ ਨਾ ਸ਼ਬਦ ਦੀ ਸਮਝ ਹੈ, ਨਾ ਪੇਸ਼ਕਾਰੀ ਦਾ ਕੋਈ ਅੰਦਾਜ਼, ਨਾ ਆਵਾਜ਼ 'ਚ ਕਸ਼ਿਸ਼, ਤੇ ਨਾ ਹੀ ਉਸ ਖੇਤਰ ਦੀ ਕੋਈ ਜਾਣਕਾਰੀ, ਨਾ ਅਧਿਐਨ। ਕੱਚੀ ਰੋਟੀ ਨਾਲ ਭੁੱਖ ਤਾਂ ਕੀ ਮਿਟਣੀ ਹੈ ਸਗੋਂ ਢਿੱਡ ਦੁਖਣ ਲੱਗ ਪੈਂਦਾ ਹੈ। ਹਰ ਦੌਰ 'ਚ ਅੱਧ ਪੜ੍ਹੇ ਜਿਹੇ ਲੋਕ ਹੁੰਦੇ ਨੇ। ਨਹੀਂ ਤਾਂ ਬੁੱਲ੍ਹੇ ਸ਼ਾਹ ਨੇ ਕਿਉਂ ਲਿਖਣਾ ਸੀ:

''ਮੈਂ ਪਾਪੜਿਆਂ ਤੋਂ ਨੱਸਨਾ ਹਾਂ,
ਮੈਂ ਪਾਪੜਿਆਂ ਤੋਂ ਨੱਸਨਾ ਹਾਂ।
ਆਲਮ ਫਾਜ਼ਲ ਮੇਰੇ ਭਾਈ
ਪਾਪੜਿਆਂ ਮੇਰੀ ਅਕਲ ਗਵਾਈ।
ਕੋਈ ਮੁਨਸਫ ਹੋ ਨਿਰਵਾਰੇ ਤਾਂ ਮੈਂ ਦੱਸਨਾ ਹਾਂ।

ਪਾਪੜਿਆਂ ਤੋਂ ਭਾਵ ਹੈ ਥੋੜ੍ਹਾ ਪੜ੍ਹੇ ਹੋਏ। ਥੋੜ੍ਹੇ ਪੜ੍ਹਿਆਂ 'ਚ ਉਹ ਵੀ ਹੋ ਸਕਦੇ ਨੇ, ਜਿਨ੍ਹਾਂ ਦੀ ਵਿੱਦਿਅਕ ਯੋਗਤਾ ਘੱਟ ਹੈ ਤੇ ਉਹ ਵੀ ਜਿਨ੍ਹਾਂ ਨੇ ਜ਼ਿੰਦਗੀ ਨੂੰ ਖੁਦ ਨਹੀਂ ਪੜ੍ਹਿਆ। ਇਹ ਥੋੜ੍ਹਾ ਪੜ੍ਹੇ ਜਾਂ ਅੱਧ ਪੜ੍ਹੇ ਹਰ ਥਾਂ ਕੋਈ ਨਾ ਕੋਈ ਬਖੇੜਾ ਖੜ੍ਹਾ ਰੱਖਦੇ ਨੇ ਤੇ ਬਹੁਤਾਤ ਵਿਚ ਨੇ। ਕਹਾਵਤ ਹੈ ਕਿ 'ਨੀਮ ਹਕੀਮ ਖ਼ਤਰਾ ਏ ਜਾਨ।' ਖ਼ਤਰਾ ਵਧ ਗਿਆ ਹੈ ਕਿਉਂਕਿ ਨੀਮ ਹਕੀਮ ਵਧ ਗਏ ਨੇ। ਨਾਮ ਤੇ ਨਾਮੇ ਦੀ ਭੁੱਖ ਨੇ ਮਨੁੱਖ ਨੂੰ ਅੰਨ੍ਹਾ ਬੋਲਾ ਕਰ ਦਿੱਤਾ ਹੈ। ਗੁਰਵਾਕ ਹੈ, ''ਮਾਇਆਧਾਰੀ ਅਤਿ ਅੰਨ੍ਹਾ ਬੋਲਾ।'' ਮਾਇਆਜਾਲ 'ਚ ਫਸਿਆ ਮਨੁੱਖ ਇਸ ਗੱਲ ਤੋਂ ਇਨਕਾਰੀ ਹੈ ਕਿ ਆਪਣਾ ਮੁਲਾਂਕਣ ਕਰਨ ਦੀ ਕੋਸ਼ਿਸ਼ ਕਰੇ ਕਿ ਉਹ ਜੋ ਕਰਨ ਦੀ ਇੱਛਾ ਰੱਖਦਾ ਹੈ, ਉਸਦੇ ਕਾਬਲ ਵੀ ਹੈ ਜਾਂ ਨਹੀਂ। ਇਸ ਪਾਸੇ ਉਹ ਧਿਆਨ ਹੀ ਨਹੀਂ ਦਿੰਦਾ ਕਿਉਂਕਿ ਉਸਦੇ ਨਾਲ ਉਸ ਵਰਗਿਆਂ ਦੀ ਇਕ ਜੁੰਡਲੀ ਬਣ ਜਾਂਦੀ ਹੈ ਜੋ ਹਰ ਸਮੇਂ ਫੂਕਾਂ ਮਾਰ-ਮਾਰ ਕੇ ਉਸਦੀ ਹਉਮੈ ਦੇ ਗੁਬਾਰੇ ਨੂੰ ਫੁਲਾਈ ਰੱਖਦੀ ਹੈ, ਸੱਤਵੇਂ ਅਸਮਾਨ ਚੜ੍ਹਾਈ ਰੱਖਦੀ ਹੈ।

ਇਨ੍ਹਾਂ ਦੇਸ਼ਾਂ ਵਿਚ ਮੌਜ ਇਹ ਹੈ ਕਿ ਪੈਸੇ ਨਾਲ ਤੁਸੀਂ ਕੁਝ ਵੀ ਸ਼ੁਰੂ ਕਰ ਸਕਦੇ ਹੋ। ਇਸੇ ਤਰ੍ਹਾਂ ਹੀ ਬਹੁਤ ਕੁਝ ਸ਼ੁਰੂ ਹੋ ਗਿਆ ਹੈ। ਅਖ਼ਬਾਰਾਂ ਸ਼ੁਰੂ ਹੋ ਗਈਆਂ, ਰੇਡੀਓ, ਟੀ.ਵੀ. ਪ੍ਰੋਗਰਾਮ ਸ਼ੁਰੂ ਹੋ ਗਏ। ਇਨ੍ਹਾਂ ਦੇ ਨਾਲ ਬਹੁਤ ਕੁਝ ਪੈਦਾ ਹੋ ਗਿਆ ਸੰਪਾਦਕ, ਪੱਤਰਕਾਰ, ਰੇਡੀਓ, ਹੋਸਟ, ਟੀ.ਵੀ. ਹੋਸਟ, ਕਾਲਮਨਵੀਸ, ਲਿਖਾਰੀ, ਕਵੀ ਵਗੈਰਾ ਵਗੈਰਾ। ਇਨ੍ਹਾਂ ਵਿਚ ਬਹੁਤ ਥੋੜ੍ਹੇ ਨੇ ਜਿਨ੍ਹਾਂ ਪੱਲੇ ਲੋੜੀਂਦੀ ਯੋਗਤਾ ਹੈ, ਗਿਆਨ ਹੈ, ਤਜਰਬਾ ਹੈ, ਕੋਈ ਸਿੱਖਣ ਦੀ ਇੱਛਾ ਹੈ। ਭੀੜ ਥੋਥੇ ਲੋਕਾਂ ਦੀ ਹੈ। ਜਿਨ੍ਹਾਂ ਨੂੰ ਇਹ ਵੀ ਮਹਿਸੂਸ ਨਹੀਂ ਹੁੰਦਾ ਕਿ ਉਹ ਆਪਣੀ ਨਾ-ਕਾਬਲੀਅਤ ਕਰਕੇ ਬਹੁਤ ਵੱਡਾ ਨੁਕਸਾਨ ਆਪਣੀ ਬੋਲੀ ਤੇ ਸਭਿਆਚਾਰ ਦਾ ਕਰ ਰਹੇ ਨੇ। ਇਹ ਅਮਲ ਆਪਣੀ ਕੌਮ, ਆਪਣੇ ਸਮਾਜ ਨਾਲ ਬੇਵਫਾਈ ਵਰਗਾ ਅਮਲ ਹੈ। ਨਹੀਂ ਤਾਂ ਜੇ ਸੱਚਮੁੱਚ ਕੋਈ ਆਪਣੇ ਸੱਭਿਆਚਾਰ ਨੂੰ ਪਿਆਰ ਕਰਦਾ ਹੋਵੇ ਤਾਂ ਉਹ ਉਸਨੂੰ ਕਿਸੇ ਗੱਲੋਂ ਨੀਵਾਂ ਕਿਵੇਂ ਹੋਣ ਦੇਵੇਗਾ? ਜਿਸ ਖੇਤਰ ਵਿਚ ਕੰਮ ਕਰਨ ਦੀ ਇੱਛਾ ਹੋਵੇ, ਸ਼ੌਕ ਹੋਵੇ, ਉਸ ਵਾਸਤੇ ਆਪਣੇ ਆਪ ਨੂੰ ਤਿਆਰ ਕਰ ਲੈਣਾ ਚਾਹੀਦਾ ਹੈ, ਨਹੀਂ ਤਾਂ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਕੋਈ ਬਿਨਾਂ ਤਿਆਰੀ ਤੋਂ ਲੜਾਈ ਦੇ ਮੈਦਾਨ 'ਚ ਕੁੱਦ ਪਵੇ ਤੇ ਖਾਹਮਖਾਹ ਸਿਰ ਮੂੰਹ ਭਨਾ ਲਵੇ।




ਕੁਚੱਜ ਘੋਲਣ ਨਾਲੋਂ ਚੰਗਾ ਹੈ ਕਿ ਕੋਈ ਚੱਜ ਸਿੱਖ ਲਿਆ ਜਾਵੇ। ਪਰ ਬੰਦੇ ਦੀ ਲਾਲਸਾ ਇਥੋਂ ਤੀਕ ਹੈ ਕਿ ਉਸਦੀ ਜੈ ਜੈ ਕਾਰ ਹੋਵੇ, ਪੱਲੇ ਚਾਹੇ ਕੱਖ ਨਾ ਹੋਵੇ। ਜੈ ਜੈ ਕਾਰ ਲਈ ਉਹ ਇੰਨਾ ਉਤਾਵਲਾ ਹੈ ਕਿ ਉਸਦੇ ਪੱਲੇ ਚਾਹੇ ਕੱਖ ਨਾ ਰਹੇ ਪਰ ਜੈ ਜੈ ਕਾਰ ਜ਼ਰੂਰ ਕਰਾਉਣੀ ਹੈ। ਕਹਿੰਦੇ ਨੇ ਇਕ ਸਮੇਂ ਬੜਾ ਗਿਆਨੀ ਬੰਦਾ ਹੋਇਆ, ਜਿਸਦੇ ਗਿਆਨ ਦਾ ਲੋਕ ਸਨਮਾਨ ਕਰਦੇ ਸਨ ਤੇ ਉਸਨੂੰ ਆਦਰ ਨਾਲ ਪੰਡਿਤ ਜੀ ਕਹਿ ਕੇ ਬੁਲਾਉਂਦੇ ਸਨ। ਜਦੋਂ ਪੰਡਿਤ ਜੀ ਦੁਨੀਆਂ ਤੋਂ ਕੂਚ ਕਰ ਗਏ ਤਾਂ ਪੰਡਿਤ ਜੀ ਦਾ ਲੜਕਾ ਵੀ ਇਹੀ ਇੱਛਾ ਰੱਖੇ ਕਿ ਲੋਕ ਉਸਨੂੰ ਵੀ ਪੰਡਿਤ ਜੀ ਕਹਿ ਕੇ ਬੁਲਾਉਣ। ਪਰ ਉਸਨੂੰ ਪੰਡਿਤ ਜੀ ਕੋਈ ਨਾ ਕਹੇ। ਉਹ ਬੜਾ ਦੁਖੀ ਹੋਇਆ ਤੇ ਇਧਰ-ਉਧਰ ਲੋਕਾਂ ਤੋਂ ਪੁੱਛਦਾ ਫਿਰੇ ਕਿ ਮੈਂ ਕੀ ਕਰਾਂ ਤਾਂ ਕਿ ਲੋਕ ਮੈਨੂੰ ਵੀ ਮੇਰੇ ਪਿਤਾ ਵਾਂਗ ਪੰਡਿਤ ਜੀ, ਪੰਡਿਤ ਜੀ ਕਹਿ ਕੇ ਬੁਲਾਉਣ। ਅਖੀਰ ਇਕ ਸਿਆਣੇ ਨੇ ਸਲਾਹ ਦਿੱਤੀ ਕਿ ਸ਼ਾਮ ਨੂੰ ਜਿਹੜੇ ਬੱਚੇ ਤੇਰੇ ਘਰ ਮੂਹਰੇ ਖੇਡਦੇ ਹੁੰਦੇ ਨੇ, ਕਿਸੇ ਨੂੰ ਕਹਿ ਕੇ ਉਨ੍ਹਾਂ ਨੂੰ ਆਪਣੇ ਮਗਰ ਪਾ। ਉਹ ਤੈਨੂੰ ਦੇਖ ਕੇ ਪੰਡਿਤ ਜੀ, ਪੰਡਿਤ ਜੀ ਕਿਹਾ ਕਰਨ ਤੇ ਤੂੰ ਉਨ੍ਹਾਂ ਨੂੰ ਖਿਝ ਕੇ ਪਿਆ ਕਰ ਕਿ ਮੈਨੂੰ ਏਦਾਂ ਨਾ ਕਹੋ। ਕੁਝ ਦਿਨ ਇਸੇ ਤਰ੍ਹਾਂ ਖਿਝਦਾ ਰਹੀਂ ਤੇ ਫਿਰ ਹੌਲੀ-ਹੌਲੀ ਖਿਝਣੋਂ ਹਟ ਜਾਈਂ। ਉਸਨੇ ਇਸੇ ਤਰ੍ਹਾਂ ਕੀਤੀ। ਜਦ ਬੱਚੇ ਉਸਨੂੰ ਦੇਖ ਕੇ ਪੰਡਿਤ ਜੀ, ਪੰਡਿਤ ਜੀ ਕਹਿ ਕੇ ਰੌਲਾ ਪਾਇਆ ਕਰਨ ਤਾਂ ਉਹ ਉਨ੍ਹਾਂ ਨੂੰ ਖਿਝ ਕੇ ਪਵੇ ਕਿ ਮੈਨੂੰ ਪੰਡਿਤ ਜੀ ਨਾ ਕਹੋ। ਬੱਚੇ ਸਗੋਂ ਹੋਰ ਉਚੀ-ਉਚੀ ਕਿਹਾ ਕਰਨ। ਬੱਚਿਆਂ ਦੇ ਮਗਰ ਲੋਕ ਵੀ ਉਸਨੂੰ ਪੰਡਿਤ ਜੀ ਕਹਿ ਕੇ ਖਿਝਾਉਣ ਲੱਗ ਪਏ। ਕੁਝ ਦਿਨਾਂ ਬਾਅਦ ਉਹ ਖਿਝਣੋਂ ਹਟ ਗਿਆ ਤੇ ਲੋਕ ਉਸਨੂੰ ਪੰਡਿਤ ਜੀ ਕਹਿ ਕੇ ਬੁਲਾਉਂਦੇ ਰਹੇ। ਪੰਡਤ ਜੀ ਉਸਦੀ ਛੇੜ ਪੈ ਗਈ। ਉਸਦਾ ਮਸਲਾ ਹੱਲ ਹੋ ਗਿਆ। ਉਹ ਇਹ ਹੀ ਕਹਾਉਣਾ ਚਾਹੁੰਦਾ ਸੀ ਕਿ ਲੋਕ ਉਸਨੂੰ ਪੰਡਿਤ ਜੀ ਕਹਿਣ, ਚਾਹੇ ਕਿਵੇਂ ਵੀ ਕਹਿਣ।

ਇਥੇ ਫਰਕ ਇਹ ਹੈ ਕਿ ਲੋਕ ਉਸਦੇ ਪਿਤਾ ਨੂੰ ਪੰਡਿਤ ਜੀ ਉਸਦੇ ਗੁਣਾਂ ਕਰਕੇ ਕਹਿੰਦੇ ਸਨ ਤੇ ਇਸਦੀ ਸਿਰਫ ਛੇੜ ਪੰਡਿਤ ਜੀ ਪੈ ਗਈ। ਅੱਜਕੱਲ੍ਹ ਬਹੁਤਾ ਹਾਲ ਇਹੋ ਜਿਹਾ ਹੀ ਹੈ ਕਿ ਲੋਕ ਕੋਈ ਗੁਣ ਗ੍ਰਹਿਣ ਕਰਨ ਲਈ ਤਪੱਸਿਆ ਨਹੀਂ ਕਰਨਾ ਚਾਹੁੰਦੇ। ਇਕ ਲੇਬਲ ਜ਼ਰੂਰ ਲੁਆਉਣਾ ਚਾਹੁੰਦੇ ਨੇ, ਚਾਹੇ ਕਿਸੇ ਤਰ੍ਹਾਂ ਵੀ ਲੱਗ ਜਾਵੇ।

ਸ਼ੇਖ ਸ਼ਾਅਦੀ 'ਗੁਲਿਸਤਾਂ ਬੋਸਤਾਂ' ਵਿਚ ਇਕ ਥਾਂ ਜ਼ਿਕਰ ਕਰਦਾ ਹੈ ਕਿ ਇਕ ਵਾਰੀ ਇਕ ਕਾਫਲੇ ਨੂੰ ਯੂਨਾਨ ਵਿਚ ਲੁੱਟ ਲਿਆ ਗਿਆ। ਡਾਕੂ ਬੇਹਿਸਾਬ ਮਾਲ ਲੈ ਗਏ। ਵਪਾਰੀ ਬਹੁਤ ਰੋਏ ਪਿੱਟੇ ਅਤੇ ਪਰਮਾਤਮਾ ਤੇ ਪੈਗੰਬਰ ਨੂੰ ਵਾਸਤਾ ਪਾਇਆ ਪਰ ਕੋਈ ਲਾਭ ਨਾ ਹੋਇਆ। ਲੁਕਮਾਨ ਨਾਮੀ ਚਿੰਤਕ ਵੀ ਉਸੇ ਕਾਫਲੇ ਵਿਚ ਸੀ। ਕਾਫਲੇ ਵਾਲਿਆਂ ਵਿਚੋਂ ਇਕ ਨੇ ਕਿਹਾ ਕਿ ਤੁਸੀਂ ਇਨ੍ਹਾਂ ਡਾਕੂਆਂ ਨੂੰ ਕੋਈ ਉਪਦੇਸ਼ ਦਿਓ ਅਤੇ ਨਸੀਹਤ ਕਰੋ ਕਿ ਸਾਡਾ ਕੁਝ ਮਾਲ ਛੱਡ ਜਾਣ ਕਿਉਂਕਿ ਦੁੱਖ ਹੋਏਗਾ ਜੇ ਏਨੀ ਦੌਲਤ ਗੁਆਈ ਜਾਵੇ। ਲੁਕਮਾਨ ਨੇ ਉਤਰ ਦਿੱਤਾ ਕਿ ਡਾਕੂਆਂ ਨਾਲ ਅਕਲ ਦੀਆਂ ਗੱਲਾਂ ਕਰਨੀਆਂ ਠੀਕ ਨਹੀਂ। ਮੁਹੰਮਦ ਬਖਸ਼ ਵੀ ਇਸੇ ਗੱਲ ਦੀ ਤਸਦੀਕ ਕਰਦਾ ਹੋਇਆ ਲਿਖਦਾ ਹੈ:

''ਆਮਾਂ ਬੇਅਖਲਾਸਾਂ ਅੰਦਰ, ਖਾਸਾਂ ਦੀ ਗੱਲ ਕਰਨੀ,
ਮਿੱਠੀ ਖੀਰ ਪਕਾ ਮੁਹੰਮਦ ਕੁੱਤਿਆਂ ਅੱਗੇ ਧਰਨੀ।''

ਪ੍ਰਚਾਰਕ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਲੋਕਾਂ ਵਿਚ ਉਹ ਜੋ ਵੰਡਦਾ, ਪ੍ਰਚਾਰਦਾ ਹੈ, ਉਸ ਵਿਚ ਇਮਾਨਦਾਰੀ ਤੇ ਸੰਜੀਦਗੀ ਹੋਵੇ ਕਿਉਂਕਿ ਲੋਕਾਂ ਨੇ ਉਸਦੀ ਗੱਲ ਨੂੰ ਸੱਚ ਦਾ ਪ੍ਰਮਾਣ ਜਾਣ ਕੇ ਅੱਗੋਂ ਪ੍ਰਚਾਰਨਾ ਹੁੰਦਾ ਹੈ। ਜੋ ਪ੍ਰਚਾਰਕ ਇਸ ਗੱਲ ਦੀ ਫਿਕਰ ਨਹੀਂ ਰੱਖਦਾ, ਸਮਝੋ ਉਹ ਤੁਹਾਡੇ ਮੁਆਸ਼ਰੇ ਦਾ ਦੁਸ਼ਮਣ ਹੈ। ਇਕ ਗੁਰੀਲਾ ਹੈ ਜੋ ਤੁਹਾਨੂੰ ਤਬਾਹ ਕਰਨਾ ਚਾਹੁੰਦੈ। ਅਜਿਹੇ ਕੁਰਾਹੀਆਂ, ਬਹਿਰੂਪੀਆਂ ਦੀ ਭਰਮਾਰ ਹਰ ਦੌਰ 'ਚ ਰਹਿੰਦੀ ਹੈ। ਇਕ ਸੰਜੀਦਾ ਸੱਚਾ ਪ੍ਰਚਾਰਕ ਅਜਿਹੇ ਲੋਕਾਂ ਨੂੰ ਸਮਝਾਉਣ 'ਤੇ ਵਕਤ ਜ਼ਾਇਆ ਨਹੀਂ ਕਰਦਾ ਸਗੋਂ ਆਪਣਾ ਹੋਕਾ ਦਿੰਦਾ ਅੱਗੇ ਵਧਦਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ, ''ਪੜ੍ਹ ਅੱਖਰ ਏਹਾ ਬੂਝੀਐ, ਮੂਰਖ ਨਾਲ ਨਾ ਲੁਝੀਐ।''

ਮੂਰਖ ਨਾਲ ਬਹਿਸ ਕਰਨ ਵਾਲਾ ਵੀ ਉਸ ਵਰਗਾ ਹੀ ਹੁੰਦਾ ਹੈ। ਆਪਣੇ ਗਿਆਨ ਦੀ ਕੁਵਰਤੋਂ ਹੁੰਦੀ ਹੈ। ਸੂਰਜ ਖੜ੍ਹ ਕੇ ਨਹੀਂ ਉਡੀਕਦਾ ਕਿ ਇਸ ਘਰ ਦੀ ਬਾਰੀ ਖੁੱਲ੍ਹੇ ਤਾਂ ਫੇਰ ਹੀ ਅੱਗੇ ਤੁਰਾਂ। ਉਹ ਤਾਂ ਚਾਨਣ ਵੰਡਦਾ-ਵੰਡਦਾ ਅੱਗੇ ਤੁਰਿਆ ਜਾਂਦਾ ਹੈ।

ਸ਼ੇਰ ਦੇ ਦੁਆਲੇ ਜਦੋਂ ਵੱਡੀ ਗਿਣਤੀ 'ਚ ਜੰਗਲੀ ਕੁੱਤੇ ਇਕੱਠੇ ਹੋ ਕੇ ਉਸਨੂੰ ਸਤਾਉਣ ਲਗਦੇ ਨੇ ਤਾਂ ਉਹ ਸ਼ਿਕਾਰ ਛੱਡ ਕੇ ਚਲਾ ਜਾਂਦਾ ਹੈ, ਕੁੱਤੇ ਮੁਰਦਾਰ ਖਾ ਲੈਂਦੇ ਨੇ। ਇਕ ਜਾਨਵਰ 'ਚ ਵੀ ਕਿੰਨੀ ਸੂਝ ਹੈ ਕਿ ਇਨ੍ਹਾਂ ਨਾਲ ਮੱਥਾ ਮਾਰਨਾ ਆਪਣੀ ਤਾਕਤ ਨੂੰ ਜ਼ਾਇਆ ਕਰਨਾ ਹੈ। ਅਖੀਰ ਵਿਚ ਇਹੀ ਕਹਿਣਾ ਮੁਨਾਸਬ ਲਗਦਾ ਹੈ:

''ਉਨ੍ਹੀਂ ਲੋਗੋਂ ਮੇਂ ਉਠਨਾ ਬੈਠਨਾ ਅੱਛਾ ਲਗਾ ਹਮਕੋ,
ਜੋ ਅਪਨਾ ਦਿਲ, ਜ਼ੁਬਾਂ ਅਪਨੀ, ਔਰ ਅਪਨੀ ਫ਼ਿਕਰ ਰਖਤੇ ਹੈਂ।''


## ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ





*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**

# ਤਕੜਾ ਆਦਮੀ

## ਇੰਨੀ ਕੁ ਬਾਤ



ਬਲਜੀਤ ਬਾਸੀ
*ਫੋਨ: 734-454-4958*

ਮੇਰੇ ਗ੍ਰਾਈਂ ਸੁਖਦੇਵ ਸਿੰਘ ਵਰਗਿਆਂ ਦਾ ਆਏ ਦਿਨ ਘੁੰਮਣ-ਘੁਮਾਉਣ, ਇੰਡੀਆ ਜਾਣ ਦਾ ਗੇੜ ਬਣਿਆ ਹੀ ਰਹਿੰਦਾ ਹੈ। ਹਮਤਤ ਤਾਂ ਪੈਨੀਆਂ-ਡਾਇਮ ਹੀ ਗਿਣਦੇ ਰਹਿੰਦੇ ਹਨ, ਡਬਲ ਜੌਬਾਂ ਤੇ ਓਵਰ ਟਾਈਮਾਂ ਵਿਚ ਵਕਤ ਝੋਕੀ ਰਖਦੇ ਹਨ। ਇੰਡੀਆ ਜਾਣ ਦੀ ਫੁਰਸਤ ਕਿੱਥੇ ਹੈ ਤੇ ਕਿੱਥੇ ਬਣਦੇ ਹਨ ਕਿਰਾਏ ਜੋਗੇ ਵੀ ਪੈਸੇ? ਉਸ ਦਿਨ ਫਿਰ ਗੁਰਦਵਾਰੇ ਮਿਲੇ ਸੁਖਦੇਵ ਸਿੰਘ ਨੇ ਅਗਲੇ ਹਫਤੇ ਇੰਡੀਆ ਜਾਣ ਦਾ ਪ੍ਰੋਗਰਾਮ ਸੁਣਾਇਆ ਤਾਂ ਮੇਰਾ ਮੂੰਹ ਰੀਣ ਕੁ ਰਹਿ ਗਿਆ।

ਗ੍ਰਾਈਂ ਕਾਹਦਾ ਮਿਲਿਆ, ਸਮਝੋ ਸਾਰਾ ਪਿੰਡ ਮਿਲ ਗਿਆ। ਗਲੀਆਂ ਗੁਆਂਢੀ, ਕੁੱਤੇ ਬਿੱਲੀਆਂ ਤੇ ਯਾਰ ਬੇਲੀਆਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਮਣਾਂ-ਮੂੰਹੀਂ ਭਾਰ ਲੱਥ ਰਹੇ ਸਨ। ਮਨ ਹੌਲਾ ਫੁਲ ਹੋ ਗਿਆ ਸੀ ਪਰ ਅਚਾਨਕ ਜਿਵੇਂ ਧੌਣ 'ਚ ਚੱਕੀ ਦੇ ਪੁੜ ਲਟਕ ਗਏ ਹੋਣ, ਤਨ ਮਨ ਇਕ ਦਮ ਸਿੱਥਲ ਹੋ ਗਿਆ। ਹੋਇਆ ਇਉਂ ਕਿ ਗੱਲਾਂ ਗੱਲਾਂ ਵਿਚ ਕੋਈ ਗੱਲ ਦੀ ਪਛਾਈ ਮੇਰੇ ਜ਼ਿਹਨ ਦੇ ਅੱਗੋਂ ਦੀ ਗੁਜ਼ਰੀ ਤੇ ਸਰਪਟ ਕਰਕੇ ਦੌੜ ਗਈ। ਕਿਸੇ ਇਕ ਸ਼ਬਦ 'ਤੇ ਸਿਮਟੀ ਹੋਈ ਸੀ ਇਹ ਗੱਲ ਤੇ ਉਹ ਸ਼ਬਦ ਮੇਰੇ ਮੂੰਹ ਵਿਚ ਫਿਰਦਾ ਫਿਰਦਾ ਵਿਚੇ ਦਮ ਤੋੜ ਗਿਆ। ਸੁਭਾਵਿਕ ਹੀ ਅਹੁੜੀ ਗੱਲ ਸ਼ਾਇਦ ਏਨੀ ਅਹਿਮ ਸੀ ਕਿ ਮੈਂ ਇਸ ਨੂੰ ਫਟਾਫਟ ਉਗਲੱਛ ਦੇਣਾ ਚਾਹੁੰਦਾ ਸਾਂ। ਭਾਵੇਂ ਕਹਿਣ ਨੂੰ ਇਹ ਇਕ ਸ਼ਬਦ ਸੀ ਪਰ ਇਹ ਸੀ ਕਿਸੇ ਬਹੁਤ ਗਹਿਰੇ ਅਰਥਾਂ ਦਾ ਸੰਕੇਤ; ਜਾਣੋਂ ਇਕ ਧੁਰਾ ਸੀ ਜਿਸ ਦੁਆਲੇ ਮੇਰੀ ਹੋਂਦ ਦਾ ਪਹੀਆਂ ਘੁੰਮਦਾ ਘੁੰਮਦਾ ਭਟਕ ਗਿਆ ਸੀ। ਸੁਖਦੇਵ ਸਿੰਘ ਦਾ ਮੂੰਹ ਲਗਾਤਾਰ ਹਿੱਲ ਰਿਹਾ ਸੀ ਪਰ ਮੇਰਾ ਸਾਰਾ ਵਜੂਦ ਉਸ ਸ਼ਬਦ-ਤਿਤਲੀ ਨੂੰ ਫੜਨ 'ਤੇ ਲੱਗਾ ਹੋਇਆ ਸੀ।

ਕੀ ਸੀ ਉਹ ਸ਼ਬਦ? ਹੁਣੇ ਤਾਂ ਕੋਲ ਕੋਲ ਸੀ, ਮੱਥੇ ਦੇ ਐਨ ਵਿਚਕਾਰ, ਨੱਕ ਦੇ ਹੇਠਾਂ, ਸੰਘ ਦੇ ਨਾਲ ਲੱਗਾ, ਪਰ ਜੀਭ ਤੱਕ ਆਉਂਦਿਆਂ ਪਤਾ ਨਹੀਂ ਕਿਧਰ ਖਿਸਕ ਗਿਆ। ਜਾਣੋਂ ਉਸ ਸ਼ਬਦ ਵਿਚ ਮੇਰਾ ਕੋਈ ਬਹੁਤ ਵਡਮੁੱਲਾ ਖਜ਼ਾਨਾ ਲੁਕਿਆ ਹੋਇਆ ਸੀ ਪਰ ਕਿਉਂ ਸੀ ਉਹ ਵਡਮੁੱਲਾ? ਕੁਝ ਥਹੁ ਪਤਾ ਨਹੀਂ, ਸ਼ਾਇਦ ਕੋਈ ਗਹਿਰੇ ਭਾਵਕ ਸੰਬੰਧ ਇਸ ਨਾਲ ਜੁੜੇ ਹੋਏ ਸਨ ਜਾਂ ਕੋਈ ਭਾਵੀ ਦੀਆਂ ਗੋਝ ਭਰੀਆਂ ਗੱਲਾਂ ਸਨ।

ਸੁਖਦੇਵ ਸਿੰਘ ਮੇਰੇ ਮੂੰਹ ਵੱਲ ਝਾਕੇ, ਇਹ ਉਖੜਿਆ ਕਿਉਂ ਪਿਆ ਹੈ? ਮੈਂ ਕਦੇ ਮਨ ਦੀਆਂ ਡੂੰਘਾਣਾਂ ਵਿਚ ਬਗਲੇ ਦੀ ਤਰ੍ਹਾਂ ਚੁਭੀ ਲਾ ਕੇ ਸ਼ਬਦ ਢੂੰਡਣ ਜਾਵਾਂ ਤਾਂ ਮੇਰਾ ਮੂੰਹ ਚਾਪੜ ਵਰਗਾ ਚੌੜਾ ਹੋ ਜਾਵੇ, ਕਦੇ ਸਿੱਧਾ ਸਾਵਧਾਨ ਹੋ ਕੇ ਪੇਸ਼ ਹੋਣ ਦੀ ਕੋਸ਼ਿਸ਼ ਕਰਾਂ ਤਾਂ ਮੂੰਹ ਲੰਬੂਤਰਾ ਹੋ ਜਾਵੇ। "ਭਾਅ ਅੱਜ ਹੋਰੂੰ ਹੋਰੂੰ ਲਗਦਾ, ਚਿੱਤ ਠੀਕ ਤਾਂ ਹੈ?"

"ਨਹੀਂ, ਨਹੀਂ, ਕੁਝ ਨਹੀਂ ਹੋਇਆ ਮੈਨੂੰ, ਇਕ ਜ਼ਰੂਰੀ ਕੰਮ ਯਾਦ ਆ ਗਿਆ ਸੀ।" ਮੇਰਾ ਜਵਾਬ ਠੀਕ ਵੀ ਸੀ ਤੇ ਗਲਤ ਵੀ।

ਮੇਰਾ ਵਿਗੜਿਆ ਕੀ ਸੀ ਭਲਾ, ਹੱਟਾ ਕੱਟਾ, ਡਾਕਟਰ ਕੋਲ ਕਦੇ ਜਾਣਾ ਨਹੀਂ ਹੋਇਆ, ਸੇਲ 'ਤੇ ਲੱਗਾ ਦੁੱਧ ਗੈਲਨਾਂ ਦੇ ਗੈਲਨ ਡੀਕ ਜਾਣਾਂ, ਚਿਕਨਾਂ ਦੇ ਆਹੂ ਲਾਹ ਛੱਡੀਦੇ ਹਨ, ਓਵਰਟਾਈਮ ਨੂੰ ਇੱਲ ਵਾਂਗ ਪੈ ਜਾਣਾਂ, ਨਿੱਤ ਘੁਰਾੜੇ ਮਾਰ ਕੇ ਆਪ ਸੌਣਾਂ ਤੇ ਦੂਜਿਆਂ ਨੂੰ ਜਗਾਈ ਰੱਖਦਾਂ। ਮੇਰਾ ਤਾਂ ਇਕ ਵਾਲ ਵੀ ਵਿੰਗਾ ਨਹੀਂ ਹੋਇਆ, ਚਿੱਟੇ ਭਾਵੇਂ ਸਾਰੇ ਹੋਣ ਲੱਗੇ ਹਨ। ਚਿੱਟੇ ਵਾਲਾਂ ਦੇ ਹੇਠਾਂ ਸਿਰ ਅੰਦਰ ਜੋ ਮਗਜ਼ ਹੈ, ਜ਼ਰੂਰ ਉਸ ਵਿਚ ਕੋਈ ਗੜਬੜ ਸੀ। ਪਹਿਲਿਆਂ 'ਚ ਕਦ ਅਜੇਹਾ ਹੁੰਦਾ ਸੀ, ਮਨ ਦੀ ਕੋਠੜੀ ਵਿਚ ਜੋ ਹੁੰਦਾ ਸੀ, ਫੌਰਨ ਬਾਹਰ ਆ ਜਾਂਦਾ ਸੀ। ਸ਼ਬਦ ਬੋਲ ਬਣ ਕੇ ਮੂੰਹ ਵਿਚੋਂ ਤਾੜ ਤਾੜ ਨਿਕਲਦੇ ਸਨ, ਜੋ ਨਹੀਂ ਸੀ ਨਿਕਲਣੇ ਚਾਹੀਦੇ ਉਹ ਵੀ ਨਿਕਲਦੇ ਸਨ। ਸੁਖਦੇਵ ਸਿੰਘ ਦਾ ਅਵਾਕ ਮੂੰਹ ਦਸਦਾ ਸੀ, ਉਸਨੂੰ ਮੇਰੇ ਜਵਾਬ 'ਤੇ ਯਕੀਨ ਨਹੀਂ ਆਇਆ।

ਚੇਤੇ ਦੇ ਪਤਾਲ ਪੁੱਟਦਿਆਂ ਹੱਥ ਪੈਰ ਵੀ ਤਾਲ ਦੇਣ ਲੱਗੇ। ਦੇਖਣ ਵਾਲੇ ਜ਼ਰੂਰ ਸੋਚਦੇ ਹੋਣਗੇ, ਇਹ ਜਣਾ ਅਕਾਰਨ ਹਵਾ 'ਚ ਮੁੱਕੀਆਂ ਤੇ ਜ਼ਮੀਨ 'ਤੇ ਪੈਰ ਕਿਉਂ ਮਾਰੀ ਜਾ ਰਿਹਾ ਹੈ? ਸੁਖਦੇਵ ਸਿੰਘ ਨੇ ਮੈਨੂੰ ਹਲੂਣਿਆ, "ਭਾਅ ਚਿੱਤ ਠੀਕ ਨਹੀਂ, ਮੱਥਾ ਟੇਕ ਕੇ ਘਰ ਦਾ ਰਾਹ ਫੜ, ਬਾਬਾ ਸਭ ਜਾਣੀ ਜਾਣ ਹੈ।" ਪਰ 'ਚਿੱਤ ਖਰਾਬ ਹੋ ਗਿਆ' ਜਿਵੇਂ ਮੈਂ ਮੰਨਣ ਲਈ ਤਿਆਰ ਨਹੀਂ ਸਾਂ। ਫੌਰਨ ਆਪਣੇ ਆਪ ਨੂੰ ਸਰੀਏ ਵਾਂਗ ਸਿਧਾ ਕਰ ਠਹਾਕੇ ਮਾਰ ਕੇ ਹੱਸਣਾ ਸ਼ੁਰੂ ਕਰ ਦਿੱਤਾ, ਹੱਸਣਾ ਸਿਹਤ ਦੀ ਨਿਸ਼ਾਨੀ ਜੁ ਹੈ। ਸੁਖਦੇਵ ਸਿੰਘ ਨੂੰ ਇਸ਼ਾਰਾ ਕੀਤਾ, ਅਰਦਾਸ ਦਾ ਟਾਇਮ ਹੈ, ਅੰਦਰ ਚੱਲੀਏ। ਅਨਮੰਨੇ ਮਨ ਨਾਲ ਸੁਖਦੇਵ ਸਿੰਘ ਤੁਰ ਪਿਆ। ਦੀਵਾਨ ਹਾਲ ਵੱਲ ਵਧਦਿਆਂ ਮੈਂ ਪੂਰਨ ਖਬਰਦਾਰੀ ਦਾ ਪੋਜ਼ ਬਣਾ ਲਿਆ ਪਰ ਇਸ ਪੋਜ਼ ਵਿਚ ਮੇਰਾ ਚੇਹਰਾ ਆਠੇ ਵਰਗਾ, ਸਿਰ ਟੇਢਾ ਤੇ ਤੋਰ ਵਿਚ ਸਕਤਾ ਸਪਸ਼ਟ ਝਲਕਦਾ ਸੀ। ਅੰਦਰੋਂ ਸ਼ਬਦ ਦੇ ਵਿਗੋਚੇ ਵਿਚ ਡੁਬੇ ਹੋਣ ਦਾ ਇਹ ਬਾਹਰੀ ਲੱਛਣ ਸੀ। ਸੁਖਦੇਵ ਸਿੰਘ ਨੇ ਮਸਤ ਮਾਰ ਲਈ, ਮੇਰੀ ਖਾਤਰ ਉਹ ਕਿਉਂ ਬਾਬੇ ਨੂੰ ਨਰਾਜ਼ ਕਰੇ।

ਸ਼ਬਦ ਸੀ ਕਾਹਦੇ ਬਾਰੇ? ਕੀ ਉਹ ਕਿਸੇ ਬੰਦੇ ਦਾ ਖਾਸ ਨਾਮ ਸੀ ਜਾਂ ਕਿਸੇ ਬ੍ਰਿਛ ਬੂਟੇ, ਜਾਨਵਰ, ਪਿੰਡ, ਸ਼ਹਿਰ, ਘਟਨਾ ਆਦਿ ਦਾ ਸੰਕੇਤਕ ਸੀ?

---

ਅਰਦਾਸ ਵੇਲੇ ਸੰਗਤਾਂ ਝੁਕਣ ਤਾਂ ਮੈਂ ਖੜੇ ਦਾ ਖੜਾ ਇਸ਼ਟ ਬਣੇ ਗੁਆਚੇ ਸ਼ਬਦ ਦੀ ਤਲਾਸ਼ ਵਿਚ। ਸੰਗਤਾਂ ਖਲੋਣ ਤਾਂ ਮੈਂ ਬੈਠੇ ਦਾ ਬੈਠਾ ਫਰਸ਼ ਤੇ ਮੁਕੀਆਂ ਮਾਰਦਾ, ਜਿਵੇਂ ਏਥੋਂ ਸ਼ਬਦ ਕਢ ਰਿਹਾ ਹੋਵਾਂ। ਬੇਆਸ ਹੋ ਗਿਆ ਮੈਂ, ਅਨੰਤ ਕਾਲ ਤੱਕ ਸਾਧਨਾ ਕਰਦਾ ਰਹਾਂ, ਇਛਤ ਸ਼ਬਦ ਨਹੀਂ ਹਥਿਆਵੇਗਾ, ਲਗਦਾ ਇਸ ਜਨਮ ਮੁਕਤੀ ਸੰਭਵ ਨਹੀਂ। ਗਿਆਨ ਧਿਆਨ ਦੇ ਇਸ ਝਮੇਲੇ 'ਚ ਪਤਾ ਨਹੀਂ ਕਦੋਂ ਮੇਰੇ ਬੁਕ ਵਿਚ ਪ੍ਰਸ਼ਾਦ ਆ ਡਿੱਗਾ।

ਕਾਰ ਦੁੜਾਈ ਮੈਂ ਆਪਣੇ ਘਰ ਵੱਲ, ਪਹੁੰਚ ਗਿਆ ਸੁਖਦੇਵ ਸਿੰਘ ਦੇ ਘਰ। 'ਬੁਧਿਆ ਸੁਰਤ ਟਿਕਾਣੇ ਲਿਆ, ਕੀ ਸੰਵਾਰਨਾ ਤੇਰਾ ਉਸ ਬੇਵਫ਼ਾ ਸ਼ਬਦ ਨੇ?' ਕਿਸੇ ਤਰ੍ਹਾਂ ਹੋਸ਼ ਟਿਕਾਣੇ ਲਿਆਂਦੀ ਤਾਂ ਘਰ ਪਹੁੰਚਣ ਦਾ ਜੁਗਾੜ ਹੋ ਗਿਆ। ਕਮਾਊ ਘਰ ਦੇ ਜੀਅ ਨੂੰ ਹਜ਼ਾਰ ਟੁਕੜਿਆਂ 'ਚ ਖੰਡਿਤ ਹੋਏ ਦੇਖ ਕੇ ਘਰ ਵਾਲਿਆਂ ਦੇ ਚਿਹਰਿਆਂ ਤੇ ਲੱਖ ਸਵਾਲ ਸਨ, 'ਚੰਗਾ ਭਲਾ ਗੁਰਦਵਾਰੇ ਗਿਆ ਸੀ, ਉਥੇ ਤਾਂ ਅਸ਼ਾਂਤ ਲੋਕ ਸ਼ਾਂਤ ਹੋ ਜਾਂਦੇ ਹਨ, ਇਸ ਨੂੰ ਕੀ ਸੱਪ ਸੁੰਘ ਗਿਆ?' ਰਾਤ ਮੰਜੇ 'ਤੇ ਪਿਆ, ਫਿਰ ਉਸੇ ਪਿੱਸੂ ਦੇ ਡੰਗ 'ਤੇ ਡੰਗ, 'ਕੀ ਹੈ ਉਹ ਸ਼ਬਦ, ਕਿੱਥੇ ਗਿਆ, ਕਿਸ ਨੇ ਖੋਹ ਲਿਆ ਮੇਰਾ ਸ਼ਬਦ?' ਬਥੇਰੇ ਹੱਥ ਪੈਰ ਮਾਰੇ ਪਰ ਸ਼ਬਦ ਦਾ ਕੋਈ ਅੱਖਰ ਵੀ ਰੌਸ਼ਨ ਨਾ ਹੋਵੇ। ਸਾਰੀ ਰਾਤ ਉਸਲਵੱਟਿਆਂ ਵਿਚ ਬਿਤਾਈ। ਸਵੇਰ ਹੋਈ, ਫਿਰ ਸ਼ਬਦ-ਵਿਹੂਣਾ, ਖੁੱਸਾ ਖੁੱਸਾ, ਅੱਖਾਂ ਵਿਚ ਰੜਕ, ਭੈੜਾ ਬੂਥਾ। ਡਿਗਦਾ ਢਹਿੰਦਾ ਕਿਸੇ ਤਰ੍ਹਾਂ ਕੰਮ 'ਤੇ ਪੁੱਜਾ। ਸਹਿ-ਕਰਮੀਆਂ ਦੀਆਂ ਅੱਖਾਂ ਦੇ ਤੀਰ ਮੇਰੇ ਵੱਲ ਸੇਧਤ। ਇਕ ਨੇ ਬਾਣ ਮਾਰ ਹੀ ਦਿੱਤਾ, "ਭਾਅ ਏਦਾਂ ਤੁਰਿਆ ਆਉਂਦਾ ਜਿਵੇਂ ਪਤੰਗ ਕੰਨੀ ਮੰਗਦਾ ਹੁੰਦਾ।" ਸਾਰੇ ਤਾੜੀ ਮਾਰ ਕੇ ਹੱਸ ਪਏ। ਕੰਮ ਕਰਦਿਆਂ ਵੀ ਸੁਰਤੀ ਸ਼ਬਦ-ਵਿਸ਼ੇਸ਼ ਦੀ ਢੂੰਡ 'ਚ ਲੱਗੀ ਰਹੀ। ਕੰਮ ਦੀਆਂ ਚੱਕੀਆਂ ਆਪਣੇ ਆਪ ਚੱਲ ਰਹੀਆਂ ਮਲੂਮ ਹੋਈਆਂ। ਸਾਰੇ ਮਜ਼ਦੂਰ, ਮਸ਼ੀਨਾਂ, ਮੈਨੇਜਰ, ਮਟੀਰੀਅਲ, ਫੋਰਕ-ਲਿਫਟ, ਕੂੜਾ, ਕੰਧਾਂ, ਕੰਧਾਂ ਤੋਂ ਪਾਰਲਾ ਸੰਸਾਰ ਇਕ ਸ਼ਬਦ ਤੋਂ ਬਿਨਾਂ ਬਿਰਥੇ ਮੰਤਵਹੀਣ ਲੱਗ ਰਹੇ ਸਨ। ਜੀਅ-ਭਿਆਣਾ ਮੈਂ ਅੱਧੀ ਛੁੱਟੀ ਲੈ ਕੇ ਘਰ ਆ ਗਿਆ।

ਨਤੀਜਾ ਕਢਿਆ, ਮੈਂ ਕਿਸੇ ਗੰਭੀਰ ਰੋਗ ਦਾ ਸ਼ਿਕਾਰ ਹੋ ਗਿਆ ਹਾਂ, ਸ਼ਾਇਦ ਭੁਲਣਵਾ, ਸ਼ਾਇਦ ਬੁਢਾਪਾ ਜਿਸਨੂੰ ਗੁਰਬਾਣੀ ਜਰਹ ਕਾ ਰੋਗ ਆਖਦੀ ਹੈ, ਸ਼ਾਇਦ ਐਲਜ਼ਾਈਮਰ। ਕੁਝ ਦਿਨਾਂ ਤੋਂ ਦਿਮਾਗ ਵੀ ਜਿੱਡਾ ਜਿਹਾ ਰਹਿੰਦਾ ਸੀ। ਪਤਨੀ ਨੇ ਦਸਿਆ ਮੈਂ ਕਈ ਵਾਰੀ ਉਚਿਤ ਸ਼ਬਦਾਂ ਦੀ ਥਾਂ ਹੋਰ ਹੀ ਸ਼ਬਦ ਬੋਲ ਦਿੰਦਾਂ ਜਿਵੇਂ ਟਰੱਕ ਨੂੰ ਬੂਝਾ, ਢੱਕਣ ਨੂੰ ਗਿਲਾਫ਼। ਮੈਂ ਚਾਦਰ ਤਾਣ ਕੇ ਪੈ ਗਿਆ। ਪਰ ਉਹੀ ਭੂਤ ਫਿਰ ਚਾਦਰ ਦੇ ਅੰਦਰ। ਉਠ ਕੇ ਦੇਖਿਆ, ਅੰਦਰ ਬਾਹਰ ਘੋਰ ਸੰਨਾਟਾ, ਅਰਬਦ ਨਰਬਦ ਧੁੰਦੂਕਾਰਾ। ਮੈਨੂੰ ਲੱਗਾ ਇਹ ਸ਼ਬਦ ਹੁਣ ਹਮੇਸ਼ਾ ਲਈ ਮੇਰਾ ਚੋਲਾ ਛੱਡ ਚੁਕਾ ਹੈ, ਇਸ ਨਾਲ ਜੁੜੇ ਮੇਰੇ ਖਜ਼ਾਨੇ ਲੁੱਟ ਗਏ ਹਨ। ਮੈਂ ਮਰ ਜਾਵਾਂਗਾ, ਮੇਰਾ ਸਿਵਾ ਬਲੇਗਾ ਤੇ ਅੱਗ ਦੀਆਂ ਲਾਟਾਂ ਦੁਆਲੇ ਇਹ ਸ਼ਬਦ ਤਾਂਡਵ ਨਾਚ ਕਰੇਗਾ। ਮੈਂ ਮੰਜੇ ਤੋਂ ਉਤਰ ਕੇ ਟੱਪਣ ਲੱਗਾ। ਸਿਰ ਝੰਜੋੜਿਆ, ਮਨ ਰਿੜਕਿਆ ਪਰ ਦਿਮਾਗੀ ਭੂਤ ਸੋਚਾਂ ਨਾਲ ਨਹੀਂ ਉਤਰਦੇ। ਗੁਰਬਾਣੀ ਦੀ ਤੁਕ 'ਸੋਚੈ ਸੋਚ ਨਾ ਹੋਵਈ ਜੇ ਸੋਚੇ ਲੱਖ ਵਾਰ' ਗੂੰਜਣ ਲੱਗੀ। ਮਾਰ ਗੋਲੀ ਇਸ ਮਾਇਆਵੀ ਸ਼ਬਦ ਨੂੰ, ਇਕ ਨਿਕਾਰੇ ਸ਼ਬਦ ਖਾਤਰ ਅਨਮੋਲ ਮਨੁਖਾ ਜਨਮ ਨਹੀਂ ਗੁਆਉਣਾ, ਔਰ ਭੀ ਦੁਖ ਹੈਂ ਜ਼ਮਾਨੇ ਮੇਂ। ਮਨ ਸ਼ਾਂਤ ਹੋ ਗਿਆ ਤੇ ਸੁਹਾਣੀ ਨੀਂਦ ਨੇ ਮੈਨੂੰ ਦਬੋਚ ਲਿਆ। ਇਸ ਤਰ੍ਹਾਂ ਮਨ ਨੂੰ ਸਮਝੌਤੀ ਦਿੰਦਿਆਂ ਤੇ ਗੁਰਬਾਣੀ ਦਾ ਸਹਾਰਾ ਲੈਂਦਿਆਂ ਮੈਂ ਹਫਤੇ ਕੁ ਵਿਚ ਤਾਬੇ ਆ ਗਿਆ।

ਕਹਿੰਦੇ ਹਨ ਕਿ ਮਾਨਸਿਕ ਬੀਮਾਰੀਆਂ ਦੇ ਦੌਰੇ ਕਈ ਵਾਰੀ ਕੁਝ ਦੇਰ ਲਈ ਪੈਣੋਂ ਹਟ ਜਾਂਦੇ ਹਨ। ਸ਼ਾਇਦ ਏਹੀ ਗੱਲ ਹੋਈ। ਹੋਰ ਹਫਤਾ ਕੁ ਸ਼ਾਂਤੀ ਨਾਲ ਲੰਘਿਆ ਕਿ ਇਕ ਰਾਤ ਫਿਰ ਸ਼ਬਦ ਵਿਗੋਚੇ ਨੇ ਦਿਮਾਗ ਨੂੰ ਘੇਰ ਲਿਆ। ਮੈਨੂੰ ਹੌਲ ਪੈਣ ਲੱਗੇ, ਉਹ ਸ਼ਬਦ ਨਿਰਾ ਸ਼ਬਦ ਨਹੀਂ ਕੋਈ ਪੂਰਾ ਖਿਆਲ ਹੋਵੇਗਾ, ਕੋਈ ਬਾਨ੍ਹਣੂ ਹੋਵੇਗਾ ਜਿਸ ਨਾਲ ਔਝੜੀ ਜ਼ਿੰਦਗੀ ਨੂੰ ਕੋਈ ਸਾਰਥਕ ਮੋੜ ਦਿੱਤਾ ਜਾ ਸਕੇ।

ਇਕ ਵਾਰੀ ਫਿਰ ਇਸ ਦੀ ਭਾਲ ਦੇ ਗੰਭੀਰ ਜਤਨ ਹੋਣ ਲੱਗੇ। ਅੰਤਰੇ ਵਿਚ ਝਾਤ ਮਾਰੀ ਪਰ ਦੂਰਦਰਾਜ਼ ਤਕ ਫਿਰ ਘੁਪ ਹਨੇਰਾ। ਕਿਸੇ ਨੂੰ ਫੋਨ ਕਰਕੇ ਪੁੱਛਾਂ, ਕੋਈ ਕੋਸ਼ ਦੇਖਾਂ, ਪਰ ਕੀ ਫਾਇਦਾ? ਘੋਰ ਬੇਚੈਨੀ ਵਿਚ ਮੇਰਾ ਸਰੀਰ ਅਜੀਬ ਹਰਕਤਾਂ ਕਰਨ ਲਗ ਪਿਆ, ਕਦੇ ਡੰਡ ਬੈਠਕਾਂ, ਕਦੇ ਸਿਰ ਨੂੰ ਹਵਾ 'ਚ ਆਇਆਂ ਵਾਂਗ ਘੁਮਾਉਣ ਲੱਗ ਪਿਆ। ਕਮਰੇ ਵਿਚ ਤਰਥੱਲੀ ਮਚ ਗਈ ਜਿਸਨੇ ਸੁੱਤੀ ਪਤਨੀ ਨੂੰ ਜਗਾ ਦਿੱਤਾ। "ਕੀ ਕਰਨ ਡਹੇ ਹੋਏ ਹੋ, ਤੜਕਸਾਰ ਉਠ ਕੇ, ਸੌਣ ਵੀ ਨਹੀਂ ਦਿੰਦੇ। ਪਤਾ ਨਹੀਂ ਇਸ ਆਦਮੀ ਨੂੰ ਚੈਨ ਕਿਉਂ ਨਹੀਂ?" ਪਤਨੀ ਦੀਆਂ ਇਨ੍ਹਾਂ ਝਿੜਕਾਂ ਨੇ ਮੇਰੇ ਵਿਚ ਬਿਜਲੀ ਦੇ ਕਰੰਟ ਵਾਂਗ ਝਰਨਾਹਟ ਛੇੜ ਦਿੱਤੀ। ਮੈਂ ਚੌਂਕਿਆ, ਜਿਵੇਂ ਮੈਨੂੰ ਕੋਈ ਸੁਰਾਗ ਮਿਲਿਆ ਹੁੰਦਾ। ਪਤਨੀ ਦੇ ਇਨ੍ਹਾਂ ਕੌੜੇ ਕੁਬੋਲਾਂ ਵਿਚ ਮੇਰੇ ਗੁਆਚੇ ਸ਼ਬਦ ਦੇ ਨਕਸ਼ ਦਿਸਣ ਲੱਗੇ।

ਮੈਂ ਸਿਰ ਝੰਜੋੜਿਆ, ਹਾਂ, ਪਤਨੀ ਨੇ 'ਤੜਕਸਾਰ' ਬੋਲਿਆ ਸੀ। ਅੱਖਾਂ ਮੀਚ ਕੇ ਮੈਂ ਕਈ ਵਾਰ 'ਤੜਕਸਾਰ ਤੜਕਸਾਰ' ਦੁਹਰਾਇਆ। 'ਤੜਕਸਾਰ' ਨੂੰ ਛੱਜ ਵਿਚ ਛੱਟਦਾ ਉਲਟਾ ਸਿਧਾ ਕਰਨ ਲੱਗਾ ਤੇ ਅੰਤ ਜੋ ਹਾਸਿਲ ਹੋਇਆ ਉਹ ਸੀ 'ਤਕੜਾ'। ਹਾਂ, 'ਤਕੜਾ' ਹੀ ਉਹ ਸ਼ਬਦ ਸੀ ਜੋ ਹੁਣ ਤੀਕ ਮੈਨੂੰ ਚਕਮੇ ਦੇ ਰਿਹਾ ਸੀ। ਤੇ ਇਸ ਸ਼ਬਦ ਦੇ ਨਾਲ ਹੀ ਯਾਦ ਆ ਗਿਆ ਇਸਦਾ ਪ੍ਰਸੰਗ: 'ਮੋਹਣਾ', ਮੋਹਣਾ ਮੇਰੇ ਇਕ ਗ੍ਰਾਈਂ ਦਾ ਨਾਂ। ਤਕੜਾ ਤੇ ਮੋਹਣਾ ਅਸਲ ਵਿਚ ਮੇਰੇ ਲਈ ਇਕ ਹੀ ਤੱਤ ਸੀ, ਇਕ ਹੀ ਸਿੱਕੇ ਦੇ ਦੋ ਪਾਸੇ, ਮੋਹਣਾ ਇਸ ਸਿੱਕੇ ਦੇ ਸਿਰ ਵਾਲਾ ਪਾਸਾ ਤੇ ਤਕੜਾ ਇਸ ਦੀ ਕੀਮਤ ਵਾਲਾ। ਇਕ ਵਾਰੀ ਤਾਂ ਲੱਗਾ, ਬੱਸ ਹੁਣ ਸਭ ਚਾਨਣ ਹੋ ਗਿਆ ਹੈ। ਹੁਣ ਜ਼ਿੰਦਗੀ ਵਿਚ ਕੋਈ ਭਟਕਣ ਨਹੀਂ ਰਹਿ ਗਈ। ਖੁਸ਼ੀ 'ਚ ਪਾਗਲ ਅੰਮ੍ਰਿਤ ਵੇਲੇ ਮੈਂ ਤਕੜਾ ਤਕੜਾ ਦਾ ਸਿਮਰਨ ਕਰਦਾ ਐਵੇਂ ਹੀ ਚਾਹ ਬਣਾ ਲਿਆਇਆ। ਸ਼ੇਰ ਬਣ ਗਿਆ ਮੈਂ, ਪਤਨੀ ਦੀ ਬੁੜ ਬੁੜ ਦੀ ਕੋਈ ਪਰਵਾਹ ਨਾ ਕੀਤੀ।

ਧੰਨ ਧੰਨ ਹੋ ਗਿਆ ਮੈਂ, ਤਕੜਾ ਸ਼ਬਦ ਦੀ ਕਮਾਈ ਨਾਲ ਪਰ ਪਾਠਕ ਜ਼ਰੂਰ ਭੰਬਲਭੂਸੇ ਵਿਚ ਪੈ ਗਏ ਹੋਣਗੇ, ਇਹ ਤਕੜਾ ਕੀ ਹੋਇਆ? ਇਹ ਕੀ ਕੋਈ ਲਟੈਣ ਹੈ, ਕੋਈ ਕਰਤਾਰ ਦਾ ਨਾਂ ਹੈ ਅਸਲੋਂ, ਜਾਂ ਕੁੜਿਆਰ ਦਾ ਕੋਈ ਹੋਰ ਰੂਪ? ਜੀ ਨਹੀਂ, ਇਹ ਸ਼ਬਦ ਕਿਸੇ ਕੋਸ਼ ਵਿਚ ਨਹੀਂ ਮਿਲੇਗਾ ਚਾਹੇ ਉਹ ਕਿੰਨਾ ਵੀ ਮਹਾਨ ਹੋਵੇ, ਕਿਉਂਕਿ ਦਰਅਸਲ ਇਹ ਹੈ ਹੀ ਇਕ ਨਿੱਜੀ ਲਫ਼ਜ਼, ਇਕ ਤਰ੍ਹਾਂ ਦਾ ਰਾਖਵਾਂ ਬੋਲਾ। ਇਹ ਸੀ ਮੇਰਾ ਤੇ ਮੋਹਣੇ ਦਾ ਸਾਂਝਾ ਸ਼ਬਦ, ਜਿਸ ਵਿਚ ਭਰੇ ਪਏ ਸਨ ਸਾਡੇ ਮੂਕ ਜਜ਼ਬਾਤ। ਤੇ ਮੋਹਣਾ ਸੀ ਮੇਰਾ ਗ੍ਰਾਈਂ, ਸਾਡੀ ਲੰਮੀ ਬੀਹੀ ਦੇ ਅਖੀਰਲੇ ਘਰ ਦਾ ਵਾਸੀ। ਅਧਖੜ ਉਮਰ ਦਾ, ਲੰਮਾ ਲੰਝਾ ਬਾਹਮਣ, ਮਾਮੂਲੀ ਜਿਹਾ ਕੁੱਬ ਨਿਕਲਿਆ ਹੋਇਆ। ਕਰੜਬਰੜੀ ਦਾਹੜੀ ਵਾਲੇ ਇਸ ਬੰਦੇ ਦਾ ਮੇਰੇ ਮਨ ਵਿਚ ਇਕ ਹੀ ਬਿੰਬ ਹੈ: ਮੂੰਹ 'ਚ ਸਿਗਰਟ ਬੀੜੀ ਸੁਲਗਾਈ ਗਲੀ 'ਚੋਂ ਤੇਜ਼ ਤੇਜ਼ ਲੰਘ ਰਿਹਾ। ਮੈਂ ਇਸ ਬੰਦੇ ਨੂੰ ਕਦੇ ਘਟ ਹੀ ਕਿਸੇ ਨਾਲ ਬੋਲਦਿਆਂ ਸੁਣਿਆ ਹੋਵੇਗਾ। ਗਲੀ 'ਚੋਂ ਗੁਜ਼ਰਦਿਆਂ ਇਸਨੂੰ ਜੇ ਦੂਰੋਂ ਵੀ ਕੋਈ ਸਾਹਮਣੇ ਆਉਂਦਾ ਦਿਸ ਪੈਂਦਾ ਤਾਂ ਇਹ ਗਲੀ ਦੇ ਦੂਜੇ ਪਾਸੇ ਹੋ ਜਾਂਦਾ ਸੀ। ਇਸ ਦੀ ਇਕ ਨਿੱਕੀ ਮੋਟੀ ਦੁਕਾਨ ਸੀ ਜਿਥੇ ਮੈਂ ਕਦੇ ਕੋਈ ਗਾਹਕ ਨਹੀਂ ਤੱਕਿਆ। ਘਰ 'ਚ ਬੱਝੀ ਹੋਈ ਇਕ ਗਾਂ ਸੀ ਜਿਸ ਲਈ ਪੱਠੇ ਲਿਆਉਣੇ, ਘਾਹ ਖੋਤਣਾ ਇਸ ਦਾ ਮੁਖ ਰੁਝੇਵਾਂ ਸੀ। ਪੀਲੀ ਭੂਕ ਪਤਨੀ ਸੀ ਜਿਸ ਨੂੰ ਤਪਦਿਕ ਸੀ। ਇਹ ਨਹੀਂ ਯਾਦ ਕਿਹੜੇ ਵੇਲੇ ਮੇਰੀ ਮੋਹਣੇ ਨਾਲ ਕੋਈ ਬੋਲਚਾਲ ਹੋਈ ਹੋਵੇਗੀ ਕਿ ਅਸੀਂ ਇਕ ਦੂਜੇ ਦੇ ਜਦ ਵੀ ਸਾਹਮਣੇ ਹੁੰਦੇ, ਇਕ ਜਣਾ ਦੂਜੇ ਨੂੰ ਪੁਛਦਾ, "ਤਕੜਾ?" ਦੂਜਾ ਉਤਰ ਦਿੰਦਾ, "ਤਕੜਾ!" ਮੈਨੂੰ ਨਹੀਂ ਯਾਦ ਕਦੋਂ ਅਤੇ ਕਿਉਂ ਅਸੀਂ 'ਤਕੜਾ ਏਂ?' ਤੇ 'ਹਾਂ, ਤਕੜਾ ਹਾਂ' ਦੇ ਅਰਥਾਂ ਵਿਚ ਇਹ ਤਕੜਾ ਸ਼ਬਦ ਕਹਿਣਾ ਸ਼ੁਰੂ ਕਰ ਦਿੱਤਾ। ਸ਼ਹਿਰ ਚਲੇ ਜਾਣ ਪਿਛੋਂ ਵੀ ਜਦ ਮੈਂ ਕਦੇ ਪਿੰਡ ਆਉਣਾ ਤੇ ਸਾਡਾ ਆਪਸ ਵਿਚ ਭੇੜ ਹੋਣਾ, ਸਾਡਾ ਆਪਸ ਵਿਚ ਬੱਸ ਇਸੇ ਸ਼ਬਦ ਦਾ ਵਟਾਂਦਰਾ ਹੁੰਦਾ। ਨਾ ਮੈਨੂੰ ਉਸਦੀ ਜ਼ਿੰਦਗੀ ਬਾਰੇ ਜਾਨਣ ਦੀ ਦਿਲਚਸਪੀ ਜਾਗਦੀ ਸੀ ਤੇ ਨਾ ਉਸਨੂੰ ਜਗਿਆਸਾ ਹੁੰਦੀ ਸੀ ਮੈਂ ਕਿਹੜੀ ਦੁਨੀਆ 'ਚ ਰਹਿੰਨਾਂ। ਮੈਥੋਂ ਤਾਂ ਉਹ ਸ਼ਾਇਦ ਇਕ ਪੁਸ਼ਤ ਵੱਡਾ ਹੋਵੇਗਾ ਪਰ ਸਾਡਾ ਇਕ ਗੁਝਾ, ਇਕ ਅਗੰਮੀ ਰਿਸ਼ਤਾ ਸੀ।

ਮੈਂ ਅਮਰੀਕਾ ਆ ਗਿਆ, ਪਤਾ ਨਹੀਂ ਉਸਨੂੰ ਇਕ ਦਮ ਖਬਰ ਹੋਈ ਕਿ ਨਹੀਂ। ਸਾਲਾਂ ਦੇ ਸਾਲ ਗਿੜ ਗਏ, ਮੈਂ ਪਿੰਡ ਨਾ ਮੁੜਿਆ। ਉਸ ਦਿਨ ਗੁਰਦਵਾਰੇ ਵੀ ਕੀ ਭਾਣਾ ਵਰਤਿਆ। ਸੁਖਦੇਵ ਸਿੰਘ ਨੂੰ ਏਹੀ ਕਹਿਣਾ ਸੀ ਕਿ ਮੋਹਣੇ ਦੇ ਘਰ ਜਾਵੀਂ ਤੇ ਮੇਰੇ ਵਲੋਂ ਬੱਸ ਏਨਾ ਕਹਿ ਦੇਵੀਂ, "ਤਕੜਾ" ਤੇ ਉਹ ਜੋ ਉਤਰ ਦੇਵੇ ਮੈਨੂੰ ਦੱਸਣਾ। ਪਰ ਮੌਕੇ ਤੇ ਯਾਦ ਸ਼ਕਤੀ ਜਵਾਬ ਦੇ ਗਈ। ਤਕੜਾ ਯਾਦ ਆਉਂਦਾ ਤਾਂ ਮੋਹਣਾ ਯਾਦ ਆਉਣਾ ਸੀ। ਸੁਖਦੇਵ ਸਿੰਘ ਪਿੰਡ ਚਲੇ ਗਿਆ ਪਰ ਕਈ ਦਿਨ ਮੈਂ ਇਸ ਤਕੜਾ ਨੂੰ ਲੱਭਣ ਲਈ ਆਪਣੇ ਆਪ ਨਾਲ ਜੂਝਦਾ ਰਿਹਾ। ਆਖਰ ਪਤਨੀ ਦੇ 'ਤੜਕਸਾਰ' ਕਹਿਣ ਤੇ ਮੈਨੂੰ ਸ਼ਬਦ ਯਾਦ ਆ ਗਿਆ। ਪਰ ਹੁਣ ਸੁਖਦੇਵ ਇੰਡੀਆ ਜਾ ਚੁੱਕਾ ਸੀ, ਬਲਕਿ ਮੁੜ ਕੇ ਆਉਣ ਵਾਲਾ ਸੀ। ਏਹੀ ਹੋਇਆ, ਸ਼ਾਮ ਹੋਈ ਤਾਂ ਫੋਨ ਖੜਕਿਆ, ਸੁਖਦੇਵ ਸਿੰਘ ਸੀ। ਸਾਡੀਆਂ ਆਪਸ ਵਿਚ ਇਸ ਤਰ੍ਹਾਂ ਗੱਲਾ ਹੋਈਆਂ:

ਸੁਖਦੇਵ ਸਿੰਘ: ਹੈਲੋ ਭਾਈ ਸਾਹਿਬ, ਮੈਂ ਸੁਖਦੇਵ ਬੋਲ ਰਿਹਾਂ, ਕੀ ਹਾਲ ਏ?

ਮੈਂ: ਠੀਕ ਠਾਕ ਹਾਂ, ਕਦੋਂ ਮੁੜਿਆ ਇੰਡੀਆ ਤੋਂ?

ਸੁਖਦੇਵ ਸਿੰਘ: ਬੱਸ ਕੱਲ ਹੀ ਮੁੜਿਆਂ, ਕੋਈ ਹੱਜ ਹੈ ਕੁੱਤੇ ਦੇਸ 'ਚ ਰਹਿਣ ਦਾ...।

ਮੈਂ: ਯਾਰ ਤੂੰ ਚਲੇ ਈ ਗਿਆ, ਮੈਂ ਤਾਂ ਤੈਨੂੰ ਇਕ ਬੜਾ ਜ਼ਰੂਰੀ ਸੁਨੇਹਾ ਦੇਣਾ ਸੀ ਪਰ ਸਾਲਾ ਚੇਤਾ ਜਿਹਾ ਹੀ ਜਵਾਬ ਦੇ ਗਿਆ।

ਸੁਖਦੇਵ ਸਿੰਘ: ਹਾਂ, ਤੂੰ ਉਦੋਂ ਉਖੜਿਆ ਜਿਹਾ ਸੀ, ਹੁਣ ਕੰਮ ਐ? ਪਰ ਯਾਰ ਇਕ ਮਾੜੀ ਖਬਰ ਐ?

ਮੈਂ: ਫਟਾਫਟ ਦੱਸ, ਕੀ ਹੈ ਮਾੜੀ ਗੱਲ?

ਸੁਖਦੇਵ ਸਿੰਘ: ਤੇਰਾ ਯਾਰ ਬੇਲੀ ਮੋਹਣਾ ਚੱਲ ਗਿਆ, ਕੈਂਸਰ ਸੀ ਉਸਨੂੰ।

ਮੈਂ: ਹੈਂ, ਮੋਹਣਾ ਚੱਲ ਗਿਆ?

ਸੁਖਦੇਵ ਸਿੰਘ: ਹਾਂ, ਉਸਦੇ ਸੀਰੀਅਸ ਹੋਣ ਬਾਰੇ ਖਬਰ ਸੁਣੀ ਤਾਂ ਮੈਂ ਦੇਖਣ ਗਿਆ। ਤੇਰੇ ਬਾਰੇ ਬਹੁਤ ਪੁਛਦਾ ਸੀ, ਕਹਿੰਦਾ ਸੀ, ਤੈਨੂੰ ਕਹਿ ਦੇਵਾਂ "ਤਕੜਾ" ਮੇਰੇ ਤਾਂ ਕੁਝ ਪਿੜ ਪੱਲੇ ਨਾ ਪਿਆ, ਇਹ ਤਕੜਾ ਕੀ ਹੋਇਆ। ਕਹਿਣ ਲੱਗਾ, ਬੱਸ ਤੂੰ ਕਹਿ ਦੇਵੀਂ ਤਕੜਾ, ਆਪੇ ਸਮਝ ਜਾਵੇਗਾ। ਬੱਸ ਮੇਰੇ ਏਧਰ ਮੁੜਨ ਤੋਂ ਇਕ ਦਿਨ ਪਹਿਲਾਂ ਸੁਣਿਆ ਮੋਹਣਾ ਮੁੱਕ ਵੀ ਗਿਆ...।

ਉਹ ਅਜੇ ਹੋਰ ਬੋਲ ਰਿਹਾ ਸੀ, ਮੇਰੇ ਹੱਥੋਂ ਫੋਨ ਡਿਗ ਪਿਆ।

## ਕਾਵਿ-ਮੰਚ

### ਪ੍ਰਧਾਨ

ਫੋਟੋ ਹੋਵੇ ਲੱਗੀ ਉਤੇ ਅਖ਼ਬਾਰ ਦੇ
ਹੱਥ 'ਚੋਂ ਮੋਬਾਈਲ, ਜਾਂਦਾ ਹੋਵੇ ਕਾਰ 'ਤੇ
ਟੰਗਣਾ ਨਾ ਆਉਂਦਾ ਹੋਵੇ ਭਾਵੇਂ ਲੜ ਪੱਗ ਦਾ
ਨਾਂ ਪਿੱਛੇ ਭਾਲੇ 'ਪ੍ਰਧਾਨ' ਲੱਗਦਾ।

ਕਹੇ ਮੈਂਬਰ ਕਮੇਟੀ ਵਾਲਾ ਕਿਥੇ ਭੱਜਣਾ
ਲੰਗਰ ਕਰਾ ਬਈ ਹੁਣ ਤੂੰ ਵੀ ਸੱਜਣਾ
ਤਿੰਨ ਸੌ ਦਾ ਸਾਰਾ ਹੀ ਸਾਮਾਨ ਲੱਗਦਾ...

ਇਕ ਸੌ 'ਕਵੰਜਾ ਦੇ ਕੇ ਦੇਗ ਕਰਵਾਉਂਦਾ
ਘੋਟ ਕੇ ਗ੍ਰੰਥੀ ਕੋਲੋਂ ਨਾਂ ਹੈ ਬੁਲਾਉਂਦਾ
ਰੱਬ ਹੱਸਦਾ ਹੋਣਾ ਏ ਕਿਥੇ ਦਾਨ ਲੱਗਦਾ...

ਚਾਰ ਕੁ ਲਿਜਾ ਕੇ ਨਾਲ ਗੁਰੂ ਘਰ 'ਚ
ਸ਼ਾਮ ਨੂੰ ਕਬਾਬ ਹੁੰਦਾ ਸ਼ੁਰੂ ਘਰ 'ਚ
ਚਲਦੀ ਗਲਾਸੀ ਜਦ ਖਾਣ ਲੱਗਦਾ...

ਦੇਵੇ ਉਪਦੇਸ਼ ਖੜਾ 'ਗੁਰੂ ਬਾਣੀ ਹੈ'
ਖਾਰੇ ਸੋਢੇ ਨਾਲੋਂ ਕਹੇ ਚੰਗਾ ਪਾਣੀ ਹੈ
ਗੈਸ ਜੀ ਬਣਾਉਂਦਾ ਬੜੀ ਜਾਨ ਕੱਢਦਾ...

ਹੱਸਦੇ ਆ ਉਚੀ-ਉਚੀ ਮਾਰ ਤਾੜੀਆਂ
ਕਰੀ ਜਾਣ ਚੁਗਲੀਆਂ ਕਹਿਣ ਮਾੜੀਆਂ
'ਰਾਜ' ਬੰਦਾ ਆਖਦੇ ਸ਼ੈਤਾਨ ਲੱਗਦਾ...।
ਨਾਂ ਪਿੱਛੇ ਭਾਲੇ 'ਪ੍ਰਧਾਨ' ਲੱਗਦਾ।

### ਕੈਨੇਡੀਅਨ ਬੁੱਢਾ ਪਤੀ

**ਪਤਨੀ:** ਵੇ ਤੂੰ ਬੁੱਢਿਆ ਜਵਾਨੀਆਂ ਨੂੰ ਗਾਲਦਾ
ਨਵੇਂ ਨਿੱਤ ਮੁਕਲਾਵੇ ਰਹੇਂ ਭਾਲਦਾ।
ਚਾਰ ਡਾਲਰਾਂ ਨੇ ਤੇਰੀ ਮੱਤ ਮਾਰੀ,
ਵੇ ਦੰਦ ਵੀ ਲਵਾਏ ਨਕਲੀ।
ਤੇਰੀ ਉਤੇ ਨੂੰ ਹੈ ਜਾਣ ਦੀ ਤਿਆਰੀ,
ਵੇ ਦੰਦ ਵੀ ਲਵਾਏ ਨਕਲੀ।

**ਪਤੀ:** ਕਾਹਦਾ ਲੈ ਲਿਆ ਲਸੰਸ ਨੀ ਤੂੰ ਕਾਰ ਦਾ
ਭੇਦ ਲਾ ਲਿਆ ਹੈ ਮਾੜਾ-ਮੋਟਾ ਬਾਹਰ ਦਾ
ਉਦੋਂ ਫਿਰਦੇ ਸੀ ਮਗਰੇ ਸਾਰੇ,
ਨੀ ਅੱਜ ਵੀ ਤਲਾਕ ਕਰ ਲੈ
ਪੈਣ ਸਾਲ ਨੀ ਮੈਂ ਦੇਣਾ ਨਾਰੇ
ਨੀ ਅੱਜ ਹੀ ਤਲਾਕ ਕਰ ਲੈ।

**ਪਤਨੀ:** ਪੱਟੀਆਂ ਕੈਨੇਡਾ ਦੀਆਂ ਹੁਣ ਰੋਂਦੀਆਂ
ਮਰ-ਮਰ ਕੇ ਵੇ ਅਸੀਂ ਹਾਂ ਜਿਉਂਦੀਆਂ
ਬੇਰੀ ਤੋੜਦੀਆਂ ਕਰੀਏ ਦਿਹਾੜੀ
ਵੇ ਦੰਦ ਵੀ ਲਵਾਏ ਨਕਲੀ...।

**ਪਤੀ:** ਪਾਇਆ ਮੋਢੇ 'ਚ ਪਰਸ ਪਿਆਰਾ ਹੋ ਗਿਆ
ਸਮਝੀ ਨਾ ਕਿਤੇ ਮੈਂ ਨਕਾਰਾ ਹੋ ਗਿਆ
ਤੈਨੂੰ ਦਿਨੇ ਹੀ ਵਖਾਦੂੰ ਤਾਰੇ
ਨੀ ਅੱਜ ਹੀ ਤਲਾਕ ਕਰ ਲੈ...।

**ਪਤਨੀ:** ਜਾਣਦੀ ਹਾਂ ਮੈਂ ਹੀ ਕਿਵੇ ਦਿਨ ਕੱਟਦੀ
ਮਾਪਿਆਂ ਦੀ ਪੱਗ ਦੀ ਮੈਂ ਲਾਜ ਰੱਖਦੀ
ਕਿਹੜਾ ਜੱਗ ਉਤੇ ਆਇਆ ਦੋ ਵਾਰੀ
ਵੇ ਦੰਦ ਤੈਂ ਲਵਾਏ ਨਕਲੀ...।

**ਪਤੀ:** ਜਾਊ 'ਚੀਮਣੇ' ਲਿਆਇਆ ਨਵਾਂ ਕੋਟ ਨੀ
ਆਹ ਪਿਆ ਦਿੱਲੀ ਵਾਲਾ ਏਅਰਪੋਰਟ ਨੀ
ਪਹੁੰਚ 'ਰਾਜ' ਦੀ ਬੜੀ ਸਰਕਾਰੇ
ਨੀ ਅੱਜ ਹੀ ਤਲਾਕ ਕਰ ਲੈ...।

*-ਸੁਖਰਾਜ ਧਾਲੀਵਾਲ*
*ਟੈਫਟ ਜੇਲ੍ਹ, ਕੈਲੀਫੋਰਨੀਆ।*

---

### ਵੇਖਦਾ ਹਾਂ

ਦਿਨ ਬੀਤ ਗਿਆ ਕੰਮ ਦੇ ਹੁੰਗਾਰਿਆਂ ਵਿਚ।
ਰਾਤ ਬੀਤ ਗਈ ਚੰਨ ਤੇ ਸਿਤਾਰਿਆਂ ਵਿਚ।

ਇਨਸਾਨ ਦੇ ਸਾਹਾਂ 'ਚ ਭਰੀਆਂ ਰੰਗੀਨ ਖ਼ਾਹਿਸ਼ਾਂ,
ਝੱਟ ਉਮਰ ਬੀਤ ਜਾਂਦੀ ਇਥੇ ਖਿਲਾਰਿਆਂ ਵਿਚ।

ਜਿਦਾਂ ਦੀ ਆਬ-ਹਵਾ, ਉਸ ਤਰ੍ਹਾਂ ਸੋਚ ਹੋ ਜਾਂਦੀ,
ਦਿਲਾਂ 'ਚ ਪਿਆਰ ਭਰੇ, ਬੈਠ ਪਿਆਰਿਆਂ ਵਿਚ।

ਸਾਇੰਸ ਯੁੱਗ ਦੌੜ ਲੱਗੀ ਐਟਮਾਂ ਮਿਜ਼ਾਈਲਾਂ ਦੀ,
ਇਨਸਾਨ ਦਾ ਸਕੂਨ ਗੁੰਮ ਰਿਹੈ ਹਥਿਆਰਿਆਂ ਵਿਚ।

ਕੁਦਰਤ ਦੇ ਕ੍ਰਿਸ਼ਮੇ ਬੜੇ ਮਹਾਨ ਤੇ ਸ਼ੈਤਾਨ ਨੇ,
ਦਰਿਆ ਦੇ ਛੱਲ ਠੱਲ੍ਹ ਨਾ ਹੁੰਦੇ ਕਿਨਾਰਿਆਂ ਵਿਚ।

ਇਕ ਪਾਸੇ ਮਹਿਲ ਤੇ ਅੱਯਾਸ਼ੀਆਂ ਨੇ ਰੱਜ ਕੇ,
ਲੱਖਾਂ ਗੁਰਬਤ ਮਾਰੇ, ਕੁੱਲੀਆਂ-ਢਾਰਿਆਂ ਵਿਚ।

ਹੁਣ ਮੁਹੱਬਤ ਵੀ ਜ਼ਮਾਨੇ ਦੇ ਨਾਲ ਬਦਲ ਗਈ,
ਹੀਰਾਂ-ਰਾਂਝੇ ਨਕਲੀ ਹੁਣ ਤਖ਼ਤ ਹਜ਼ਾਰਿਆਂ ਵਿਚ।

ਰਾਤ ਵੀ ਮੁੱਕਣ 'ਤੇ ਆ ਗਈ ਹੈ 'ਕਮਲ'
ਚਾਨਣੀ ਵੀ ਅਲੋਪ ਹੋ ਰਹੀ ਹੈ ਇਸ਼ਾਰਿਆਂ ਵਿਚ।

*-ਕਮਲ ਬੰਗਾ, ਸੈਕਰਾਮੈਂਟੋ*
*ਫੋਨ:916-525-2570*

# ਚਿੰਤਨ ਨੂੰ ਨਿਜ਼ਾਮ ਹੇਠ ਲਿਆਉਣ ਦਾ ਵਿਰੋਧੀ ਸੀ ਦੈਰੀਦਾ

## ਪ੍ਰਤਿਭਾ ਦੀ ਤਾਕਤ

ਜੈਕ ਦੈਰੀਦਾ ਨੂੰ ਜੇ ਦੁਨੀਆਂ ਦਾ ਸਭ ਤੋਂ ਮਹਾਨ ਨਹੀਂ ਤਾਂ ਸਭ ਤੋਂ ਚਰਚਿਤ ਚਿੰਤਕ ਹੋਣ ਦਾ ਸਿਹਰਾ ਜਾਂਦਾ ਹੈ। ਵਿਰਚਨਾ ਵਿਧੀ ਦਾ ਉਹ ਜਨਮਦਾਤਾ ਸੀ ਜਿਸ ਦੀ ਪਿਛਲੇ ਦੋ ਦਹਾਕਿਆਂ ਤੋਂ ਅਮਰੀਕਾ ਅਤੇ ਯੂਰਪ ਦੇ ਅਕਾਦਮਿਕ ਅਦਾਰਿਆਂ ਵਿਚ ਸਭ ਤੋਂ ਵਧ ਚਰਚਾ ਹੈ। ਸ਼ਾਇਦ ਹੀ ਕੋਈ ਚਿੰਤਨ ਪ੍ਰਣਾਲੀ ਹੋਵੇ ਜਿਸ ਨੇ ਇਸ ਦਾ ਪ੍ਰਭਾਵ ਕਬੂਲ ਨਾ ਕੀਤਾ ਹੋਵੇ। ਅਰੰਭ ਵਿਚ ਤਾਂ ਇਸ ਦਾ ਉਦੇਸ਼ ਸੰਰਚਨਾਵਾਦ ਨੂੰ ਵੰਗਾਰਨਾ ਸੀ ਜਿਸ ਨੇ ਸਨਾਤਨੀ ਮਾਰਕਸਵਾਦ ਨੂੰ ਇਕ ਤਰ੍ਹਾਂ ਨਾਲ ਉਖਾੜ ਦਿੱਤਾ ਸੀ। ਸੰਰਚਨਾਵਾਦ ਦਾ ਮੱਤ ਸੀ ਕਿ ਹਰੇਕ ਪ੍ਰਕਾਰ ਦੇ ਵਰਤਾਰੇ ਦੀ ਖਾਸ ਸੰਰਚਨਾ ਹੁੰਦੀ ਹੈ। ਪ੍ਰਕਿਰਤੀ ਹੀ ਨਹੀਂ, ਸੰਸਕ੍ਰਿਤੀ ਵੀ ਸੰਰਚਨਾ ਦੀ ਲਖਾਇਕ ਹੈ। ਧਰਤ-ਆਕਾਸ਼, ਅੱਗ-ਪਾਣੀ, ਔਰਤ-ਮਰਦ, ਕਾਲਾ-ਗੋਰਾ ਆਦਿ ਵਰਗੇ ਵਿਰੋਧੀ ਪਰ ਪੂਰਕ ਜੁੱਟ ਸੰਬੰਧਤ ਵਰਤਾਰੇ ਦੀ ਸੰਰਚਨਾ ਨੂੰ ਉਜਾਗਰ ਕਰਦੇ ਰਹਿੰਦੇ ਹਨ। ਇਨ੍ਹਾਂ ਦੀ ਅੰਤਰ-ਕਿਰਿਆ ਨੂੰ ਜਾਣ ਕੇ ਹੀ ਤੱਥ ਸੱਚ ਨੂੰ ਪਛਾਣਿਆ ਜਾ ਸਕਦਾ ਹੈ। ਇਸ ਖਾਤਰ ਇਨ੍ਹਾਂ ਨੂੰ ਸਮੂਰਤ ਕਰਦੇ ਚਿਹਨਾਂ ਨੂੰ ਜਾਣਨਾ-ਪਛਾਣਨਾ ਜ਼ਰੂਰੀ ਹੈ।

ਦੈਰੀਦਾ ਵਲੋਂ ਪ੍ਰਸਤੁਤ ਕੀਤੀ ਵਿਰਚਨਾ-ਵਿਧੀ ਦਾ ਵਾਅਦਾ ਇਸ ਦੇ ਬਿਲਕੁਲ ਵਿਰੁਧ ਹੈ। ਉਸ ਅਨੁਸਾਰ ਤੱਥ ਸੱਚ ਨੂੰ ਉਘਾੜਨ ਦਾ ਬੀੜਾ ਚੁੱਕਣ ਵਾਲੀ ਇਹ ਅੰਤਰ-ਕਿਰਿਆ ਨਿਰਾਧਾਰ ਹੈ। ਕਾਰਨ ਇਸ ਦਾ ਇਹ ਹੈ ਕਿ ਜਿਨ੍ਹਾਂ ਚਿਹਨਾਂ ਨੂੰ ਤੱਥ ਸੱਚ ਉਘਾੜਨ ਖਾਤਰ ਅਟੱਲ ਮੰਨਿਆ ਜਾਂਦਾ ਹੈ, ਉਨ੍ਹਾਂ ਵਿਚ ਸਥਿਰਤਾ ਨਾਮ ਦਾ ਕੋਈ ਗੁਣ ਹੀ ਨਹੀਂ ਹੁੰਦਾ। ਸੋ ਅੰਤਰ-ਕਿਰਿਆ ਕੋਲ ਇਸ ਦਾਅਵੇ ਦਾ ਮੂਲੋਂ ਹੀ ਕੋਈ ਆਧਾਰ ਨਹੀਂ। ਤੱਥ ਸੱਚ ਨੂੰ ਉਜਾਗਰ ਕਰਨ ਵਾਲੀ ਸੰਰਚਨਾ ਨੂੰ ਉਘਾੜਨ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਬਿਲਕੁਲ ਨਹੀਂ ਆਉਂਦੀ। ਇਸ ਦੇ ਉਲਟ ਉਪਰੋਕਤ ਜ਼ਿੰਮੇਵਾਰੀ ਤੋਂ ਬਚਣਾ, ਇਸ ਨੂੰ ਟਾਲਣਾ, ਭੁਲਾ ਦੇਣਾ ਹੀ ਉਨ੍ਹਾਂ ਦੇ ਹਿੱਸੇ ਆਉਂਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਸੰਰਚਨਾ ਦੀ ਸੂਰਤ ਤੱਥ ਸੱਚ ਦਾ ਸ਼ੀਸ਼ਾ ਬਣਨ ਤੋਂ ਉਕੀ ਰਹਿੰਦੀ ਹੈ। ਹਾਸ਼ੀਏ ਤੋਂ ਬਾਹਰ, ਤ੍ਰੇੜਾਂ ਵਿਚੋਂ ਹੀ ਇਸ ਦੇ ਅੰਸ਼ਕ ਦੀਦਾਰ ਹੋ ਸਕਦੇ ਹਨ। ਵਿਕੇਂਦ੍ਰਿਤ, ਵਿਸਥਾਪਿਤ, ਭਿੰਨ ਤੇ ਵਿਖਮ ਬਣੇ ਰਹਿਣਾ ਹੀ ਇਸ ਦੀ ਹੋਣੀ ਹੈ। ਇਸ 'ਤੇ ਝਾਤੀ ਪੁਆਉਣ ਦਾ ਕੰਮ ਵਿਰਚਨਾ ਵਿਧੀ ਦਾ ਹੈ ਜੋ ਕਦੇ ਵੀ ਸਥਾਈ, ਸਥਿਰ ਤੇ ਅੰਤਿਮ ਨਹੀਂ ਹੋ ਸਕਦਾ।

*ਅਸੀਂ 19ਵੀਂ ਸਦੀ ਦੇ ਮਹਾਨ ਚਿੰਤਕ ਫਰੈਡਰਿਕ ਨੀਤਸ਼ੇ ਬਾਰੇ ਜਾਣਕਾਰੀ ਪਾਠਕਾਂ ਦੀ ਨਸ਼ਰ ਕਰ ਚੁੱਕੇ ਹਾਂ। 'ਪੰਜਾਬ ਟਾਈਮਜ਼' ਦੇ ਇਕ ਜਗਿਆਸੂ ਪਾਠਕ ਹਰਿੰਦਰ ਸਿੰਘ ਬਾਠ ਦੀ ਮੰਗ ਤੇ ਅਸੀਂ ਨੀਤਸ਼ੇ ਦੇ 20ਵੀਂ ਸਦੀ 'ਚ ਹੋਏ ਜਗਤ ਪ੍ਰਸਿੱਧ ਪੈਰੋਕਾਰ ਜੈਕ ਦੈਰੀਦਾ ਬਾਰੇ ਲੇਖ ਪ੍ਰਕਾਸ਼ਤ ਕਰ ਰਹੇ ਹਾਂ। ਅਗਲੇ ਦਿਨੀਂ ਅਸੀਂ ਉਨ੍ਹਾਂ ਦੇ ਇਕ ਹੋਰ ਪੈਰੋਕਾਰ ਮਿਸ਼ੈਲ ਫੂਕੋ ਬਾਰੇ ਲੇਖ ਵੀ ਪਾਠਕਾਂ ਦੀ ਨਜ਼ਰ ਕਰਾਂਗੇ। -ਸੰਪਾਦਕ*



ਵਿਰਚਨਾ ਵਿਧੀ ਸੱਠਵਿਆਂ ਦੇ ਅੰਤਲੇ ਸਾਲਾਂ 'ਚ ਪ੍ਰਸਤੁਤ ਹੋਈ ਜਦੋਂ ਵੱਖੋ-ਵੱਖ ਕਾਰਨਾਂ ਅਧੀਨ ਸਾਰੀ ਦੁਨੀਆਂ 'ਚ ਉਪਰੋਥਲੀ ਦਾ ਮਾਹੌਲ ਬਣਿਆ ਹੋਇਆ ਸੀ। ਅਮਰੀਕਾ ਨੇ ਵੀਅਤਨਾਮ ਦੀ ਜੰਗ 'ਚ ਆਪਣੇ ਆਪ ਨੂੰ ਬੁਰੀ ਤਰ੍ਹਾਂ ਉਲਝਾਇਆ ਹੋਇਆ ਸੀ। ਰੋਸ 'ਚ ਸਾਰਾ ਪੱਛਮੀ ਸੰਸਾਰ ਵਿਦਿਆਰਥੀ ਵਿਦਰੋਹ ਤੋਂ ਆਵਾਜ਼ਾਰ ਸੀ। ਇਸ ਵਿਦਰੋਹ ਦੀ ਮੁਢਲੀ ਮੰਗ ਦਾ ਸਬੰਧ ਤਾਂ ਰਾਜਨੀਤੀ ਨਾਲ ਸੀ ਪਰ ਬਹੁਤ ਜਲਦੀ ਕਾਮ, ਲਿੰਗ, ਦੇਹ ਆਦਿ ਦੇ ਮੁੱਦੇ ਮੁੱਖ ਭੂਮੀ 'ਚ ਆ ਗਏ ਸਨ। ਜੇ ਚੀਨ 'ਚ ਮਾਓ-ਜ਼ੇ-ਤੁੰਗ ਤੋਂ ਸ਼ਹਿ ਤੇ ਪ੍ਰੇਰਨਾ ਲੈ ਕੇ ਸਭਿਆਚਾਰਕ ਇਨਕਲਾਬ ਦੇ ਨੌਜਵਾਨ ਕਾਰਕੁੰਨ ਸਥਾਪਤ ਸੰਸਥਾਵਾਂ ਨੂੰ ਢਾਹ ਰਹੇ ਸਨ ਤਾਂ ਸੋਵੀਅਤ ਰੂਸ ਵੱਖਰੀ ਤਰ੍ਹਾਂ ਦੇ ਜਮੂਦ ਦਾ ਸ਼ਿਕਾਰ ਹੋ ਚੁੱਕਾ ਸੀ। ਭਾਰਤ 'ਚ ਵੀ ਨਕਸਲੀ ਅੰਦੋਲਨ ਅਰੰਭ ਹੋ ਚੁੱਕਾ ਸੀ ਜੋ ਕੁਰੱਪਸ਼ਨ, ਲੁੱਟ-ਖਸੁੱਟ ਅਤੇ ਜਬਰ ਜ਼ੁਲਮ ਦਾ ਵਾਹਨ ਬਣ ਗਏ ਲੋਕਰਾਜੀ ਪ੍ਰਬੰਧ ਨੂੰ ਢਹਿ ਢੇਰੀ ਕਰ ਦੇਣ ਦਾ ਇੱਛੁਕ ਸੀ।

ਗੱਲ ਕੀ ਸਾਰੀ ਦੁਨੀਆਂ 'ਚ ਅਸਥਿਰਤਾ, ਟੱਕਰ-ਟਕਰਾਉ, ਵੈਰ-ਵਿਰੋਧ ਅਤੇ ਉਪਰੋਥਲੀ ਦਾ ਬੋਲਬਾਲਾ ਸੀ। ਦੈਰੀਦਾ ਦੀ ਵਿਰਚਨਾ-ਵਿਧੀ ਇਸ ਸਭ ਕੁਝ ਦੇ ਸਾਰ ਨੂੰ ਆਪਣੇ ਆਪ ਵਿਚ ਸਮੋਂਦੀ ਸੀ। ਉਪਰੋਥਲੀ ਛਪਣ ਵਾਲੀਆਂ ਲਿਖਤਾਂ ਵਿਚ ਦੈਰੀਦਾ ਨੇ ਹਰ ਖੇਤਰ, ਹਰ ਪ੍ਰਣਾਲੀ ਵਿਚ ਸਮਾਈ ਅਸਥਿਰਤਾ ਨੂੰ ਇਕ ਵਾਰ ਤਾਂ ਬੇਨਕਾਬ ਕਰ ਦਿੱਤਾ, ਜਿਸ ਦਾ ਮੰਤਵ ਉਸ ਨੂੰ ਛੁਟਿਆਉਣਾ ਨਹੀਂ ਸਗੋਂ ਵਡਿਆਉਣਾ ਸੀ।

ਉਸ ਦੇ ਯਤਨ 'ਚ ਮਨ ਚਿੱਤ, ਵਰਤਾਰੇ, ਅਨੁਭਵ ਖੇਤਰ ਤੇ ਭਾਵ-ਜਗਤ ਨੂੰ ਦੁਰਗਮ ਬੋਝ ਤੋਂ ਮੁਕਤ ਕਰ ਦੇਣ ਦਾ ਇਕਰਾਰ ਸੀ। ਇਸ ਦੇ ਸਾਰ ਨੂੰ ਧਾਰਨ ਵਾਲੇ ਲਈ ਕਿਸੇ ਸੰਸਥਾ, ਵਰਤਾਰੇ ਤੇ ਚਿੰਤਨ-ਪ੍ਰਣਾਲੀ ਨੂੰ ਅਗਮ ਅਗੋਚਰ ਮੰਨਣਾ ਅਸੁਭਾਵਕ ਸੀ। ਕਿਉਂਕਿ ਅੰਸ਼ਕ, ਅਸਥਿਰ ਤੇ ਛਿਣ ਭੰਗੁਰ ਦਰਸਾਉਣ ਤੋਂ ਅਗਾਂਹ ਇਸ ਦਾ ਹੋਰ ਕੋਈ ਕਰਤਵ ਨਹੀਂ ਸੀ। ਇਸ ਲਈ ਵਿਰੋਧਾਭਾਸ ਦਾ ਸ਼ਿਕਾਰ ਬਣਨ ਤੋਂ ਬਿਨਾਂ ਵਿਰਚਨਾ-ਵਿਧੀ ਵੀ ਨਾ ਰਹਿ ਸਕੀ। ਨਤੀਜਾ ਇਹ ਨਿਕਲਿਆ ਕਿ ਇਸ ਦੇ ਸਾਕਾਰਤਮਕ ਪੱਖ ਨੂੰ ਇਸ ਦੇ ਨਕਾਰਾਤਮਕ ਪੱਖ ਨਾਲੋਂ ਨਿਖੇੜਨਾ ਅਸੰਭਵ ਨਹੀਂ ਤਾਂ ਦੁਸ਼ਵਾਰ ਜ਼ਰੂਰ ਹੋ ਗਿਆ ਹੈ। ਇਸ ਪ੍ਰਸੰਗ ਵਿਚ ਵਧੇਰੇ ਮਹੱਤਵ ਦੈਰੀਦਾ ਦੀਆਂ ਲਿਖਤਾਂ ਦਾ ਹੀ ਬਣਦਾ ਹੈ।

ਜੇ ਇਕ ਤਰ੍ਹਾਂ ਦੀ ਪ੍ਰਾਪਤੀ ਦਾ ਸਿਹਰਾ ਉਸ ਨੂੰ ਹੀ ਮੁੱਖ ਤੌਰ 'ਤੇ ਜਾਂਦਾ ਹੈ ਤਾਂ ਦੂਜੀ ਤਰ੍ਹਾਂ ਦੀ ਪ੍ਰਾਪਤੀ ਦੇ ਇਲਜ਼ਾਮ ਤੋਂ ਉਸ ਨੂੰ ਮੁਕਤ ਵੀ ਨਹੀਂ ਸਮਝਿਆ ਜਾ ਸਕਦਾ। ਰਵਾਇਤ, ਮਾਨਤਾ, ਰਹੁ-ਰੀਤ ਤੇ ਹੋਰ ਅਨੇਕ ਪਰਦਾਪੋਸ਼ੀਆਂ ਅਧੀਨ ਜਿਵੇਂ ਪੂਰਬਲੇ ਚਿੰਤਨ, ਸਾਹਿਤ, ਕਲਾ ਅਤੇ ਹੋਰ ਪ੍ਰਣਾਲੀਆਂ ਉਦਾਲੇ ਪ੍ਰਭ-ਮੰਡਲ ਉਸਰ ਆਉਂਦਾ ਹੈ ਉਸ ਨੂੰ ਲੋਪ ਕਰਨ ਵਿਚ ਦੈਰੀਦਾ ਦਾ ਪ੍ਰਮੁੱਖ ਹੱਥ ਹੈ। ਇਸ ਦੇ ਉਲਟ ਵੱਖਰੀ ਤਰ੍ਹਾਂ ਦਾ ਬੋਝਲ ਜਿਹਾ ਪ੍ਰਭ-ਮੰਡਲ ਜਿਸ ਨੂੰ ਭਾਵੇਂ ਪ੍ਰਤੀ-ਪ੍ਰਭਮੰਡਲ ਕਹਿ ਲਿਆ ਜਾਵੇ, ਉਸ ਨੂੰ ਉਸਾਰਨ ਤੋਂ ਵੀ ਉਸ ਨੇ ਗੁਰੇਜ਼ ਨਾ ਕੀਤਾ। ਇਕ ਤਰ੍ਹਾਂ ਦਾ ਆਤੰਕ ਸੀ ਜੋ ਉਸ ਅੰਤਹੀਣ ਚੀਰਫਾੜ ਨੇ ਫੈਲਾਉਣ ਦਾ ਯਤਨ ਕੀਤਾ। ਬਹੁਤ ਹੀ ਅਣ-ਉਚਿਤ ਚਿੰਤਕਾਂ ਨੂੰ ਪ੍ਰਮਾਣਕ ਦਰਸਾਉਣ ਵਿਚ ਉਸ ਨੇ ਕੋਈ ਕਸਰ ਨਾ ਛੱਡੀ। ਇਸ ਦੀ ਸਭ ਤੋਂ ਉਘੜਵੀਂ ਮਿਸਾਲ ਹਾਈਡਗਰ ਦੀ ਸੀ ਜੋ ਜਬਰ ਜ਼ੁਲਮ ਦੇ ਮੁੱਖ ਸ੍ਰੋਤ, ਹਿਟਲਰ ਦੇ ਨਾਜ਼ੀਵਾਦ ਦਾ ਵੱਡਾ ਦਾਅਵੇਦਾਰ ਸੀ। ਦੈਰੀਦਾ ਨੇ ਉਸ ਦੇ ਨਾਜ਼ੀਵਾਦੀ ਹੋਣ ਵਾਲੇ ਇਤਿਹਾਸਕ ਸੱਚ ਨੂੰ ਇਸ ਮਨ ਇੱਛਤ ਆਧਾਰ 'ਤੇ ਰੱਦ ਕਰ ਦਿੱਤਾ ਕਿ ਉਸ ਦੇ ਲੱਗੇ ਇਲਜ਼ਾਮ ਵਿਰਚਨਾ ਵਿਧੀ ਅਨੁਸਾਰ ਤੱਥ ਵਾਲੇ ਨਹੀਂ ਸਨ।

ਕੀ ਇਸ ਵਿਰਾਟ ਵਿਰੋਧਾਭਾਸ ਲਈ ਉਸ ਦੇ ਚਿੰਤਨ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਵੇ? ਕੀ ਇਸ ਦੀ ਕੋਈ ਜ਼ਿੰਮੇਵਾਰੀ ਉਸ ਦੇ ਜੀਵਨ ਅਨੁਭਵ 'ਤੇ ਨਹੀਂ ਆਉਂਦੀ? ਇਨ੍ਹਾਂ ਮੁੱਦਿਆਂ ਨੂੰ ਚਿਤਾਰਨਾ ਵੀ ਏਥੇ ਪ੍ਰਸੰਗਹੀਣ ਨਹੀਂ ਜਾਪਦਾ। ਦੈਰੀਦਾ ਫਰਾਂਸੀਸੀ ਮੂਲ ਦਾ ਸੀ ਪਰ ਉਸ ਦੀ ਜਨਮ ਭੂਮੀ ਅਲਜੀਰੀਆ ਸੀ ਜੋ ਉਸ ਦੇ ਪਰਵਾਨ ਚੜ੍ਹਨ ਵਾਲੇ ਸਾਲਾਂ ਵਿਚ ਕੌਮੀ ਆਜ਼ਾਦੀ ਲਈ ਜੂਝ ਰਿਹਾ ਸੀ।

ਅਲਜੀਰੀਆ ਦੇ ਵਾਸੀਆਂ ਅਤੇ ਫਰਾਂਸੀਸੀ ਫੌਜੀਆਂ ਵਿਚਕਾਰ ਲਹੂ-ਲੁਹਾਣ ਜੰਗ ਚੱਲ ਰਹੀ ਸੀ ਪਰ ਉਸ ਵਕਤ ਮਾਰਕਸਵਾਦ ਦਾ ਮਹਾਂ ਪੰਡਤ ਸਮਝੇ ਜਾਂਦੇ ਅਲਥੂਸਰ ਵਾਂਗ ਦੈਰੀਦਾ ਦਾ ਆਪਣੀ ਮਾਤਭੂਮੀ ਦੇ ਵਾਸੀਆਂ ਨਾਲ ਕੋਈ ਲਗਾਵ ਨਹੀਂ ਸੀ। ਜੇ ਕੋਈ ਮਨੋਭਾਵ ਉਠਦੇ ਵੀ ਸਨ ਤਾਂ ਉਨ੍ਹਾਂ ਨੂੰ ਦਬਾਉਣਾ ਹੀ ਉਚਿਤ ਜਾਪਦਾ ਸੀ ਜਿਸ ਦੇ ਲਈ ਅੰਤਹੀਣ ਚੀਰ-ਫਾੜ ਕਰਨ ਵਾਲੀ ਵਿਧੀ ਜਿਸ ਨੂੰ ਉਸ ਨੇ ਵਿਰਚਨਾ-ਵਿਧੀ ਦਾ ਨਾਂ ਦਿੱਤਾ, ਬੜਾ ਕਾਰਗਰ ਸਾਧਨ ਸੀ। ਮਾਤਭੂਮੀ ਦੇ ਵਾਸੀਆਂ 'ਤੇ ਜੋ ਦੁਸ਼ਵਾਰੀਆਂ ਵਾਰਿਦ ਸਨ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਲਈ ਇਸ ਵਿਰਚਨਾ-ਵਿਧੀ ਦੀਆਂ ਪੇਚੀਦਗੀਆਂ ਤੇ ਭੁੱਲ-ਭੁੱਲਈਆਂ ਵਿਚ ਖੁੱਭੇ ਰਹਿਣਾ ਜ਼ਰੂਰੀ ਸੀ।

ਸੰਤੋਖ ਵਾਲੀ ਗੱਲ ਪਰ ਇਹ ਹੈ ਕਿ ਜਦ ਸੰਸਾਰ ਭਰ ਦੇ ਵਾਸੀਆਂ 'ਤੇ ਵਿਸ਼ਵੀਕਰਨ, ਉਦਾਰੀਕਰਨ ਤੇ ਨਿਜੀਕਰਨ, ਦੀ ਭਾਵੀ ਆ ਮੰਡਰਾਉਣ ਲੱਗੀ ਤਾਂ ਕੁੱਲ ਪੇਚੀਦਗੀਆਂ ਦੇ ਬਾਵਜੂਦ ਦੈਰੀਦਾ ਨੇ ਭੁੱਲ-ਭੁੱਲਈਆਂ ਤੋਂ ਬਾਹਰ ਨਿਕਲਣ ਦਾ ਸਿਰਤੋੜ ਯਤਨ ਕੀਤਾ। ਸਪੈਕਟਰਜ਼ ਆਫ ਮਾਰਕਸ (ਮਾਰਕਸ ਦੇ ਪ੍ਰੇਤ) ਵਿਚ ਉਸ ਨੇ ਜੀਵਨ-ਮਾਰਗ ਪ੍ਰਦਾਨ ਕਰਨ ਵਾਲੀ ਇਸ ਚਿੰਤਨ-ਪ੍ਰਣਾਲੀ ਦੀ ਪੁਨਰ-ਸਿਰਜਣਾ ਤਾਂ ਨਹੀਂ ਕੀਤੀ ਪਰ ਫੈਲ ਰਹੀ ਹਨੇਰਗਰਦੀ ਵਿਰੁਧ ਚਿਤਾਵਨੀ ਖਾਤਰ ਉਸ ਨੇ ਇਹ ਜਤਲਾਉਣ ਵਿਚ ਕੋਈ ਕਸਰ ਨਹੀਂ ਛੱਡੀ ਕਿ ਜਿਵੇਂ ਕਾਰਲ ਮਾਰਕਸ ਨੇ ਆਪਣੇ ਐਲਾਨਨਾਮੇ ਵਿਚ ਪਾਤਸ਼ਾਹੀਆਂ ਨੂੰ ਡੋਲਦੀਆਂ ਦਰਸਾਇਆ ਸੀ ਏਵੇਂ ਇਸ ਭਾਵੀ ਨੂੰ ਵੀ ਦਰਸਾਇਆ ਜਾਵੇ। ਤਦ ਹੀ ਸੰਸਾਰ ਭਰ ਦੇ ਵਾਸੀਆਂ ਦੇ ਮਨਾਂ ਉਤੋਂ ਵਿਸ਼ਵੀਕਰਨ ਤੇ ਇਸ ਦੇ ਫਲਸਰੂਪ ਵਰਤਣ ਵਾਲੀ ਭਾਵੀ ਨੂੰ ਟਾਲਿਆ ਜਾ ਸਕੇਗਾ।

ਧਰਮ ਦਾ ਵਿਵੇਚਨ ਵੀ ਉਸ ਨੇ ਕੁੱਝ ਇਸੇ ਢੰਗ ਨਾਲ ਕੀਤਾ। ਤਰਕੀਬ ਨੂੰ ਤਦਬੀਰ ਵਿਚ ਬਦਲਣ ਖਾਤਰ ਉਹ ਮਸੀਹੀਅਤ ਦੀ ਆਸ ਬਣਾਏ ਰੱਖਣ ਦਾ ਹਾਮੀ ਸੀ। ਅਸਤਿਤਵਵਾਦੀ-ਨਾਜ਼ੀ ਪੱਖੀ ਜਰਮਨ ਦਾਰਸ਼ਨਿਕ ਮਾਰਟਿਨ ਹਾਈਡੇਗਰ ਤੋਂ ਮੁੱਖ ਮੋੜ ਕੇ ਨਵ-ਮਾਰਕਸਵਾਦ ਦੇ ਮਿਸਾਲੀ ਪ੍ਰਵੱਕਤਾ, ਵਾਲਟਰ ਬੈਂਜਾਮਿਨ ਨਾਲ ਜੁੜ ਕੇ ਉਸ ਨੇ ਇਸ ਧਾਰਨਾ ਦਾ ਸਮਰਥਨ ਕੀਤਾ ਕਿ ਜਦੋਂ ਕੋਈ ਵੀ ਆਸ ਨਾ ਪੁੱਗਦੀ ਹੋਵੇ ਤਾਂ ਮਸੀਹਾ ਦੀ ਵਾਪਸੀ ਤੇ ਢੋਹ ਬਣਾਉਣੀ ਉਚਿਤ ਹੈ। ਗਿਆਰਾਂ ਸਤੰਬਰ ਵਾਲੇ ਖੌਫਨਾਕ ਦਿਨ ਜਦੋਂ ਅਮਰੀਕਾ ਵਿਚ ਅਰਬ ਮੂਲ ਦੇ ਹਵਾਈ ਜਹਾਜ਼ ਚਾਲਕਾਂ ਨੇ ਆਤਮਘਾਤੀ ਹਮਲਾ ਕਰਕੇ ਵਿਸ਼ਵ ਵਪਾਰ ਕੇਂਦਰ ਦੇ ਬਹੁਮੰਜ਼ਲੇ ਭਵਨ ਨੂੰ ਢਹਿ ਢੇਰੀ ਕਰ ਦਿੱਤਾ ਤਾਂ ਉਸ ਨੂੰ ਆਤੰਕ ਦਾ ਕੁਕਰਮ ਕਹਿਣ ਤੋਂ ਦੈਰੀਦਾ ਨੇ ਇਨਕਾਰ ਕਰ ਦਿੱਤਾ। ਇਸ ਖੌਫਨਾਕ ਘਟਨਾ ਨੂੰ ਉਸ ਨੇ ਕੋਈ ਬਦਲਵਾਂ ਨਾਂ ਤਾਂ ਨਹੀਂ ਸੀ ਦਿੱਤਾ ਪਰ ਇਸ ਨੂੰ ਉਸੇ ਤਰ੍ਹਾਂ ਦਾ ਤੱਥ ਸੱਚ ਮੰਨਣ ਤੋਂ ਉਸ ਨੇ ਇਨਕਾਰ ਕੀਤਾ ਜੋ ਦੁਨੀਆਂ ਦਾ ਇਕੋ ਇਕ ਸ਼ਕਤੀਮਾਨ ਨਿਜ਼ਾਮ ਚਾਹੁੰਦਾ ਸੀ। ਚਿੰਤਨ ਨੂੰ ਨਿਜ਼ਾਮ ਦੇ ਰੋਹਬ ਹੇਠ ਲਿਆਉਣ ਦਾ ਉਹ ਕਤਈ ਵਿਰੋਧੀ ਸੀ ਅਤੇ ਇਸੇ ਵਿਚ ਹੀ ਉਸ ਦੀ ਵੱਡੀ ਸਾਰਥਿਕਤਾ ਹੈ।

# ਇਕ ਭਾਰਤੀ ਸੂਫੀ ਕੁੜੀ ਜਿਸ ਨੇ ਨਾਜ਼ੀਆਂ ਦੀ ਨੀਂਦ ਹਰਾਮ ਕਰ ਦਿੱਤੀ

**ਸਤਿੰਦਰ ਆਰ. ਸ਼ੁਕਲਾ**



*ਨੂਰ ਇਨਾਇਤ ਖਾਨ ਦੀ ਜ਼ਿੰਦਗੀ ਬਹੁਤ ਹੀ ਸ਼ਾਨਦਾਰ ਸੀ, ਆਤਮਿਕ ਸੁਹੱਪਣ ਤੇ ਸਾਹਸ ਦਾ ਬੇਮਿਸਾਲ ਸੁਮੇਲ। 11 ਸਤੰਬਰ 1944 ਦੇ ਦਿਨ ਨਾਜ਼ੀਆਂ ਹੱਥੋਂ ਉਸ ਦੀ ਹੱਤਿਆ ਤੋਂ ਬਾਅਦ ਉਸ ਦੀ ਪਹਿਲੀ ਜੀਵਨੀ ਸਾਲ 1952 'ਚ ਜੀਨ ਓਵਰਟਨ ਫੁਲਰ ਵਲੋਂ 'ਨੂਰ-ਓ-ਨਿਸਾ ਇਨਾਇਤ ਖਾਨ' ਸਿਰਲੇਖ ਹੇਠ ਲਿਖੀ ਗਈ ਸੀ। ਲੌਰੈਂ ਜੋਫਰਿਨ ਨੇ ਉਸਦੀ ਜ਼ਿੰਦਗੀ ਤੇ ਆਧਾਰਤ ''ਦਾ ਫਾਰਗਾਟਨ ਪ੍ਰਿੰਸੈਸ'' ਨਾਂ ਦਾ ਸ਼ਾਹਕਾਰ ਨਾਵਲ ਲਿਖਿਆ ਜਿਸ ਤੋਂ ਪਿੱਛੋਂ ਉਸ ਉਪਰ ਫਿਲਮਾਂ ਵੀ ਬਣੀਆਂ। ਸਾਲ 2006 ਵਿਚ ਸ਼ਰਾਬਾਨੀ ਬਾਸੂ ਨਾਂ ਦੀ ਬੰਗਾਲੀ ਮੂਲ ਦੀ ਲੇਖਿਕਾ ਨੇ ਉਸਦੀ ਨਵੀਂ ਜੀਵਨੀ 'ਸਪਾਈ ਪ੍ਰਿੰਸੈਸ' ਸਿਰਲੇਖ ਹੇਠ ਲਿਖੀ ਜਿਸ ਦਾ ਪੇਪਰ ਬੈਕ ਐਡੀਸ਼ਨ ਰੌਲੀ ਬੁੱਕਸ ਵਲੋਂ ਹੁਣੇ ਜਿਹੇ ਹੀ ਭਾਰਤ ਵਿਚ ਰਿਲੀਜ਼ ਹੋਇਆ ਹੈ। ਅਸੀਂ ਉਸ ਬਾਰੇ ਆਪਣੇ ਪੁਰਾਣੇ ਸਾਥੀ ਰਣਜੀਤ ਰਾਹੀ ਦੁਆਰਾ ਰੁਪਾਂਤਰਿਤ ਜਾਣਕਾਰੀ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਚੇਚੇ ਤੌਰ 'ਤੇ ਮੰਗਵਾ ਕੇ ਪੇਸ਼ ਕਰ ਰਹੇ ਹਾਂ। -ਸੰਪਾਦਕ*

ਨੂਰ ਇਨਾਇਤ ਰੂਸ ਦੀ ਰਾਜਧਾਨੀ ਮਾਸਕੋ ਵਿਚ ਜਨਮੀ ਅਤੇ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਪੜ੍ਹੀ ਤੇ ਜਵਾਨ ਹੋਈ ਪ੍ਰੰਤੂ ਦਿਲੋਂ ਮਨੋ ਉਹ ਆਪਣੇ ਭਾਰਤੀ ਮੂਲ ਨਾਲ ਗਹਿਰੀ ਜੁੜੀ ਹੋਈ ਸੀ। ਆਪਣੀ ਖੁਫੀਆ ਸੇਵਾ ਦੀ ਨੌਕਰੀ ਦੌਰਾਨ ਉਸ ਨੇ ਜਰਮਨੀ ਦੀ ਖੁਫੀਆ ਏਜੰਸੀ ਗੈਸਟਾਪੋ ਦੇ ਅਧਿਕਾਰੀਆਂ ਦੀ ਨੀਂਦ ਹਰਾਮ ਕਰ ਰੱਖੀ ਸੀ। ਇਸ ਲੜਕੀ ਨੂੰ ਜ਼ਿੰਦਾ ਜਾਂ ਮੁਰਦਾ ਗ੍ਰਿਫ਼ਤਾਰ ਕਰਨ ਲਈ ਜਰਮਨ ਅਧਿਕਾਰੀਆਂ ਨੇ ਵੱਡੇ-ਵੱਡੇ ਇਨਾਮ ਰੱਖੇ ਹੋਏ ਸਨ ਪਰ ਇਹ ਹਰ ਵਾਰ ਗੈਸਟਾਪੋ ਦੇ ਏਜੰਟਾਂ ਤੋਂ ਬਚ ਕੇ ਨਿਕਲ ਜਾਂਦੀ ਸੀ ਤੇ ਆਖਰਕਾਰ ਇਸ ਦੀ ਆਪਣੀ ਹੀ ਇਕ ਸਾਥਣ ਨੇ ਧੋਖਾ ਕਰ ਕੇ ਇਸ ਨੂੰ ਫੜਾ ਦਿੱਤਾ।

ਬਰਤਾਨੀਆ ਤੇ ਜਰਮਨੀ ਦੇ ਖੁਫੀਆ ਸੇਵਾ ਦੇ ਰਿਕਾਰਡ 'ਚ ਉਸ ਦਾ ਨਾਂ ਮੈਡੇਲੀਨ ਵਜੋਂ ਦਰਜ ਹੈ ਪਰ ਉਸ ਦਾ ਅਸਲ ਨਾਂ ਸੀ ਨੂਰ ਇਨਾਇਤ। ਕਮਿਸ਼ਨਡ ਅਹੁਦੇ 'ਤੇ ਤਰੱਕੀ ਲਈ ਜਦੋਂ ਉਹ ਬ੍ਰਿਟਿਸ਼ ਆਰਮੀ ਬੋਰਡ ਦੇ ਸਾਹਮਣੇ ਇੰਟਰਵਿਊ ਲਈ ਪੇਸ਼ ਹੋਈ ਤਾਂ ਉਸ ਨੇ ਕਿਹਾ ਕਿ ਉਹ ਭਾਰਤ ਵਿਚ ਬਰਤਾਨੀਆ ਦੀ ਤਰਫੋਂ ਜਪਾਨੀਆਂ ਨਾਲ ਸਿਰਫ ਭਾਰਤੀ ਰੱਖਿਆ ਮੰਤਰੀ ਦੇ ਅਧੀਨ ਰਹਿ ਕੇ ਹੀ ਲੜੇਗੀ। ਬਰਤਾਨਵੀ ਸਾਮਰਾਜ ਭਾਰਤ ਦੇ ਮੱਥੇ 'ਤੇ ਕਲੰਕ ਹੈ, ਇਸ ਲਈ ਇਹ ਸਮਾਪਤ ਹੋਣਾ ਚਾਹੀਦਾ ਹੈ। ਸਪੱਸ਼ਟ ਹੈ ਕਿ ਇਸ ਜੁਆਬ ਨਾਲ ਉਸ ਨੂੰ ਕਮਿਸ਼ਨ ਨਹੀਂ ਸੀ ਮਿਲ ਸਕਦਾ, ਫਿਰ ਵੀ ਉਹ ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਂਦੀ ਰਹੀ। ਉਸ ਦੀ ਇਮਾਨਦਾਰ ਸੇਵਾ ਬਦਲੇ ਉਸ ਨੂੰ ਦੋ ਚੋਟੀ ਦੇ ਸਨਮਾਨ (ਮਰਨ-ਉਪਰੰਤ) ਮਿਲੇ। ਇਨ੍ਹਾਂ 'ਚੋਂ ਇਕ ਸਨਮਾਨ ਬਰਤਾਨੀਆ ਵਲੋਂ ਸੀ ਤੇ ਦੂਸਰਾ ਫਰਾਂਸ ਵਲੋਂ।

ਨੂਰ ਦੇ ਪਿਤਾ ਦਾ ਨਾਂ ਸੀ ਇਨਾਇਤ ਖਾਨ, ਜੋ ਕਿ ਆਪਣੇ ਆਪ ਨੂੰ ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਦਾ ਵੰਸ਼ਜ ਦੱਸਿਆ ਕਰਦਾ ਸੀ ਪਰ ਉਹ ਤਲਵਾਰ ਨੂੰ ਨਹੀਂ, ਆਪਣੀ 'ਤਸਬੀ' ਨੂੰ ਪਿਆਰ ਕਰਦਾ ਸੀ। ਵਿਸ਼ਵਾਸ ਦੇ ਪੱਖ ਤੋਂ ਉਹ ਸੂਫੀ ਸੀ ਤੇ ਇਸ ਮੱਤ ਦੇ ਪ੍ਰਚਾਰ ਲਈ ਉਹ ਦੇਸ਼-ਵਿਦੇਸ਼ ਘੁੰਮ ਚੁੱਕਾ ਸੀ। ਇਕ ਵਾਰ ਜਦੋਂ ਉਹ ਅਮਰੀਕਾ ਗਿਆ ਤਾਂ ਇਕ ਈਸਾਈ ਲੜਕੀ ਓਰਾ ਰੇਅ ਬੇਕਰ ਨੂੰ ਦਿਲ ਦੇ ਬੈਠਾ। ਉਸ ਨੇ ਉਸ ਲੜਕੀ ਨਾਲ ਵਿਆਹ ਕਰਵਾ ਲਿਆ। ਜਦੋਂ ਇਹ ਜੋੜੀ ਰੂਸ ਦੇ ਦੌਰੇ 'ਤੇ ਗਈ ਸੀ ਤਾਂ ਜਨਵਰੀ 1914 'ਚ ਨੂਰ ਦਾ ਜਨਮ ਹੋਇਆ। ਕਰੈਮਲਿਨ 'ਚ ਉਹ ਰੂਸ ਦੇ ਆਖਰੀ ਸ਼ਾਸਕ ਜ਼ਾਰ ਨਿਕੋਲਸ ਦੂਜੇ ਦੇ ਮਹਿਮਾਨ ਵਜੋਂ ਰਹੇ। ਬਾਅਦ 'ਚ ਕਮਿਊਨਿਸਟਾਂ ਨੇ ਜ਼ਾਰ ਦਾ ਤਖਤਾ ਪਲਟ ਦਿੱਤਾ।

ਨੂਰ ਦੇ ਜਨਮ ਪਿੱਛੋਂ ਉਸ ਦੇ ਪਿਤਾ ਨੇ ਫਰਾਂਸ 'ਚ ਟਿਕਣ ਦਾ ਫੈਸਲਾ ਕਰ ਲਿਆ। ਪੈਰਿਸ ਦੇ ਬਾਹਰਵਾਰ ਉਸ ਨੇ ਸੁਰਸੇਨਜ਼ ਵਿਖੇ ਸੂਫੀ ਮੱਤ ਦੇ ਪ੍ਰਚਾਰ ਲਈ ਕੇਂਦਰ ਸਥਾਪਤ ਕੀਤਾ। ਦੱਸਿਆ ਜਾਂਦਾ ਹੈ ਕਿ ਇਕ ਵਾਰ ਪੰਡਤ ਨਹਿਰੂ ਵੀ ਇਸ ਕੇਂਦਰ 'ਚ ਗਏ ਸਨ। ਉਦੋਂ ਨੂਰ ਛੋਟੀ ਜਿਹੀ ਬੱਚੀ ਸੀ, ਪਰ ਨਹਿਰੂ ਦੀ ਸ਼ਖਸੀਅਤ ਦਾ ਉਸ ਦੇ ਬਾਲ ਮਨ 'ਤੇ ਅਮਿੱਟ ਪ੍ਰਭਾਵ ਉਕਰਿਆ ਗਿਆ ਸੀ। ਬਾਅਦ 'ਚ ਉਸ ਨੇ ਖੁਫੀਆ ਸੇਵਾ ਦੀ ਨੌਕਰੀ ਦੌਰਾਨ ਨਹਿਰੂ ਦੀ ਸਵੈ-ਜੀਵਨੀ ਪੜ੍ਹੀ। ਉਸ ਦਾ ਪਿਤਾ ਇਨਾਇਤ ਖਾਨ ਆਪਣੇ ਦੋਸਤਾਂ, ਮਿੱਤਰਾਂ ਤੇ ਸਬੰਧੀਆਂ ਨੂੰ ਮਿਲਣ ਲਈ ਅਕਸਰ ਭਾਰਤ ਜਾਂਦਾ-ਆਉਂਦਾ ਰਹਿੰਦਾ ਸੀ। ਇਨ੍ਹਾਂ ਫੇਰੀਆਂ ਦੌਰਾਨ ਕਈ ਵਾਰ ਨੂਰ ਵੀ ਆਪਣੇ ਪਿਤਾ ਦੇ ਨਾਲ ਹੁੰਦੀ ਸੀ। ਅਜਿਹੇ ਇਕ ਦੌਰੇ ਦੌਰਾਨ 1927 'ਚ ਦਿੱਲੀ ਵਿਖੇ ਇਨਾਇਤ ਦੀ ਮੌਤ ਹੋ ਗਈ। ਉਦੋਂ ਨੂਰ ਸਿਰਫ 13 ਵਰ੍ਹਿਆਂ ਦੀ ਸੀ ਤੇ ਉਸ ਫੇਰੀ ਦੌਰਾਨ ਪਰਿਵਾਰ ਇਨਾਇਤ ਦੇ ਨਾਲ ਨਹੀਂ ਸੀ। ਉਦੋਂ ਤਕ ਇਨਾਇਤ ਦੇ ਇਕ ਹੋਰ ਧੀ ਤੇ ਪੁੱਤਰ ਵੀ ਜਨਮ ਲੈ ਚੁੱਕੇ ਸਨ। ਪਿਤਾ ਦੀ ਮੌਤ ਪਿੱਛੋਂ ਉਹ ਆਪਣੀ ਮਾਂ ਦੇ ਨਾਲ ਦਿੱਲੀ ਆਈ ਤੇ ਪਿਤਾ ਦੀਆਂ ਆਖਰੀ ਰਸਮਾਂ ਕਰਨ ਪਿੱਛੋਂ ਫਿਰ ਫਰਾਂਸ ਪਰਤ ਗਈ।

ਸੂਫੀ ਮੱਤ ਦੇ ਮੁਢਲੇ ਸਿਧਾਂਤ ਉਸ ਨੇ ਆਪਣੇ ਪਿਤਾ ਤੋਂ ਸਿੱਖੇ ਹੋਏ ਸਨ। ਇਸ ਲਈ ਉਸ ਨੇ ਫਾਰਸੀ ਵੀ ਸਿੱਖੀ। ਫਰਾਂਸੀਸੀ ਤੇ ਅੰਗਰੇਜ਼ੀ ਉਸ ਨੇ ਸਕੂਲ ਤੋਂ ਸਿੱਖੀ। ਉਸ ਨੂੰ ਆਪਣੇ ਪਿਤਾ ਤੋਂ ਭਾਰਤੀ ਸੰਗੀਤ ਦੀ ਸਿੱਖਿਆ ਵੀ ਪ੍ਰਾਪਤ ਹੋਈ ਸੀ। ਨੂਰ ਵੀਣਾ ਬਹੁਤ ਵਧੀਆ ਵਜਾਉਂਦੀ। ਬਾਅਦ 'ਚ ਉਸ ਨੇ ਹੋਰ ਸਾਜ਼ਾਂ ਨੂੰ ਵਜਾਉਣ ਦੀ ਮੁਹਾਰਤ ਵੀ ਪ੍ਰਾਪਤ ਕਰ ਲਈ। ਧਰਮ ਨੂੰ ਪੂਰੀ ਤਰ੍ਹਾਂ ਸਮਝਣ ਲਈ ਉਸ ਨੇ ਬਾਈਬਲ, ਕੁਰਾਨ ਤੇ ਹਿੰਦੂ ਧਰਮ ਗ੍ਰੰਥ ਗੀਤਾ ਤੇ ਜਾਤਕ ਕਥਾਵਾਂ ਵੀ ਪੜ੍ਹੀਆਂ। ਪੜ੍ਹਾਈ ਪਿੱਛੋਂ ਉਹ ਅਧਿਆਪਕਾ ਬਣ ਗਈ। ਉਸ ਨੇ ਜਾਤਕ ਕਥਾਵਾਂ ਦਾ ਅੰਗਰੇਜ਼ੀ 'ਚ ਅਨੁਵਾਦ ਵੀ ਕੀਤਾ। ਦੂਸਰੇ ਵਿਸ਼ਵ ਯੁੱਧ ਤੋਂ ਪਹਿਲਾਂ ਉਸ ਦੀਆਂ ਕਹਾਣੀਆਂ ਪੈਰਿਸ ਰੇਡੀਓ ਤੋਂ ਅਕਸਰ ਪ੍ਰਸਾਰਿਤ ਹੁੰਦੀਆਂ ਰਹਿੰਦੀਆਂ ਸਨ। ਭਗਵਦ ਗੀਤਾ ਪੜ੍ਹ ਕੇ ਉਸ 'ਤੇ 'ਕਰਮ ਕਰਨ ਤੇ ਫਲ ਦੀ ਇੱਛਾ ਨਾ ਕਰਨ' ਦੇ ਸਿਧਾਂਤ ਦਾ ਬੜਾ ਗਹਿਰਾ ਪ੍ਰਭਾਵ ਪਿਆ।

ਫਰਾਂਸ ਉਤੇ ਜਰਮਨੀ ਦੇ ਕਬਜ਼ੇ ਪਿੱਛੋਂ ਇਸ ਪਰਿਵਾਰ ਨੂੰ ਫਰਾਂਸ ਛੱਡਣਾ ਪਿਆ ਪਰ ਨੂਰ ਨੂੰ ਵੋਮੈਨਜ਼ ਆਗਜ਼ਿਲਰੀ ਏਅਰ ਫੋਰਸ ਦੀ ਨੌਕਰੀ ਦੌਰਾਨ ਫਿਰ ਫਰਾਂਸ ਆਉਣਾ ਪਿਆ। ਨੂਰ ਨੂੰ ਨੌਕਰੀ ਦੌਰਾਨ ਸ਼ੁਰੂ 'ਚ ਵਾਇਰਲੈਸ ਟੈਲੀਗ੍ਰਾਫਿਸਟ ਵਜੋਂ ਕੰਮ ਕਰਨਾ ਪਿਆ, ਪਰ ਬਾਅਦ 'ਚ ਉਸ ਦੀ ਮਿਹਨਤ ਤੇ ਲਗਨ ਕਾਰਨ ਉਸ ਨੂੰ ਬ੍ਰਿਟਿਸ਼ ਖੁਫੀਆ ਸੇਵਾ 'ਚ ਭਰਤੀ ਕਰ ਲਿਆ ਗਿਆ। ਇਹ ਖੁਫੀਆ ਸੇਵਾ ਫਰਾਂਸ 'ਚ ਫਰਾਂਸੀਸੀ ਸੁਤੰਤਰਤਾ ਸੰਗਰਾਮੀਆਂ ਦੇ ਸਹਿਯੋਗ ਨਾਲ ਨਾਜ਼ੀਆ ਵਿਰੁਧ ਲੜਦੀ ਸੀ।

ਉਸ ਦੀ ਇਕ ਸੀਨੀਅਰ ਅਫਸਰ ਮੈਡਮ ਐਟਕਿਨਜ਼ ਦਸਦੀ ਹੈ ਕਿ ਇਕ ਨੌਜਵਾਨ ਨੂਰ ਨਾਲ ਮੁਹੱਬਤ ਕਰਨ ਲੱਗਾ ਤੇ ਨੂਰ ਵੀ ਉਸ ਵਲ ਖਿੱਚੀ ਗਈ ਪਰ ਜਦੋਂ ਨੂਰ ਨੂੰ ਪਤਾ ਲੱਗਾ ਕਿ ਉਸ ਨੌਜਵਾਨ ਨੇ ਆਪਣੀ ਪਹਿਲੀ ਮੰਗੇਤਰ ਨੂੰ ਧੋਖਾ ਦਿੱਤਾ ਹੈ ਤਾਂ ਉਸ ਨੇ ਉਸ ਨੌਜਵਾਨ ਨੂੰ ਮਜਬੂਰ ਕਰ ਦਿੱਤਾ ਕਿ ਉਹ ਆਪਣੀ ਪਹਿਲੀ ਮੰਗੇਤਰ ਨਾਲ ਹੀ ਵਿਆਹ ਕਰਵਾਏ। ਆਪਣੇ ਸੇਵਾ ਕਾਲ ਦੌਰਾਨ ਉਹ ਰੂਪੋਸ਼ ਫਰਾਂਸੀਸੀਆਂ ਦੇ ਨਾਜ਼ੀਆ ਵਿਰੁਧ ਸੰਘਰਸ਼ 'ਚ ਬੇਹੱਦ ਮਦਦਗਾਰ ਸਾਬਤ ਹੋਈ। ਜਰਮਨ ਖੁਫੀਆ ਸੇਵਾ ਗੈਸਟਾਪੋ ਲਈ ਉਹ ਹਮੇਸ਼ਾ ਹਊਆ ਬਣੀ ਰਹੀ। ਉਸ ਨੂੰ ਜ਼ਿੰਦਾ ਜਾਂ ਮੁਰਦਾ ਗ੍ਰਿਫਤਾਰ ਕਰਨ ਲਈ ਵੱਡੇ ਵੱਡੇ ਇਨਾਮ ਰੱਖੇ ਗਏ। ਨਾਜ਼ੀ ਫੌਜਾਂ ਨਾਲ ਇਕ ਜ਼ਬਰਦਸਤ ਮੁਕਾਬਲੇ ਦੌਰਾਨ ਨਾ ਸਿਰਫ ਉਸ ਨੇ ਆਪਣੀ ਜਾਨ ਹੀ ਬਚਾਈ ਸਗੋਂ ਦੁਸ਼ਮਣ ਦੇ ਪਾਸੇ ਕਈਆਂ ਦੀਆਂ ਜਾਨਾਂ ਵੀ ਲੈ ਲਈਆਂ ਸਨ। ਇਸ ਬਹਾਦਰੀ ਬਦਲੇ ਫਰਾਂਸ ਸਰਕਾਰ ਨੇ ਉਸ ਨੂੰ ਮਰਨ ਉਪਰੰਤ ਸਨਮਾਨਿਤ ਕੀਤਾ।

ਉਸ ਦੀ ਪੇਸ਼ੇਵਾਰਾਨਾ ਚੜ੍ਹਤ ਤੇ ਢੇਰ ਸਾਰੇ ਮਾਣ ਸਨਮਾਨਾਂ ਤੋਂ ਚਿੜ ਕੇ ਉਸ ਦੀ ਹੀ ਇਕ ਸਾਥਣ ਨੇ ਧੋਖਾ ਦੇ ਕੇ ਉਸ ਨੂੰ ਗੈਸਟਾਪੋ ਦੇ ਅਧਿਕਾਰੀਆਂ ਨੂੰ ਫੜਾ ਦਿੱਤਾ। ਗ੍ਰਿਫਤਾਰੀ ਪਿੱਛੋਂ ਜਰਮਨੀ ਦੇ ਅਧਿਕਾਰੀਆਂ ਵਲੋਂ ਉਸ ਤੋਂ ਪੁੱਛਗਿੱਛ ਕੀਤੀ ਗਈ ਪਰ ਉਸ ਨੇ ਕੋਈ ਵੀ ਭੇਤ ਨਾ ਦਿਤਾ। ਫਿਰ ਉਸ ਨੂੰ ਬਰਲਿਨ ਲਿਜਾਇਆ ਗਿਆ। ਰਸਤੇ ਵਿਚ ਉਸ ਨੇ ਦੋ ਵਾਰ ਬਚ ਕੇ ਨਿਕਲਣ ਦਾ ਯਤਨ ਕੀਤਾ ਪਰ ਇਸ ਨਾਲ ਜਰਮਨ ਅਧਿਕਾਰੀ ਹੋਰ ਵੀ ਚੌਕਸ ਹੋ ਗਏ। ਜਰਮਨੀ ਪੁੱਜ ਕੇ ਵੀ ਉਸ ਤੋਂ ਪੁੱਛਗਿੱਛ ਦੌਰਾਨ ਉਹ ਅਡੋਲ ਰਹੀ। ਜਰਮਨੀ 'ਚ ਉਸ ਨੂੰ ਫੋਰੀਜ਼ਲਮ ਜੇਲ੍ਹ 'ਚ ਇਕੱਲਿਆਂ ਕੈਦ ਰੱਖਿਆ ਗਿਆ। ਉਸ ਦੇ ਦੋਵੇਂ ਹੱਥਾਂ ਤੇ ਪੈਰਾਂ 'ਚ ਸੰਗਲ ਪਾਏ ਗਏ ਸਨ, ਇਸ ਹਾਲਤ 'ਚ ਉਸ ਨੇ ਤੀਸਰੀ ਵਾਰ ਬਚ ਕੇ ਨਿਕਲਣ ਦਾ ਯਤਨ ਕੀਤਾ। ਇਸ ਪਿੱਛੋਂ ਉਸ 'ਤੇ ਨਿਗਰਾਨੀ ਹੋਰ ਵੀ ਵਧਾ ਦਿੱਤੀ ਗਈ। ਉਸ ਦਾ ਕੋਰਟ ਮਾਰਸ਼ਲ ਕੀਤਾ ਗਿਆ ਤੇ ਫੈਸਲਾ ਸੁਣਾਇਆ ਗਿਆ ਕਿ ਉਸ ਨੂੰ ਫਾਇਰਿੰਗ ਸਕੁਐਡ ਦੇ ਸਾਹਮਣੇ ਭੇਜ ਦਿੱਤਾ ਜਾਵੇ। ਨੂਰ ਨੇ ਇਹ ਸਜ਼ਾ ਵੀ ਪੂਰੇ ਹੌਸਲੇ ਨਾਲ ਪ੍ਰਵਾਨ ਕੀਤੀ। 13 ਸਤੰਬਰ 1944 ਨੂੰ ਫਾਇਰਿੰਗ ਸਕੁਐਡ ਨੇ ਉਸ ਨੂੰ ਗੋਲੀਆਂ ਨਾਲ ਉਡਾ ਦਿੱਤਾ।

*ਅਨੁਵਾਦ: ਰਣਜੀਤ ਰਾਹੀ*

## ਕਹਾਣੀ

# ਰਾਮ ਸਨੇਹੀ

**ਸੁਰਿੰਦਰ ਨੀਰ**

ਬਾਰਸ਼ ਦੀ ਤਾੜ-ਤਾੜ ਨੇ ਉਸਨੂੰ ਅੱਧ-ਕੱਚੀ ਨੀਂਦਰੋਂ ਜਗਾ ਦਿੱਤਾ। ਅੱਭੜਵਾਹੇ ਉਠ ਖਿੜਕੀ ਖੋਲ ਉਸ ਵੇਖਿਆ ਕਿ ਮੋਟੇ-ਮੋਟੇ ਗੜ੍ਹੇ ਧਰਤੀ ਉਤੇ ਵਰ੍ਹ ਰਹੇ ਸਨ। ਅਸਮਾਨ ਕਾਲਾ ਸਿਆਹ। ਬੱਦਲਾਂ ਦਾ ਗਾੜ੍ਹਾ ਹਨੇਰਾ ਵੇਖ ਉਸ ਦੀ ਤਾਂ ਜਾਨ ਹੀ ਨਿਕਲ ਗਈ। ਜੇ ਬਾਰਸ਼ ਪੈਣ ਲੱਗ ਪਈ ਤਾਂ ਅੱਜ ਦਾ ਕੰਮ ਤਾਂ ਰਹਿ ਜਾਏਗਾ।

ਗੜੇ ਕੁਝ ਦੇਰ ਵਰ੍ਹ ਕੇ ਸ਼ਾਂਤ ਹੋ ਚੁੱਕੇ ਹਨ। ਬਾਰਸ਼ ਵੀ ਹਲਕੀ-ਹਲਕੀ ਪੈ ਰਹੀ ਹੈ। ਉਸਨੇ ਪਰਮਾਤਮਾ ਦਾ ਸ਼ੁਕਰ ਕੀਤਾ। ਘੜੀ ਵੇਖੀ ਸਵੇਰ ਦੇ ਪੰਜ ਵੱਜ ਚੁਕੇ ਸਨ। ਧਿਆਨ ਆਇਆ ਕੱਲ੍ਹ ਰਾਤ ਟੱਬ ਭਰ ਕੇ ਕੱਪੜੇ ਭਿਉਂ ਰੱਖੇ ਸਨ ਉਸਨੇ। ਰਾਤੀਂ ਹੀ ਧੋ ਲੈਂਦੀ ਪਰ ਉਸ ਵੇਲੇ ਗੁਆਂਢਣ ਕਿਸੇ ਕੰਮ ਲਈ ਆ ਗਈ। ਉਹ ਗੱਲਾਂ ਵਿਚ ਏਨੀ ਛਿੜ ਪਈ ਕਿ ਰੁਕਣ ਦਾ ਨਾਂ ਹੀ ਨਾ ਲਵੇ। ਜਦ ਉਸ ਦੀਆਂ ਗੱਲਾਂ ਦਾ ਭੋਗ ਪਿਆ, ਰਾਤ ਦੇ ਨੌਂ ਵੱਜ ਚੁੱਕੇ ਸਨ। ਉਸ ਤੋਂ ਬਾਅਦ ਰਾਤ ਦੇ ਖਾਣੇ ਤੇ ਹੋਰ ਖਲਜਗਣਾਂ ਨੇ ਉਸਨੂੰ ਏਨਾ ਥਕਾ ਮਾਰਿਆ ਕਿ ਸੁਧ-ਬੁਧ ਹੀ ਗੁਆ ਬੈਠੀ। ਕੱਪੜੇ ਵੀ ਉਂਜ ਹੀ ਅਣਧੋਤੇ ਪਏ ਰਹਿ ਗਏ।

ਉਹ ਬਿਸਤਰੇ 'ਚੋਂ ਅੱਭੜਵਾਹੇ ਉਠ ਖੜੋਤੀ। ਕੱਪੜੇ ਹੁਣੇ ਹੀ ਧੋ ਕੇ ਸੁੱਕਣੇ ਪਾ ਦੇਣੇ ਚਾਹੀਦੇ ਹਨ। ਨਹੀਂ ਤਾਂ ਹੁਣ ਪਤੀ ਦੇਵ ਜਾਗ ਪੈਣਗੇ, ਫਿਰ ਪੁੱਤਰ ਮਹਾਰਾਜ ਉਠ ਖੜੋਵੇਗਾ। ਦੋਹਾਂ ਨੇ ਤਾਂ ਦੋ ਤਿੰਨ ਘੰਟੇ ਬਾਥਰੂਮ ਮੱਲੀ ਰੱਖਣਾ ਹੈ। ਉਧਰੋਂ ਮਿਸਤਰੀ ਮਜ਼ਦੂਰਾਂ ਦੇ ਆ ਜਾਣ ਦਾ ਵਕਤ ਹੋ ਜਾਵੇਗਾ। ਉਨ੍ਹਾਂ ਦੇ ਨਾਲ ਦੌੜ ਭੱਜ ਕਰਨ ਵਿਚ ਤਾਂ ਉਸਦੀ ਜਾਨ ਹੀ ਨਿਕਲਦੀ ਜਾ ਰਹੀ ਹੈ। ਅੱਜ ਕੱਲ੍ਹ ਜਿਹੜਾ ਉਸ ਨੂੰ ਵੇਖਦਾ ਹੈ, ਉਹ ਪਲ ਭਰ ਉਸਦੇ ਚਿਹਰੇ ਨੂੰ ਨਿਹਾਰਦਿਆਂ ਅਫ਼ਸੋਸ ਜਿਹੇ ਨਾਲ ਕਹਿ ਦੇਂਦਾ ਹੈ, 'ਕੀ ਗੱਲ ਤੂੰ ਤਾਂ ਬੜੀ ਕਮਜ਼ੋਰ ਹੋ ਗਈ ਹੈਂ... ਐਂ ਨਿੱਕਾ ਜਿਹਾ ਮੂੰਹ ਨਿਕਲ ਆਇਆ। ਕੀ ਗੱਲ ਬਿਮਾਰ-ਸ਼ਮਾਰ ਤਾਂ ਨਹੀਂ...?'

ਹੁਣ ਉਹ ਕਿਸ-ਕਿਸ ਨੂੰ ਦੱਸੇ ਕਿ ਉਸਨੂੰ ਅਸਲ ਵਿਚ ਕੀ ਬਿਮਾਰੀ ਲੱਗੀ ਹੋਈ ਹੈ। ਟੈਨਸ਼ਨ ਨੂੰ ਕੋਈ ਬਿਮਾਰੀ ਥੋੜੀ ਕਿਹਾ ਜਾ ਸਕਦਾ ਹੈ। ਨਾਲੇ ਉਹ ਕਿਸੇ ਨੂੰ ਆਪਣੀ ਟੈਨਸ਼ਨ ਬਾਰੇ ਦੱਸੇ ਤਾਂ ਦੱਸੇ ਕੀ? ਨਿੱਕੀਆਂ ਨਿੱਕੀਆਂ ਗੱਲਾਂ ਸੁਣਨ ਵਾਲਿਆਂ ਲਈ ਕੋਈ ਮਹੱਤਵ ਥੋੜੇ ਰੱਖਦੀਆਂ ਹਨ ਪਰ ਉਹ ਨਿੱਕੀਆਂ-ਨਿੱਕੀਆਂ ਗੱਲਾਂ ਹੀ ਮਛਲੀ ਦੇ ਬਰੀਕ ਕੰਡਿਆਂ ਵਾਂਗ ਜਦ ਹਲਕ ਵਿਚ ਚੁਭਦੀਆਂ ਹਨ ਤਾਂ ਉਨ੍ਹਾਂ ਦਾ ਦਰਦ ਉਹ ਹੀ ਸਮਝਦਾ ਹੈ ਜੋ ਇਹ ਦਰਦ ਭੋਗਦਾ ਤੇ ਸਹਿੰਦਾ ਹੈ।

ਉਸਦਾ ਅੰਗ ਅੰਗ ਟੁੱਟ ਰਿਹਾ ਹੈ। ਰਾਤੀਂ ਕੰਮ ਕਾਜ ਖ਼ਤਮ ਕਰਦਿਆਂ ਸਾਢੇ ਗਿਆਰਾਂ ਵੱਜ ਗਏ ਸਨ। ਜਦ ਤਕ ਉਹ ਬਿਸਤਰੇ 'ਤੇ ਆਈ ਸੀ, ਪਤੀ ਦੇਵ ਘੁਰਾੜੇ ਮਾਰ ਰਹੇ ਸਨ।

ਅਲਸਾਈ ਜਹੀ ਬਾਥਰੂਮ 'ਚ ਵੜ ਗਈ ਹੈ। ਸਭ ਤੋਂ ਪਹਿਲਾਂ ਬਾਥਰੂਮ ਵਾਸ਼ਬੇਸਨ, ਕਮੋਡ ਸਾਫ਼ ਕਰਨ ਦੀ ਆਦਤ ਹੈ ਉਸਦੀ। ਵਾਇਪਰ ਹੱਥ 'ਚ ਫੜੀ ਉਹ ਨਲਕਾ ਖੋਲ੍ਹਦੀ ਜਾ ਰਹੀ ਹੈ ਪਰ ਪਾਣੀ ਤਾਂ ਨਦਾਰਦ ਹੈ। ਸੁੱਕਾ, ਮੂੰਹ ਟੱਡੀ ਨਲਕਾ ਜਿਵੇਂ ਉਸਨੂੰ ਚਿੜਾ ਰਿਹਾ ਹੈ। ਉਸ ਦੇ ਪਤੀ ਵਾਂਗ। ਖਿਝ ਚੜ੍ਹ ਜਾਂਦੀ ਹੈ ਉਸਨੂੰ। ਬਾਹਰ ਜਾ ਕੇ ਮੋਟਰ ਦੇ ਵਾਲਵ ਸੈਟ ਕਰਕੇ ਸਵਿੱਚ ਦਬਾਂਦੀ ਹੈ। ਤਦ ਤਕ ਉਹ ਬਰੱਸ਼ ਕਰਨ ਲੱਗ ਪੈਂਦੀ ਹੈ। ਚੰਗੀ ਤਰ੍ਹਾਂ ਦੰਦ ਸਾਫ ਕਰ ਲੈਣ ਬਾਅਦ ਚੂਲੀ ਕਰਨ ਲਈ ਨਲਕੇ ਹੇਠਾਂ ਹੱਥ ਰੱਖ ਟੂਟੀ ਖੋਲ੍ਹਦੀ ਹੈ ਪਰ ਟੂਟੀ 'ਚੋਂ ਫਿਰ ਉਹੀ ਡੱਕ-ਡੱਕ ਜਹੀ ਆਵਾਜ਼ ਆ ਰਹੀ ਹੈ। ਪਾਣੀ ਦੀ ਕੋਈ ਬੂੰਦ ਨਹੀਂ ਆਂਦੀ। ਉਹ ਮੁੜ ਸਾਰੇ ਵਾਲਵ ਚੈਕ ਕਰਕੇ ਵੇਖਦੀ ਹੈ। ਪਾਣੀ ਨਹੀਂ ਚੜ੍ਹਦਾ। ਤਾਂ ਕੀ ਮੋਟਰ ਵਿਚ ਕੋਈ ਨੁਕਸ ਆ ਗਿਆ?

ਉਸਨੂੰ ਘਬਰਾਹਟ ਹੋਣ ਲੱਗਦੀ ਹੈ। ਸਾਢੇ ਪੰਜ ਵੱਜ ਗਏ ਨੇ। ਹੁਣੇ ਹੀ ਦੋਵੇਂ ਪਿਉ ਪੁੱਤਰ ਬਿਸਤਰਿਆਂ ਤੋਂ ਉਠ ਇਕ ਦੂਜੇ ਨੂੰ ਧੱਕਦੇ ਪਛਾੜਦੇ, 'ਪਹਿਲਾਂ ਮੈਂ, ਪਹਿਲਾਂ ਮੈਂ' ਕਰਦੇ ਬਾਥਰੂਮ ਵਲ ਦੌੜਨਗੇ। ਪਰ ਪਾਣੀ?

ਮਿਸਤਰੀਆਂ ਨੇ ਵੀ ਤਾਂ ਸਾਰਾ ਦਿਨ ਸੀਮਿੰਟ ਬੱਜਰੀ ਹੀ ਮਿਕਸ ਕਰਕੇ ਮਸਾਲਾ ਬਣਾਉਣਾ ਹੈ, ਉਹ ਵੀ ਕੀ ਕਰਨਗੇ? ਤਿੰਨ ਸੌ ਰੁਪਏ ਇਕ ਮਿਸਤਰੀ ਲੈਂਦਾ ਹੈ, ਦੋ ਸੌ ਰੁਪਏ ਮਜ਼ਦੂਰ। ਦੋ ਮਿਸਤਰੀ ਤੇ ਤਿੰਨ ਮਜ਼ਦੂਰ ਯਾਨਿ ਛੇ ਸੌ ਜਮ੍ਹਾ ਛੇ ਸੌ ਕੁਲ ਬਾਰਾਂ ਸੌ ਰੁਪਏ। ਉਸਦਾ ਜ਼ਿਹਨ ਪਲ ਦੀ ਪਲ ਵਿਚ ਸਾਰੀ ਗਿਣਤੀ ਕਰ ਲੈਂਦਾ ਹੈ ਤਾਂ ਕੀ ਅੱਜ ਦਿਹਾੜੀ ਦੇ ਬਾਰਾਂ ਸੌ ਰੁਪਏ ਗਏ ਖੂਹ ਵਿਚ?

ਹੌਲੀ-ਹੌਲੀ ਪਤੀ ਨੂੰ ਜਗਾਉਂਦੀ ਹੈ। ਹਾਲਾਂਕਿ ਜਾਣਦੀ ਹੈ, ਉਸਨੇ ਸਵੇਰੇ ਸੌ ਗੱਲਾਂ ਸੁਣਾ ਦੇਣੀਆਂ ਹਨ ਪਰ ਫਿਰ ਵੀ ਹੁਣ ਤਾਂ ਜਾਗਣ ਦਾ ਵੇਲਾ ਹੋ ਹੀ ਗਿਆ ਹੈ। ਉਨ੍ਹਾਂ ਨੇ ਵੀ ਤਾਂ ਤਿਆਰ ਹੋ ਕੇ ਆਫਿਸ ਜਾਣਾ ਹੈ। ਪਰ ਪਾਣੀ?

ਉਸਦੇ ਹਿਲਾਉਣ ਤੇ ਪਤੀ ਪਾਸੇ ਜਹੇ ਮਾਰਦਾ ਪੁੱਛਦਾ ਹੈ, "ਕੀ ਹੈ?"

"ਉਠੋ! ਛੇ ਵੱਜਣ ਵਾਲੇ ਹਨ। ਆਫਿਸ ਜਾਣਾ ਹੈ ਤੁਸਾਂ।"

"ਹਾਂ, ਪਰ ਆਫਿਸ ਅੱਠ ਵਜੇ ਲੱਗਦਾ ਹੈ। ਮੈਨੂੰ ਸੌਣ ਦੇ...ਇਕ ਤੇ ਅੱਧੀ ਰਾਤ ਤਕ ਤੇਰੇ ਭਾਂਡਿਆਂ ਦੀ ਠੱਕ-ਠੱਕ ਹੀ ਨੀਂਦਰ ਨਹੀਂ ਆਉਣ ਦੇਂਦੀ। ਹੁਣ ਸਵੇਰੇ ਸਵੇਰੇ...।'

"ਮੋਟਰ ਪਾਣੀ ਨਹੀਂ ਖਿੱਚ ਰਹੀ। ਉਠ ਕੇ ਦੇਖੋ ਪਲੀਜ਼। ਮੈਂ ਕੱਪੜੇ ਧੋਣ ਲੱਗੀ ਸਾਂ ਪਰ ਨਲਕੇ ਖੁਸ਼ਕ ਹੋਏ ਪਏ ਨੇ। ਪਤਾ ਨਹੀਂ ਕੀ ਹੋ ਗਿਆ ਏ ਮੋਟਰ ਨੂੰ?" ਪੂਰੀ ਟੈਨਸ਼ਨ ਵਿਚ ਹੈ ਉਹ।



"ਖੁਸ਼ਕ ਨਲਕਾ ਨਹੀਂ ਸਗੋਂ ਤੇਰਾ ਦਿਮਾਗ ਹੋ ਗਿਆ ਹੈ। ਸਵੇਰੇ-ਸਵੇਰੇ ਰੌਲਾ ਪਾ ਰੱਖਿਆ ਖਾਹਮਖਾਹ।" ਨੀਂਦਰ ਟੁੱਟਣ ਕਾਰਨ ਪਤੀ ਦਾ ਗੁੱਸਾ ਅਸਮਾਨ ਛੂਹ ਰਿਹਾ ਹੈ।

"ਰੌਲਾ ਪਾ ਰਹੀ ਹਾਂ ਮੈਂ? ਘੰਟੇ ਭਰ ਬਾਅਦ ਮਜ਼ਦੂਰਾਂ, ਮਿਸਤਰੀਆਂ ਨੇ ਆ ਜਾਣਾ। ਪਾਣੀ ਬਿਨਾਂ ਕੀ ਕਰਨਗੇ ਉਹ? ਐਵੇਂ ਠੱਕ-ਠਾਹ ਕਰਕੇ ਦਿਹਾੜੀ ਸਾਡੇ ਸਿਰ ਚਾੜ੍ਹ ਤੁਰ ਜਾਣਗੇ। ਤੇ ਤੁਸੀਂ ਆਖ ਰਹੇ ਹੋ ਮੈਂ ਖਾਹ-ਮ-ਖਾਹ...?" ਰੋਣਹਾਕੀ ਹੋ ਜਾਂਦੀ ਹੈ ਉਹ।

"ਨਾ, ਮੈਂ ਕੋਈ ਪਲੰਬਰ ਹਾਂ?"

"ਪਲੰਬਰ ਨਹੀਂ ਹੋ ਤਾਂ ਪਲੰਬਰ ਢੂੰਡ ਲਿਆਓ। ਸਾਢੇ ਛੇ ਵੱਜ ਚੁੱਕੇ ਨੇ। ਅਜੇ ਸਾਰੇ ਕਾਰੀਗਰ ਆਪਣੇ ਘਰੀਂ ਹੀ ਹੋਣਗੇ। ਉਠੋ। ਬਾਹਰ ਨਿਕਲੋ। ਕਿਸੇ ਤੋਂ ਪੁੱਛ ਕੇ ਪਤਾ ਚਲ ਹੀ ਜਾਏਗਾ।"

"ਮੇਰੇ ਤੋਂ ਨਹੀਂ ਇਹ ਕਾਰੀਗਰਾਂ ਦੀਆਂ ਮਰਦਮਸ਼ੁਮਾਰੀਆਂ ਹੁੰਦੀਆਂ। ਮਿਸਤਰੀ ਮਜ਼ਦੂਰ ਆਉਣਗੇ, ਉਨ੍ਹਾਂ ਨੂੰ ਆਖੀਂ ਆਪੇ ਲੱਭ ਲਿਆਉਣਗੇ। ਮੈਂ ਮੰਦਰ ਵਿਚ ਜਾ ਕੇ ਨਹਾ-ਧੋ ਆਉਂਦਾ ਹਾਂ।" ਉਹ ਤੌਲੀਆ, ਸਾਬਣ, ਬਰੱਸ਼, ਪੇਸਟ ਚੁੱਕ ਤੁਰ ਪੈਂਦਾ ਹੈ।

"ਰਾਜੂ! ਉਠ ਬੇਟਾ ਸਕੂਲ ਦੇਰ ਹੋ ਜਾਏਗੀ।" ਦਸਵੀਂ ਪੜ੍ਹਦੇ ਮੁੰਡੇ ਨੂੰ ਹਿਲਾ ਕੇ ਜਗਾਉਂਦੀ ਹੈ।

"ਮਮਾ! ਮੈਂ ਤੁਹਾਡੀਆਂ ਗੱਲਾਂ ਸੁਣਲੀਆਂ ਨੇ। ਜੇ ਪਾਣੀ ਨਹੀਂ ਹੈ ਤਾਂ ਮੈਂ ਕਿਵੇਂ ਨਹਾਵਾਂਗਾ? ਬਿਨਾਂ ਨਹਾਏ ਤਾਂ ਮੈਂ ਸਕੂਲ ਵਿਚ ਮੌਜੂ ਬਣ ਜਾਵਾਂਗਾ।"

"ਫਿਰ?"

"ਫਿਰ ਅੱਜ ਸਕੂਲੋਂ ਛੁੱਟੀ।" ਆਖ ਉਹ ਹੋਰ ਚੰਗੀ ਤਰ੍ਹਾਂ ਪਸਰ ਕੇ ਸੌਂ ਜਾਂਦਾ ਹੈ।

ਉਸਨੂੰ ਜਾਪਦਾ ਹੈ ਜਿਵੇਂ ਤਣਾਓ ਕਾਰਨ ਉਸਦਾ ਸਿਰ ਫਟ ਰਿਹਾ ਹੈ। ਇਹ ਮਰਦਾਂ ਦੀ ਜ਼ਾਤ ਏਨੀ ਲਾਪਰਵਾਹ ਕਿਉਂ ਹੁੰਦੀ ਹੈ? ਕੀ ਕਮਾਉਣ ਖੱਟਣ ਵਾਲੀ ਔਰਤ ਦੀ ਇਹੋ ਤ੍ਰਾਸਦੀ ਹੈ ਕਿ ਉਹ ਚੱਕੀ ਦੇ ਦੋਹਾਂ ਪੁੜਾਂ ਵਿਚਾਲੇ ਆ ਜਾਵੇ ਤੇ ਪਿਸੀ ਜਾਵੇ ਦਿਨ ਰਾਤ। ਘਰ ਕੀ ਤੇ ਬਾਹਰ ਕੀ? ਕੀ ਹੁਣ ਪਾਣੀ ਤੇ ਪਲੰਬਰ ਲਈ ਵੀ ਉਸੇ ਨੂੰ ਹੀ ਨੱਠ-ਭੱਜ ਕਰਨੀ ਪਵੇਗੀ? ਰੋਣਾ ਆ ਰਿਹਾ ਹੈ ਉਸ ਨੂੰ। ਪਰ ਰੋਣ ਦਾ ਵੀ ਕੀ ਫਾਇਦਾ। ਹਰ ਵਾਰ ਵਾਂਗ ਪਤੀ ਦੇਵ ਨੇ ਇਸ ਵੇਲੇ ਵੀ ਉਹੋ ਰਟੇ ਰਟਾਏ ਸੰਵਾਦ ਦੁਹਰਾ ਦੇਣੇ ਹਨ, "ਤੈਨੂੰ ਹੀ ਤਾਂ ਪੰਗਾ ਲੈਣ ਦਾ ਚਾਅ ਚੜ੍ਹਿਆ ਸੀ। ਕਰ ਤਾਂ ਰਿਹਾ ਸੀ ਠੇਕੇਦਾਰ ਚੰਗਾ ਭਲਾ ਕੰਮ। ਅਖੇ ਨਹੀਂ ਜੀ ਮੈਂ ਜ਼ਿਆਦਾ ਸਿਆਣੀ ਹਾਂ। ਭਈ ਸਿਆਣੀ ਹੈਂ ਤਾਂ ਫਿਰ ਸੰਭਾਲ ਆਪੇ। ਮੇਰੇ ਤੋਂ ਤਾਂ ਇਹ ਖਲਜਗਣ ਨਹੀਂ ਸੰਭਾਲੇ ਜਾਂਦੇ। ਤਾਂ ਹੀ ਮੈਂ ਠੇਕੇ 'ਤੇ ਕੰਮ ਦੇ ਕੇ ਸਿਆਪਾ ਮੁਕਾਇਆ ਸੀ। ਪਰ ਨਹੀਂ ਜੀ...।"

ਕਿੰਨੀ ਵਾਰ ਪੱਕੀ ਇੱਟ ਵਾਂਗ ਉਹ ਇਹੀ ਤਾਅਨਾ ਉਸਨੂੰ ਮਾਰ ਚੁੱਕੇ ਹਨ। ਤਾਂ ਕੀ ਉਹ ਆਪਣੇ ਘਰ ਅਤੇ ਪੈਸੇ ਦੀ ਬਰਬਾਦੀ ਹੁੰਦੀ ਵੇਖ ਉਨ੍ਹਾਂ ਵਾਂਗ ਹੀ ਅੱਖਾਂ ਮੀਟ ਕੇ ਅਣਗੌਲਿਆਂ ਕਰ ਛੱਡਦੀ? ਤੇ ਜੋ ਜਿਵੇਂ ਹੋ ਰਿਹਾ ਸੀ ਉਸਨੂੰ ਉਵੇਂ ਹੀ ਹੋਣ ਦੇਂਦੀ?

ਨੌਕਰੀ ਅਤੇ ਬੱਚੇ ਦੀ ਪੜ੍ਹਾਈ ਖਾਤਰ ਹੀ ਤਾਂ ਉਹ ਪਿੰਡ ਛੱਡ ਕੇ ਪਿਛਲੇ ਪੰਦਰਾਂ ਸਾਲਾਂ ਤੋਂ ਇਸ ਸ਼ਹਿਰ ਵਿਚ ਮਹਿੰਗੇ ਕਿਰਾਏ ਦੇ ਮਕਾਨਾਂ ਵਿਚ ਰਹਿ ਰਹੇ ਹਨ। ਹੁਣ ਤਾਂ ਉਨ੍ਹਾਂ ਦੀ ਮਾਨਸਿਕਤਾ ਹੀ ਕਿਰਾਏਦਾਰਾਂ ਵਰਗੀ ਦਬੀ ਸੁੰਗੜੀ ਤੇ ਦਬੂ ਜਹੀ ਹੋ ਗਈ ਹੋਈ ਹੈ। ਉਨ੍ਹਾਂ ਦੀ ਆਪਣੀ ਤਾਂ ਚਲੋ ਜਿਵੇਂ ਤਿਵੇਂ ਨਿਭ ਹੀ ਰਹੀ ਸੀ ਪਰ ਦਸਵੀਂ 'ਚ ਪੜ੍ਹ ਰਹੇ ਜਵਾਨ ਹੁੰਦੇ ਮੁੰਡੇ ਉਤੇ ਸੌ ਸੌ ਬੰਦਸ਼ਾਂ? ਗੱਲ ਗੱਲ ਉਤੇ ਮਕਾਨ ਮਾਲਕ ਦੀ ਟੋਕਾ-ਟਾਕੀ। ਬਿਨਾਂ ਵਜ੍ਹਾ ਝਿੜਕ ਦੇਣਾ। ਟੇਡੀਆਂ ਅੱਖਾਂ ਨਾਲ ਤਾੜਨਾ, ਖਿਝਣਾ। ਇਹ ਸਭ ਬੱਚੇ ਨੂੰ ਤਾਂ ਪ੍ਰੇਸ਼ਾਨ ਕਰ ਹੀ ਰਿਹਾ ਸੀ, ਉਨ੍ਹਾਂ ਨੂੰ ਵੀ ਦੁਖੀ ਕਰ ਦੇਂਦਾ। ਚਾਰ ਜਗ੍ਹਾ ਉਹ ਟਿਊਸ਼ਨ ਪੜ੍ਹਨ ਜਾਂਦਾ। ਪੜ੍ਹਨ ਪੜ੍ਹਾਉਣ ਉਸ ਕੋਲ ਦੋਸਤਾਂ, ਸਹਿਪਾਠੀਆਂ ਨੇ ਆਉਣਾ-ਜਾਣਾ ਹੀ ਹੁੰਦਾ। ਪਰ ਮਕਾਨ ਮਾਲਕ ਦਾ ਹਰ ਗੱਲ ਉਤੇ ਕਿੰਤੂ-ਪ੍ਰੰਤੂ।

"ਅਵਾਰਾ ਹੋ ਗਿਆ ਤੁਹਾਡਾ ਲੜਕਾ। ਫਜ਼ੂਲ ਜਿਹੇ ਮੁੰਡਿਆਂ ਨੂੰ ਘਰ ਵਾੜੀ ਰੱਖਦਾ। ਸਾਡੇ ਘਰ ਵੀ ਪੜ੍ਹਨ ਵਾਲੀਆਂ ਜਵਾਨ ਕੁੜੀਆਂ ਹਨ। ਉਨ੍ਹਾਂ ਉਤੇ ਬੁਰਾ ਅਸਰ ਪਊਗਾ। ਇਸ ਨੂੰ ਸਮਝਾਓ, ਘਰੇ ਕੁੜੀਆਂ ਮੁੰਡਿਆਂ ਨੂੰ ਨਾ ਲਿਆਇਆ ਕਰੇ...।"

ਉਹ ਮਜਬੂਰ ਹਨ। ਮਕਾਨ ਮਾਲਕ ਨੂੰ ਪਲਟ ਕੇ ਕੋਰਾ ਖਰਵਾ ਜਵਾਬ ਦੇਣ ਦਾ ਸੋਚਣ ਤੋਂ ਪਹਿਲਾਂ ਉਹ ਆਪਣੇ ਆਪ ਲਈ ਕਿਸੇ ਹੋਰ ਘਰ ਬੰਦੋਬਸਤ ਕਰ ਸਕਣ ਬਾਰੇ ਸੋਚ ਕੇ ਚੁੱਪ ਕਰ ਜਾਂਦੇ ਹਨ। ਹੁਣ ਕੋ-ਐਡ ਵਿਚ ਪੜ੍ਹਨ ਵਾਲੇ ਬੱਚਿਆਂ ਲਈ ਭਲਾਂ ਅੱਜ-ਕੱਲ੍ਹ ਮੁੰਡੇ ਕੁੜੀਆਂ ਵਿਚਲਾ ਫਰਕ ਕੀ ਮਾਅਨੇ ਰੱਖਦਾ ਹੈ? ਉਹ ਤਾਂ ਬਸ ਸਹਿਪਾਠੀ ਹੁੰਦੇ ਹਨ ਜਾਂ ਦੋਸਤ। ਅੱਜ ਦਾ ਵਕਤ ਪੁਰਾਣੇ ਵਾਲਾ ਕਿਥੇ ਰਿਹਾ?

ਹੁਣ ਤਾਂ ਟੀ.ਵੀ. 'ਤੇ ਇਕ ਮਾਂ ਆਪਣੀ ਬੇਟੀ ਦਾ ਅੱਧੀ ਰਾਤੀਂ ਫੋਨ ਸੁਣ ਕੇ ਬਾਥਰੂਮ ਵਿਚ ਵੜ ਅੰਦਰੋਂ ਕੁੰਡੀ ਲਗਾ ਲੈਂਦੀ ਹੈ। ਮੋਬਾਈਲ ਵਿਚ ਉਹ ਫੁਸਫੁਸਾਂਦੀ ਆਵਾਜ਼ ਵਿਚ ਪੁੱਛਦੀ ਹੈ, "ਬਿਨਾਂ ਪ੍ਰੋਟੈਕਸ਼ਨ ਦੇ? ਕਬ? ਕਿਤਨੀ ਬਾਰ? ਪਾਗਲ ਹੋ ਗਈ ਹੈ ਕਯਾ? ਅਗਰ ਪ੍ਰੈਗਨੈਂਟ ਹੋ ਗਈ ਤੋ? ਜਾਨਤੀ ਹੈ ਸੀਧਾ ਅਬਾਰਸ਼ਨ....? ਤੁਮ ਇਤਨੀ ਲਾਪ੍ਰਵਾਹ ਕੈਸੇ ਹੋ ਗਈ?"

ਫਿਰ ਸੁਘੜ ਤੇ ਮਾਡਰਨ ਮਾਂ ਕਿਸੇ ਦਵਾਈ ਦਾ ਨਾਂ ਦੱਸਦੀ ਹੈ ਜਿਹੜੀ ਬਹੱਤਰ ਘੰਟਿਆਂ ਵਿਚ ਹੀ ਅਣਚਾਹਿਆ ਗਰਭ ਠਹਿਰਣ ਤੋਂ ਬਚਾ ਸਕਦੀ ਹੈ। ਇਹ ਅੱਜ ਦੀ ਆਧੁਨਿਕਤਾ ਹੈ। ਸਭ ਕੁਝ ਸਵੀਕਾਰਿਤ। ਘਰ, ਪਰਿਵਾਰ, ਸ਼ਹਿਰ ਤੋਂ ਦੂਰ ਦੂਜੇ ਸ਼ਹਿਰਾਂ ਵਿਚ ਪੜ੍ਹਦੇ, ਨੌਕਰੀਆਂ ਕਰਦੇ ਬੱਚੇ ਅੱਖਾਂ ਸਾਹਵੇਂ ਟੀ.ਵੀ. ਉਤੇ ਪਰੋਸੇ ਜਾ ਰਹੇ ਆਕ੍ਰਸ਼ਕ ਸੈਕਸ ਐਡਾਂ ਨੂੰ ਵੇਖ ਕਿੰਨਾ ਸੰਜਮ ਰੱਖਦੇ ਹੋਣਗੇ? ਇਹ ਸ਼ਾਇਦ ਹੁਣ ਬਹੁਤਾ ਵਿਚਾਰਨ ਵਾਲੀ ਗੱਲ ਹੀ ਨਹੀਂ ਰਹਿ ਗਈ।

ਪ੍ਰਾਈਵੇਟ ਕੰਪਨੀਆਂ, ਕਾਲ ਸੈਂਟਰਾਂ ਤੇ ਹੋਰ ਅਦਾਰਿਆਂ ਵਿਚ ਦਿਨ ਰਾਤ ਤਣਾਓ ਭਰਪੂਰ ਜੌਬ ਕਰਨ ਵਾਲੇ ਨੌਜਵਾਨ, ਤਣਾਓ ਦੂਰ ਕਰਨ ਲਈ ਕੀ ਕੀ ਤਰੀਕੇ ਅਪਨਾ ਰਹੇ ਹਨ, ਹੁਣ ਮਾਪਿਆਂ ਲਈ ਇਹ ਚਿੰਤਾ ਦਾ ਵਿਸ਼ਾ ਨਹੀਂ ਰਹਿ ਗਿਆ। ਚਿੰਤਾ ਦਾ ਵਿਸ਼ਾ ਇਹ ਹੈ ਕਿ ਏਨੇ ਜਾਨਲੇਵਾ ਕੰਪੀਟੀਸ਼ਨਾਂ ਵਿਚ ਮਿਹਨਤ ਮੁਸ਼ੱਕਤ ਕਰਦਿਆਂ ਲਾਈਫ਼ ਇੰਜੁਆਏ ਕਰਨੀ ਤਾਂ ਠੀਕ ਹੈ ਪਰ ਸਹੀ ਪ੍ਰੋਟੈਕਸ਼ਨ ਅਤੇ ਪ੍ਰੀਕਾਸ਼ਨਜ਼ ਨਾਲ। ਹੁਣ 'ਹਾਇ ਕਿਉਂ?' ਵਰਗੇ ਸੁਆਲਾਂ ਦੇ ਜਵਾਬ 'ਪ੍ਰੋਟੈਕਸ਼ਨ' ਤੇ 'ਪ੍ਰੀਕਾਸ਼ਨਜ਼' ਹਨ ਜਿਹੜੇ ਉਪਰੋਕਤ ਐਡ ਵਾਲੀ ਮਾਂ ਆਪਣੀ ਮਾਡਰਨ ਬੇਟੀ ਨੂੰ ਸਮਝਾਉਂਦੀ ਹੈ। ਤੇ ਇਹ ਬੁੱਢਾ ਮਕਾਨ ਮਾਲਕ ਹਰ ਵੇਲੇ ਆਪਣਾ ਰਾਗ ਅਲਾਪਣ ਲੱਗ ਪੈਂਦਾ ਹੈ, ਅਖੇ ਤੁਹਾਡੇ ਪੁੱਤਰ ਨਾਲ ਘਰ ਆਉਣ ਵਾਲੇ ਦੋਸਤਾਂ ਕਾਰਨ ਸਾਡੀਆਂ ਕੁੜੀਆਂ ਉਤੇ ਬੁਰਾ ਅਸਰ ਪੈਂਦਾ ਹੈ। ਉਸਨੂੰ ਕੀ ਪਤਾ ਕਿ ਅੱਠਵੀਂ ਤੋਂ ਬਾਅਦ ਹੀ ਬੱਚੇ ਜਦ ਬਾਇਓਲੋਜੀ ਪੜ੍ਹਨੀ ਤੇ ਪ੍ਰੈਕਟੀਕਲ ਕਰਨੇ ਸ਼ੁਰੂ ਕਰਦੇ ਹਨ ਤਾਂ ਅਜਿਹੇ ਡਰ ਬੱਚਿਆਂ ਦੇ ਮਨਾਂ 'ਚੋਂ ਉਦੋਂ ਹੀ ਨਿਕਲ ਜਾਂਦੇ ਹਨ।

ਘਰ ਬਣਾਉਣ ਲਈ ਪਤੀ ਦੇਵ ਨੂੰ ਰਾਜ਼ੀ ਕਰਨਾ ਪਹਾੜ ਕੱਟ ਕੇ ਪਾਣੀ ਦੀ ਨਹਿਰ ਵਗਾਉਣ ਜਿਹਾ ਦੁਸ਼ਵਾਰ ਕੰਮ ਸੀ। ਖ਼ੈਰ... ਦੋਸਤਾਂ ਮਿੱਤਰਾਂ ਨੂੰ ਕਹਿ ਕਹਾ ਕੇ 'ਸਾਹਬ' ਨੂੰ ਇਸ ਮਹਾਨ ਕੰਮ ਲਈ ਪ੍ਰੇਰਿਤ ਤਾਂ ਕਰ ਲਿਆ ਪਰ ਉਨ੍ਹਾਂ ਪਹਿਲਾਂ ਹੀ ਆਖ ਦਿੱਤਾ, "ਮੇਰੇ ਤੋਂ ਇਹ ਝੰਜਟ ਨਹੀਂ ਹੋ ਸਕਦੇ। ਕੱਲ੍ਹ ਨੂੰ ਮੈਨੂੰ ਨਹੀਂ ਕਹਿਣਾ ਕਿ ਸੀਮਿੰਟ ਲਿਆਓ, ਸਰੀਆ ਲਿਆਓ, ਮਿਸਤਰੀ ਲੱਭੋ ਜਾਂ ਮਜ਼ਦੂਰ ਨਹੀਂ ਆਏ। ਇਹ ਕੰਮ ਮੇਰੇ ਨਹੀਂ ਹਨ। ਜੇ ਮਕਾਨ ਬਣਾਉਣਾ ਤਾਂ ਸਿੱਧਾ ਕਿਸੇ ਠੇਕੇਦਾਰ ਨਾਲ ਗੱਲ ਕਰਦੇ ਹਾਂ। ਉਸਨੂੰ ਇਕ ਨਕਸ਼ਾ ਬਣਵਾ ਕੇ ਪੁੱਛਦੇ ਹਾਂ ਐਸਟੀਮੇਟ। ਪੈਸਾ ਉਸਨੂੰ ਪੇਅ ਕਰ ਦਿਆਂਗੇ। ਫਿਰ ਉਹ ਜਾਣੇ ਤੇ ਉਸਦਾ ਕੰਮ ਜਾਣੇ। ਸਾਨੂੰ ਸਾਡੀ ਮਰਜ਼ੀ ਮੁਤਾਬਿਕ ਘਰ ਬਣਿਆ ਮਿਲ ਜਾਣਾ ਚਾਹੀਦਾ ਹੈ। ਬਸ, ਠੀਕ ਹੈ...?"

ਉਨ੍ਹਾਂ ਨੇ ਕਿਵੇਂ ਜ਼ਿੰਦਗੀ ਵਿਚ ਪਹਿਲੀ ਵਾਰ ਏਨੀ ਦਿਲਚਸਪ ਅਤੇ ਜ਼ਿੰਮੇਦਾਰਾਨਾ ਤਕਰੀਰ ਕੀਤੀ ਸੀ। ਕਮਰੇ ਵਿਚ ਉਸ ਵੇਲੇ ਪਤਨੀ ਤੋਂ ਇਲਾਵਾ ਦੋ ਨਜ਼ਦੀਕੀ ਦੋਸਤ ਵੀ ਬੈਠੇ ਸਨ। ਪਤੀ ਨੇ ਇਸ ਉਮੀਦ ਨਾਲ ਸਭ ਦੇ ਚਿਹਰਿਆਂ ਵਲ ਨਜ਼ਰ ਮਾਰੀ ਕਿ ਉਹ ਖੁਸ਼ ਹੋ ਕੇ ਹੁਣੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦੇਣਗੇ।

"ਠੇਕੇ 'ਤੇ ਕੰਮ ਕਰਾਉਣਾ ਆਸਾਨ ਤਾਂ ਹੈ ਪਰ ਠੇਕੇਦਾਰਾਂ ਉਤੇ ਵੀ ਨਜ਼ਰ ਰੱਖਣੀ ਪੈਂਦੀ ਹੈ। ਨਹੀਂ ਤਾਂ ਸਾਲੇ ਠੇਕੇਦਾਰ ਹੀ ਅਸਲੀ ਚੂਨਾ ਲਗਾ ਜਾਂਦੇ ਹਨ। ਉਨ੍ਹਾਂ ਆਪਣਾ ਕੰਮ ਖਤਮ ਕਰ, ਪੈਸੇ ਵੱਟ ਨਿਕਲ ਜਾਣਾ ਹੁੰਦਾ ਹੈ। ਫਿਰ ਭਾਵੇਂ ਦੀਵਾਰਾਂ ਡਿੱਗਣ ਜਾਂ ਢੱਠਣ। ਉਨ੍ਹਾਂ ਨੂੰ ਕੌਣ ਪੁੱਛਦਾ ਹੈ?" ਇਕ ਦੋਸਤ ਨੇ ਰਾਇ ਦਿੱਤੀ।

"ਭਈ ਮੈਂ ਤਾਂ ਆਫਿਸ ਤੋਂ ਛੁੱਟੀ ਨਹੀਂ ਲੈ ਸਕਦਾ। ਤੁਹਾਨੂੰ ਪਤਾ ਹੀ ਹੈ ਬਈ ਇਹ ਮਾਰਚ ਮਹੀਨਾ ਆਉਣ ਵਾਲਾ ਹੈ। ਤੁਸੀਂ ਸਾਰੇ ਮਾਰਚ ਮਹੀਨੇ ਦੀ ਅਹਿਮੀਅਤ ਸਮਝਦੇ ਹੋ ਨਾ? ਇਹੋ ਤਾਂ ਸਮਾਂ ਹੁੰਦਾ ਹੈ ਜਦ ਸਾਰੇ ਸਾਲ ਦਾ 'ਹਿਸਾਬ ਕਿਤਾਬ' ਕਰਨਾ ਹੁੰਦਾ ਹੈ। ਵਰਨਾ ਪੂਰਾ ਸਾਲ ਤਾਂ ਦਫਤਰਾਂ ਵਿਚ ਝੱਖ ਹੀ ਮਾਰਨੀ ਹੁੰਦੀ ਹੈ। ਸੋ ਮੈਂ ਇਹ ਰਿਸਕ ਨਹੀਂ ਲੈ ਸਕਦਾ। ਮੈਂ ਸੋਚ ਲਿਆ ਭਈ ਜੇ ਕੰਮ ਕਰਾਉਣਾ ਹੈ ਤਾਂ ਸਿੱਧਾ ਠੇਕੇ ਉਤੇ ਦੇ ਕੇ...।"

ਇਸ ਤੋਂ ਪਹਿਲਾਂ ਕਿ ਉਹ ਅਗੇ ਕਹਿ ਦੇਂਦਾ, "ਵਰਨਾ..." ਪਤਨੀ ਅੰਦਰ ਕਿਚਨ ਵਿਚ ਚਾਹ ਬਣਾਉਣ ਲਈ ਉਠ ਗਈ ਸੀ।

ਮਕਾਨ ਦਾ ਕੰਮ ਇਕ ਭਈਏ ਠੇਕੇਦਾਰ ਨੂੰ ਸੌਂਪ ਦਿੱਤਾ ਗਿਆ। ਅਗਲੇ ਦਿਨ ਹੀ ਉਹ ਆਪਣੇ ਦੋ-ਤਿੰਨ ਸਾਥੀਆਂ ਨਾਲ ਪਲਾਟ ਦੀ ਲੰਬਾਈ ਚੌੜਾਈ ਮਾਪਣ ਆ ਗਿਆ ਸੀ ਤੇ ਦੂਜੇ ਦਿਨ ਹੀ ਰੇਤ, ਬਜਰੀ, ਸੀਮਿੰਟ, ਸਰੀਆ, ਪੱਥਰ, ਇੱਟਾਂ ਟਰਾਲੀਆਂ ਵਿਚ ਲੱਦਿਆ ਆ ਗਿਆ। ਪਲਾਟ ਦੇ ਨਾਲ ਹੀ ਉਨ੍ਹਾਂ ਨੇ ਕਿਰਾਏ 'ਤੇ ਘਰ ਲਿਆ ਹੋਇਆ ਸੀ ਤਾਂ ਜੁ ਨਿਗਰਾਨੀ ਰਹਿ ਸਕੇ।

ਪਤਨੀ ਆਪ ਆਲ ਇੰਡੀਆ ਰੇਡੀਓ ਦੀ ਹੋਸਟ ਹੈ। ਕਦੀ ਸਵੇਰ ਦੀ ਡਿਊਟੀ, ਕਦੀ ਦੁਪਹਿਰ ਤੇ ਕਦੀ ਦੇਰ ਸ਼ਾਮ ਤਕ ਦੀ। ਹਾਂ, ਸ਼ਾਮੀਂ ਅੱਠ ਵਜੇ ਫਰਮਾਇਸ਼ੀ ਫੋਨ ਪ੍ਰੋਗਰਾਮ ਉਸਦੀ ਵਿਸ਼ੇਸ਼ ਪਹਿਚਾਣ ਬਣ ਗਿਆ ਹੋਇਆ ਹੈ। ਸਰੋਤੇ ਉਸਦੀ ਆਵਾਜ਼ ਦੇ ਕੀਲੇ ਆਪਣੇ ਫੋਨ ਮਿਲਣ ਦੀ ਉਡੀਕ ਵਿਚ ਨੰਬਰ ਮਿਲਾਉਂਦੇ ਰਹਿੰਦੇ ਹਨ।

ਜਦੋਂ ਤੋਂ ਮਕਾਨ ਦਾ ਕੰਮ ਸ਼ੁਰੂ ਹੋਇਆ ਹੈ, ਡਿਊਟੀ ਕਰਦੀ ਦਾ ਧਿਆਨ ਹਰ ਵੇਲੇ ਘਰ ਵਲ ਹੀ ਰਹਿੰਦਾ ਹੈ। ਕੁਝ ਤਾਂ ਲੋਕਾਂ ਨੇ ਵੀ ਉਸਨੂੰ ਵਹਿਮੀ ਕਰ ਛੱਡਿਆ ਹੋਇਆ ਹੈ। ਡਿਊਟੀ ਕਰਦੀ ਦਾ ਜ਼ਿਹਨ ਵੀ ਕਈ ਵਾਰ ਗੈਰਹਾਜ਼ਰ ਜਿਹਾ ਹੀ ਰਹਿੰਦਾ ਹੈ।

"ਕੁਝ ਦਿਨ ਛੁੱਟੀ ਕਿਉਂ ਨਹੀਂ ਲੈ ਲੈਂਦੇ, ਤੁਸੀਂ ਦੋਵੇਂ ਪਤੀ-ਪਤਨੀ ਬਦਲ-ਬਦਲ ਕੇ। ਕੁਝ ਦਿਨ ਤੂੰ ਤੇ ਕੁਝ ਦਿਨ ਤੇਰੇ ਸਾਹਬ। ਇੰਜ ਕੰਮ ਆਪਣੀ ਨਿਗਰਾਨੀ ਵਿਚ ਹੋਵੇਗਾ। ਇਨ੍ਹਾਂ ਮੋਏ ਠੇਕੇਦਾਰਾਂ ਉਤੇ ਭਰੋਸਾ ਥੋੜਾ ਕੀਤਾ ਜਾ ਸਕਦਾ ਹੈ। ਪੰਜਾਹ ਬੈਗ ਸੀਮਿੰਟ ਦੱਸਣਗੇ ਤੇ ਵੀਹ ਹੀ ਲਾਉਣਗੇ।" ਕੁਲੀਗ ਸਲਾਹ ਦੇਂਦੇ ਹਨ।

"ਹਾਂ ਭਈ ਐਵੇਂ ਤਾਂ ਨਈਂ ਏਡੀਆਂ ਵੱਡੀਆਂ ਇਮਾਰਤਾਂ ਅਤੇ ਪੁਲ ਬਣਨ ਤੋਂ ਪਹਿਲਾਂ ਹੀ ਟੁੱਟ ਜਾਂਦੇ...।" ਦੂਜਾ ਹਾਮੀ ਭਰਦਾ ਹੈ।

"ਮਕਾਨ ਕੋਈ ਵਾਰ-ਵਾਰ ਥੋੜੇ ਬਣਦਾ ਹੈ। ਇਕ ਵਾਰ ਬਣ ਗਿਆ, ਸੋ ਬਣ ਗਿਆ।"

ਉਹ ਘਰ ਆ ਕੇ ਝਿਜਕਦੇ ਹੋਏ ਇਹ ਗੱਲਾਂ ਪਤੀ ਨੂੰ ਆਖਦੀ ਹੈ। ਪਰ ਉਹ ਤਾਂ ਖਿਝ ਹੀ ਗਿਆ ਸੀ।

"ਮੈਂ ਪਹਿਲਾਂ ਹੀ ਕਲੀਅਰ ਕਰ ਦਿੱਤਾ ਸੀ ਕਿ ਮੇਰੇ ਤੋਂ ਅਜਿਹੀ ਕੋਈ ਆਸ ਨਾ ਰੱਖੀਂ। ਤੈਨੂੰ ਸ਼ੌਕ ਹੈ ਤਾਂ ਬੇਸ਼ਕ ਘਰ

ਬੈਠ ਕੇ ਉਨ੍ਹਾਂ ਦੀ ਨਿਗਰਾਨੀ ਕਰਦੀ ਰਹਿ।"

ਨੀਂਹਾਂ ਪੈ ਗਈਆਂ। ਨਕਸ਼ੇ ਮੁਤਾਬਕ ਦੀਵਾਰਾਂ ਦੀ ਚਿਣਾਈ ਹੋ ਰਹੀ ਸੀ। ਪਤੀ ਦੇਵ ਦਾ ਆਫ਼ਿਸ ਤਾਂ ਪੰਜ ਵਜੇ ਬੰਦ ਹੋ ਜਾਂਦਾ ਸੀ ਪਰ ਆਦਤ ਅਨੁਸਾਰ ਉਹ ਰਾਤੀਂ ਅੱਠ-ਨੌਂ ਵਜੇ ਹੀ ਘਰ ਪਰਤਦੇ। ਉਦੋਂ ਤਕ ਉਹ ਆਪ ਵੀ ਜ਼ਿਹਨੀ ਤੇ ਜਿਸਮਾਨੀ ਤੌਰ ਉਤੇ ਏਨਾ ਥੱਕ ਚੁੱਕੀ ਹੁੰਦੀ ਕਿ ਕੋਈ ਗੱਲ ਕਰਨ ਨੂੰ ਮਨ ਹੀ ਨਾ ਕਰਦਾ।

ਮਕਾਨ ਇੰਜ ਹੀ ਉਸਰਦਾ ਚਲਾ ਗਿਆ।

"ਆਂਟੀ ਜੀ ਪੀਨੇ ਕੇ ਲੀਏ ਪਾਨੀ ਚਾਹੀਏ...।" ਭਈਆ ਜੱਗ ਲੈ ਕੇ ਦਰਵਾਜ਼ੇ ਉਤੇ ਖੜ੍ਹਾ ਹੋ ਗਿਆ। ਉਸਨੇ ਜੱਗ ਵਿਚ ਪਾਣੀ ਭਰ ਦਿੱਤਾ।

"ਆਂਟੀ ਜੀ, ਏਕ ਬਾਤ ਕਹੂੰ ਅਗਰ ਆਪ ਮੇਰਾ ਨਾਮ ਕਿਸੀ ਕੋ ਨਾ ਬਤਾਏ ਤੋ।"

"ਹਾਂ...ਹਾਂ... ਬਤਾਓ ਕਿਆ ਬਾਤ ਹੈ?"

"ਆਂਟੀ ਜੀ, ਆਪ ਲੋਗ ਜ਼ਰਾ ਖੁਦ ਠੇਕੇਦਾਰ ਪਰ ਨਜ਼ਰ ਰਖਾ ਕੀਜੀਏ। ਬੜੀ ਗੜਬੜੀ ਕਰਤਾ ਹੈ। ਬੀਸ ਬੋਰੀ ਸੀਮਿੰਟ ਬਤਾ ਕਰ ਦਸ ਹੀ ਲਗਵਾਤਾ ਹੈ। ਬਹੁਤ ਗੜਬੜ ਕਰਤਾ ਹੈ।" ਹੌਲੀ-ਹੌਲੀ ਆਖਦਾ ਭਈਆ ਜੱਗ ਚੁੱਕ ਤੁਰ ਗਿਆ ਹੈ।

ਉਸਨੂੰ ਫੇਰ ਟੈਨਸ਼ਨ ਨੇ ਘੇਰ ਲਿਆ ਹੈ। ਕੀ ਕਰੇ ਉਹ? ਕਿਸ ਨੂੰ ਕਹੇ? ਪਤੀ ਨੂੰ? ਕੋਈ ਫਾਇਦਾ ਨਹੀਂ।

ਸੋਚ ਸੋਚ ਕੇ ਉਸਨੇ ਆਪਣੇ ਮੁਤਾਬਕ ਆਫ਼ਿਸ ਇਕ ਮਹੀਨੇ ਲਈ ਅਰਨ ਲੀਵ ਅਪਲਾਈ ਕਰ ਲਈ ਹੈ ਤੇ ਅਗਲੇ ਹੀ ਦਿਨ ਤੋਂ ਉਹ ਘਰ ਅਤੇ ਪਲਾਟ ਦੇ ਚੱਕਰਾਂ ਵਿਚਕਾਰ ਚਕਰਾਈ ਫਿਰਨ ਲੱਗੀ।

"ਆਪ ਕੀ ਆਵਾਜ਼ ਕਿਸੀ ਸੇ ਮਿਲਤੀ ਹੈ ਆਂਟੀ ਜੀ।" ਇਕ ਮਜ਼ਦੂਰ ਝਕਦੇ ਝਕਦੇ ਆਖਦਾ ਹੈ।

"ਕਿਸ ਸੇ?" ਉਹ ਵੀ ਮੁਸਕਰਾ ਪਈ ਹੈ।

"ਵੋ ਰੇਡੀਓ ਪਰ ਆਤਾ ਹੈ ਨਾ ਸ਼ਾਮ ਕੋ ਫੋਨ ਫਰਮਾਇਸ਼। ਵੋ ਜੋ ਮੈਡਮ ਫੋਨ ਪਰ ਬਾਤ ਕਰਤੀ ਹੈ, ਬਿਲਕੁਲ ਉਸਕੇ ਜੈਸੀ ਹੈ।"

"ਅੱਛਾ ਤੁਮ ਸੁਨਤੇ ਹੋ ਵੋ ਪ੍ਰੋਗਰਾਮ?"

"ਹਾਂ ਜੀ, ਸਾਰਾ ਦਿਨ ਥਕਾਵਟ ਹੋਤਾ ਹੈ ਤੋ ਸ਼ਾਮ ਕੋ ਬਸ ਰੇਡੀਓ ਹੀ ਸੁਨ ਕਰ ਹਮ ਲੋਗ ਅਪਨੇ ਮਨ ਕੋ ਖੁਸ਼ ਕਰ ਲੇਤੇ ਹੈਂ।"

"ਤੁਮ ਨੇ ਕਭੀ ਫੋਨ ਨਹੀਂ ਕੀਆ?" ਉਹ ਹੱਸਦੀ ਹੈ।

"ਮੈਡਮ ਜੀ... ਹਮ ਅਨਪੜ ਲੋਗ... ਕਿਆ ਜਾਨੇ ਕੈਸੇ ਕਰਤੇ ਹੈਂ ਇਤਨੇ ਬੜੇ ਲੋਗੋਂ ਸੇ ਬਾਤ... ਹਮਾਰੀ ਬਾਤ ਕੌਨ ਸੁਣੇਗਾ।"

"ਅਰੇ ਨਹੀਂ ਨਹੀਂ... ਵੋ ਪ੍ਰੋਗਰਾਮ ਸਭ ਕੇ ਲੀਏ ਹੋਤਾ ਹੈ। ਤੁਮ ਚਾਹੋ ਤੋ ਤੁਮ ਭੀ ਫੋਨ ਕਰ ਸਕਤੇ ਹੋ। ਹਮ ਤੁਮਾਰੀ ਕਾਲ ਪਰ ਫਰਮਾਇਸ਼ੀ ਗੀਤ ਜ਼ਰੂਰ ਸੁਨਾਏਂਗੇ...।"

"ਆਪ...?" ਉਹ ਸਚਮੁਚ ਹੈਰਾਨ ਹੋ ਗਿਆ ਸੀ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਬਾਕੀ ਮਜ਼ਦੂਰ ਮਿਸਤਰੀ ਵੀ ਹੈਰਾਨ ਹੋਏ ਉਨ੍ਹਾਂ ਵਲ ਵੇਖਣ ਲੱਗ ਪਏ ਸਨ।

"ਮੈਂ ਹੀ ਪੇਸ਼ ਕਰਤੀ ਹੂੰ ਵੋ ਪ੍ਰੋਗਰਾਮ।"

"ਤੋ ਫਿਰ ਮੈਡਮ ਜੀ ਹਮ ਜ਼ਰੂਰ ਫੋਨ ਕਰੇਂਗੇ। ਆਪ ਹਮਾਰੀ ਫ਼ਰਮਾਇਸ਼ ਜ਼ਰੂਰ ਪੂਰੀ ਕਰਨਾ...। ਹਮ ਸਭ ਸਾਥ ਮੇਂ ਸੁਨਤੇ ਹੈਂ ਬੈਠ ਕਰ ਰੇਡੀਓ।" ਬਾਕੀ ਮਜ਼ਦੂਰ ਵੀ ਚਹਿਕ ਉਠੇ ਸਨ। ਉਨ੍ਹਾਂ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਉਨ੍ਹਾਂ ਦੀ ਮਨਪਸੰਦ ਅਨਾਊਂਸਰ ਇਸ ਵੇਲੇ ਮਿੱਟੀ ਨਾਲ ਮਿੱਟੀ ਹੋਈ, ਉਨ੍ਹਾਂ ਨਾਲ ਗੱਲਾਂ ਕਰ ਰਹੀ ਹੈ।

ਠੇਕੇਦਾਰ ਵਲੋਂ ਹੋ ਰਹੀ ਬੇਈਮਾਨੀ ਬਾਰੇ ਸੁਣ ਕੇ ਉਸ ਨੂੰ ਪ੍ਰੇਸ਼ਾਨੀ ਤਾਂ ਹੋਈ ਹੈ ਪਰ ਹੁਣ ਚਿੰਤਾ ਕਾਰਨ ਉਸਦਾ ਤਣਾਓ ਵੀ ਵਧ ਰਿਹਾ ਹੈ। ਠੇਕੇਦਾਰ ਘਾਗ ਬੰਦਾ ਹੈ। ਹੇਰਾਫੇਰੀਆਂ ਤੋਂ ਉਸ ਬਾਜ਼ ਨਹੀਂ ਆਉਣਾ। ਖ਼ਾਸ ਕਰਕੇ ਜਦ ਕੋਈ ਮਰਦ ਨਿਗਰਾਨੀ ਕਰਨ ਵਾਲਾ ਸਿਰ 'ਤੇ ਖੜੋਤਾ ਨਾ ਹੋਵੇ। ਤਾਂ ਕੀ ਹੁਣ ਉਸਨੂੰ ਇਹ ਜ਼ਿੰਮੇਵਾਰੀ ਵੀ ਸੰਭਾਲ ਲੈਣੀ ਚਾਹੀਦੀ ਹੈ?

"ਹਰ ਰੋਜ਼ ਦੇ ਪੈਸੇ ਖਰਚੇ ਮੁਤਾਬਕ ਲੈ ਲਿਆ ਕਰੋ। ਹਰ ਸ਼ਾਮ ਕੰਮ ਦੀ ਰਿਪੋਰਟ ਦੇ ਕੇ ਤੇ ਖਰਚਾ ਦੱਸ ਕੇ ਹਿਸਾਬ ਮੁਤਾਬਕ ਪੈਸੇ ਮਿਲ ਜਾਣਗੇ। ਮਟੀਰੀਅਲ ਅਸੀਂ ਆਪਣੀ ਮਰਜ਼ੀ ਮੁਤਾਬਕ ਲਿਆਵਾਂਗੇ।" ਜਿਸ ਦਿਨ ਉਸਨੇ ਠੇਕੇਦਾਰ ਦੇ ਮੂੰਹ 'ਤੇ ਇਹ ਗੱਲ ਆਖੀ, ਠੇਕੇਦਾਰ ਦੀਆਂ ਅੱਖਾਂ ਹੈਰਾਨੀ ਨਾਲ ਖੁੱਲ੍ਹੀਆਂ ਰਹਿ ਗਈਆਂ। ਉਸ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਦੁਬਲੀ ਪਤਲੀ ਜਿਹੀ ਇਹ ਔਰਤ ਇੰਨੇ ਸਖ਼ਤ ਤੇਵਰਾਂ ਨਾਲ ਵੀ ਗੱਲ ਕਰ ਸਕਦੀ ਹੈ।

"ਠੇਕੇਦਾਰੀ ਐਸੇ ਨਹੀਂ ਹੋਤੀ ਮੈਡਮ ਜੀ। ਪਹਿਲੇ ਠੇਕੇਦਾਰੀ ਦੇ ਤੌਰ ਤਰੀਕੇ ਜਾਨੀਏ, ਫਿਰ ਕੁਝ ਕਹੀਏ। ਹਮ ਦਿਹਾੜੀਦਾਰ ਮਜ਼ਦੂਰ ਨਹੀਂ ਹੈਂ ਕਿ ਰੋਜ਼ ਹਥੇਲੀ ਫੈਲਾ ਕਰ ਮਜ਼ਦੂਰੀ ਮਾਂਗੇਂ। ਹਮ ਠੇਕੇਦਾਰ ਹੈਂ ਠੇਕੇਦਾਰ। ਪੈਸਾ ਲੋ ਔਰ ਕਾਮ ਕਰੋ। ਯਹੀ ਫੰਡਾ ਹੈ ਹਮਾਰਾ। ਜਚਤਾ ਹੈ ਤੋ ਕਾਮ ਕਰਵਾਈਏ, ਨਹੀਂ ਤੋਂ ਕਿਸੀ ਔਰ ਸੇ ਕਰਵਾ ਲੀਜੀਏ, ਮੇਰਾ ਹਿਸਾਬ ਕਿਤਾਬ ਬਰਾਬਰ ਕਰਕੇ।"

ਭੜਕ ਹੀ ਤਾਂ ਪਿਆ ਸੀ ਭਈਆ ਠੇਕੇਦਾਰ।

"ਆਪ ਕਹਾਂ ਕੇ ਰਹਿਨੇ ਵਾਲੇ ਹੋ?" ਬੇਤੁਕਾ ਜਿਹਾ ਸੁਆਲ ਕਰ ਲਿਆ ਸੀ ਉਸਨੇ।

"ਰਾਂਚੀ ਕੇ।" ਫੁੱਲੇ-ਫੁੱਲੇ ਮੂੰਹ ਨਾਲ ਠੇਕੇਦਾਰ ਨੇ ਜੁਆਬ ਦਿੱਤਾ।

"ਯੇ ਸਾਰੇ ਮਿਸਤਰੀ ਮਜ਼ਦੂਰ?"

"ਯੇ ਭੀ ਹਮਾਰੇ ਦੇਸ ਗਾਂਵ ਕੇ ਹੀ ਹੈਂ?"

"ਔਰ ਕਲ ਜਬ ਪੇਂਟ, ਪੀ ਓ ਪੀ, ਮਾਰਵਲ ਵਗੈਰਾ ਕਰਨਾ ਹੋਗਾ ਤੋਂ ਭੀ ਤੁਮਾਰੇ ਗਾਂਵ-ਦੇਸ਼ ਕੇ ਹੀ ਲੋਗ ਕਰੇਂਗੇ?"

"ਤੋ...? ਇਸ ਮੇਂ ਆਪ ਕੋ ਕਿਆ ਤਕਲੀਫ ਹੈ?" ਉਹ ਖਿਝ ਗਿਆ ਸੀ।

"ਨਹੀਂ ਨਹੀਂ, ਮੁਝੇ ਕੋਈ ਤਕਲੀਫ ਨਹੀਂ ਹੈ। ਮੈਂ ਤੋ ਯੇ ਸੋਚ ਰਹੀ ਹੂੰ ਕਿ ਆਪ ਲੋਗ ਅਪਨੇ ਘਰ ਪਰਿਵਾਰ ਛੋੜ ਕਰ ਕਿਤਨੀ ਕਿਤਨੀ ਦੇਰ ਘਰ ਸੇ ਬੇਘਰ ਹੂਏ ਰਹਿਤੇ ਹੋ। ਘਰ ਮੇਂ ਬੀਵੀ...ਬੱਚੇ...। ਬਈਆ...?"

ਉਹ ਪਤਾ ਨਹੀਂ ਕਿਸ ਸੰਵੇਦਨਾ ਨਾਲ ਪੁੱਛ ਰਹੀ ਸੀ। ਪਰ ਬਈਆ ਠੇਕੇਦਾਰ ਤਾਂ ਕੁਝ ਹੋਰ ਹੀ ਸਮਝ ਰਿਹਾ ਸੀ।

"ਹਾਂ ਮੈਡਮ, ਹਮ ਅਪਨਾ ਘਰ ਪਰਿਵਾਰ ਛੋੜ ਕਰ ਆਪ ਲੋਗੋਂ ਕੇ ਸ਼ਹਰ ਮੇਂ ਕਾਮ ਨਾ ਕਰੇਂ ਤੋਂ ਆਪ ਲੋਗੋਂ ਕਾ ਕਿਆ ਹੋਗਾ? ਕਹੀਂ ਆਪਨੇ ਅਪਨੇ ਸ਼ਹਿਰ ਮੇਂ ਲੋਕਲ ਮਜ਼ਦੂਰ ਦੇਖੇ ਹੈਂ? ਸਭ ਕੇ ਸਭ ਯੂ ਪੀ, ਬਿਹਾਰ, ਮਧਯਾ ਪ੍ਰਦੇਸ਼ ਔਰ ਜਾਨੇ ਕਹਾਂ ਕਹਾਂ ਸੇ ਹੈਂ। ਜਿਨਕੋ ਆਪ ਬਈਆ ਬੁਲਾਤੇ ਹੋ।"

"ਬਈਆ" ਉਸ ਨੇ ਏਨੇ ਵਿਅੰਗਾਤਮਕ ਤੇ ਕੌੜੇ ਲਹਿਜੇ ਵਿਚ ਕਿਹਾ ਜਿਵੇਂ ਉਸਨੂੰ ਅਪਮਾਨਿਤ ਕਰ ਰਿਹਾ ਹੋਵੇ ਕਿ ਜਿਨ੍ਹਾਂ ਕਾਰੀਗਰਾਂ ਨੂੰ ਤੁਸੀਂ 'ਬਈਆ' ਪੁਕਾਰਦੇ ਤੇ ਹੀਣ ਸਮਝਦੇ ਹੋ ਦਰਅਸਲ ਉਹੋ ਤੁਹਾਡੇ ਵੱਡੇ ਵੱਡੇ ਸ਼ਹਿਰਾਂ ਦੇ ਨਿਰਮਾਣ ਦਾ ਵਸੀਲਾ ਹਨ। ਨਹੀਂ ਤਾਂ ਤੁਹਾਡੇ ਇਹ 'ਲੋਕਲ' ਲੋਕ ਕਿਸ ਕੰਮ ਦੇ ਹਨ। 'ਲੋਕਲ' ਉਸਨੇ ਏਨੇ ਵਿਅੰਗ ਨਾਲ ਕਿਹਾ ਜਿਵੇਂ ਲੋਕਲ ਦੀ ਜਗ੍ਹਾ ਅਸਲ ਵਿਚ 'ਨਿਪੁੰਸਕ' ਜਿਹਾ ਕੁਝ

**ਨੌਕਰੀ ਅਤੇ ਬੱਚੇ ਦੀ ਪੜ੍ਹਾਈ ਖਾਤਰ ਹੀ ਤਾਂ ਉਹ ਪਿੰਡ ਛੱਡ ਕੇ ਪਿਛਲੇ ਪੰਦਰਾਂ ਸਾਲਾਂ ਤੋਂ ਇਸ ਸ਼ਹਿਰ ਵਿਚ ਮਹਿੰਗੇ ਕਿਰਾਏ ਦੇ ਮਕਾਨਾਂ ਵਿਚ ਰਹਿ ਰਹੇ ਹਨ। ਹੁਣ ਤਾਂ ਉਨ੍ਹਾਂ ਦੀ ਮਾਨਸਿਕਤਾ ਹੀ ਕਿਰਾਏਦਾਰਾਂ ਵਰਗੀ ਦਬੀ ਸੁੰਗੜੀ ਤੇ ਦਬੂ ਜਹੀ ਹੋ ਗਈ ਹੋਈ ਹੈ।**

ਕਹਿਣਾ ਚਾਹ ਰਿਹਾ ਹੋਵੇ।

ਠੇਕੇਦਾਰ ਮੂੰਹ ਵਿਚ ਪਾਨ ਜਾਂ ਜ਼ਰਦਾ ਚਬਾਉਂਦਾ ਤੁਰ ਗਿਆ ਹੈ। ਹੋਠ, ਦੰਦ, ਜੀਭ ਸਭ ਲਾਲ। ਜਿਵੇਂ ਕੋਈ ਖੂੰਖਾਰ ਜਾਨਵਰ ਕਿਸੇ ਕਮਜ਼ੋਰ ਜਾਨਵਰ ਦਾ ਸ਼ਿਕਾਰ ਕਰਕੇ ਜੁਗਾਲੀ ਕਰ ਰਹਿ ਹੋਵੇ।

ਠੇਕੇਦਾਰ ਦੀਆਂ ਗੱਲਾਂ ਉਸਦੇ ਜ਼ਿਹਨ ਵਿਚ ਘੁੰਮਣਘੇਰੀ ਜਿਹੀ ਪੈਦਾ ਕਰ ਰਹੀਆਂ ਹਨ। ਉਸਨੂੰ ਯਾਦ ਆ ਰਿਹਾ ਹੈ, ਬੜੀ ਦੇਰ ਪਹਿਲਾਂ ਉਸਨੇ ਕਿਸੇ ਪੇਪਰ ਵਿਚ ਲੇਖ ਪੜ੍ਹਿਆ ਸੀ ਕਿ ਪੰਜਾਬ ਦੇ ਜ਼ਿਮੀਂਦਾਰ ਆਪਣੀਆਂ ਜ਼ਮੀਨਾਂ ਤੇ ਘਰ-ਬਾਰ 'ਭਈਆਂ' ਦੇ ਸਹਾਰੇ ਛੱਡ, ਆਪ ਡਾਲਰ ਪੌਂਡ ਕਮਾਉਣ ਲਈ ਵਿਦੇਸ਼ਾਂ ਵਿਚ ਗੁੰਮ ਹੋ ਜਾਂਦੇ ਹਨ।

ਘਰ ਗ੍ਰਹਿਸਥੀ ਹੋਵੇ ਜਾਂ ਖੇਤੀ। ਦੋਹਾਂ ਨੂੰ ਦੇਖਭਾਲ ਸਾਂਭ-ਸੰਭਾਲ ਦੀ ਲੋੜ ਹੁੰਦੀ ਹੈ। ਨਹੀਂ ਤਾਂ ਮਾਲਿਕ ਬਿਨਾਂ ਜ਼ਮੀਨ ਜਾਂ ਘਰ ਗ੍ਰਹਿਸਥੀ ਉਜੜ-ਪੁੱਜੜ ਜਾਂਦੀ ਹੈ ਜਾਂ ਫਿਰ ਲੁੱਟ ਲਈ ਜਾਂਦੀ ਹੈ।

ਪੰਜਾਬ ਦੀਆਂ ਜ਼ਮੀਨਾਂ ਤਾਂ ਭਈਆਂ ਨੇ ਸੰਭਾਲ ਲਈਆਂ ਪਰ ਉਨ੍ਹਾਂ ਮਰਦਾਂ ਦੀਆਂ ਤ੍ਰੀਮਤਾਂ ਦਾ ਕੀ ਬਣਿਆ ਜਿਹੜੇ ਡਾਲਰਾਂ-ਪੌਂਡਾਂ ਦੀ ਚਕਾਚੌਂਧ ਵਿਚ ਘਰ ਵਾਪਸੀ ਦੇ ਰਾਹ ਹੀ ਭੁੱਲ ਗਏ ਜਾਂ ਪਰਤੇ ਵੀ ਤਾਂ ਉਮਰ ਦੇ ਉਸ ਮੋੜ 'ਤੇ ਜਦ ਅੱਖਾਂ ਇਕ ਦੂਜੇ ਨੂੰ ਪਹਿਚਾਨਣ ਦੀ ਸਮਰੱਥਾ ਹੀ ਗੁਆ ਬਹਿੰਦੀਆਂ ਹਨ।

ਭਈਆਂ ਨੇ ਪੰਜਾਬ ਦੀ ਫ਼ਸਲ ਵਿਚ ਵਾਧਾ ਕੀਤਾ ਜਾਂ ਨਹੀਂ ਪਰ ਨਵੀਂ ਨਸਲ ਵਿਚ ਉਨ੍ਹਾਂ ਦੇ ਨਕਸ਼ਾਂ ਦੇ ਚਿੰਨ੍ਹ, ਰੰਗ ਤੇ ਅੰਸ਼ ਜ਼ਰੂਰ ਮੌਜੂਦ ਹੋਣਗੇ।

ਉਸ ਦਾ ਧਿਆਨ ਆਪਣੇ ਸ਼ਹਿਰ ਵਲ ਚਲਾ ਜਾਂਦਾ ਹੈ। ਪੰਜਾਬ ਵਾਂਗ ਜੰਮੂ ਕਸ਼ਮੀਰ ਵੀ ਤਾਂ ਆਤੰਕਵਾਦ ਦੀ ਮਾਰ ਝੱਲ ਰਿਹਾ ਹੈ। ਫੌਜੀ, ਪੁਲੀਸ, ਐਸ.ਪੀ.ਓ., ਮੁਜਾਹਿਦ, ਅਫਗਾਨੀ, ਪਾਕਿਸਤਾਨੀ, ਬਿਹਾਰੀ, ਦੱਖਣ ਭਾਰਤੀ, ਬੰਗਾਲੀ, ਪੰਜਾਬੀ, ਕਾਬਲੀ...ਕਿਥੋਂ ਕਿਥੋਂ ਦੇ ਲੋਕ ਤਾਂ ਇਸ ਧਰਤੀ ਉਤੇ ਆ ਘੇਰਾ ਪਾਈ ਬੈਠੇ ਹਨ।

ਕਸ਼ਮੀਰ ਵਿਚ ਪਹਿਲਾਂ ਜੇਕਰ ਕੋਈ ਲਾਲ ਸੂਹਾ (ਕਾਚਰਾ) ਬੰਦਾ ਨਜ਼ਰੀਂ ਪੈਂਦਾ ਤਾਂ ਕਿਹਾ ਜਾਂਦਾ ਕਿ ਜ਼ਰੂਰ ਕੋਈ ਅੰਗਰੇਜ਼ ਸੈਲਾਨੀ ਇਥੋਂ ਜਾਂਦੇ-ਜਾਂਦੇ ਆਪਣਾ ਬੀਜ ਛੱਡ ਗਿਆ ਹੋਇਆ ਹੈ। ਪਰ ਹੁਣ ਤਾਂ ਉਥੇ ਹਰ ਰੰਗ, ਹਰ ਕਿਸਮ ਦੇ ਬੀਜ ਤੁਰੇ ਫਿਰੇ ਦਿਸਦੇ ਹਨ। ਹਰ ਜਗ੍ਹਾ ਰਲਗੱਡ ਸਭਿਆਚਾਰ। ਰਲਗੱਡ ਨਸਲ...। ਉਸ ਦੀਆਂ ਸੋਚਾਂ ਵਾਰ-ਵਾਰ ਭਟਕ ਰਹੀਆਂ ਹਨ।

ਪਤੀ ਨਾਸ਼ਤਾ ਕਰਕੇ ਆਫ਼ਿਸ ਤੁਰ ਗਏ ਹਨ। ਉਹ ਕਿਚਨ 'ਚੋਂ ਵਿਹਲੀ ਹੋ ਕੇ ਮਕਾਨ ਵਲ ਗੇੜਾ ਮਾਰਦੀ ਹੈ।

ਠੇਕੇਦਾਰ ਤੋਂ ਕੰਮ ਛੁਡਵਾ ਕੇ ਹੁਣ ਦਿਹਾੜੀਆਂ 'ਤੇ ਕੀਤਾ ਜਾ ਰਿਹਾ ਹੈ। ਪਤੀ ਭਾਵੇਂ ਬੜਾ ਖਿਝਿਆ, ਕ੍ਰਿਝਿਆ ਸੀ ਪਰ ਉਸਨੇ ਰਿਸਕ ਨਾ ਲੈਣ ਤੋਂ ਆਪਣੇ ਆਪ ਨੂੰ ਹੀ ਤਪਾ-ਖਪਾ ਛੱਡਣਾ ਬਿਹਤਰ ਸਮਝਿਆ।

"ਰਾਮ ਸਨੇਹੀ ਕਿਸੀ ਪਲੰਬਰ ਕੋ ਬੁਲਾ ਸਕਤੇ ਹੋ? ਮੋਟਰ ਖਰਾਬ ਹੋ ਗਈ ਹੈ। ਪਾਨੀ ਨਹੀਂ ਚੜ੍ਹ ਰਹਾ।" ਉਸਨੇ ਵੱਡੇ ਮਜ਼ਦੂਰ ਨੂੰ ਕਿਹਾ। ਇਹੋ ਹੁਣ ਸਾਰੇ ਕੰਮ ਕਰਦਾ ਹੈ। ਬਾਜ਼ਾਰ ਦਾ, ਮਜ਼ਦੂਰਾਂ ਨੂੰ ਲਿਆਉਣ ਦਾ, ਬਾਕੀ ਹੋਰ ਸਭ। ਰੋਜ਼ ਸ਼ਾਮ ਨੂੰ ਉਹ ਦਿਨ ਭਰ ਹੋਇਆ ਖਰਚਾ ਮੈਡਮ ਨੂੰ ਲਿਖਵਾਂਦਾ। ਸਵੇਰੇ ਜੋ ਕੁਝ ਮੰਗਣਾ ਹੈ, ਉਸਦੀ ਲਿਸਟ ਦਸਦਾ। ਮਜ਼ਦੂਰਾਂ ਮਿਸਤਰੀਆਂ ਦੇ ਪੈਸੇ ਦਾ ਹਿਸਾਬ ਕਰਕੇ ਉਨ੍ਹਾਂ ਨੂੰ ਦੇ ਦੇਂਦਾ ਹੈ।

ਪਰ ਉਸਨੂੰ ਦੁਖ ਹੁੰਦਾ ਹੈ ਨਾਜ਼ੁਕ ਜਹੀ ਇਸ ਔਰਤ ਦਾ ਇੰਝ ਮਿੱਟੀ ਵਿਚ ਮਿੱਟੀ ਹੋ ਕੇ ਰੁਲ ਜਾਣ ਦਾ। ਇਕ ਘਰ ਬਣਾਉਣ ਦੇ ਚੱਕਰ ਵਿਚ ਇਹ ਔਰਤ ਕਿੰਨੀ ਕਮਜ਼ੋਰ ਹੋ ਗਈ ਹੈ। ਦਿਨ ਰਾਤ ਦਾ ਹੋਸ਼ ਹੀ ਨਹੀਂ ਹੈ ਇਸ ਨੂੰ।

ਉਹ ਮੋਬਾਈਲ 'ਤੇ ਕਿਸੇ ਨੂੰ ਤੁਰੰਤ ਆਉਣ ਲਈ ਆਖਦਾ ਹੈ।

"ਆ ਜਾਏਗਾ ਪਲੰਬਰ ਅਭੀ। ਆਪ ਪ੍ਰੇਸ਼ਾਨ ਮਤ ਹੋਈਏ।" ਆਖਦਿਆਂ ਉਹ ਫਿਰ ਸੀਮਿੰਟ ਰੇਤ ਮਿਕਸ ਕਰਕੇ ਮਸਾਲਾ ਬਣਾਉਣ ਵਿਚ ਰੁੱਝ ਗਿਆ ਹੈ। ਉਹ ਘਰ ਪਰਤ ਆਉਂਦੀ ਹੈ। ਬੇਟਾ ਅਜੇ ਵੀ ਆਪਣੇ ਕਮਰੇ ਵਿਚ ਪਿਆ ਹੈਡ ਫੋਨ ਲਾ ਕੇ ਗਾਣੇ ਸੁਣਨ 'ਚ ਮਗਨ ਹੈ। ਉਸਨੂੰ ਗੁੱਸਾ ਚੜ੍ਹ ਜਾਂਦਾ ਹੈ। ਚਾਦਰ ਖਿੱਚ ਕੇ ਉਸਨੂੰ ਝੰਜੋੜਦਿਆਂ ਉਠਣ ਲਈ ਆਖਦੀ ਹੈ।

"ਮਾਮ... ਪਾਣੀ ਬਿਨਾਂ ਮੈਂ ਕੀ ਕਰਾਂ? ਮੈਨੂੰ ਪ੍ਰੈਸ਼ਰ ਲੱਗਾ ਹੋਇਆ ਹੈ। ਮੈਂ ਆਪਣੀ ਅਟੈਨਸ਼ਨ ਡਾਈਵਰਟ ਕਰਨ ਲਈ ਹੀ ਮਿਊਜ਼ਿਕ ਸੁਣ ਰਿਹਾ ਹਾਂ...।"

ਪੁਤਰ ਦੀ ਗੱਲ ਸੁਣ ਉਸ ਨੂੰ ਅੰਤਾਂ ਦੇ ਤਣਾਓ ਵਿਚ ਵੀ ਹਾਸਾ ਆ ਜਾਂਦਾ ਹੈ। ਇਹ ਹੈ ਅੱਜ ਕੱਲ੍ਹ ਦੀ ਇੰਟਰਨੈਟੀ ਔਲਾਦ। ਪੇਟ ਦਾ ਪ੍ਰੈਸ਼ਰ ਭੁਲਾਣ ਲਈ ਮਿਊਜ਼ਿਕ ਵਿਚ ਡੁਬਣ ਵਾਲੀ ਜਨਰੇਸ਼ਨ।

ਕੱਪੜਿਆਂ ਦਾ ਟੱਬ ਮੁਸ਼ਕ ਮਾਰ ਰਿਹਾ ਹੈ। ਕਿਚਨ ਵਿਚ ਭਾਂਡਿਆਂ ਦਾ ਅੰਬਾਰ ਲੱਗਾ ਹੋਇਆ ਹੈ। ਹਰ ਚੀਜ਼ ਅਸਥ-ਵਿਅਸਥ। ਉਸਦੇ ਆਪਣੇ ਆਪ ਵਾਂਗ। ਸਵੇਰ ਤੋਂ ਉਹ ਵੀ ਨਾ ਨਹਾਤੀ ਹੈ, ਨਾ ਕੱਪੜੇ ਬਦਲੇ ਹਨ।

ਰਾਮ ਸਨੇਹੀ ਪਲੰਬਰ ਨੂੰ ਲੈ ਕੇ ਆ ਗਿਆ ਹੈ। ਉਸਨੇ ਆਉਂਦਿਆਂ ਹੀ ਮੋਟਰ ਖੋਲ੍ਹ ਕੇ ਪੁਰਜ਼ਿਆਂ ਦਾ ਢੇਰ ਲਗਾ ਮਾਰਿਆ ਹੈ। ਕੁਝ ਦੇਰ ਦੀ ਮੁਸ਼ੱਕਤ ਬਾਅਦ ਮੋਟਰ ਦਾ ਨੁਕਸ ਪਲੰਬਰ ਦੇ ਹੱਥ ਆ ਗਿਆ ਹੈ।

"ਐਮ ਸੀਲ ਔਰ ਏਕ ਵਾਲਵ ਬਾਜ਼ਾਰ ਸੇ ਲਾਨਾ ਪੜੇਗਾ।" ਪਲੰਬਰ ਦੇ ਆਖਦਿਆਂ ਹੀ ਉਹ ਫਿਰ ਪ੍ਰੇਸ਼ਾਨ ਹੋ ਗਈ ਹੈ। ਹੁਣ ਕੌਣ ਬਾਜ਼ਾਰੋਂ ਸਾਮਾਨ ਲਿਆਏ? ਮਜ਼ਦੂਰ ਖਾਣਾ ਖਾ ਰਹੇ ਹਨ। ਬੇਟਾ ਪੇਟ ਦੇ ਪ੍ਰੈਸ਼ਰ ਦਾ ਮਾਰਿਆ ਹਿਲੇਗਾ ਨਹੀਂ।

ਤਦੇ ਰਾਮ ਸਨੇਹੀ ਪਲੰਬਰ ਨੂੰ ਪੁੱਛਦਾ ਹੈ, "ਹੋ ਗਿਆ ਕਾਮ?"

"ਨਹੀਂ ਭਈਆ! ਐਮ ਸੀਲ ਔਰ ਏਕ ਵਾਲਵ ਲਾਨਾ ਪੜੇਗਾ ਬਾਜ਼ਾਰ ਸੇ।"

ਰਾਮ ਸਨੇਹੀ ਚੁੱਪ ਚਾਪ ਸਾਈਕਲ ਫੜ ਬਾਜ਼ਾਰ ਵਲ ਤੁਰ ਪੈਂਦਾ ਹੈ। ਮੋਟਰ ਠੀਕ ਹੋ ਗਈ ਹੈ। ਨਲਕਿਆਂ 'ਚੋਂ ਪਾਣੀ ਫਰ ਫਰ ਵਗ ਰਿਹਾ ਹੈ। ਉਹ ਫਟਾਫਟ ਨਹਾ ਕੇ ਆ ਜਾਂਦੀ ਹੈ। ਪਲੰਬਰ ਨੇ ਤਦ ਤਕ ਆਪਣਾ ਸਾਮਾਨ ਸਮੇਟ ਲਿਆ ਹੈ।

"ਸੌ ਰੁਪਏ ਦੇ ਦੀਜੀਏ ਇਸ ਕੋ ਮੈਡਮ।" ਉਸਨੇ ਵੇਖਿਆ ਪਲੰਬਰ ਨਾਖੁਸ਼ ਜਿਹਾ ਸੀ। ਸ਼ਾਇਦ ਉਹ ਜ਼ਿਆਦਾ ਮੰਗ ਰਿਹਾ ਸੀ ਪਰ ਰਾਮ ਸਨੇਹੀ ਨੇ ਉਸਨੂੰ ਸੌ ਉਤੇ ਰਾਜ਼ੀ ਕਰ ਲਿਆ ਸੀ। ਪੈਸੇ ਲੈ ਕੇ ਪਲੰਬਰ ਚਲਾ ਗਿਆ।

"ਰਾਮ ਸਨੇਹੀ ਚਾਏ ਪੀਓਗੇ?" ਉਹ ਕਿਚਨ ਵਲ ਜਾਂਦੀ ਉਸਨੂੰ ਸੁਲਾਹ ਮਾਰ ਦੇਂਦੀ ਹੈ। ਦਰਅਸਲ ਨਹਾਉਣ ਬਾਅਦ ਉਸਨੂੰ ਆਪ ਚਾਹ ਦੀ ਤਲਬ ਜਾਗੀ ਹੈ। ਰਾਮ ਸਨੇਹੀ ਆਪਣਾ ਕੰਮ ਛੱਡ ਬਾਜ਼ਾਰ ਦੌੜ ਗਿਆ ਹੈ, ਸੋ ਉਸਨੇ ਸੋਚਿਆ ਇਕ ਦੀ ਜਗ੍ਹਾ ਦੋ ਕੱਪ ਚਾਹ ਹੀ ਸਹੀ।

ਰਾਮ ਸਨੇਹੀ ਬਰਾਂਡੇ 'ਤੇ ਪਈ ਬੈਂਤ ਦੀ ਕੁਰਸੀ 'ਤੇ ਬੈਠ ਗਿਆ ਹੈ। ਪਰ ਕੁਝ ਗਹਿਰੀਆਂ ਸੋਚਾਂ ਵਿਚ ਡੁੱਬਿਆ ਹੋਇਆ। ਉਹ ਚਾਹ ਲੈ ਕੇ ਆ ਜਾਂਦੀ ਹੈ।

"ਕਿਆ ਸੋਚ ਰਹੇ ਹੋ ਰਾਮ ਸਨੇਹੀ?" ਉਹ ਉਸਨੂੰ ਪੁੱਛਦੀ ਹੈ।

"ਸੋਚ ਰਹਾ ਹੂੰ ਕਿ ਇਤਨੇ ਦਿਨੋਂ ਸੇ ਮੈਂਨੇ ਮਾਲਿਕ ਕੋ ਏਕ ਬਾਰ ਭੀ ਘਰ ਕਾ ਕਾਮ ਦੇਖਨੇ ਆਤੇ ਕੋ ਨਹੀਂ ਦੇਖਾ।"

"ਉਨਕੇ ਪਾਸ ਵਕਤ ਨਹੀਂ ਹੋਤਾ।" ਉਹ ਝੂਠ ਜਿਹਾ ਬੋਲ ਦੇਂਦੀ ਹੈ।

"ਫਿਰ ਆਪ ਕਿਉਂ ਕਰ ਰਹੀ ਹੈਂ ਯੇ ਸਭ ਅਕੇਲੇ?" ਅੱਜ ਪਤਾ ਨਹੀਂ ਉਸਨੇ ਕਿਵੇਂ ਹਿੰਮਤ ਕਰ ਲਈ ਹੈ, ਇਹ ਗੱਲਾਂ ਕਰਨ ਦੀ।

"ਯੇ ਮੇਰਾ ਘਰ ਹੈ ਰਾਮ ਸਨੇਹੀ। ਮੈਂ ਅਪਨੇ ਘਰ ਕੇ ਲੀਏ ਕਰ ਰਹੀ ਹੂੰ ਸਭ ਕੁਝ।"

"ਪਰ ਘਰ ਤੋ ਆਪ ਕੇ ਪਤੀ ਕਾ ਭੀ ਹੈ। ਆਪ ਨੇ ਅਪਨੀ ਸਿਹਤ ਦੇਖੀ ਹੈ? ਆਪ ਕੋ ਪਤਾ ਹੈ ਕਿਤਨੀ ਕਮਜ਼ੋਰ ਹੋ ਗਈ ਹੈਂ ਆਪ?"

ਉਹ ਹੈਰਾਨੀ ਨਾਲ ਰਾਮ ਸਨੇਹੀ ਵਲ ਵੇਖਦੀ ਹੈ। ਖ਼ੁਦ ਆਪ ਉਹ ਦੁਬਲਾ ਪਤਲਾ ਹੱਡੀਆਂ ਦਾ ਪਿੰਜਰ ਜਿਹਾ ਹੈ ਪਰ ਕੰਮ ਕਾਜ ਵਿਚ ਏਨਾ ਫੁਰਤੀਲਾ ਕਿ ਦੋ ਮਜ਼ਦੂਰਾਂ ਦਾ ਕੰਮ ਉਹ ਇਕੱਲਾ ਹੀ ਕਰ ਲੈਂਦਾ ਹੈ। ਫਿਰ ਠੇਕੇਦਾਰ ਤੋਂ ਕੰਮ ਵਾਪਸ ਲੈਣ ਤੋਂ ਬਾਅਦ ਰਾਮ ਸਨੇਹੀ ਨੇ ਹੀ ਕਿੰਨਾ ਕੁਝ ਆਪਣੀ ਜ਼ਿੰਮੇਦਾਰੀ 'ਤੇ ਸੰਭਾਲ ਲਿਆ। ਵਰਨਾ ਉਹ ਇਕੱਲੀ। ਨਾਤਜਰਬੇਕਾਰ। ਕਿਵੇਂ ਸੰਭਾਲ ਸਕਦੀ ਸਾਰਾ ਕੁਝ।

"ਔਰ ਕੌਨ ਕਰੇਗਾ ਬਈਆ। ਮੈਂ ਭੀ ਨਾ ਕਰੂੰ ਤੋਂ ਫਿਰ ਕੋਈ ਠੇਕੇਦਾਰ ਦਸ ਕੀ ਜਗ੍ਹਾ ਚਾਰ ਬੋਰੀ ਸੀਮਿੰਟ ਮਿਲਾ ਕਰ ਮਕਾਨ ਬਨਾ ਕਰ ਚਲਾ ਜਾਏਗਾ। ਫਿਰ ਚਾਹੇ ਉਸ ਮਕਾਨ ਕੇ ਨੀਚੇ ਹਮ ਹੀ ਕਿਉਂ ਨਾ ਦਬ ਜਾਏਂ...।"

"ਹਮ ਅਪਨੀ ਬੀਵੀ ਕੋ ਸਰ ਆਂਖੋਂ ਪਰ ਬਿਠਾ ਕਰ ਰਖਤੇ ਹੈਂ। ਹਮਾਰੇ ਸਾਥ ਕਭੀ ਕਭੀ ਵੋ ਭੀ ਮਜ਼ਦੂਰੀ ਕੇ ਲੀਏ ਆ ਜਾਤੀ ਥੀ। ਲੇਕਿਨ ਅਬ ਉਸਕੀ ਸਿਹਤ ਕਮਜ਼ੋਰ ਹੋ ਗਈ ਹੈ। ਆਪਕੀ ਤਰਹ। ਹਮਨੇ ਉਸਕੋ ਕਾਮ ਕਰਨੇ ਸੇ ਮਨਾ ਕਰ ਦੀਆ। ਵੋ ਅਬ ਘਰ ਪਰ ਆਰਾਮ ਕਰਤੀ ਹੈ। ਏਕ ਆਪ ਹੈਂ ਕਿ ਹਰ ਵਕਤ ਭਾਗ ਦੌੜ... ਔਰਤੋਂ ਕੇ ਕਾਮ...ਮਰਦੋਂ ਕੇ ਕਾਮ...।"

ਅਚਾਨਕ ਰਾਮ ਸਨੇਹੀ ਨੂੰ ਲੱਗਾ ਜਿਵੇਂ ਉਹ ਕੁਝ ਜ਼ਿਆਦਾ ਹੀ ਬੋਲ ਗਿਆ ਹੈ। ਮੈਡਮ ਚੁੱਪਚਾਪ ਚਾਹ ਪੀ ਰਹੀ ਹੈ।

"ਸੌਰੀ ਮੈਡਮ...ਪਰ ਦੁਖ ਹੋਤਾ ਹੈ ਆਪਕੋ ਦੇਖ ਕਰ...ਔਰ ਯੇ ਸਾਲੇ 'ਮਰਦ'...।"

ਪਤਾ ਨਹੀਂ ਰਾਮ ਸਨੇਹੀ ਨੇ ਮਰਦ ਕਿਸ ਨੂੰ ਕਿਹਾ ਪਰ ਕੱਪ ਫਰਸ਼ 'ਤੇ ਰੱਖ ਉਹ ਝਟਕੇ ਨਾਲ ਉਠ ਕੇ ਬਰਾਂਡੇ ਤੋਂ ਉਤਰ ਗਿਆ ਹੈ। ਜਾਂਦੇ ਜਾਂਦੇ ਉਸਨੇ ਜ਼ੋਰ ਦੀ ਪਰ੍ਹੇ ਗਮਲੇ ਵਲ ਥੁੱਕ ਦਿੱਤਾ ਹੈ।

ਉਹ ਸੁੰਨ ਜਹੀ ਬਰਾਂਡੇ 'ਤੇ ਖੜੀ ਜਾਂਦੇ ਹੋਏ ਰਾਮ ਸਨੇਹੀ ਨੂੰ ਵੇਖ ਰਹੀ ਹੈ। ਉਸਦਾ ਬੋਲਿਆ ਲਫਜ਼ 'ਮਰਦ' ਤੇ ਅਖੀਰ ਥੁੱਕ ਕੇ ਚਲੇ ਜਾਣਾ ਉਸ ਨੂੰ ਜਿਵੇਂ ਕਿਸੇ ਚਕਰਵਾਤ ਵਿਚ ਸੁੱਟ ਗਿਆ ਹੈ।

#

## ਟਿੱਪ

**ਹਰਪ੍ਰੀਤ ਸੇਖਾ**

ਮੈਂ ਬਾਗੋ-ਬਾਗ ਸੀ। ਇਕ ਘੰਟੇ ਵਿਚ ਹੀ ਸੱਤਰ ਡਾਲਰ ਬਣ ਗਏ ਸੀ। ਇਸ ਤਰ੍ਹਾਂ ਕਦੇ-ਕਦੇ ਹੀ ਹੁੰਦਾ ਹੈ। ਸਵਾਰੀ ਨੂੰ ਏਅਰਪੋਰਟ 'ਤੇ ਲਾਹ ਕੇ ਮੈਂ ਵੀਡਸ ਵਲ ਟੈਕਸੀ ਮੋੜ ਲਈ। ਸੋਚਿਆ ਕਿ ਹੁਣ ਭਾਵੇਂ ਏਅਰਪੋਰਟ ਤੋਂ ਟ੍ਰਿਪ ਦੀ ਕੁਝ ਉਡੀਕ ਵੀ ਕਰਨੀ ਪੈ ਜਾਵੇ ਤਾਂ ਕੋਈ ਚੱਕਰ ਨਹੀਂ। ਜੇ ਇਹ ਚੰਗਾ ਟ੍ਰਿਪ ਨਾ ਲੱਗਦਾ ਤਾਂ ਸ਼ਾਇਦ ਮੈਂ ਏਅਰਪੋਰਟ 'ਤੇ ਨਾ ਹੀ ਰੁਕਦਾ। ਡਾਊਨ-ਟਾਊਨ ਨੂੰ ਮੁੜ ਜਾਂਦਾ। ਏਅਰਪੋਰਟ 'ਤੇ ਕਈ ਵਾਰੀ ਉਡੀਕ ਕੁਝ ਜ਼ਿਆਦਾ ਹੀ ਲੰਬੀ ਹੋ ਜਾਂਦੀ ਹੈ। ਓਨੇ ਚਿਰ 'ਚ ਅਗਲਾ ਡਾਊਨ-ਟਾਊਨ ਵਾਪਸ ਮੁੜ ਕੇ ਵੀ ਦੋ ਟ੍ਰਿਪ ਲਾ ਲੈਂਦਾ ਹੈ। ਹੁਣ ਜਦੋਂ ਇਕ ਟਿੱਪ ਨੇ ਧੰਨ ਧੰਨ ਕਰਾ ਦਿੱਤੀ ਸੀ ਤਾਂ ਕਿਉਂ ਵਾਧੂ ਦੀ ਭੱਜ-ਨੱਠ ਕਰਨੀ ਆ। ਵੀਡਸ 'ਚ ਜਾ ਕੇ ਗੱਲਾਂ ਸੁਣਦੇ ਆ ਇਹ ਸੋਚ ਕੇ ਮੈਂ ਉਥੇ ਹੀ ਰੁਕ ਗਿਆ।

ਇਹ ਟ੍ਰਿਪ ਬਰਾਡਵੇ ਤੇ ਓਕ ਸਟਰੀਟ ਨੇੜਿਉਂ ਮਿਲਿਆ ਸੀ। ਜਦੋਂ ਟੈਕਸੀ ਏਅਰਪੋਰਟ ਵਾਲੇ ਆਰਥਰਲੇਇੰਗ ਬ੍ਰਿੱਜ 'ਤੇ ਪੁੱਜੀ ਤਾਂ ਸਵਾਰੀ ਜੇਬਾਂ ਟਟੋਲਣ ਲੱਗੀ। ਮੈਨੂੰ ਉਹ ਕੁਝ ਘਬਰਾਇਆ ਲੱਗਾ। ਫਿਰ ਉਸ ਨੇ ਆਪਣੇ ਹੱਥ ਵਾਲੇ ਥੈਲੇ ਨੂੰ ਖੋਲ੍ਹ ਕੇ ਦੇਖਿਆ। "ਮੈਂ ਆਪਣਾ ਪਾਸਪੋਰਟ ਘਰ ਭੁੱਲ ਆਇਆਂ" ਉਸ ਨੇ ਕਿਹਾ। ਮੇਰੇ ਚਿੱਤ 'ਚ ਇਕਦਮ ਆਇਆ, ਬਣਗੀ ਗੱਲ। ਉਹ ਫਿਰ ਬੋਲਿਆ, "ਮੇਰੀ ਉਡਾਣ 'ਚ ਡੇਢ ਘੰਟਾ ਹੀ ਰਹਿੰਦੈ, ਏਨੇ ਚਿਰ 'ਚ ਆਪਾਂ ਪਾਸਪੋਰਟ ਲਿਆ ਸਕਦੇ ਆਂ?"

"ਫਿਕਰ ਨਾ ਕਰੋ" ਆਖਦਿਆਂ ਮੈਂ ਟੈਕਸੀ ਤੇਜ਼ ਕਰ ਦਿੱਤੀ। ਟੈਕਸੀ ਮੈਂ ਵਾਪਸ ਉਸ ਦੇ ਟਿਕਾਣੇ ਵਲ ਮੋੜ ਦਿੱਤੀ। ਜਦੋਂ ਵੀ ਟੈਕਸੀ ਕਿਸੇ ਲਾਲ ਬੱਤੀ 'ਤੇ ਰੁਕਦੀ, ਉਸ ਦੀ ਚਿੰਤਾ ਵਧ ਜਾਂਦੀ। ਮੈਂ ਉਸ ਨੂੰ ਧਰਵਾਸਾ ਦਿੰਦਾ ਤੇ ਬੱਤੀ ਦੇ ਹਰੀ ਹੁੰਦਿਆਂ ਹੀ ਮੈਂ ਟੈਕਸੀ ਨੂੰ ਆਸੇ-ਪਾਸੇ ਦੀ ਦੂਜੇ ਵਾਹਨਾਂ ਤੋਂ ਮੂਹਰੇ ਕੱਢਣ ਦੀ ਕੋਸ਼ਿਸ਼ ਕਰਦਾ ਜਾਂ ਇਸ ਦਾ ਦਿਖਾਵਾ ਕਰਦਾ ਤਾਂ ਕਿ ਉਸ ਦਾ ਚਿੱਤ ਜ਼ਿਆਦਾ ਕਾਹਲਾ ਨਾ ਪਵੇ। ਕਿਰਾਏ ਵਾਲਾ ਮੀਟਰ ਤੇਜ਼ੀ ਨਾਲ ਹਿੰਦਸੇ ਬਦਲ ਰਿਹਾ ਸੀ। ਚੋਰੀ ਉਸ ਵਲ ਵੇਖ ਮੈਨੂੰ ਖੁਸ਼ੀ ਹੁੰਦੀ। ਇਕ ਵਾਰ ਮੇਰੀ ਨਜ਼ਰ ਮੀਟਰ ਤੋਂ ਝੱਟ ਬਾਅਦ ਉਸ ਵਲ ਹੋਈ। ਉਸ ਦਾ ਚਿੰਤਾਗ੍ਰਸਤ ਚਿਹਰਾ ਦੇਖ ਮੈਨੂੰ ਆਪਣੀ ਖੁਸ਼ੀ ਕਮੀਨਗੀ ਲੱਗੀ। ਸ਼ਾਇਦ ਮੈਂ ਆਪਣੀਆਂ ਨਜ਼ਰਾਂ ਵਿਚ ਹੀ ਦੁਬਾਰਾ ਉਠਣਾ ਚਾਹੁੰਦਾ ਸੀ, ਮੈਂ ਕਿਹਾ, "ਟੈਕਸੀ ਦੇ ਕਿਰਾਏ ਦਾ ਫਿਕਰ ਨਾ ਕਰੀਂ। ਜੇ ਤੂੰ ਚਾਹੇਂ ਤਾਂ ਜਦੋਂ ਪੰਜਾਹ ਡਾਲਰ ਹੋ ਗਏ ਮੈਂ ਮੀਟਰ ਬੰਦ ਕਰ ਦਿਆਂਗਾ।" ਮੇਰਾ ਅੰਦਾਜ਼ਾ ਸੀ ਕਿ ਮੀਟਰ ਤੇ ਪੰਜਾਹ ਤੋਂ ਸੱਠ ਡਾਲਰ ਦੇ ਵਿਚਕਾਰ ਚੱਲਣਗੇ।

"ਓਹ, ਧੰਨਵਾਦ। ਕਿਰਾਏ ਦੀ ਸਮੱਸਿਆ ਨਹੀਂ। ਮੇਰਾ ਫਿਕਰ ਤਾਂ ਉਡਾਣ ਖੁੰਝਣ ਦਾ ਹੈ।"

"ਫਿਕਰ ਨਾ ਕਰ। ਮੈਂ ਪੂਰੀ ਵਾਹ ਲਾਊਂਗਾ ਕਿ ਤੈਨੂੰ ਸਮੇਂ ਸਿਰ ਏਅਰਪੋਰਟ 'ਤੇ ਪਹੁੰਚਾ ਦੇਵਾਂ।"

ਤੇ ਜਦੋਂ ਟੈਕਸੀ ਏਅਰਪੋਰਟ 'ਤੇ ਪਹੁੰਚੀ ਤਾਂ ਉਸ ਦੀ ਉਡਾਣ ਵਿਚ ਹਾਲੇ ਪੌਣਾ ਘੰਟਾ ਰਹਿੰਦਾ ਸੀ। ਮੀਟਰ 'ਤੇ ਚਰਵੰਜਾ ਡਾਲਰ ਤੇ ਕੁਝ ਸੈਂਟ ਚੱਲੇ ਸਨ। ਉਸ ਨੇ ਸੱਤਰ ਡਾਲਰ ਦੇ ਕੇ ਘੁੱਟ ਕੇ ਹੱਥ ਮਿਲਾਇਆ ਤੇ ਤਿੰਨ-ਚਾਰ ਵਾਰ, "ਥੈਂਕ ਯੂ" ਕਿਹਾ।

ਚੰਗੇ ਟ੍ਰਿਪ ਦੇ ਨਾਲ-ਨਾਲ ਟਿੱਪ ਵਜੋਂ ਮਿਲੇ ਪੰਦਰਾਂ-ਸੋਲਾਂ ਡਾਲਰ ਮੈਨੂੰ ਖੁਸ਼ੀ ਦੇ ਰਹੇ ਸਨ। ਤੇ ਇਕ ਉਹ ਦਿਨ ਵੀ ਸੀ, ਜਦੋਂ ਟਿੱਪ ਕਰਕੇ ਮੈਂ ਹੀਣਾ-ਹੀਣਾ ਮਹਿਸੂਸ ਕੀਤਾ ਸੀ। ਟੈਕਸੀ ਚਲਾਉਣ ਦੇ ਪਹਿਲੇ ਦਿਨ ਸ਼ਾਇਦ ਉਹ ਟਿੱਪ ਵੀ ਪਹਿਲਾ ਹੀ ਸੀ, ਇਕ ਸਵਾਰੀ ਨੇ ਪੰਜਾਹ ਸੈਂਟ ਬਕਾਏ ਦੇ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਸੀ, "ਕੀਪ ਦਾ ਚੇਂਜ।" ਮੈਨੂੰ ਆਪਣਾ-ਆਪ ਅਦਨਾ ਜਿਹਾ ਲੱਗਾ ਸੀ। ਜਿਵੇਂ ਕੋਈ ਕੁਲੀ ਨੂੰ ਸਾਮਾਨ ਚੁਕਾਉਣ ਤੋਂ ਬਾਅਦ ਇਨਾਮ ਵਜੋਂ ਚੁਆਨੀ ਅਠਿਆਨੀ ਦੇ ਦੇਵੇ। ਮੇਰਾ ਜੀਅ ਕੀਤਾ ਸੀ ਕਿ ਗੋਲੀ ਮਾਰਾਂ ਇਸ ਕੁੱਤੇ ਕੰਮ ਨੂੰ। ਪਰ ਗੋਲੀ ਮਾਰੀ ਨਹੀਂ ਸੀ ਗਈ। ਤੇ ਹੁਣ ਉਹੀ ਟਿੱਪ ਮੈਨੂੰ।

ਵੀਡਸ : ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ 'ਤੇ ਵਾਰੀ ਦੀ ਉਡੀਕ ਵਿਚ ਟੈਕਸੀਆਂ ਖੜ੍ਹਾਉਣ ਵਾਲੀ ਥਾਂ ਕੱਚੀ ਹੁੰਦੀ ਸੀ। ਉਥੇ ਘਾਹ-ਫੂਸ ਉਗਿਆ ਹੁੰਦਾ ਸੀ। ਉਦੋਂ ਡਰਾਈਵਰ ਇਸ ਥਾਂ ਨੂੰ ਵੀਡਸ ਆਖਦੇ। ਹੁਣ ਇਹ ਜਗ੍ਹਾ ਬੱਜਰੀ ਵਿਛਾ ਕੇ ਪੱਕੀ ਕਰ ਦਿੱਤੀ ਗਈ ਹੈ। ਇਕ ਵੱਡ-ਅਕਾਰੀ ਸਕਰੀਨ ਲੱਗ ਚੁੱਕੀ ਹੈ ਅਤੇ ਡਰਾਈਵਰਾਂ ਦੇ ਬੈਠਣ-ਉਠਣ ਲਈ ਵਧੀਆ ਇਮਾਰਤ ਵੀ ਬਣ ਗਈ ਹੈ, ਪਰ ਵੱਜਦੀ ਇਹ ਜਗ੍ਹਾ ਹਾਲੇ ਵੀ ਵੀਡਸ ਹੀ ਹੈ।

# ਅਨੂਪ ਕੌਰ ਦੀ ਸਾਖੀ ਬਾਰੇ ਡਾ. ਹਰਭਜਨ ਸਿੰਘ ਦੀ ਸਾਹਿਤਕ ਬੇਈਮਾਨੀ

***ਪੰਜਾਬ ਟਾਈਮਜ਼ ਦੇ 11 ਸਤੰਬਰ ਦੇ ਅੰਕ ਵਿਚ ਵਿਦਵਾਨ ਡਾ. ਹਰਭਜਨ ਸਿੰਘ ਦਾ ਬੀਬੀ ਅਨੂਪ ਕੌਰ ਦੇ ਪ੍ਰਸੰਗ ਬਾਰੇ ਲੇਖ ਪ੍ਰਕਾਸ਼ਿਤ ਕੀਤਾ ਗਿਆ ਸੀ ਜਿਸ ਦਾ ਮਨੋਰਥ ਵੱਖੋ ਵੱਖ ਵਿਚਾਰਾਂ ਨੂੰ ਸਾਂਝਾ ਮੰਚ ਮੁਹੱਈਆ ਕਰਨਾ ਸੀ। ਡਾ. ਹਰਭਜਨ ਸਿੰਘ ਦੇ ਲੇਖ ਦੇ ਪ੍ਰਤੀਕ੍ਰਮ ਵਿਚ ਸਾਨੂੰ ਇਹ ਲੇਖ ਪ੍ਰਾਪਤ ਹੋਇਆ ਹੈ ਜੋ ਅਸੀਂ ਇਥੇ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ***

## ਪ੍ਰਤੀਕ੍ਰਮ

ਪੰਜਾਬ ਟਾਈਮਜ਼ ਦੇ 11 ਸਤੰਬਰ ਦੇ ਅੰਕ ਵਿਚ ਡਾ ਹਰਭਜਨ ਸਿੰਘ ਦਾ ਲੇਖ, 'ਚਰਿਤਰੋਪਾਖਿਆਨ ਦੀ ਅਨੂਪ ਕੌਰ:ਅਸਲ ਕਹਾਣੀ, ਅਸਲ ਸੰਦੇਸ਼' ਪੜ੍ਹਿਆ। ਉਨ੍ਹਾਂ ਇਹ ਕਹਾਣੀ ਆਪਣੀ ਕਿਤਾਬ 'ਸ੍ਰੀ ਦਸਮ ਗ੍ਰੰਥ ਸਾਹਿਬ ਕਰਤਾ ਸੰਬੰਧੀ ਵਿਵਾਦ ਦੀ ਪੁਨਰ-ਸਮੀਖਿਆ' ਵਿਚ ਵੀ (ਪੰਨਾ 107-111) ਦਰਜ ਕੀਤੀ ਹੈ। ਉਨ੍ਹਾਂ ਬਹੁਤ ਹੀ ਸਪੱਸ਼ਟ ਸ਼ਬਦਾਂ ਵਿਚ ਇਹ ਸਾਬਤ ਕੀਤਾ ਹੈ ਕਿ ਇਹ ਕਹਾਣੀ ਗੁਰੂ ਜੀ ਦੀ ਆਪ ਬੀਤੀ ਹੈ। ਇਹ ਸਾਖੀ ਗੁਰੂ ਜੀ ਦੀ ਹੱਡ ਬੀਤੀ ਹੈ ਜਾਂ ਨਹੀ, ਇਹ ਫੈਸਲਾ ਤਾਂ ਮੈ ਪਾਠਕਾਂ ਤੇ ਛੱਡਦਾ ਹਾਂ। ਇਸ ਪੱਤਰ ਰਾਹੀਂ ਤਾਂ ਉਨ੍ਹਾਂ ਵਲੋਂ ਕਹਾਣੀ ਲਿਖਣ ਵੇਲੇ ਕੀਤੀ ਗਈ ਸਾਹਿਤਕ ਬੇਈਮਾਨੀ ਬਾਰੇ ਪਾਠਕਾਂ ਨੂੰ ਜਾਣੂ ਕਰਵਾਉਣਾ ਚਾਹੁੰਦਾ ਹਾਂ।

ਉਨ੍ਹਾਂ ਲਿਖਿਆ ਹੈ, "ਰਾਜੇ ਦਾ ਹਠ ਵੇਖ ਕੇ ਉਸ ਇਸਤਰੀ ਨੇ ਡਰਾਉਣ ਵਾਸਤੇ ਚੋਰ-ਚੋਰ ਕਹਿ ਕੇ ਸ਼ੋਰ ਮਚਾਇਆ। ਉਸ ਇਸਤਰੀ ਦੇ ਸੇਵਕ ਅਤੇ ਆਸ-ਪਾਸ ਦੇ ਲੋਕ ਜਾਗ ਪਏ ਅਤੇ ਉਨ੍ਹਾਂ ਨੇ ਰਾਜੇ ਨੂੰ ਚਾਰੇ ਪਾਸਿਓਂ ਘੇਰ ਲਿਆ। ਉਨ੍ਹਾਂ ਵਿਚੋਂ ਕੁਝ ਨੇ ਤਲਵਾਰਾਂ ਸੂਤ ਲਈਆਂ ਅਤੇ ਲਲਕਾਰ ਕੇ ਕਿਹਾ 'ਤੈਨੂੰ ਭਜਣ ਨਹੀਂ ਦੇਵਾਂਗੇ।' ਜਦੋਂ ਘਿਰੇ ਹੋਏ ਰਾਜੇ ਨੂੰ ਬਚਾਓ ਦਾ ਕੋਈ ਤਰੀਕਾ ਨਾ ਦਿਸਿਆ, ਤਾਂ ਉਸ ਨੇ ਅਨੂਪ ਕੌਰ ਦੇ ਭਾਈ ਦੀ ਪਗੜੀ ਲਾਹ ਦਿਤੀ ਅਤੇ ਉਸ ਨੂੰ ਪਕੜ ਕੇ ਸ਼ੋਰ ਮਚਾਇਆ ਕਿ ਚੋਰ ਇਹ ਹੈ।"

ਪਾਠਕ ਧਿਆਨ ਦੇਣ, ਡਾ. ਹਰਭਜਨ ਸਿੰਘ ਲਿਖਦੇ ਹਨ ਕਿ ਰਾਜੇ ਨੇ "ਅਨੂਪ ਕੌਰ ਦੇ ਭਾਈ ਦੀ ਪਗੜੀ ਲਾਹ ਦਿਤੀ।" ਕੀ ਡਾ. ਹਰਭਜਨ ਸਿੰਘ ਇਹ ਜਾਣਕਾਰੀ ਦੇਣਗੇ ਕਿ ਉਨ੍ਹਾਂ ਨੇ ਇਹ ਤਰਜਮਾ ਕਿਸ ਪੰਗਤੀ ਦਾ ਕੀਤਾ ਹੈ ਕਿ ਰਾਜੇ ਨੇ "ਅਨੂਪ ਕੌਰ ਦੇ ਭਾਈ ਦੀ ਪਗੜੀ ਲਾਹ ਦਿਤੀ?"

ਪਾਠਕਾਂ ਦੀ ਜਾਣਕਾਰੀ ਲਈ ਅਸਲ ਲਿਖਤ ਅਤੇ ਵਿਦਵਾਨਾਂ ਵਲੋਂ ਕੀਤੇ ਗਏ ਅਰਥ ਪੇਸ਼ ਹਨ;

ਦੋਹਰਾ

ਸੁਨਤ ਚੋਰ ਕੇ ਬਚ ਸ੍ਰਵਨ ਉਠਿਯੋ ਰਾਇ ਡਰ ਧਾਰ।

ਭਜਿਯੋ ਜਾਇ ਡਰ ਪਾਇ ਮਨ ਪਨੀ ਪਾਮਰੀ ਡਾਰਿ। 1।

ਛੋਰਿ ਸੁਨਤ ਜਾਗੇ ਸਭੈ ਭਜੇ ਨ ਦੀਨਾ ਰਾਇ।

ਪਦਮ ਪਾਚ ਸਾਕਤ ਲਗੇ ਮਿਲੇ ਸਿਤਾਬੀ ਆਇ। 2।

ਚੌਪਈ

ਛੋਰ ਬਚਨ ਸਭ ਹੀ ਸੁਨਿ ਧਾਏ। ਕਾਢੇ ਖੜਗ ਰਾਇ ਪ੍ਰਤਿ ਆਏ।

ਕੂਕਿ ਕਹੈ ਤੁਹਿ ਜਾਨ ਨ ਦੈਹੈ। ਤੁਹਿ ਤਸਕਰ ਜਮਧਾਮ ਪਠੈ ਹੈ। 3।

ਦੋਹਰਾ

ਆਗੇ ਪਾਛੇ ਦਾਹਨੇ ਘੇਰਿ ਦਸੋ ਦਿਸ ਲੀਨ।

ਪੈਂਡ ਭਜਨ ਕੌ ਨ ਰਹਿਯੋ ਰਾਇ ਜਤਨ ਯੌ ਕੀਨ। 4।

ਵਾਕੀ ਕਰ ਦ੍ਵਾਰੀ ਧਰੀ ਪਗਿਆ ਲਈ ਉਤਾਰਿ।

ਚੋਰ ਚੋਰ ਕਰਿ ਤਿਹ ਗਹਿਯੋ ਦ੍ਵੈਕ ਮੁਤਹਰੀ ਝਾਰਿ। 5।

ਲਗੇ ਮੁਹਤਰੀ ਕੇ ਹਿਰਿਯੋ ਭੁਮਿ ਮੂਰਛਨਾ ਖਾਇ।

ਭੇਦ ਨ ਕਾਹੂੰ ਨਰ ਲਹਿਯੋ ਮੁਸਕੇ ਲਈ ਛੜਾਇ। 6। (ਚਰਿਤ੍ਰ 22, ਪੰਨਾ 843)

ਕੰਨਾਂ ਨਾਲ ਚੋਰ ਦੀ ਗੱਲ ਸੁਣ ਕੇ ਰਾਜਾ ਡਰ ਕੇ ਉਠਿਆ ਅਤੇ ਜੁੱਤੀ ਤੇ ਰੇਸ਼ਮੀ ਚਾਦਰ ਛੱਡ ਕੇ ਭੱਜ ਗਿਆ॥1॥ ਚੋਰ ਦੀ ਪੁਕਾਰ ਸੁਣਕੇ ਸਾਰੇ ਜਾਗ ਪਏ ਤਾਕਿ ਰਾਜਾ ਭਜ ਨਾ ਜਾਏ। ਪੰਜ-ਸੱਤ ਕਦਮਾਂ ਤੇ ਜਾ ਕੇ ਛੇਤੀ ਨਾਲ ਉਹ ਕਿਸੇ ਨੂੰ ਜਾ ਮਿਲੇ॥2॥ ਚੋਰ ਦੀ ਪੁਕਾਰ ਸੁਣਕੇ ਸਾਰੇ ਭੱਜੇ ਅਤੇ ਉਸ ਆਦਮੀ ਦੇ ਖਿਲਾਫ ਤਲਵਾਰਾਂ ਕਢ ਲਈਆਂ। ਉਹ ਲੋਕ ਪੁਕਾਰਨ ਲਗੇ ਕਿ ਤੈਨੂੰ ਜਾਣ ਨਹੀ ਦਿਆਂਗੇ। ਹੇ ਚੋਰ! ਤੈਨੂੰ ਜਮਲੋਕ ਪਹੁੰਚਾਵਾਂਗੇ॥3॥ ਅਗੇ-ਪਿਛੇ ਸੱਜੇ-ਖੱਬੇ ਸਾਰੇ ਪਾਸਿਆਂ ਤੋਂ ਉਹਨੂੰ ਘੇਰ ਲਿਆ। ਉਸ ਜਤਨ ਤਾਂ ਬਹੁਤ ਕੀਤਾ, ਪਰ ਦੌੜਨ ਲਈ ਕੋਈ ਰਾਹ ਨਾ ਰਿਹਾ॥4॥ ਲੋਕਾਂ ਨੇ ਹੱਥ ਨਾਲ ਉਹਦੀ ਦਾਹੜੀ ਫੜ ਲਈ ਅਤੇ ਉਹਦੀ ਪੱਗ ਵੀ ਲਾਹ ਦਿੱਤੀ। ਉਸਨੂੰ ਚੋਰ ਚੋਰ ਆਖਕੇ ਦੋ-ਤਿੰਨ ਸੋਟੇ ਮਾਰਕੇ ਫੜ ਲਿਆ॥5॥ ਸੋਟੇ ਲਗਣ ਨਾਲ ਉਹ ਧਰਤੀ ਤੇ ਡਿੱਗ ਪਿਆ ਤੇ ਬੇਹੋਸ਼ ਹੋ ਗਿਆ। ਕਿਸੇ ਨੇ ਭੇਦ ਨੂੰ ਨਾ ਸਮਝਿਆ ਅਤੇ ਉਹਨਾਂ ਨੇ ਉਸ ਵਿਅਕਤੀ ਦੀਆਂ ਮੁਸ਼ਕਾਂ ਬੰਨ੍ਹ ਦਿੱਤੀਆਂ॥6॥ (ਗਿਆਨੀ ਨਰੈਣ ਸਿੰਘ, ਸੈਚੀ ਛੇਵੀਂ ਪੰਨਾ 112)

ਹੁਣ ਦੇਖੀਏ ਡਾ. ਹਰਭਜਨ ਸਿੰਘ ਦਾ ਸਾਥੀ ਡਾ. ਜੋਧ ਸਿੰਘ ਕੀ ਅਰਥ ਕਰਦਾ ਹੈ:

ਦੋਹਾ॥ ਚੋਰ ਕੀ ਬਾਤ ਸੁਨ ਕਰ ਰਾਜਾ ਡਰ ਕਰ ਉਠਾ ਔਰ ਜੂਤਾ ਭੀ ਭੁਲਕਰ ਭਾਗਨੇ ਲਗਾ॥1॥ ਚੋਰ ਕੀ ਪੁਕਾਰ ਸੁਨ ਕਰ ਸਭੀ ਜਾਗ ਗਏ ਔਰ ਲੋਗੋਂ ਨੇ ਰਾਜਾ ਕੋ ਭਾਗਨੇ ਨਹੀ ਦਿਆ ਤਥਾ ਪਾਂਚ-ਸਾਤ ਕਦਮ ਕੇ ਬਾਦ ਹੀ ਉਸਸੇ ਆ ਮਿਲੇ॥2॥ ਚੌਪਈ॥ ਚੋਰ ਕੀ ਪੁਕਾਰ ਸੁਨ ਕਰ ਸਭੀ ਭਾਗੇ ਔਰ ਉਸ ਰਾਜਾ ਕੇ ਖਿਲਾਫ ਤਲਵਾਰੇਂ ਨਿਕਾਲ ਲੀਂ। ਵੇ ਲੋਗ ਚਿਲਾਨੇ ਲਗੇ ਕਿ ਜਾਨੇ ਨਹੀ ਦੇਂਗੇ ਔਰ ਹੇ ਤਸਕਰ! ਤੁਮਹੇਂ ਜਮਲੋਗ ਭੇਜੇਂਗੇ॥3॥ ਦੋਹਾ॥ ਆਗੇ ਪੀਛੇ, ਦਾਏਂ-ਬਾਏਂ ਸਭੀ ਦਿਸ਼ਾਓਂ ਸੇ ਉਸੇ ਘੇਰ ਲਿਆ। ਰਾਜਾ ਨੇ ਯਤਨ ਤੋ ਕੀਆ ਪਰ ਭਾਗਨੇ ਕੇ ਲਿਏ ਕੋਈ ਰਾਸਤਾ ਨਹੀਂ ਬਚਾ॥4॥ ਲੋਗੋਂ ਨੇ ਹਾਥ ਪਕੜ ਕਰ ਉਸਕੀ ਦਾੜੀ ਪਕੜ ਲੀ ਔਰ ਉਸਕੀ ਪਗੜੀ ਉਤਾਰ ਲੀ। ਉਸੇ ਚੋਰ-ਚੋਰ ਕਹ ਕਰ ਦੋ-ਤੀਨ ਡੰਡੇ ਮਾਰ ਕਰ ਪਕੜ ਲਿਆ॥5॥ ਡੰਡਾ ਲਗਨੇ ਸੇ ਰਾਜਾ ਧਰਤੀ ਪਰ ਗਿਰ ਪੜਾ ਔਰ ਮੁਰਛਤ ਹੋ ਗਿਆ। ਲੋਗੋਂ ਮੇ ਕੋਈ ਭੀ ਰਹਸਯ ਕੋ ਨ ਸਮਝਾ ਔਰ ਉਨੇ ਰਾਜਾ ਕੇ ਹਾਥ ਬਾਂਧ ਲੀਏ॥6॥ (ਡਾ: ਜੋਧ ਸਿੰਘ ਦਾ ਟੀਕਾ (ਹਿੰਦੀ) ਸੈਂਚੀ ਤੀਜੀ ਪੰਨਾ 227)

ਗਿਆਨੀ ਨਰੈਣ ਸਿੰਘ ਅਤੇ ਡਾ. ਜੋਧ ਸਿੰਘ ਨੇ ਜੋ ਅਰਥ ਕੀਤੇ ਹਨ ਉਨ੍ਹਾਂ ਮੁਤਾਬਕ ਤਾਂ ਰਾਜਾ, ਜਿਸ ਨੂੰ ਡਾ. ਹਰਭਜਨ ਸਿੰਘ ਨੇ ਆਪਣੇ ਲੇਖ ਵਿਚ ਲੱਗਭਗ 53 ਵਾਰੀ ਗੁਰੂ ਜੀ ਲਿਖਿਆ ਹੈ, ਇਕ ਔਰਤ ਦੇ ਘਰ ਆਪਣੀ ਜੁਤੀ ਅਤੇ ਰੇਸ਼ਮੀ ਚਾਦਰ ਛੱਡ ਕੇ ਭੱਜ ਜਾਂਦਾ ਹੈ। (ਪਨੀ ਪਾਮਰੀ ਤਜਿ ਭਜੋ ਸੁਧਿ ਨਾ ਰਹੀ ਮਨ ਮਾਹਿ) ਪਰ ਉਨ੍ਹਾਂ ਨੇ ਕਹਾਣੀ ਲਿਖਣ ਵੇਲੇ ਇਕੀਵੇਂ ਚਰਿਤ੍ਰ ਦੇ ਆਖਰੀ ਛੰਦ ਅਤੇ ਬਾਈਵੇਂ ਚਰਿਤ੍ਰ ਦੇ ਪਹਿਲੇ ਛੰਦ ਦੇ ਅਰਥ ਕਿਉਂ ਨਹੀ ਕੀਤੇ? ਅੱਗੇ ਉਹ ਲਿਖਦੇ ਹਨ ਕਿ ਰਾਜੇ ਨੇ, "ਆਪਣੇ ਸਿੱਖ-ਸੇਵਕਾਂ ਨੂੰ ਕਿਹਾ ਕਿ ਸਾਡੀ ਜੁੱਤੀ ਅਤੇ ਵਿਸ਼ੇਸ਼ ਚੋਲਾ ਕਿਸੇ ਨੇ ਚੁਰਾ ਲਿਆ ਹੈ।" ਕੀ ਡਾ. ਸਾਹਿਬ ਹੁਣ ਇਹ ਦੱਸਣ ਦੀ ਖੇਚਲ ਕਰਨਗੇ ਕਿ ਕੀ ਰਾਜਾ (ਉਨ੍ਹਾਂ ਮੁਤਾਬਕ ਗੁਰੂ ਜੀ) ਝੂਠ ਨਹੀ ਬੋਲ ਰਿਹਾ? ਕੀ ਇਹ ਸੱਚ ਨਹੀਂ ਕਿ ਰਾਜਾ ਜੁੱਤੀ ਅਤੇ ਚੋਲਾ ਆਪ ਔਰਤ ਦੇ ਘਰ ਛੱਡ ਕੇ ਭੱਜਿਆ ਸੀ? (ਭਜਿਯੋ ਜਾਇ ਡਰ ਪਾਇ ਮਨ ਪਨੀ ਪਾਮਰੀ ਡਾਰਿ)

ਉਪਰੋਕਤ ਦੋਵਾਂ ਵਿਦਵਾਨਾਂ ਨੇ ਜੋ ਅਰਥ ਕੀਤੇ ਹਨ ਉਨ੍ਹਾਂ ਮੁਤਾਬਕ ਤਾਂ ਪੱਗੜੀ ਰਾਜੇ ਦੀ (ਜਿਸ ਨੂੰ ਡਾ. ਹਰਭਜਨ ਸਿੰਘ ਗੁਰੂ ਜੀ ਲਿਖਦੇ ਹਨ) ਲਾਹੀ ਗਈ ਸੀ ਅਤੇ ਦਾੜੀ ਵੀ ਰਾਜੇ ਦੀ ਹੀ ਫੜ੍ਹੀ ਗਈ ਸੀ। ਹੁਣ ਇਹ ਉਨ੍ਹਾਂ ਦੀ ਜਿੰਮੇਵਾਰੀ ਬਣਦੀ ਹੈ ਕਿ ਇਹ ਜਾਣਕਾਰੀ ਦੇਣ, "ਜਦੋਂ ਘਿਰੇ ਹੋਏ ਰਾਜੇ ਨੂੰ ਬਚਾਓ ਦਾ ਕੋਈ ਤਰੀਕਾ ਨਾ ਦਿਸਿਆ, ਤਾਂ ਉਸ ਨੇ ਅਨੂਪ ਕੌਰ ਦੇ ਭਾਈ ਦੀ ਪਗੜੀ ਲਾਹ ਦਿਤੀ" ਕਿਸ ਅਧਾਰ ਤੇ ਲਿਖਿਆ ਹੈ? ਕਿਸੇ ਦੀ ਲਿਖਤ, ਜਿਸ ਨੂੰ ਉਹ ਗੁਰੂ ਜੀ ਦੀ ਰਚਨਾ ਮੰਨਦੇ ਹਨ, ਦਾ ਅਨੁਵਾਦ ਕਰਨ ਵੇਲੇ ਉਨ੍ਹਾਂ ਇਹ ਸਾਹਿਤਕ ਬੇਈਮਾਨੀ ਕਿਉਂ ਕੀਤੀ? ਸੱਚ ਲਿਖਣ ਲੱਗਿਆਂ ਉਨ੍ਹਾਂ ਦੀ ਕਲਮ ਜਵਾਬ ਕਿਉਂ ਦੇ ਗਈ? ਉਨ੍ਹਾਂ ਦੇ ਹੱਥ ਰੁਕ ਕਿਉਂ ਗਏ? ਜਦੋਂ ਕਿ ਉਹ ਹੀ ਲਿਖਦੇ ਹਨ, "ਅਸੀਂ ਪਾਠਕਾਂ ਦੀ ਜਾਣਕਾਰੀ ਵਾਸਤੇ ਇਸ ਸੰਵਾਦ ਦੇ ਕੁਝ ਮਹਤਵਪੂਰਨ ਅੰਸ਼ ਪ੍ਰਸਤੁਤ ਕਰਦੇ ਹਾਂ। ਕਿਸੇ ਪੰਕਤੀ ਦੇ ਭਾਵ ਵਿਚ ਅਸਾਂ ਰਤਾ ਵੀ ਪਰਿਵਰਤਨ ਨਹੀਂ ਕੀਤਾ।"

ਡਾ. ਹਰਭਜਨ ਸਿੰਘ ਨੂੰ ਤਾਂ, ਗੁਰੂ ਗੋਬਿੰਦ ਸਿੰਘ ਜੀ ਦਾ ਅਨੂਪ ਕੌਰ ਦੇ ਘਰ ਜਾਣਾ, ਉਸ ਵਲੋਂ ਫੁਲ, ਪਾਨ ਅਤੇ ਸ਼ਰਾਬ ਆਦਿ ਭੇਟ ਕਰਨਾ, ਔਰਤ ਵਲੋਂ ਸਰੀਰਕ ਸੰਬੰਧ ਕਾਇਮ ਕਰਨ ਲਈ ਜੋਰ ਪਾਉਣਾ, ਗੁਰੂ ਜੀ ਵਲੋ ਇਨਕਾਰ ਕਰਨ ਤੇ ਔਰਤ ਵਲੋਂ ਕਹਿਣਾ ਕਿ ਜਾਂ ਤਾਂ ਮੇਰੀ ਗੱਲ ਮੰਨ ਲੈ ਨਹੀ ਤਾਂ ਮੇਰੀ ਲੱਤ ਹੇਠੋਂ ਦੀ ਲੰਘ ਤਾਂ ਗੁਰੂ ਜੀ ਵਲੋਂ ਕਹਿਣਾ, "ਗੁਰੂ ਜੀ: ਲੱਤਾਂ ਹੇਠੋਂ ਉਹ ਨਿਕਲੇਗਾ ਜੋ ਕਾਮ ਦੇ ਅਸਮਰਥ ਹੋਵੇ। ਨਪੁੰਸਕ ਹੋਵੇ। ਮੈਂ ਧਰਮ ਦਾ ਬੰਨ੍ਹਿਆ, ਲੋਕ ਮਰਯਾਦਾ ਦਾ ਬੰਨ੍ਹਿਆ ਕਾਮ-ਭੋਗ ਤੋਂ ਨਿਰਲਿਪਤ ਰਹਿੰਦਾ ਹਾਂ। ਕਿਸੇ ਸਰੀਰਕ ਹੀਣਤਾ ਕਾਰਨ ਨਹੀਂ।" ਚੋਰ-ਚੋਰ ਦਾ ਰੌਲਾ ਪੈਣ 'ਤੇ ਆਪਣੀ ਜੁਤੀ ਆਦਿ ਛੱਡ ਕੇ ਭੱਜਣ ਦਾ ਯਤਨ ਕਰਨਾ ਅਤੇ ਫੜੇ ਜਾਣਾ, ਔਰਤ ਤੋਂ ਗੁਰੂ ਜੀ ਵਲੋਂ ਮਾਫੀ ਮੰਗਣੀ ਅਤੇ ਉਸ ਨੂੰ 40,000 ਟਕਾ ਸਾਲਾਨਾ ਭੱਤਾ ਦੇਣਾ ਆਦਿ ਸਭ ਕੁਝ ਹੀ ਗੁਰੂ ਜੀ ਵਾਸਤੇ ਗੌਰਵਸ਼ਾਲੀ ਲਗਦਾ ਹੈ ਤਾਂ ਹੀ ਤਾਂ ਉਨ੍ਹਾਂ ਨੇ ਲਿਖਿਆ ਹੈ, "ਇਸ ਅਮ੍ਰਿਤ ਕਥਾ ਵਿਚ ਕੁਝ ਵੀ ਅਜਿਹਾ ਨਹੀਂ, ਜਿਸ ਨੂੰ ਅਸ਼ਲੀਲ ਕਿਹਾ ਜਾਵੇ ਜਾਂ ਗੁਰੂ ਜੀ ਦੇ ਵਿਅਕਤਿਤਵ ਨੂੰ ਛੁਟਿਆਉਣ ਵਾਲਾ ਹੋਵੇ।"

ਮੈਂ ਅਨੂਪ ਕੌਰ ਵਾਲੀ ਸਾਖੀ ਨੂੰ ਸਪੱਸ਼ਟ ਸ਼ਬਦਾਂ ਵਿਚ ਰੱਦ ਕਰਦਾ ਹਾਂ। ਇਸ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਦੂਰ ਦਾ ਵੀ ਕੋਈ ਨਾਤਾ ਨਹੀਂ ਹੈ। ਉਹ ਇਸ ਨੂੰ ਗੁਰੂ ਜੀ ਦੀ ਹੱਡ ਬੀਤੀ ਮੰਨਦੇ ਹਨ। ਉਨ੍ਹਾਂ ਨੇ ਸਾਖੀ ਲਿਖਣ ਵੇਲੇ, ਰਾਜੇ ਵਲੋਂ ਜੁੱਤੀ ਅਤੇ ਚਾਦਰ ਛੱਡ ਕੇ ਭੱਜਣ ਅਤੇ ਰਾਜੇ ਦੀ ਦਾੜੀ ਫੜਨ ਅਤੇ ਪੱਗ ਉਤਾਰਨ ਦਾ ਜਿਕਰ ਕਿਉਂ ਨਹੀ ਕੀਤਾ? ਕੀ ਇਹ ਵੀ ਉਸੇ ਕਹਾਣੀ ਦਾ ਹਿੱਸਾ ਨਹੀ ਹੈ ਜਿਸ ਸੰਬੰਧੀ ਉਹ ਲਿਖਦੇ ਹਨ, "ਇਹ ਕਹਾਣੀ ਗੁਰੂ ਜੀ ਦੇ ਉਚ-ਆਚਾਰ ਦਾ ਉਤਕ੍ਰਿਸ਼ਟ ਨਮੂਨਾ ਹੈ।" ਕੀ ਹੁਣ ਉਨ੍ਹਾਂ ਨੂੰ ਵੀ ਇਹ ਡਰ ਤਾਂ ਨਹੀਂ ਸਤਾ ਰਿਹਾ ਕਿ ਜੇ ਅਨੁਵਾਦ ਠੀਕ ਕਰ ਦਿੱਤਾ ਤਾਂ ਗੁਰੁ ਜੀ ਅਪਮਾਨਜਨਕ ਸਥਿਤੀ 'ਚ ਫਸ ਜਾਣਗੇ? ਕੀ ਇਸ ਤਰ੍ਹਾਂ ਆਪਣੀ ਮਨਮਰਜੀ ਦੇ ਅਰਥ ਕਰਨੇ ਉਨ੍ਹਾਂ ਵਰਗੇ ਵਿਦਵਾਨ (ਪ੍ਰਾਜੈਕਟ ਡਾਇਰੈਕਟਰ ਅਤੇ ਮੁਖੀ ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ) ਨੂੰ ਸ਼ੋਭਾ ਦਿੰਦਾ ਹੈ?

***-ਸਰਵਜੀਤ ਸਿੰਘ,***
***ਸੈਕਰਾਮੈਂਟੋ।***

# ਆਮ ਜਨਤਾ ਅਤੇ ਅਖੌਤੀ ਬਾਬੇ

ਇਹ ਤਾਂ ਕਿਸੇ ਵੀ ਵਿਅਕਤੀ ਵਲੋਂ ਹੋ ਸਕਦਾ ਹੈ, ਵੱਡੇ ਦਾ ਛੋਟੇ ਨੂੰ, ਮਾਪਿਆਂ ਦਾ ਔਲਾਦ ਨੂੰ। ਪੁਲਿਸ, ਫੌਜ, ਅਫਸਰਾਂ ਤੇ ਸਰਕਾਰਾਂ ਵਲੋਂ ਇਹ ਕਿਸੇ ਵੀ ਤਰ੍ਹਾਂ ਦਾ ਹੋ ਸਕਦਾ ਹੈ। ਕੋਈ ਪਾਲਣਾ ਕਰੇ ਜਾਂ ਨਾ ਕਰੇ ਜਾਂ ਨੀਂਵੀਂ ਪਾ ਕੇ ਸੁਣ ਲੈਣਾ, ਕਰਨਾ ਮਰਜ਼ੀ ਨਾਲ। ਇਹ ਸਾਡੇ ਸਮਾਜ ਵਿਚ ਅੱਖੀਂ ਵਾਪਰ ਰਿਹਾ ਹੈ। ਲਿਖਤੀ ਜਾਂ ਜ਼ਬਾਨੀ, ਸਿਸਟਮ ਨੂੰ ਚਲਾਉਣ ਲਈ ਇਸ ਦੀ ਪਾਲਣਾ ਜ਼ਰੂਰੀ ਹੈ। ਸਿਆਸੀ ਪਾਰਟੀਆਂ, ਜਥੇਬੰਦੀਆਂ ਤੇ ਹੋਰ ਸੰਸਥਾਵਾਂ ਵਲੋਂ ਜ਼ਾਬਤੇ ਦੀ ਪਾਲਣਾ ਕਰਨ ਲਈ ਹੁਕਮ ਕੀਤੇ ਜਾਂਦੇ ਹਨ। ਜਿੱਥੇ ਇਸ ਦੀ ਪਾਲਣਾ ਨਹੀਂ, ਉਥੇ ਰੌਲਾ-ਘਚੋਲਾ ਪੈਂਦਾ ਰਹਿੰਦਾ ਹੈ। ਕਿਤੇ ਧੱਕੇ ਨਾਲ ਵੀ ਹੁਕਮ ਕੀਤੇ ਜਾਂਦੇ ਹਨ।

ਕੁਝ ਧਾਰਮਿਕ ਸੰਸਥਾਵਾਂ ਵੀ ਆਪੋ-ਆਪਣੇ ਧਰਮ ਦੇ ਲੋਕਾਂ ਨੂੰ ਹੁਕਮ ਚਾੜ੍ਹਦੇ ਹਨ, ਜਿੱਥੇ ਇਹ ਕੱਟੜਤਾ ਦਾ ਸਬੂਤ ਬਣਦੇ ਹਨ। ਦੰਗੇ, ਫਸਾਦ, ਨਫਰਤ ਇਹ ਸਭ ਹੁਕਮਾਂ ਕਰਕੇ ਹੀ ਵਾਪਰਦੇ ਹਨ। ਆਪੋ-ਆਪਣੀ ਚੌਧਰ ਤੇ ਧੌਂਸ ਜਮਾਉਣ ਲਈ ਅੱਜ-ਕੱਲ੍ਹ ਜਗ੍ਹਾ-ਜਗ੍ਹਾ ਵੱਖੋ-ਵੱਖਰੇ ਧਰਮ ਬਣਾ ਕੇ ਭੋਲੇ-ਭਾਲੇ ਲੋਕਾਂ ਨੂੰ ਬੁਰੀ ਤਰ੍ਹਾਂ ਲੁੱਟਿਆ ਜਾ ਰਿਹਾ ਹੈ। ਇਹ ਧਾਰਮਿਕ ਸੰਸਥਾਵਾਂ ਜਾਂ ਡੇਰਿਆਂ ਦੇ ਮੁਖੀ ਬਾਬੇ ਕਹਾਉਂਦੇ, ਲੋਕਾਂ ਨੂੰ ਨਰਕ ਸਵਰਗ ਦੇ ਚੱਕਰਾਂ ਵਿਚ ਪਾ ਕੇ ਉਨ੍ਹਾਂ ਦੀ ਤਰੀਕੇ ਨਾਲ ਲੁੱਟ ਕਰਦੇ ਹਨ। ਵਧੀਆ ਜਗ੍ਹਾ ਬਣਾ ਕੇ ਉਥੇ ਡੇਰੇ ਉਸਾਰਨੇ 'ਤੇ ਫਿਰ ਅੱਯਾਸ਼ੀ ਕਰਨੀ ਆਮ ਗੱਲ ਬਣ ਗਈ ਹੈ। ਇਹ ਆਪਣੇ ਚੇਲਿਆਂ ਰਾਹੀਂ ਲੋਕਾਂ ਵਿਚ ਪ੍ਰਚਾਰ ਕਰਾਉਂਦੇ ਹਨ ਤੇ ਫਿਰ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਜੋੜਦੇ ਹਨ। ਜਦੋਂ ਲੋਕ ਅੱਖਾਂ ਮੀਟ ਕੇ ਇਨ੍ਹਾਂ 'ਤੇ ਵਿਸ਼ਵਾਸ ਕਰਕੇ ਡੇਰਿਆਂ 'ਤੇ ਆਉਣ ਲੱਗ ਜਾਣ ਤਾਂ ਫਿਰ ਸ਼ੁਰੂ ਹੁੰਦੀ ਹੈ ਇਨ੍ਹਾਂ ਦੀ ਰੰਗੀਨ ਜ਼ਿੰਦਗੀ।

ਜਨਤਾ ਨੂੰ ਮਰਨ-ਜਿਊਣ, ਕਰਮਾਂ ਦਾ ਫਲ, ਕਿਸਮਤ ਦਾ ਚੱਕਰ ਤੇ ਤਕਦੀਰਾਂ ਦੇ ਸਬਜ਼ਬਾਗ ਦਿਖਾਉਂਦੇ ਹਨ ਤੇ ਉਨ੍ਹਾਂ ਦੀ ਕਿਰਤ ਦੀ ਕਮਾਈ ਲੁੱਟ ਕੇ ਅੱਗੇ ਆਰਾਮ ਕਰਦੇ ਹਨ। ਫਿਰ ਉਨ੍ਹਾਂ ਲੋਕਾਂ ਦੀਆਂ ਧੀਆਂ-ਭੈਣਾਂ ਨਾਲ ਅੱਯਾਸ਼ੀ ਕਰਦੇ ਹਨ। ਪ੍ਰੋਗਰਾਮ ਕਰਕੇ ਬਾਹਰਲੇ ਦੇਸ਼ਾਂ ਤੱਕ ਧਰਮ ਦਾ ਪ੍ਰਚਾਰ ਕਹਿ ਕੇ ਪੈਸਾ ਇਕੱਠਾ ਕਰਕੇ ਕਿਲਾਨੁਮਾ ਕੋਠੀਆਂ ਪਾ ਕੇ, ਏ.ਸੀ. ਗੱਡੀਆਂ ਵਿਚ ਘੁੰਮਣਾ, ਚੰਗੀਆਂ ਥਾਵਾਂ 'ਤੇ ਆਨੰਦ ਮਾਣਨਾ, ਏਹੋ ਹੀ ਇਨ੍ਹਾਂ ਦਾ ਕੰਮ ਹੈ। ਗੁਰੂਆਂ-ਪੀਰਾਂ ਦੀਆਂ ਕਹਾਣੀਆਂ ਸੁਣਾ ਕੇ, ਲੋਭ-ਮੋਹ ਤਿਆਗੋ ਦੱਸ ਕੇ ਉਨ੍ਹਾਂ ਦੀ ਕਿਰਤ ਲੁੱਟਦੇ ਹਨ, ਪਰ ਆਪ ਕਦੇ ਨੰਗੇ ਪੈਰੀਂ ਨਹੀਂ ਤੁਰਦੇ। ਮਹਿੰਗੀਆਂ ਗੱਡੀਆਂ ਤਾਂ ਕੀ ਹੁਣ ਤਾਂ ਕਈਆਂ ਨੇ ਹੈਲੀਕਾਪਟਰ ਵੀ ਖਰੀਦ ਲਏ ਨੇ।

ਗਰੀਬੀ ਤੋਂ ਤੰਗ, ਮਾਨਸਿਕਤਾ ਦੀ ਪੀੜ ਵਿਚ ਗ੍ਰਸੇ ਲੋਕ ਆਪਣੇ ਬੱਚਿਆਂ ਦੇ ਮੂੰਹ 'ਚੋਂ ਖੋਹ ਕੇ ਇਨ੍ਹਾਂ ਦੇ ਡੇਰਿਆਂ ਦੇ ਵਿਚ ਢੇਰੀ ਕਰ ਦਿੰਦੇ ਹਨ। ਆਪਣੀਆਂ ਭਾਵਨਾਵਾਂ ਨੂੰ ਦਬਾ ਕੇ ਅਰਮਾਨਾਂ ਤੇ ਪਾਣੀ ਫੇਰ ਲੈਂਦੇ ਹਨ ਅਤੇ ਅਗਲੇ ਜਨਮ ਵਿਚ ਸੁੱਖ ਪ੍ਰਾਪਤੀ ਲਈ ਪਸ਼ੂਆਂ ਵਰਗੀ ਜ਼ਿੰਦਗੀ ਬਸਰ ਕਰਦੇ ਹਨ। ਇਹ ਕਿਰਤ ਦਾ ਦਸ਼ਵੰਧ ਦੱਸ ਕੇ ਆਮਦਨੀ ਟੈਕਸ ਲਗਾਉਂਦੇ ਹਨ।

ਇਹ ਕਿਸੇ ਦੀ ਧੀ ਦੇ ਦਾਜ ਬਾਝੋਂ ਹੋਏ ਕਤਲ, ਬਲਾਤਕਾਰ, ਪੁਲਿਸ ਵਧੀਕੀਆਂ ਤੇ ਹੋਰ ਧੱਕੇਸ਼ਾਹੀ ਵਿਰੁਧ ਧਰਨੇ ਰੈਲੀਆਂ ਨਹੀਂ ਕਰਦੇ। ਗੱਡੀਆਂ ਦੇ ਕਾਫਲੇ ਤੇ ਬਾਡੀਗਾਰਡਾਂ ਦੀ ਟੀਮ ਲੈ ਕੇ ਹਰਲ-ਹਰਲ ਕਰਦੇ ਫਿਰਦੇ ਹਨ। ਖੁਦ ਕਿਸੇ ਵੀ ਧਰਮ ਦੀ ਮਰਿਆਦਾ ਨਹੀਂ ਸਮਝਦੇ। ਸੰਗਤ ਵਿਚ ਬੈਠ ਕੇ ਲੰਗਰ ਨਹੀਂ ਛੱਕਦੇ ਤੇ ਹੋਰ ਕੋਈ ਵੀ ਸੇਵਾ ਨਹੀਂ ਕਰਦੇ। ਬੱਸ ਕਿਰਤੀ ਲੋਕਾਂ ਦੀ ਕਿਰਤ ਤੇ ਅੱਯਾਸ਼ੀ ਕਰਦੇ ਹਨ।

ਅੱਜ ਪੜ੍ਹੇ-ਲਿਖੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਮਾਂ ਕੱਢ ਕੇ ਲੋਕਾਂ ਨੂੰ ਇਸ ਜ਼ਹਿਨੀਅਤ ਤੋਂ ਛੁਟਕਾਰਾ ਦਿਵਾਉਣ। ਲੋਕਾਂ ਨੂੰ ਇਨ੍ਹਾਂ ਪਾਖੰਡੀ ਲੋਕਾਂ ਬਾਰੇ ਤੇ ਇਨ੍ਹਾਂ ਨਾਲ ਮਿਲੇ ਮੰਤਰੀਆਂ ਬਾਰੇ ਜਾਗਰੂਕ ਕਰਨ। ਸਾਰੇ ਪੁਆੜੇ ਇਥੋਂ ਹੀ ਪੈਂਦੇ ਹਨ, ਇਹ ਸਾਡੇ ਰਿਸ਼ਤਿਆਂ ਵਿਚ, ਸਾਡੀਆਂ ਸਾਂਝਾਂ ਵਿਚ ਫੁੱਟ ਪਾਉਂਦੇ ਹਨ। ਜਿੰਨਾ ਚਿਰ ਲੋਕ ਸਿਆਣੇ ਨਹੀਂ ਹੁੰਦੇ, ਲੋਕਾਂ ਦੀ ਸੋਚ ਵਿਗਿਆਨਕ ਨਹੀਂ ਬਣਦੀ, ਉਨਾਂ ਚਿਰ ਇਹ ਸਭ ਕੁਝ ਇਸ ਤਰ੍ਹਾਂ ਹੁੰਦਾ ਰਹੇਗਾ। ਸੋ ਸਭ ਨੂੰ ਬੇਨਤੀ ਹੈ ਕਿ ਅਖੌਤੀ ਸਵਰਗ ਦਾ ਲਾਲਚ ਤੇ ਨਰਕ ਦਾ ਡਰ ਤਿਆਗ ਦਿਓ ਅਤੇ ਵਿਗਿਆਨਕ ਸੋਚ ਦੇ ਧਾਰਨੀ ਬਣੋ ਤਾਂ ਕਿ ਅਸੀਂ ਇਕ ਸੋਹਣੇ ਤੇ ਨਰੋਏ ਸਮਾਜ ਦੀ ਸਿਰਜਣਾ ਕਰ ਸਕੀਏ।

***-ਬੌਬ ਖੈਹਰਾ, ਮਿਸ਼ੀਗਨ***
***ਫੋਨ:734-925-0177***

# ਸਿੱਖ ਸੰਗਤਾਂ ਨੂੰ ਅਪੀਲ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

ਇਹ ਸੁਣ ਕੇ ਮਨ ਨੂੰ ਬੜਾ ਦੁੱਖ ਲੱਗਾ ਕਿ ਗੁਰੂ ਦੀ ਸੰਗਤ ਗੁਰੂ ਘਰੋਂ ਬੜੇ ਦੁਖੀ ਹਿਰਦੇ ਨਾਲ ਵਾਪਸ ਮੁੜੀ। ਕੁਝ ਗਲਤ ਅਨਸਰਾਂ ਨੇ ਦਮਦਮੀ ਟਕਸਾਲ ਦਾ ਸਹਾਰਾ ਲੈ ਕੇ ਗੁਰੂ ਘਰ ਵਿਚ ਉਲੀਕੇ ਗਏ ਕੀਰਤਨ ਦਰਬਾਰ ਜਿਥੇ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਹਾਜ਼ਰੀ ਭਰਨੀ ਸੀ, ਵਿਚ ਰੁਕਾਵਟ ਪਾਈ। ਇਹ ਲੋਕ ਦਮਦਮੀ ਟਕਸਾਲ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਟਕਸਾਲ ਦੇ ਲੇਖਕ ਅਤੇ ਕਥਾਵਾਚਕ ਕਹਿ ਰਹੇ ਸਨ। ਗੁਰੂਘਰ ਵਿਚ ਉਨ੍ਹਾਂ ਨੇ ਕਿਹਾ ਕਿ ਸੰਗਤ ਜੋ ਵੀ ਮਿੱਠੀ ਚੀਜ਼ ਲੈ ਕੇ ਆਵੇ, ਉਸ ਨੂੰ ਚੁੱਕ ਕੇ ਬਾਹਰ ਸੁੱਟ ਦੇਣਾ ਕਿਉਂਕਿ ਅਖੰਡ ਪਾਠ ਸਾਹਿਬ ਸ਼ਹੀਦਾਂ ਦੀ ਯਾਦ ਵਿਚ ਰੱਖੇ ਗਏ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਸ਼ਹੀਦਾਂ ਦੀ ਯਾਦ ਵਿਚ ਰੱਖੇ ਗਏ ਅਖੰਡ ਪਾਠ ਵਿਚ ਮਿੱਠੀ ਚੀਜ਼ ਨਹੀਂ ਵਰਤ ਸਕਦੇ। ਉਹ ਸ਼ਾਇਦ ਭੁੱਲ ਗਏ ਕਿ ਸ਼ਹੀਦ ਸਿੰਘਾਂ ਦਾ ਘਰ ਸੱਚਖੰਡ ਹੈ। ਸਿੰਘ ਜੋ ਸ਼ਹੀਦ ਹੁੰਦੇ ਹਨ, ਉਹ ਆਪਣੀ ਅਰਜ਼ੀ ਨਾਲ ਇਹ ਦਾਤ ਗੁਰੂ ਸਾਹਿਬ ਪਾਸੋਂ ਅਰਦਾਸਾਂ ਕਰਕੇ ਪਾਉਂਦੇ ਹਨ। ਗੁਰੂ ਦੀ ਬਖਸ਼ਿਸ਼ ਸਦਕਾ ਉਹ ਸ਼ਹੀਦੀ ਪ੍ਰਾਪਤ ਕਰਕੇ ਆਪਣੇ ਘਰ ਸੱਚਖੰਡ ਨਿਵਾਸ ਕਰਦੇ ਹਨ। ਆਪਣੇ ਘਰ ਜਾਣ ਦੀ ਉਨ੍ਹਾਂ ਨੂੰ ਬਹੁਤ ਖੁਸ਼ੀ ਹੁੰਦੀ ਹੈ। ਆਪ ਸੰਗਤਾਂ ਨੂੰ ਸ਼ਾਇਦ ਯਾਦ ਹੋਵੇਗਾ ਕਿ ਕੁਝ ਸਮਾਂ ਪਹਿਲਾਂ ਸਿੰਘਾਂ ਨੇ ਜੋ ਸ਼ਹੀਦੀਆਂ ਦਿੱਤੀਆਂ ਹਨ, ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਜਦੋਂ ਜੱਜ ਨੇ ਫਾਂਸੀ ਦੀ ਸਜ਼ਾ ਸੁਣਾਈ ਤਾਂ ਉਨ੍ਹਾਂ ਦੋ ਸੂਰਮਿਆਂ ਨੇ ਫਾਂਸੀ ਦੀ ਸਜ਼ਾ ਸੁਣ ਕੇ ਆਪਣੀ ਖੁਸ਼ੀ ਨਾਲ ਜੱਜ ਨੂੰ ਲੱਡੂ ਖੁਆਏ।

ਸ਼ਾਇਦ ਇਹ ਲੋਕ ਉਨ੍ਹਾਂ ਦੀ ਕੁਰਬਾਨੀ ਭੁੱਲ ਗਏ। ਇਹ ਸਿੱਖ ਸੰਸਥਾਵਾਂ ਦਾ ਨਾਮ ਲੈ ਕੇ ਆਪਣੇ ਆਪ ਨੂੰ ਕੱਟੜਵਾਦੀ ਅਤੇ ਰਹਿਤਵਾਦੀ ਅਖਵਾਉਂਦੇ ਹਨ। ਸਿੰਘਾਂ ਦੇ ਜਨਮ ਤੋਂ ਲੈ ਕੇ ਸ਼ਹੀਦੀ ਤੱਕ (ਚਾਹੇ ਉਹ ਕਿਸੇ ਵੀ ਉਮਰ ਦੇ ਹੋਣ) ਗੁਰੂ ਮਰਿਆਦਾ ਅਨੁਸਾਰ ਗੁਰੂ ਦੀ ਹਾਜ਼ਰੀ ਵਿਚ ਕੜ੍ਹਾਹ ਪ੍ਰਸਾਦ ਵਰਤਾਇਆ ਜਾਂਦਾ ਹੈ ਜੋ ਕਿ ਮਿੱਠਾ ਹੀ ਬਣਦਾ ਹੈ। ਇਹ ਲੋਕ ਕਹਿ ਰਹੇ ਹਨ ਕਿ ਸ਼ਹੀਦਾਂ ਦੇ ਭੋਗ 'ਤੇ ਮਿੱਠਾ ਨਹੀਂ ਵਰਤਾ ਸਕਦੇ। ਜਦੋਂ ਅਰਦਾਸ ਕਰਦੇ ਸਮੇਂ ਅਰਦਾਸੀਆ ਸਿੰਘ ਅਰਦਾਸ ਵਿਚ ਪੰਜਵੇਂ ਪਿਤਾ ਸ੍ਰੀ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਦਾ ਫੁਰਮਾਨ 'ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ। ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣ ਲਾਵਹੁ ਭੋਗੁ ਹਰਿ ਰਾਇ॥ (ਅੰਗ 1266, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਪੜ੍ਹਦਾ ਹੈ ਤੇ ਇਕ ਸਿੰਘ ਸ੍ਰੀ ਸਾਹਿਬ ਨਾਲ ਭੋਗ ਲਾਉਂਦਾ ਹੈ ਤਾਂ ਸਮੁੱਚੇ ਸਿੱਖਾਂ ਦਾ ਵਿਸ਼ਵਾਸ ਹੈ ਕਿ ਗੁਰੂ ਸਾਹਿਬ ਆਪ ਹਾਜ਼ਰ-ਨਾਜ਼ਰ ਹੋ ਕੇ ਛਕਦੇ ਹਨ ਅਤੇ ਸੀਤ ਪ੍ਰਸਾਦ ਸੰਗਤ ਵਿਚ ਵਰਤਣ ਦੀ ਆਗਿਆ ਦਿੰਦੇ ਹਨ। ਕੀ ਗੁਰੂ ਜੀ ਦੀ ਮਰਿਆਦਾ ਇਨ੍ਹਾਂ ਨੂੰ ਯਾਦ ਨਹੀਂ?

ਕੁਝ ਦਿਨ ਪਹਿਲਾਂ ਗਰੀਨਵੁੱਡ ਸਿਟੀ ਵਿਚ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦੀਵਾਨ ਸਮੇਂ ਜੋ ਵਾਪਰਿਆ, ਉਸ ਨੇ ਸੰਗਤਾਂ ਦੇ ਦਿਲ 'ਤੇ ਬੜੀ ਡੂੰਘੀ ਸੱਟ ਲਾਈ ਹੈ। ਇਨ੍ਹਾਂ ਸੱਜਣਾਂ ਨੇ ਬਾਬਾ ਢੱਡਰੀਆਂ ਵਾਲਿਆਂ ਨੂੰ ਗਰੀਨਵੁੱਡ ਆਉਣ ਤੋਂ ਰੋਕਿਆ। ਜੇ ਉਨ੍ਹਾਂ ਦੇ ਮਨ ਵਿਚ ਬਾਬਾ ਰਣਜੀਤ ਸਿੰਘ ਪ੍ਰਤੀ (ਕਿ ਉਹ ਕੱਚੀ ਬਾਣੀ ਪੜ੍ਹਦੇ ਹਨ) ਸ਼ੰਕਾ ਹੈ, ਉਹ ਉਨ੍ਹਾਂ ਨਾਲ ਮਿਲ ਕੇ ਗੱਲਬਾਤ ਨਾਲ ਮਸਲਾ ਹੱਲ ਕਰ ਲੈਣ, ਨਾ ਕਿ ਗੁਰਦੁਆਰਿਆਂ ਵਿਚ ਕੀਤੇ ਪ੍ਰਬੰਧਾਂ ਵਿਚ ਰੁਕਾਵਟ ਬਣਨ, ਜਿਸ ਨਾਲ ਸੰਗਤਾਂ ਨੂੰ ਗੁਰੂ ਘਰ ਤੋਂ ਬੜੇ ਦੁਖੀ ਹਿਰਦੇ ਨਾਲ ਵਾਪਸ ਮੁੜਨਾ ਪਵੇ। ਸੰਗਤਾਂ ਦੂਰ-ਦੁਰਾਡੇ ਤੋਂ ਆਪਣੀ ਜ਼ਿੰਦਗੀ ਦਾ ਸਮਾਂ ਸਫਲਾ ਕਰਨ ਲਈ ਆਉਂਦੀਆਂ ਹਨ। ਇਹ ਸਮਾਗਮ ਸੰਗਤਾਂ ਨੂੰ ਗੁਰੂ ਨਾਲ ਜੋੜਨ ਲਈ ਕਰਵਾਏ ਜਾਂਦੇ ਹਨ, ਨਾ ਕਿ ਤੋੜਨ ਲਈ। ਗੁਰੂ ਨਾਲ ਜੋੜਨ ਜਿੱਡਾ ਪੁੰਨ ਕੋਈ ਨਹੀਂ ਤੇ ਤੋੜਨ ਵਾਲੇ ਨੂੰ ਕਿਤੇ ਵੀ ਢੋਈ ਨਹੀਂ ਮਿਲਣੀ।

ਸਾਡੀ ਸਾਰਿਆਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਗੁਰੂ ਜੀ ਦੀ ਮਰਿਆਦਾ ਮੰਨੀਏ, ਨਾ ਕਿ ਆਪਣੀਆਂ ਰੰਜਿਸ਼ਾਂ ਕੱਢੀਏ। ਇਹ ਸਾਰਾ ਕੁਝ ਵਾਪਰਨ ਤੋਂ ਬਾਅਦ ਗਰੀਨਵੁੱਡ ਗੁਰੂ ਘਰ ਦੀ ਕਮੇਟੀ ਨੇ ਸਹੀ ਸਮੇਂ 'ਤੇ ਸਹੀ ਫੈਸਲਾ ਲੈ ਕੈ ਉਨ੍ਹਾਂ ਦੀ ਬੱਜਰ ਗਲਤੀ ਕਾਰਨ ਉਨ੍ਹਾਂ ਨੂੰ ਉਸੇ ਵੇਲੇ ਗੁਰੂ ਘਰ ਦੀ ਕਮੇਟੀ ਤੋਂ ਸੇਵਾ ਮੁਕਤ ਕਰ ਦਿੱਤਾ। ਅਸੀਂ ਉਸ ਕਮੇਟੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ।

***ਦਾਸਰੇ-ਮਨਜਿੰਦਰ ਸਿੰਘ, ਉਂਕਾਰ ਸਿੰਘ***




# ਕੁੜੀਆਂ ਪ੍ਰਤੀ ਅਗਾਂਹਵਧੂ ਸੋਚ ਦਾ ਹੋਕਾ: ਇਕ ਕੁੜੀ ਪੰਜਾਬ ਦੀ

ਪੰਜਾਬੀ ਸਿਨੇਮੇ ਨੂੰ ਨਵਾਂ ਜੀਵਨ ਦੇਣ ਵਾਲੇ ਫਿਲਮਸਾਜ਼ ਮਨਮੋਹਨ ਸਿੰਘ (ਮਨ ਜੀ) ਦੀ ਅੱਠਵੀਂ ਪੇਸ਼ਕਸ਼ 'ਇਕ ਕੁੜੀ ਪੰਜਾਬ ਦੀ' ਦੇ ਰੂਪ ਵਿਚ 17 ਸਤੰਬਰ ਨੂੰ ਸਿਨੇਮਾ ਘਰਾਂ ਦਾ ਸ਼ਿੰਗਾਰ ਬਣ ਰਹੀ ਹੈ। ਉਨ੍ਹਾਂ ਦੀ ਇਹ ਫਿਲਮ ਵੀ ਉਨ੍ਹਾਂ ਦੀਆਂ ਪਹਿਲੀਆਂ ਫਿਲਮਾਂ ਵਾਂਗ ਇਕ ਵਿਲੱਖਣ ਵਿਸ਼ੇ 'ਤੇ ਅਧਾਰਿਤ ਹੈ। ਇਹ ਫਿਲਮ ਕੁੜੀਆਂ ਵਲੋਂ ਹਰੇਕ ਖੇਤਰ 'ਚ ਮੁੰਡਿਆਂ ਦੇ ਬਰਾਬਰ ਖੜ੍ਹਨ ਦੇ ਬਾਵਜੂਦ ਉਨ੍ਹਾਂ ਨੂੰ ਢੁਕਵਾਂ ਸਤਿਕਾਰ ਨਾ ਦੇਣ ਦੇ ਵਿਸ਼ੇ ਦੁਆਲੇ ਘੁੰਮਦੀ ਹੈ ਅਤੇ ਨਾਲ ਹੀ ਲੜਕੀਆਂ ਪ੍ਰਤੀ ਅਗਾਂਹਵਧੂ ਸੋਚ ਅਪਨਾਉਣ ਦਾ ਹੋਕਾ ਦਿੰਦੀ ਹੈ।

'ਇਕ ਕੁੜੀ ਪੰਜਾਬ ਦੀ' ਫਿਲਮ ਦੇ ਨਿਰਦੇਸ਼ਕ ਮਨਮੋਹਨ ਸਿੰਘ ਨੇ ਦੱਸਿਆ ਕਿ ਇਹ ਫਿਲਮ ਮਰਦ ਪ੍ਰਧਾਨ ਸਮਾਜ 'ਚ ਔਰਤਾਂ ਨੂੰ ਆ ਰਹੀਆਂ ਸਮੱਸਿਆਵਾਂ ਦੁਆਲੇ ਘੁੰਮਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਰਗੇ ਮਹਾਂਪੁਰਸ਼ਾਂ ਵਲੋਂ ਔਰਤ ਨੂੰ ਜੱਗ ਜਨਣੀ ਦਾ ਦਰਜਾ ਦਿੱਤਾ ਗਿਆ, ਪਰ ਅਜੋਕੇ ਯੁੱਗ 'ਚ ਅਗਾਂਹਵਧੂ ਸੋਚ ਦੇ ਧਾਰਨੀ ਅਖਵਾਉਣ ਵਾਲੇ ਲੋਕ ਵੀ ਨਾਰੀ ਨੂੰ ਢੁਕਵਾਂ ਸਤਿਕਾਰ ਨਹੀਂ ਦੇ ਰਹੇ। ਫਿਲਮ ਦੀ ਨਾਇਕਾ ਜਸਪਿੰਦਰ ਚੀਮਾ ਇਕ ਥੀਏਟਰ ਅਦਾਕਾਰ ਅਤੇ ਸੁਲਝੀ ਹੋਈ ਮੁਟਿਆਰ ਦੇ ਰੂਪ 'ਚ ਉਭਰਦੀ ਹੈ। ਪਰ ਉਸ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਸਮੱਸਿਆਵਾਂ ਨਾਲ ਉਹ ਨਾਇਕ ਅਮਰਿੰਦਰ ਗਿੱਲ ਨਾਲ ਮਿਲ ਕੇ ਧੜੱਲੇ ਨਾਲ ਨਿਪਟਦੀ ਦਿਖਾਈ ਦੇਵੇਗੀ ਅਤੇ ਲੜਕੀਆਂ ਨੂੰ ਦਲੇਰੀ ਨਾਲ ਅਜਿਹੀਆਂ ਸਮਾਜਿਕ ਸਮੱਸਿਆਵਾਂ ਦਾ ਟਾਕਰਾ ਕਰਨ ਲਈ ਪ੍ਰੇਰਿਤ ਕਰੇਗੀ। ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਇਹ ਫਿਲਮ ਪੰਜਾਬੀ ਥੀਏਟਰ (ਰੰਗਮੰਚ) ਨੂੰ ਵੀ ਹੁਲਾਰਾ ਦੇਵੇਗੀ।

ਫਿਲਮ ਦੇ ਨਿਰਮਾਣ ਬਾਰੇ ਉਨ੍ਹਾਂ ਦੱਸਿਆ ਕਿ ਇਸ ਫਿਲਮ ਦੀ ਸ਼ੂਟਿੰਗ ਅੰਮ੍ਰਿਤਸਰ, ਚੰਡੀਗੜ੍ਹ ਅਤੇ ਇਸ ਦੇ ਨੇੜਲੇ ਪਿੰਡਾਂ 'ਚ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਫਿਲਮ ਰਾਹੀਂ ਪਹਿਲੀ ਵਾਰ ਅਮਰਿੰਦਰ ਗਿੱਲ ਤੇ ਜਸਪਿੰਦਰ ਚੀਮਾ ਨਾਇਕ-ਨਾਇਕਾ ਵਜੋਂ ਵੱਡੇ ਪਰਦੇ 'ਤੇ ਪ੍ਰਵੇਸ਼ ਕਰਨਗੇ। ਇਸ ਦੇ ਨਾਲ ਹੀ ਪਹਿਲੀ ਵਾਰ ਅਮਰਿੰਦਰ ਗਿੱਲ, ਸੁਖਸ਼ਿੰਦਰ ਛਿੰਦਾ ਤੇ ਅਮਰਦੀਪ ਗਿੱਲ ਦੀ ਤਿਕੜੀ ਗਾਇਕ, ਸੰਗੀਤਕਾਰ ਤੇ ਗੀਤਕਾਰ ਵਜੋਂ ਮਿਆਰੀ ਗੀਤ-ਸੰਗੀਤ ਸਰੋਤਿਆਂ ਦੀ ਝੋਲੀ ਪਾ ਰਹੀ ਹੈ। ਇਸ ਫਿਲਮ ਦੀ ਕਹਾਣੀ ਮਨ ਜੀ ਨੇ ਖੁਦ ਲਿਖੀ ਹੈ ਅਤੇ ਸੰਵਾਦ ਲਿਖਣ ਦੀ ਜ਼ਿੰਮੇਵਾਰੀ ਰਾਣਾ ਰਣਬੀਰ ਨੇ ਨਿਭਾਈ ਹੈ। ਇਸ ਫਿਲਮ ਰਾਹੀਂ ਪਹਿਲੀ ਵਾਰ ਗੁੱਗੂ ਗਿੱਲ ਰੋਮਾਂਟਿਕ ਤੇ ਮਜ਼ਾਕੀਆ ਲਹਿਜ਼ੇ ਵਾਲੇ ਪ੍ਰੋਫੈਸਰ ਦੇ ਰੂਪ 'ਚ ਨਵਨੀਤ ਨਿਸ਼ਾਨ ਨਾਲ ਦਿਖਾਈ ਦੇਵੇਗਾ। ਇਸ ਦੇ ਨਾਲ ਹੀ ਅਦਾਕਾਰ ਦੀਪ ਢਿੱਲੋਂ ਤੇ ਕੰਵਲਜੀਤ ਸਿੰਘ ਪ੍ਰਭਾਵਸ਼ਾਲੀ ਭੂਮਿਕਾਵਾਂ ਨਿਭਾਅ ਰਹੇ ਹਨ। ਗੁਰਪ੍ਰੀਤ ਘੁੱਗੀ ਤੇ ਰਾਣਾ ਰਣਬੀਰ, ਰੰਗਮੰਚ ਅਦਾਕਾਰਾਂ ਵਜੋਂ ਹਰਿੰਦਰ ਭੁੱਲਰ, ਗਗਨ ਗਿੱਲ, ਪ੍ਰਿੰਸ ਕੇ.ਜੇ. ਸਿੰਘ, ਕਰਮਜੀਤ ਸਿਰਸਾ ਤੇ ਸੁਖਵਿੰਦਰ ਰਾਜ ਨਾਲ ਕਾਲਜ ਦੇ ਵਿਦਿਆਰਥੀਆਂ ਦੇ ਰੂਪ 'ਚ ਅਠਖੇਲੀਆਂ ਕਰਦੇ ਨਜ਼ਰ ਆਉਣਗੇ। ਫਿਲਮ ਵਿਚ ਅਮਨ ਧਾਲੀਵਾਲ ਨੇ ਨੈਗੇਟਿਵ ਰੋਲ ਨਿਭਾਇਆ ਹੈ।

**-ਅਰਸ਼ਦੀਪ ਸਿੰਘ ਮੰਦਰਾਂ**

# ਪੰਜਾਬੀ ਫਿਲਮ 'ਤੇਰੇ ਇਸ਼ਕ ਨਚਾਇਆ'

ਦਰਸ਼ਕਾਂ ਨੂੰ ਪੰਜਾਬੀ 'ਚ 'ਬੌਬੀ', 'ਏਕ ਦੂਜੇ ਕੇ ਲੀਏ', 'ਕੁਛ ਕੁਛ ਹੋਤਾ ਹੈ' ਜਿਹੀ ਰੁਮਾਂਟਿਕ ਫ਼ਿਲਮ, ਜਿਸ 'ਚ ਹਰਮਨ ਪਿਆਰੇ ਗਾਣੇ ਹੋਣ ਦੇ ਵਾਅਦੇ ਨਾਲ, ਲੇਖਕ ਤੇ ਨਿਰਦੇਸ਼ਕ ਰਵਿੰਦਰ ਰਵੀ ਨੇ 'ਤੇਰੇ ਇਸ਼ਕ ਨਚਾਇਆ' ਨਾਂ ਦੀ ਫ਼ਿਲਮ ਤਿਆਰ ਕਰ ਲਈ ਹੈ। ਸੈਂਸਰ ਬੋਰਡ ਵਲੋਂ ਪ੍ਰਮਾਣ ਪੱਤਰ ਮਿਲਣ ਉਪਰੰਤ ਇਹ ਰੁਮਾਂਟਿਕ ਪ੍ਰੇਮ-ਤ੍ਰਿਕੋਣ ਵਾਲੀ ਸੰਗੀਤਕ ਫ਼ਿਲਮ ਵਿਸ਼ਾਲ ਰਿਲੀਜ਼ ਲਈ ਫ਼ਿਲਮ ਮੰਡੀ ਪਹੁੰਚ ਜਾਵੇਗੀ। ਵਿਸ਼ੇਸ਼ ਗੱਲ ਇਹ ਹੈ ਕਿ ਪਰਲਜ਼ ਕੰਪਨੀ ਜਿਸ ਨੇ ਕਬੱਡੀ ਦਾ ਪਹਿਲਾ ਸੰਸਾਰ ਕੱਪ ਕਰਵਾਇਆ, ਉਸ ਵਲੋਂ ਇਹ ਪਹਿਲੀ ਫ਼ਿਲਮ ਬਣਾ ਕੇ ਫ਼ਿਲਮ ਨਿਰਮਾਣ 'ਚ ਕਦਮ ਧਰਿਆ ਗਿਆ ਹੈ। ਇਥੋਂ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਪਰਲਜ਼ ਦੀ ਇਹ ਫ਼ਿਲਮ ਰੇਸ਼ਮੀ ਜ਼ੁਲਫਾਂ ਵਰਗੀ ਪਿਆਰੀ ਤੇ ਹਾਈ ਫਾਈ ਤਰੀਕੇ ਨਾਲ ਬਣੀ ਅੰਤਰਰਾਸ਼ਟਰੀ ਸਿਨੇਮੇ ਦੇ ਪੱਧਰ ਦੀ ਹੋਵੇਗੀ।



ਹੋਰ ਖਾਸ ਗੱਲ ਕਿ ਪਦਮਸ਼੍ਰੀ ਹੰਸ ਰਾਜ ਹੰਸ ਨੇ ਇਸ ਫ਼ਿਲਮ ਦਾ ਸੰਗੀਤ ਤਿਆਰ ਕੀਤਾ ਹੈ ਤੇ ਨਾਲ ਹੀ ਉਨ੍ਹਾਂ ਦੇ ਪ੍ਰਤਿਭਾਵਾਨ ਸਪੁੱਤਰ ਨਵਰਾਜ ਹੰਸ ਨੇ ਵੀ ਸੰਗੀਤ ਤਿਆਰ ਕਰਵਾਇਆ ਹੈ। ਕੰਵਲਜੀਤ ਸਿੰਘ, ਦੀਪ ਢਿੱਲੋਂ, ਅਮਰ ਨੂਰੀ ਤੇ ਸਰਬਜੀਤ ਮਾਂਗਟ ਜਿਹੇ ਕਾਮਯਾਬ ਸਿਤਾਰੇ ਜਿਥੇ ਇਸ ਫ਼ਿਲਮ 'ਚ ਦਿਸਣਗੇ, ਉਥੇ ਗੈਵੀ ਚਾਹਲ, ਮੰਨਤ ਸਿੰਘ ਤੇ ਦਕਸ਼ਅਜੀਤ ਸਿੰਘ ਦੀ ਤਿੱਕੜੀ ਰੁਮਾਂਟਿਕ ਲੀਡ 'ਚ ਜੋਬਨ ਦੀ ਭਰੀ ਪਟਾਰੀ ਜਿਹਾ ਆਕਰਸ਼ਨ ਫ਼ਿਲਮ 'ਚ ਭਰਦੀ ਨਜ਼ਰ ਆਏਗੀ। ਪ੍ਰਮੋਦ ਪੱਬੀ, ਹਰਦੀਪ ਗਿੱਲ ਤੇ ਮਨੀਕਾਂਤ ਇਸ ਫ਼ਿਲਮ ਦੇ ਹੋਰ ਅਹਿਮ ਕਲਾਕਾਰ ਹਨ। ਉਦਿਤ ਨਾਰਾਇਣ, ਸੁਨਿਧੀ ਚੌਹਾਨ, ਕੈਲਾਸ਼ ਖੇਰ, ਜਸਪਿੰਦਰ ਨਰੂਲਾ, ਲਾਭ ਜੰਜੂਆ, ਰਿਚਾ ਸ਼ਰਮਾ, ਮੀਕਾ, ਨਵਰਾਜ ਹੰਸ ਤੇ ਹੰਸ ਰਾਜ ਹੰਸ ਨੇ ਰਾਜ ਕਾਕੜਾ ਦੇ ਲਿਖੇ ਗੀਤ ਇਸ ਫ਼ਿਲਮ ਲਈ ਗਾ ਕੇ ਫੁੱਲਾਂ ਦੀ ਖਿੜੀ ਕਿਆਰੀ ਵਰਗੀ 'ਤੇਰੇ ਇਸ਼ਕ ਨਚਾਇਆ' ਨੂੰ ਬਣਾਇਆ ਹੈ। ਪੰਜਾਬ ਤੇ ਥਾਈਲੈਂਡ ਦੀਆਂ ਅੱਖਾਂ ਨਸ਼ਿਆਉਂਦੀਆਂ ਥਾਵਾਂ 'ਤੇ ਫਿਲਮਾਈ ਇਸ ਫ਼ਿਲਮ ਦੀ ਚੁਸਤ ਪਟਕਥਾ ਤੇ ਸੰਵਾਦ ਰਵਿੰਦਰ ਰਵੀ ਤੇ ਪਾਲੀ ਭੁਪਿੰਦਰ ਨੇ ਲਿਖੇ ਹਨ। 'ਗਜਨੀ', 'ਥ੍ਰੀ ਈਡੀਅਟਸ' ਜਿਹੀ ਤਕਨੀਕ ਨਾਲ ਬਣੀ, ਅਕਰਮ ਸ਼ੇਖ ਦੀ ਫੋਟੋਗ੍ਰਾਫੀ ਵਾਲੀ, ਕੇਸਰ ਸਿੰਘ ਦੀ ਇਹ ਫ਼ਿਲਮ ਸੁਪਰਹਿੱਟ ਹੋਣ ਦੇ ਸਾਰੇ ਨੁਸਖਿਆਂ ਨਾਲ ਭਰਪੂਰ ਹੈ। **-ਅੰਮ੍ਰਿਤ ਪਵਾਰ**

# ਸਾਇਰਾ ਲਿਖੇਗੀ ਦਲੀਪ ਦੀ ਜੀਵਨੀ



ਲੰਬੇ ਸਮੇਂ ਤਕ ਫ਼ਿਲਮੀ ਦੁਨੀਆਂ ਵਿਚ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਤੇ ਵੱਖਰੇ ਅੰਦਾਜ਼ ਨਾਲ ਨਵੇਂ ਦਿਸਹੱਦੇ ਛੂਹਣ ਵਾਲਾ ਦੇਵਦਾਸ ਯਾਨਿ ਦਲੀਪ ਕੁਮਾਰ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਸ ਨੇ ਆਪਣੇ ਸ਼ੁਰੂਆਤੀ ਦੌਰ 'ਚ ਬੰਗਾਲੀ ਫ਼ਿਲਮਾਂ ਵਿਚ ਅਦਾਕਾਰੀ ਕਰਨ ਤੋਂ ਬਾਅਦ ਹਿੰਦੀ ਸਿਨੇਮਾ ਜਗਤ ਨੂੰ ਅਜਿਹੀਆਂ ਫ਼ਿਲਮਾਂ ਦਾ ਤੋਹਫਾ ਦਿੱਤਾ ਜਿਨ੍ਹਾਂ ਦੀ ਮਿਸਾਲ ਅੱਜ ਵੀ ਕਾਇਮ ਹੈ। ਉਸ ਦੀਆਂ ਪ੍ਰਾਪਤੀਆਂ, ਸੰਘਰਸ਼ ਅਤੇ ਜੀਵਨ ਨੂੰ ਹੁਣ ਉਸ ਦੀ ਪਤਨੀ ਸਾਇਰਾ ਬਾਨੋ ਆਪਣੀ ਕਿਤਾਬ ਜ਼ਰੀਏ ਪਾਠਕਾਂ ਦੇ ਸਨਮੁੱਖ ਕਰਨ ਜਾ ਰਹੀ ਹੈ।

ਇਸ ਤੋਂ ਪਹਿਲਾਂ ਹੀ ਉਸ ਦੇ ਜੀਵਨ ਨੂੰ ਬਿਆਨ ਕਰਦੀਆਂ ਤਿੰਨ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਨੂੰ ਵਿਨੀਤਾ ਲਾਂਬਾ, ਸੰਨਜੀਤ ਨਾਰਵੇਕਰ ਅਤੇ ਲੌਰਡ ਮੇਘਨਾਦ ਦੇਸਾਈ ਨੇ ਲਿਖਿਆ ਸੀ। ਇਸ ਵਰਤਾਰੇ ਵਿਚ ਇਕ ਹੋਰ ਵਾਧਾ ਉਸਦੀ ਪਤਨੀ ਸਾਇਰਾ ਬਾਨੋ ਵਲੋਂ ਕੀਤਾ ਜਾ ਰਿਹਾ ਹੈ। ਦਲੀਪ ਕੁਮਾਰ ਅਨੁਸਾਰ ਇਹ ਜੀਵਨ ਗਾਥਾ ਇਸ ਤੋਂ ਪਹਿਲਾਂ ਪ੍ਰਕਾਸ਼ਤ ਹੋਈਆਂ ਜੀਵਨ ਗਾਥਾਵਾਂ ਤੋਂ ਬਿਲਕੁਲ ਅਲੱਗ ਹੈ। ਸਾਇਰਾ ਬਾਨੋ ਨੇ ਇਸ ਵਿਚ ਦਲੀਪ ਕੁਮਾਰ ਦੇ ਮੁਢਲੇ ਜੀਵਨ ਸੰਘਰਸ਼, ਸਿੱਖਿਆ, ਬਚਪਨ ਤੇ ਕੈਰੀਅਰ ਨੂੰ ਪੇਸ਼ ਕਰਨ ਤੋਂ ਇਲਾਵਾ ਉਸ ਦੇ ਪ੍ਰੇਮ ਸੰਬੰਧਾਂ ਨੂੰ ਵੀ ਬੜੀ ਖੁੱਲ੍ਹਦਿਲੀ ਨਾਲ ਪ੍ਰਕਾਸ਼ਤ ਕਰਨ ਦਾ ਦਾਅਵਾ ਕੀਤਾ ਹੈ। ਦਲੀਪ ਕੁਮਾਰ ਨੇ ਦੇਵਦਾਸ, ਆਨ, ਆਜ਼ਾਦ, ਕੋਹਿਨੂਰ, ਜੋਗਨ, ਦਾਗ, ਫੁਟਪਾਥ ਵਰਗੀਆਂ ਹਿੱਟ ਫ਼ਿਲਮਾਂ ਵਿਚ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ ਸੀ ਅਤੇ ਲਗਭਗ 7 ਦਹਾਕੇ ਹਿੰਦੀ ਫ਼ਿਲਮ ਜਗਤ ਵਿਚ ਛਾਇਆ ਰਿਹਾ। ਉਸ ਦੀਆਂ ਨਜ਼ਰਾਂ ਵਿਚ ਅਸ਼ੋਕ ਕੁਮਾਰ, ਮੋਤੀ ਲਾਲ, ਬਲਰਾਜ ਸਾਹਨੀ, ਪੀ. ਸਪੰਨਆਲ ਅਜਿਹੇ ਕਲਾਕਾਰ ਹਨ, ਜੋ ਕੁਦਰਤੀ ਅਦਾਕਾਰੀ ਦਾ ਸੁਮੇਲ ਪ੍ਰਤੀਤ ਹੁੰਦੇ ਹਨ। ਅਮਿਤਾਭ ਬੱਚਨ, ਆਮਿਰ ਖਾਨ ਅਤੇ ਤੱਬੂ ਨੂੰ ਉਹ ਅਜਿਹੇ ਕਲਾਕਾਰ ਮੰਨਦਾ ਹੈ, ਜਿਨ੍ਹਾਂ ਨੂੰ ਅਦਾਕਾਰੀ ਤੋਹਫੇ ਦੇ ਰੂਪ ਵਿਚ ਮਿਲੀ ਹੋਈ ਹੈ। ਸੱਤਿਆਜੀਤ ਰੇਅ ਵਰਗੇ ਵਿਅਕਤੀ ਦੀ ਦੇਖ-ਰੇਖ ਹੇਠ ਕੋਈ ਫ਼ਿਲਮ ਨਾ ਕਰ ਸਕਣ ਦਾ ਮਲਾਲ ਉਸ ਨੂੰ ਹਮੇਸ਼ਾਂ ਸਤਾਉਂਦਾ ਰਹਿੰਦਾ ਹੈ। ਸੁਚਿੱਤਰਾ ਸੇਨ ਦੀਆਂ ਅੱਖਾਂ ਦੀ ਖੂਬਸੂਰਤੀ ਅਤੇ ਦੇਵਦਾਸ ਫ਼ਿਲਮ ਦੀਆਂ ਯਾਦਾਂ ਅੱਜ ਵੀ ਉਸ ਦੇ ਜ਼ਿਹਨ ਵਿਚ ਤਾਜ਼ਾ ਹਨ। ਮੀਨਾ ਕੁਮਾਰੀ, ਨਰਗਿਸ, ਵਹੀਦਾ ਰਹਿਮਾਨ ਅਤੇ ਵੈਜੰਤੀ ਮਾਲਾ ਉਸ ਦੀਆਂ ਨਜ਼ਰਾਂ 'ਚ ਵਧੀਆ ਅਦਾਕਾਰਾ ਹਨ। ਹਾਲੀਵੁੱਡ ਵਿਚੋਂ ਉਸ ਨੂੰ ਕੈਥਰੀਨ ਹੈਪਬਰਨ, ਇਨਗਰਿਡ ਬਰਗਮਨ, ਗਰੇਟਾ ਗਾਰਬੋ ਬਹੁਤ ਪਸੰਦ ਹਨ। ਡਾਇਲਾਗ ਬੋਲਣ ਵੇਲੇ ਆਪਣੇ ਹੱਥਾਂ ਦਾ ਇਸਤੇਮਾਲ ਕਰਨ ਵਾਲਾ ਇਹ ਅਦਾਕਾਰ ਇਸ ਵਜ੍ਹਾ ਕਰਕੇ ਆਪਣੀ ਵੱਖਰੀ ਪਹਿਚਾਣ ਬਣਾਉਣ ਵਿਚ ਸਫਲ ਰਿਹਾ ਹੈ।

# ਪੰਜਾਬੀ ਬੜੀ ਪਿਆਰੀ ਭਾਸ਼ਾ-ਕੰਗਨਾ



ਮਹੇਸ਼ ਭੱਟ ਦੀ ਫ਼ਿਲਮ 'ਗੈਂਗਸਟਰ', 'ਵੋ ਲਮਹੇ', 'ਸਾਕਾ ਲਾਕਾ ਬੂਮ ਬੂਮ', 'ਫੈਸ਼ਨ' ਤੇ 'ਕਾਈਟਸ' ਆਦਿ ਫ਼ਿਲਮਾਂ 'ਚ ਸ਼ਾਨਦਾਰ ਅਭਿਨੈ ਕਰਨ ਵਾਲੀ ਅਦਾਕਾਰਾ ਕੰਗਨਾ ਰਾਣਾਵਤ ਪਿਛਲੇ ਦਿਨੀਂ ਆਪਣੀ ਨਵੀਂ ਫ਼ਿਲਮ 'ਤਨੂੰ ਵੈਡਜ਼ ਮਨੂੰ' ਦੀ ਸ਼ੂਟਿੰਗ ਕਰਨ ਲਈ ਪੰਜਾਬ 'ਚ ਆਈ ਤੇ ਉਸ ਨੇ ਗੱਲਬਾਤ ਕਰਦਿਆਂ ਆਖਿਆ ਕਿ ਮੈਂ ਚੰਡੀਗੜ੍ਹ 'ਚ ਪੜ੍ਹੀ ਹਾਂ ਤੇ ਮੈਨੂੰ ਪੰਜਾਬੀ ਭਾਸ਼ਾ ਬੜੀ ਪਿਆਰੀ ਲਗਦੀ ਹੈ। ਉਸ ਨੇ ਕਿਹਾ ਕਿ ਮੈਂ ਦਿਲੋਂ ਪੰਜਾਬੀ ਫ਼ਿਲਮ ਕਰਨ ਦੀ ਇੱਛੁਕ ਹਾਂ। ਭਾਵੇਂ ਮੇਰੇ ਕੋਲ ਕਈ ਪੰਜਾਬੀ ਫ਼ਿਲਮਾਂ ਦੀਆਂ ਪੇਸ਼ਕਸ਼ਾਂ ਆ ਰਹੀਆਂ ਹਨ ਪਰ ਮੈਂ ਵਧੀਆ ਕਹਾਣੀ ਦੀ ਉਡੀਕ ਕਰ ਰਹੀ ਹਾਂ। ਕੰਗਨਾ ਨੇ ਅੱਗੇ ਆਖਿਆ ਕਿ ਪੰਜਾਬੀ ਪਿੱਠਭੂਮੀ 'ਤੇ ਆਧਾਰਿਤ 'ਤਨੂੰ ਵੈਡਜ਼ ਮਨੂੰ' ਫ਼ਿਲਮ ਕਰਕੇ ਮੈਨੂੰ ਬੜਾ ਮਜ਼ਾ ਆਇਆ ਤੇ ਇਸ ਦੀ ਸ਼ੂਟਿੰਗ ਦੌਰਾਨ ਪੰਜਾਬੀਆਂ ਵਲੋਂ ਬੜਾ ਪਿਆਰ ਮਿਲਿਆ ਤੇ ਪੰਜਾਬੀਆਂ ਦੀ ਮਹਿਮਾਨਨਿਵਾਜ਼ੀ ਦੀ ਮੈਂ ਕਾਇਲ ਹਾਂ। ਕੰਗਨਾ ਰਾਣਾਵਤ ਇਨ੍ਹੀਂ ਦਿਨੀਂ ਕਈ ਵਧੀਆ ਫ਼ਿਲਮਾਂ ਕਰ ਰਹੀ ਹੈ।

# ਰਾਜਕੁਮਾਰੀ ਨੇ ਬਣਾਈ ਗਾਇਕੀ 'ਚ ਵਿਲੱਖਣ ਪਛਾਣ

ਸੰਜੋਗ ਹੀ ਕਿਹਾ ਜਾਵੇਗਾ ਕਿ ਉਹ ਅਦਾਕਾਰਾ ਬਣ ਕੇ ਵੀ ਗਾਇਕਾ ਹੀ ਬਣੀ ਰਹੀ। ਅਸੀਂ ਗੱਲ ਕਰ ਰਹੇ ਹਾਂ ਸੰਗੀਤ ਦੇ ਬਾਗ ਦੀ ਕੋਇਲ ਰਾਜਕੁਮਾਰੀ ਦੀ। ਜਿਨ੍ਹਾਂ ਲੋਕਾਂ ਨੇ 'ਰਾਮਰਾਜ', 'ਭਗਤ ਸੂਰਦਾਸ', 'ਪੰਨਾ', 'ਹਲਚਲ', 'ਹੈਦਰਾਬਾਦ ਕੀ ਨਾਜ਼ਨੀਨ', 'ਸੁਹਾਗਰਾਤ', 'ਬਾਵਰੇ ਨੈਨ', 'ਮਹਲ', 'ਨੌਬਹਾਰ' ਵਰਗੀਆਂ ਆਪਣੇ ਦੌਰ ਦੀਆਂ ਸਫਲ ਫ਼ਿਲਮਾਂ ਦੇਖੀਆਂ ਹਨ ਜਾਂ ਇਨ੍ਹਾਂ ਦਾ ਸੰਗੀਤ ਸੁਣਿਆ ਹੈ, ਉਹ ਇਨ੍ਹਾਂ ਫ਼ਿਲਮਾਂ ਦੇ ਗੀਤਾਂ ਨੂੰ ਕਦੇ ਵੀ ਨਹੀਂ ਭੁੱਲ ਸਕਦੇ। ਖਾਸ ਕਰਕੇ ਗਾਇਕਾ ਤੇ ਅਦਾਕਾਰਾ ਰਾਜਕੁਮਾਰੀ ਦੇ ਗਾਏ ਗੀਤਾਂ ਨੂੰ। ਰਾਜਕੁਮਾਰੀ ਦੇ ਗਾਏ ਗੀਤਾਂ 'ਚ 'ਵੀਣਾ ਮਧੁਰ-ਮਧੁਰ ਕੁਝ ਬੋਲੇ', 'ਕਦਮ ਚਲੇ ਆਗੇ ਮਨ ਪੀਛੇ ਭਾਗੇ', 'ਜੋ ਹਮ ਪੇ ਗੁਜ਼ਰਤੀ ਹੈ, ਹਮ ਕੈਸੇ ਬਤਾਏਂ', 'ਕੋਈ ਕਿਸ ਤਰ੍ਹਾਂ ਰਾਜ ਏ ਉਲਫਤ ਛੁਪਾਏ', 'ਨਜ਼ਰੋਂ ਮੇਂ ਸਮਾਨੇ ਸੇ ਕਰਾਰ ਆ ਨ ਸਕੇਗਾ', 'ਸੁਨ ਬੈਰੀ ਬਲਮ ਸਚ ਬੋਲਕੇ ਇਬ ਕਯਾ ਹੋਗਾ', 'ਕਜਰਾਰੀ ਮਤਵਾਰੀ ਰੰਗ ਭਰੀ ਦੋ ਆਂਖੇਂ" ਵਰਗੇ ਇਕ ਤੋਂ ਇਕ ਮਧੁਰ ਗੀਤ ਅੱਜ ਵੀ ਕੰਨਾਂ 'ਚ ਗੂੰਜਦੇ ਹਨ ਤਾਂ ਮਨ ਨੂੰ ਮੋਹ ਲੈਂਦੇ ਹਨ। ਰਾਜਕੁਮਾਰੀ 1930 ਅਤੇ 1940 ਦੇ ਦਹਾਕੇ ਦੀ ਹਰਮਨਪਿਆਰੀ ਗਾਇਕਾ ਅਤੇ ਅਭਿਨੇਤਰੀ ਸੀ। ਫ਼ਿਲਮੀ ਦੁਨੀਆਂ 'ਚ ਉਹ ਰਾਜਕੁਮਾਰੀ ਬਨਾਰਸ ਵਾਲੀ ਦੇ ਨਾਂ ਤੋਂ ਜਾਣੀ ਜਾਂਦੀ ਸੀ।



ਉਸ ਦਾ ਜਨਮ 1922 ਦੇ ਆਲੇ-ਦੁਆਲੇ ਬਨਾਰਸ 'ਚ ਹੋਇਆ ਸੀ। ਦਸ ਸਾਲ ਦੀ ਉਮਰ 'ਚ ਉਹ ਮੁੰਬਈ ਆ ਗਈ ਜਿਥੇ ਉਸ ਨੂੰ ਸਭ ਤੋਂ ਪਹਿਲਾ ਮੌਕਾ ਨਿਰਮਾਤਾ-ਨਿਰਦੇਸ਼ਕ ਰੂਪ ਕੇ. ਸ਼ੌਰੀ ਦੀ ਫ਼ਿਲਮ 'ਰਾਧੇ ਸ਼ਿਆਮ ਉਰਫ ਜ਼ੁਲਮ-ਏ-ਕੰਸ' 'ਚ ਮਿਲਿਆ ਸੀ। ਇਸ ਫ਼ਿਲਮ 'ਚ ਉਸ ਦੀ ਇਕ ਛੋਟੀ ਜਿਹੀ ਭੂਮਿਕਾ ਸੀ। ਇਸ ਤੋਂ ਬਾਅਦ ਪ੍ਰਾਣ ਸ਼ੰਕਰ ਆਚਾਰੀਆ ਦੀ 'ਹਿੰਦ ਥੀਏਟਰੀਕਲ' ਕੰਪਨੀ ਦੀ ਫ਼ਿਲਮ 'ਦਾਨਾ ਦੁਸ਼ਮਣ' ਅਤੇ 'ਖੁਸ਼ ਅੰਜ਼ਾਮ' 'ਚ ਉਸ ਨੂੰ ਬਤੌਰ ਨਾਇਕਾ ਮੌਕਾ ਮਿਲਿਆ। ਇਸ ਦੌਰਾਨ ਸ਼੍ਰੀ ਪ੍ਰਕਾਸ਼ ਪਿਕਚਰਜ਼ ਦੇ ਮਾਲਕ ਵਿਜੇ ਭੱਟ ਨਾਲ ਉਸ ਦੀ ਮੁਲਾਕਾਤ ਹੋਈ। ਭੱਟ ਸਾਹਿਬ ਨੇ ਉਸ ਨੂੰ ਆਪਣੀ ਫ਼ਿਲਮ 'ਸੰਸਾਰ ਲੀਲਾ' 'ਚ ਮੁੱਖ ਨਾਇਕਾ ਦਾ ਕਿਰਦਾਰ ਨਿਭਾਉਣ ਦੀ ਜ਼ਿੰਮੇਵਾਰੀ ਸੌਂਪੀ। ਇਹ ਫ਼ਿਲਮ ਸਫਲ ਰਹੀ। ਇਸ ਤੋਂ ਬਾਅਦ 'ਨਵੀਂ ਦੁਨੀਆ', 'ਬੰਬਈ ਕੀ ਸੇਠਾਨੀ', 'ਸਨੇਹਲਤਾ', 'ਸ਼ਮਸ਼ੀਰ-ਏ-ਅਰਬ', 'ਰੈਡ ਲੇਟਰ' ਵਰਗੀਆਂ ਫ਼ਿਲਮਾਂ ਤੋਂ ਉਨ੍ਹਾਂ ਦੀ ਪਛਾਣ ਬਣੀ।

ਇਨ੍ਹਾਂ ਸਾਰੀਆਂ ਫ਼ਿਲਮਾਂ 'ਚ ਰਾਜਕੁਮਾਰੀ ਨੇ ਨਾ ਸਿਰਫ ਅਭਿਨੈ ਸਗੋਂ ਆਪਣੀ ਗਾਇਕੀ ਪ੍ਰਤਿਭਾ ਦਾ ਵੀ ਲੋਹਾ ਮੰਨਵਾਇਆ। ਇਸ 'ਚ ਉਨ੍ਹਾਂ ਦੇ ਅਭਿਨੈ ਤੋਂ ਕਿਤੇ ਜ਼ਿਆਦਾ ਉਨ੍ਹਾਂ ਦੇ ਗੀਤਾਂ ਨੂੰ ਪਸੰਦ ਕੀਤਾ ਗਿਆ। ਚੰਗੀ ਤੇ ਸਫਲ ਅਦਾਕਾਰਾ ਹੋਣ ਦੇ ਬਾਵਜੂਦ ਉਸ ਨੂੰ ਇਕ ਪਲੇਅਬੈਕ ਸਿੰਗਰ ਦੇ ਰੂਪ 'ਚ ਜ਼ਿਆਦਾ ਸਫਲਤਾ ਮਿਲੀ। ਲਗਭਗ 150 ਫ਼ਿਲਮਾਂ 'ਚ ਗੀਤ ਗਾਉਣ ਵਾਲੀ ਰਾਜਕੁਮਾਰੀ ਨੇ 1950 ਤੱਕ ਫ਼ਿਲਮਾਂ 'ਚ ਬਤੌਰ ਗਾਇਕਾ ਆਪਣੀ ਹਾਜ਼ਰੀ ਕਾਇਮ ਰੱਖੀ। ਇਸ ਤੋਂ ਬਾਅਦ ਉਸ ਨੇ ਗਾਉਣਾ ਘੱਟ ਕਰ ਦਿੱਤਾ। ਗਾਇਕਾ ਦੇ ਰੂਪ 'ਚ ਉਸ ਨੇ 1970 ਦੇ ਦਹਾਕੇ 'ਚ ਵਾਪਸੀ ਕੀਤੀ ਪਰ ਸਿਰਫ ਤਿੰਨ ਫ਼ਿਲਮਾਂ 'ਚ ਗੀਤ ਗਾਏ। ਇਹ ਫ਼ਿਲਮਾਂ ਸਨ 'ਪਾਕੀਜਾ', 'ਅਮਰ ਪ੍ਰੇਮ' ਅਤੇ 'ਕਿਤਾਬ'। ਫ਼ਿਲਮ 'ਕਿਤਾਬ' ਦਾ ਭਜਨ 'ਹਰਿ ਦਿਨ ਤੋ ਬੀਤਾ ਸ਼ਾਮ ਬੀਤੀ, ਰਾਤ ਪਾਰ ਕਰਾ ਦੇ' ਬਹੁਤ ਲੋਕਪ੍ਰਿਯ ਹੋਇਆ ਪਰ ਇਹ ਵਾਪਸੀ ਉਸ ਨੂੰ ਰਾਸ ਨਾ ਆਈ। ਉਸ ਨੇ ਇਸ ਦਰਮਿਆਨ ਆਕਾਸ਼ਵਾਣੀ ਦਾ ਪੱਲਾ ਫੜ ਲਿਆ ਜਿਥੇ ਕਈ ਸਾਲ ਗਾਇਕੀ ਦੇ ਕਈ ਪ੍ਰੋਗਰਾਮ ਪੇਸ਼ ਕੀਤੇ ਅਤੇ ਸਰੋਤਿਆਂ ਦਾ ਦਿਲ ਜਿੱਤਿਆ। ਕਈ ਸਾਲਾਂ ਤੱਕ ਉਨ੍ਹਾਂ ਨੇ ਐਚ. ਐਮ. ਵੀ. 'ਚ ਵੀ ਨੌਕਰੀ ਕੀਤੀ।

ਦੇਖਿਆ ਜਾਵੇ ਤਾਂ ਰਾਜਕੁਮਾਰੀ 'ਤੇ ਕੋਈ ਇਕ ਲੇਬਲ ਨਹੀਂ ਲੱਗਾ ਕਿ ਉਹ ਕਿਸੇ ਵਿਸ਼ੇਸ਼ ਗੀਤ ਨੂੰ ਹੀ ਗਾ ਸਕਦੀ ਹੈ। ਉਹ ਸਾਰੇ ਤਰ੍ਹਾਂ ਦੇ ਗੀਤਾਂ ਨੂੰ ਗਾਉਣ 'ਚ ਮੁਹਾਰਤ ਹਾਸਲ ਕਰ ਚੁੱਕੀ ਸੀ। ਇਸ ਦੇ ਬਾਵਜੂਦ ਕਜਰੀ, ਬਿਰਹਾ ਅਤੇ ਚੈਤੀ ਗੀਤਾਂ 'ਚ ਉਸ ਨੂੰ ਆਨੰਦ ਆਉਂਦਾ ਸੀ। ਉਸ ਦੀ ਆਵਾਜ਼ ਦਾ ਮਖਮਲੀਪਨ ਗਾਇਕੀ ਨੂੰ ਖੂਬਸੂਰਤੀ ਦਿੰਦਾ ਸੀ। ਇਸ ਲਈ ਉਹ ਐਸੇ ਦੌਰ 'ਚ ਵੀ ਛਾਈ ਰਹੀ ਜਦੋਂ ਅਮੀਰ ਬਾਈ ਕਰਨਾਟਕੀ, ਖੁਰਸ਼ੀਦ, ਜੋਹਰਾਬਾਈ ਅੰਬਾਲੇਵਾਲੀ, ਸ਼ਮਸ਼ਾਦ ਬੇਗਮ ਅਤੇ ਸੁਰੱਈਆ ਵਰਗੀਆਂ ਮੰਨੀਆਂ-ਪ੍ਰਮੰਨੀਆਂ ਗਾਇਕਾਵਾਂ ਦਾ ਬੋਲਬਾਲਾ ਸੀ। ਇਸ ਦੇ ਬਾਵਜੂਦ ਰਾਜਕੁਮਾਰੀ ਨੇ ਆਪਣੀ ਪਛਾਣ ਹੀ ਨਹੀਂ, ਇਕ ਵੱਖਰਾ ਸਥਾਨ ਗਾਇਕੀ ਦੇ ਖੇਤਰ 'ਚ ਬਣਾਇਆ। ਸਾਲ 2000 'ਚ 18 ਮਾਰਚ ਨੂੰ 78 ਸਾਲ ਦੀ ਉਮਰ 'ਚ ਇਸ ਮਹਾਨ ਗਾਇਕਾ ਨੇ ਆਖਰੀ ਸਾਹ ਲਏ।

**-ਧਨੰਜਯ ਕੁਮਾਰ**


THE PUNJABI PACK JUST GOT
BIGGER
ਜੂਨੀਅਰ ਜੀ
ਖ਼ਾਤਿਰਦਾਰੀ
JANTA DI AWAZ
Yoga
Shabad Kirtan
Jai MATA Di
OUR PUNJABI PACK NOW INCLUDES GPUNJAB! 24/7 news from Punjab including local news from North America.
Enjoy watching features like "Sidhu Show," "North America News" and "Entertainment News."
Punjabi Pack $19.99/
jus
punjabi
gPunjab
Local Channels $9.99/mo.
abc
CBS
NBC
FOX
CW
PBS
where available
for only $29.98/mo.
• No startup cost (with Agreement)
• No equipment to buy
• Free Standard Professional Installation
• Free DVR Upgrade ($6.00/mo. DVR Service fee applies)
• No Additional Service Access fee
PTC PUNJABI
DVR UNLIMITED
Call:1-800-780-0032
www.dvrunlimited.com
dish NETWORK
AUTHORIZED RETAILER
Digital Home Advantage offer requires 24-month commitment and credit qualification. If service is terminated before the end of commitment, a cancellation fee of $17.50/month remaining will apply. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees will apply for select receivers; monthly fees may apply based on type and number of receivers. HD programing requires HD television. All prices, packages and programming subject to changes without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 09/28/2010.


New Location Opening On 10-1-2010
GILL EXPRESS
OPEN 8:00 AM TO MIDNIGHT
Fast & Friendly Service
WASH, TIRE & REPAIR
ਪੰਜਾਬੀ ਢਾਬਾ
Tractor Wash .................... $ 29.99
Full Service Oil Change... $ 189.99
Flat Repair .................................. $ 35.00
Mount & Dismount ..................... $ 25.00
Hourly Labor Rate ........................ $ 60.00
We are a full service repair shop, From a simple seal to a new transmission, We have you covered.
OKLAHOMA CITY HWY 40 EXIT 140 NEXT TO TA
Call Jassi : 916-470-5520

# PUNJABI SANGEET GROUP
# Bakersfield Ca

## ਬੜੇ ਮਾਣ ਨਾਲ ਪੇਸ਼ ਕਰਦੇ ਹਨ




# Sunday, Sep 19, 2010 @ 7:00 pm

## @ PARADISE PALACE

**1440 Weedpatch Hwy, Bakersfield CA**

## EVENT SPONSORS

ਮਹਿੰਦਰ ਸਿੰਘ ਧਾਲੀਵਾਲ - 661.932.3772, ਕਿਸ਼ਨ ਬੱਬਰ - 661.808-1953

## HONORABLE SPONSORS

ਦਲਜੀਤ ਸਿੰਘ ਭੰਗੂ
ਬਲਜਿੰਦਰ ਸਿੰਘ ਸਮਰਾ
ਗੁਰਦੀਪ ਸਿੰਘ
ਦਲਜੀਤ ਸਿੰਘ ਸੰਧੂ
ਮਹਿੰਦਰ ਸਿੰਘ ਛੁੱਡੀਕੇ
ਭਜਨ ਸਿੰਘ ਸੰਧੂ

ਦੀਪ ਸਿੰਘ ਰਾਏ
ਦਵਿੰਦਰ ਸਿੰਘ ਰਾਣਾ (FBT)
ਗੁਰਮੀਤ ਸਿੰਘ ਗੈਰੀ
ਸਤਨਾਮ ਸਿੰਘ ਮਣਕੂ
ਮੇਜਰ ਸਿੰਘ ਬਰਾੜ
ਮੰਦਰ ਸਿੰਘ ਸਮਰਾ

ਮੰਗਲ ਸਿੰਘ ਸਰਪੰਚ
ਤਰਮਿੰਦਰ ਸਿੰਘ
ਬੌਬ ਵਿਰਕ
ਬਲਦੇਵ ਸਿੰਘ ਜੱਸਲ
ਗੁਰਦੇਵ ਸਿੰਘ ਗਰੇਵਾਲ
ਜੋਬਨਜੀਤ ਸਿੰਘ ਬੌਬੀ

ਜੈਲ ਬਰਾੜ
ਜੱਸੀ ਗਿੱਲ
ਡਾ. ਚੰਦਰਦੀਪ
ਸੁਖਪਾਲ ਸਿੰਘ

# ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇਫੋਰਨੀਆ)

## ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦਾ

# ਵਿਸ਼ਾਲ ਕੀਰਤਨ ਦਰਬਾਰ

ਗੁਰੂ ਪਿਆਰੀ ਸਾਧ ਸੰਗਤ ਜੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥

ਆਪ ਨੂੰ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਗੁਰਦੁਆਰਾ ਸੈਨ ਹੋਜ਼ੇ ਵਿਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ 3 ਦਿਨ ਕੀਰਤਨ ਦਰਬਾਰ 'ਚ ਹਾਜ਼ਰੀ ਭਰ ਰਹੇ ਹਨ।

**ਸਤੰਬਰ 19 (ਐਤਵਾਰ)**
ਸਵੇਰੇ 11 ਵਜੇ ਤੋਂ 2 ਵਜੇ ਤੱਕ

**ਸਤੰਬਰ 21 (ਮੰਗਲਵਾਰ)**
ਸ਼ਾਮ 7 ਵਜੇ ਤੋਂ 9 ਵਜੇ ਤੱਕ

**ਸਤੰਬਰ 22 (ਬੁੱਧਵਾਰ)**
ਸ਼ਾਮ 7 ਵਜੇ ਤੋਂ 9 ਵਜੇ ਤੱਕ



*ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਸ਼ਾਨਦਾਰ ਇਮਾਰਤ*



*ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ*

ਇਹ ਕੀਰਤਨ ਦਰਬਾਰ ਗੁਰੂ ਘਰ ਕਮੇਟੀ ਸੇਵਾਦਾਰਾਂ ਵਲੋਂ ਬਾਹਰ ਖੁੱਲੇ ਮੈਦਾਨ ਵਿਚ ਲਾਉਣ ਦਾ ਇੰਤਜ਼ਾਮ ਕੀਤਾ ਗਿਆ ਹੈ। ਤਕਰੀਬਨ ਦਸ ਹਜ਼ਾਰ (10,000) ਤੋਂ ਵੱਧ ਸੰਗਤ ਆਉਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਪਾਰਕਿੰਗ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਦੂਰ ਦੁਰਾਡਿਓਂ ਆਈਆਂ ਸੰਗਤਾਂ ਲਈ ਰਿਹਾਇਸ਼ ਦਾ ਬੰਦੋਬਸਤ ਵੀ ਹੋਵੇਗਾ। ਸਾਰੀ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਨ੍ਹਾਂ ਖਾਸ ਕੀਰਤਨ ਦਰਬਾਰਾਂ ਵਿਚ ਹਾਜ਼ਰੀ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

19 ਸਤੰਬਰ ਦਿਨ ਐਤਵਾਰ ਨੂੰ ਪੂਰੀ-ਛੋਲਿਆਂ ਦੇ ਲੰਗਰ ਦੀ ਸੇਵਾ "ਨਿਊ ਇੰਡੀਆ ਚਾਟ ਕੈਫੇ" ਦੇ ਬਲਜੀਤ ਸਿੰਘ ਘੋੜਾ ਅਤੇ ਸੁਖਵਿੰਦਰ ਸਿੰਘ ਵਲੋਂ ਹੋਵੇਗੀ।

ਮੰਗਲਵਾਰ 21 ਸਤੰਬਰ ਵਾਲੇ ਦਿਨ ਲੰਗਰ ਦੀ ਸੇਵਾ ਰਘਵੀਰ ਸਿੰਘ ਗਾਖਲ (ਕਾਲੇ ਦੇ ਸਟੋਰ, India Palace) ਵਲੋਂ ਹੋਵੇਗੀ। ਹੋਰ ਕਿਸੇ ਪਰਿਵਾਰ ਨੇ ਲੰਗਰ ਦੀ ਸੇਵਾ ਲੈਣੀ ਹੋਵੇ ਤਾਂ ਛੇਤੀ ਤੋਂ ਛੇਤੀ ਗੁਰੂ ਘਰ ਦੇ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ ਨਾਲ ਸੰਪਰਕ ਕਰੋ ਜੀ।

ਬੁੱਧਵਾਰ 22 ਸਤੰਬਰ ਨੂੰ ਰਾਜਾ ਸਵੀਟਸ ਵਾਲੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਵਲੋਂ ਛੋਲੇ-ਭਠੂਰਿਆਂ ਦਾ ਲੰਗਰ ਹੋਵੇਗਾ।

*ਗੁਰਦੁਆਰਾ ਸਾਹਿਬ ਅੰਦਰ 800 ਕਾਰਾਂ ਪਾਰਕ ਕਰਨ ਦਾ ਇੰਤਜ਼ਾਮ ਕੀਤਾ ਗਿਆ ਹੈ। ਇਸਤੋਂ ਵੱਧ ਕਾਰਾਂ ਆਉਣ ਤੇ ਪਾਰਕ ਕਰਨ ਦਾ ਇੰਤਜ਼ਾਮ ਐਵਰਗਰੀਨ ਹਾਈ ਸਕੂਲ ਵਿਚ ਕੀਤਾ ਗਿਆ ਹੈ ਜੋ ਕਿਊਂਬੀ ਰੋਡ 'ਤੇ ਹੈ। ਇਸ ਪਾਰਕਿੰਗ ਲਾਟ ਤੋਂ ਗੁਰੂ ਘਰ ਆਉਣ-ਜਾਣ ਲਈ ਸ਼ਟਲ ਦੀ ਫਰੀ ਸਰਵਿਸ ਹੋਵੇਗੀ।*

## ਸੰਗਤ ਨੂੰ ਬੇਨਤੀ

ਸੈਨ ਹੋਜ਼ੇ ਗੁਰੂ ਘਰ ਦੀ ਸੰਗਤ ਵਧਾਈ ਦੀ ਪਾਤਰ ਹੈ ਕਿ ਉਨ੍ਹਾਂ ਦੀ ਦਸਾਂ ਨੌਹਾਂ ਦੀ ਕਮਾਈ 'ਚੋਂ ਭੇਟਾ ਕੀਤੀ ਮਾਇਆ ਨਾਲ ਪੰਜਾਬ ਤੋਂ ਬਾਹਰ ਦੁਨੀਆਂ ਭਰ 'ਚ ਸੱਭ ਤੋਂ ਵੱਡੇ ਆਕਾਰ ਵਾਲੀ ਗੁਰੂ ਘਰ ਦੀ ਨਵੀਂ ਖੂਬਸੂਰਤ ਬਿਲਡਿੰਗ ਜਲਦ ਹੀ ਮਿੱਥੇ ਬਜਟ ਅਨੁਸਾਰ ਮੁਕੰਮਲ ਹੋਣ ਜਾ ਰਹੀ ਹੈ। ਇਸ ਬਿਲਡਿੰਗ ਵਿਚ 150 X 140 ਫੁੱਟ ਕੀਰਤਨ ਹਾਲ, 150 X 110 ਫੁੱਟ ਲੰਗਰ ਹਾਲ, 2 ਬਹੁਤ ਵੱਡੀਆਂ ਰਸੋਈਆਂ, ਗ੍ਰੰਥੀ ਸਿੰਘਾਂ ਲਈ ਤਿੰਨ ਤਿੰਨ ਕਮਰਿਆਂ ਦੇ 2 ਰਿਹਾਇਸ਼ੀ ਘਰ, ਕਥਾ ਤੇ ਕੀਰਤਨੀ ਜਥਿਆਂ ਲਈ 12 ਰਿਹਾਇਸ਼ੀ ਕਮਰੇ, ਖਾਲਸਾ ਸਕੂਲ ਲਈ 11 ਕਮਰੇ, ਬਹੁਤ ਵੱਡੀ ਲਾਇਬਰੇਰੀ, ਮੀਟਿੰਗ ਰੂਮ ਵਗੈਰਾ ਸ਼ਾਮਲ ਹਨ।

ਆਓ ਸਾਰੇ ਰਲ ਮਿਲ ਕੇ ਇੱਕ ਹੋਰ ਵੱਡਾ ਸਾਰਾ ਹੰਭਲਾ ਮਾਰੀਏ ਤਾਂ ਕਿ ਲੋਨ ਲੈਣ ਲਈ ਘਟਦੀ ਮਾਇਆ ਜਲਦੀ ਤੋਂ ਜਲਦੀ ਇਕੱਠੀ ਹੋ ਸਕੇ। ਗੁਰੂ ਘਰ ਦੇ ਪ੍ਰਬੰਧਕ ਸੇਵਾਦਾਰ ਹਰ ਰੋਜ਼ ਫਾਲ ਇਕੱਠੀ ਕਰਨ ਜਾਂਦੇ ਹਨ, ਉਨ੍ਹਾਂ ਦਾ ਵੱਧ ਤੋਂ ਵੱਧ ਸਾਥ ਦਿਉ ਜੀ।

# Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com